# Vaaraan by Bhai Gurdaas

Vaar 1

ਨਮਸਕਾਰ ਗੁਰਦੇਵ ਕੋ ਸਤਨਾਮੁ ਜਿਸ ਮੰਤ੍ਰ ਸੁਣਾਯਾ॥ (1-1-1)
ਭਵਜਲ ਵਿੱਚੋਂ ਕੱਢਕੇ ਮੁਕਤਿ ਪਦਾਰਥ ਮਾਂਹਿ ਸਮਾਯਾ॥ (1-1-2)
ਜਨਮ ਮਰਨ ਭਉ ਕੱਟਿਆ ਸੰਸਾ ਰੋਗ ਵਿਜੋਗ ਮਿਟਾਯਾ॥ (1-1-3)
ਸੰਸਾ ਇਹ ਸੰਸਾਰ ਹੈ ਜਨਮ ਮਰਨ ਵਿਚ ਦੁਖ ਸਬਾਯਾ॥ (1-1-4)
ਜਮਦੰਡ ਸਿਰੋਂ ਨ ਉਤਰੈ ਸਾਕਤ ਦੁਰਜਨ ਜਨਮ ਗਵਾਯਾ॥ (1-1-5)
ਚਰਨ ਗਹੇ ਗੁਰਦੇਵ ਕੇ ਸਤਿ ਸਬਦ ਦੇ ਮੁਕਤਿ ਕਰਾਯਾ॥ (1-1-6)
ਭਾਇ ਭਗਤ ਗੁਰਪੁਰਬ ਕਰ ਨਾਮ ਦਾਨ ਇਸ਼ਨਾਨ ਦ੍ਰਿੜਾਯਾ॥ (1-1-7)
ਜੇਹਾ ਬੀਉ ਤੇਹਾ ਫਲ ਪਾਯਾ ॥੧॥ (1-1-8)

ਪ੍ਰਥਮੈਂ ਸਾਸ ਨ ਮਾਸ ਸਨ ਅੰਧ ਧੁੰਦ ਕਛ ਖਬਰ ਨ ਪਾਈ॥ (1-2-1)
ਰਕਤ ਬਿੰਦ ਕੀ ਦੇਹ ਰਚ ਪਾਂਚ ਤਤ ਕੀ ਜੜਤ ਜੜਾਈ॥ (1-2-2)
ਪਉਣ ਪਾਣੀ ਬੈਸੰਤਰੋ ਚੌਥੀ ਧਰਤੀ ਸੰਗ ਮਿਲਾਈ॥ (1-2-3)
ਪੰਚ ਵਿਚ ਆਕਾਸ ਕਰ ਕਰਤਾ ਛਟਮ ਅਦਿਸ਼ ਸਮਾਈ॥ (1-2-4)
ਪੰਚ ਤੱਤ ਪਚੀਸ ਗੁਣ ਸ਼ਤ੍ਰ ਮਿਤ੍ਰ ਮਿਲ ਦੇਹ ਬਣਾਈ॥ (1-2-5)
ਖਾਣੀ ਬਾਣੀ ਚਲਿਤ ਕਰ ਆਵਾਗਉਣ ਚਰਿਤ ਦਿਖਾਈ॥ (1-2-6)
ਚੌਰਾਸੀਹ ਲੱਖ ਜੋਨ ਉਪਾਈ ॥੨॥ (1-2-7)

ਚੌਰਾਸੀਹ ਲੱਖ ਜੋਨ ਵਿਚ ਉੱਤਮ ਜਨਮ ਸੁ ਮਾਣਸ ਦੇਹੀ॥ (1-3-1)
ਅਖੀ ਵੇਖਨ ਕਰਨ ਸੁਨਣ ਮੁਖ ਸ਼ੁਭ ਬੋਲਨ ਬਚਨ ਸਨੇਹੀ॥ (1-3-2)
ਹਥੀਂ ਕਾਰ ਕਮਾਵਨੀ ਪੈਰੀ ਚਲ ਸਤਿਸੰਗ ਮਿਲੇਹੀ॥ (1-3-3)
ਕਿਰਤ ਵਿਰਤ ਕਰ ਧਰਮ ਦੀ ਖੱਟ ਖਵਾਲਨ ਕਾਰ ਕਰੇਹੀ॥ (1-3-4)
ਗੁਰਮੁਖ ਜਨਮ ਸਕਾਰਥਾ ਗੁਰਬਾਣੀ ਪੜ੍ਹ ਸਮਝ ਸਨੇਹੀ॥ (1-3-5)
ਗੁਰ ਭਾਈ ਸੰਤੁਸ਼ਟ ਕਰ ਚਰਨਾਮ੍ਰਿਤ ਲੈ ਮੁਖ ਪਿਵੇਹੀ॥ (1-3-6)
ਪੈਰੀ ਪਵਨ ਨ ਛੋਡੀਐ ਕਲੀ ਕਾਲ ਰਹਿਰਾਸ ਕਰੇਹੀ॥ (1-3-7)
ਆਪ ਤਰੇ ਗੁਰ ਸਿਖ ਤਰੇਹੀ ॥੩॥ (1-3-8)

ਓਅੰਕਾਰ ਆਕਾਰ ਕਰ ਏਕ ਕਵਾਉ ਪਸਾਉ ਪਸਾਰਾ॥ (1-4-1)
ਪੰਚ ਤੱਤ ਪਰਵਾਨ ਕਰ ਘਟ ਘਟ ਅੰਦਰ ਤ੍ਰਿਭਵਨ ਸਾਰਾ॥ (1-4-2)
ਕਾਦਰ ਕਿਨੇ ਨ ਲਖਿਆ ਕੁਦਰਤ ਸਾਜ ਕੀਆ ਅਵਤਾਰਾ॥ (1-4-3)
ਇਕਦੂੰ ਕੁਦਰਤ ਲੱਖ ਕਰ ਲੱਖ ਬਿਅੰਤ ਅਸੰਖ ਅਪਾਰਾ॥ (1-4-4)
ਰੋਮ ਰੋਮ ਵਿਚ ਰਖਿਓਨ ਕਰ ਬ੍ਰਹਮੰਡ ਕਰੋੜ ਸ਼ੁਮਾਰਾ॥ (1-4-5)
ਇਕਸ ਇਕਸ ਬ੍ਰਹਮੰਡ ਵਿਚ ਦਸ ਦਸ ਕਰ ਔਤਾਰ ਉਤਾਰਾ॥ (1-4-6)
ਕੇਤੇ ਬੇਦ ਬਿਆਸ ਕਰ ਕਈ ਕਤੇਬ ਮਹੰਮਦ ਯਾਰਾ॥ (1-4-7)
ਕੁਦਰਤ ਇਕ ਏਤਾ ਪਾਸਾਰਾ ॥੪॥ (1-4-8)

ਚਾਰ ਜੁਗ ਕਰ ਥਾਪਣਾ ਸਤਿਜੁਗ ਤ੍ਰੇਤਾ ਦੁਆਪੁਰ ਸਾਜੇ॥ (1-5-1)
ਚੌਥਾ ਕਲਜੁਗ ਥਾਪਿਆ ਚਾਰ ਵਰਨ ਚਾਰੋਂ ਕੇ ਰਾਜੇ॥ (1-5-2)
ਬ੍ਰਹਮਣ ਛਤ੍ਰੀ ਵੈਸ਼ ਸੂਦ੍ਰ ਜੁਗ ਜੁਗ ਏਕੋ ਵਰਨ ਬਿਰਾਜੇ॥ (1-5-3)
ਸਤਿਜੁਗ ਹੰਸ ਅਉਤਾਰ ਧਰ ਸੋਹੰਬ੍ਰਹਮ ਨ ਦੂਜਾ ਪਾਜੇ॥ (1-5-4)
ਏਕੋ ਬ੍ਰਹਮ ਵਖਾਣੀਐ ਮੋਹ ਮਾਇਆ ਤੇ ਬੇਮੁਹਤਾਜੇ॥ (1-5-5)
ਕਰਨ ਤਪੱਸਯਾ ਬਨ ਵਿਖੇ ਵਖਤ ਗੁਜਾਰਨ ਪਿੰਨੀ ਸਾਗੇ॥ (1-5-6)
ਲਖ ਵਰ੍ਹਿਆਂ ਦੀ ਆਰਜਾ ਕੋਠੇ ਕੋਟ ਨ ਮੰਦਰ ਸਾਜੇ॥ (1-5-7)
ਇਕ ਬਿਨਸੇ ਇਕ ਅਸਥਿਰ ਗਾਜੇ ॥੫॥ (1-5-8)

ਤ੍ਰੇਤੇ ਛੱਤ੍ਰੀ ਰੂਪ ਧਰ ਸੂਰਜ ਬੰਸੀ ਬਡ ਅਵਤਾਰਾ॥ (1-6-1)
ਨਉਂ ਹਿਸੇ ਗਈ ਆਰਜਾ ਮਾਯਾ ਮੋਹ ਅਹੰਕਾਰ ਪਸਾਰਾ॥ (1-6-2)
ਦੁਆਪੁਰ ਜਾਦਵ ਵੇਸ ਕਰ ਜੁਗ ਜੁਗ ਅਉਧ ਘਟੈ ਆਚਾਰਾ॥ (1-6-3)
ਰਿਗਬੇਦ ਮਹਿੰ ਬ੍ਰਹਮਕ੍ਰਿਤ ਪੂਰਬ ਮੁਖ ਸ਼ੁਭ ਕਰਮ ਬਿਚਾਰਾ॥ (1-6-5)
ਖਤ੍ਰੀ ਥਾਪੇ ਜੁਜਰ ਵੇਦ ਦਖਣ ਮੁਖ ਬਹੁ ਦਾਨ ਦਾਤਾਰਾ॥ (1-6-5)
ਵੈਸੋਂ ਥਾਪਿਆ ਸਿਆਮ ਵੇਦ ਪਛਮ ਮੁਖ ਕਰ ਸੀਸ ਨਿਵਾਰਾ॥ (1-6-6)
ਰਿਗ ਨੀਲੰਬਰ ਜੁਜਰ ਪੀਤ ਸਵੇਤੰਬਰ ਕਰ ਸਿਆਮ ਸੁਧਾਰਾ॥ (1-6-7)
ਤ੍ਰਿਹੁ ਜੁਗੀਂ ਤ੍ਰੈ ਧਰਮ ਉਚਾਰਾ ॥੬॥ (1-6-8)

ਕਲਿਜੁਗ ਚੌਥਾ ਥਾਪਿਆ ਸੂਦ੍ਰ ਬਿਰਤ ਜਗ ਮਹਿ ਵਰਤਾਈ॥ (1-7-1)
ਕਰਮ ਸੁ ਰਿਗ ਜੁਜਰ ਸਿਆਮਦੇ ਕਰੇ ਜਗਤ ਰਿਦ ਬਹੁ ਸੁਕਚਾਈ॥ (1-7-2)
ਮਾਯਾ ਮੋਹੀ ਮੇਦਨੀ ਕਲਿ ਕਲ ਵਾਲੀ ਸਭ ਭਰਮਾਈ॥ (1-7-3)
ਉਠੀ ਗਲਾਨ ਜਗਤ ਵਿਚ ਹਉਮੈ ਅੰਦਰ ਜਲੇ ਲੁਕਾਈ॥ (1-7-4)
ਕੋਈ ਨ ਕਿਸੇ ਪੂਜਦਾ ਊਚ ਨੀਚ ਸਭ ਗਤਿ ਬਿਸਰਾਈ॥ (1-7-5)
ਭਏ ਬਿਅਦਲੀ ਪਾਤਸ਼ਾਹ ਕਲਿਕਾਤੀ ਉਮਰਾਵ ਕਸਾਈ॥ (1-7-6)
ਰਹਿਆ ਤਪਾਵਸ ਤ੍ਰਿਹੁ ਜੁਗੀ ਚੌਥੇ ਜੁਗ ਜੋ ਦੇਇ ਸੁ ਪਾਈ॥ (1-7-7)
ਕਰਮ ਭ੍ਰਸ਼ਟ ਸਭ ਭਈ ਲੁਕਾਈ ॥੭॥ (1-7-8)

ਚਹੁੰ ਬੇਦਾਂ ਕੇ ਧਰਮ ਮਥ ਖਟ ਸ਼ਾਸਤ੍ਰ ਮਥ ਰਿਖੀ ਸੁਨਾਵੈ॥ (1-8-1)
ਬ੍ਰਹਮਾਦਿਕ ਸਨਕਾਦਿਕਾ ਜਿਉ ਤਿਹ ਕਹਾ ਤਿਵੇਂ ਜਗ ਗਾਵੈ॥ (1-8-2)
ਗਾਵਨ ਪੜਨ ਬਿਚਾਰ ਬਹੁ ਕੋਟਿ ਮਧੇ ਵਿਰਲਾ ਗਤਿ ਪਾਵੈ॥ (1-8-3)
ਇਹ ਅਚਰਜ ਮਨ ਆਂਵਦੀ ਪੜ੍ਹਤ ਗੁੜ੍ਹਤ ਕਛੁ ਭੇਦ ਨ ਆਵੈ॥ (1-8-4)
ਜੁਗ ਜੁਗ ਏਕੋ ਵਰਨ ਹੈ ਕਲਜੁਗ ਕਿਵੇਂ ਬਹੁਤ ਦਿਖਲਾਵੈ॥ (1-8-5)
ਜੰਦ੍ਰੇ ਵਜੇ ਤ੍ਰਿਹੁ ਜੁਗੀਂ ਕਥ ਪੜ੍ਹ ਰਹੈ ਭਰਮ ਨਹਿੰ ਜਾਵੈ॥ (1-8-6)
ਜਿਉਂ ਕਰ ਕਥਿਆ ਚਾਰ ਵੇਦ ਖਟ ਸ਼ਾਸਤ੍ਰ ਸੰਗ ਸਾਂਖ ਸੁਣਾਵੈ॥ (1-8-7)
ਆਪੋ ਆਪਣੇ ਸਬ ਮਤ ਗਾਵੈ ॥੮॥ (1-8-8)

ਗੋਤਮ ਤਪੇ ਬਿਚਾਰ ਕੈ ਰਿਗ ਵੇਦ ਕੀ ਕਥਾ ਸੁਣਾਈ॥ (1-9-1)
ਨਿਆਇ ਸ਼ਾਸਤ੍ਰ ਕੋ ਮਥ ਕਰ ਸਭ ਬਿਧ ਕਰਤੇ ਹੱਥ ਜਣਾਈ॥ (1-9-2)
ਸਬ ਕੁਝ ਕਰਤੇ ਵਸ ਹੈ ਹੋਰ ਬਾਤ ਵਿਚ ਚਲੇ ਨ ਕਾਈ॥ (1-9-3)
ਦੁਹੀਂ ਸਿਰੀਂ ਕਰਤਾਰ ਹੈ ਆਪ ਨਿਆਰਾ ਕਰ ਦਿਖਲਾਈ॥ (1-9-4)

ਕਰਤਾ ਕਿਨੈ ਨ ਦੇਖਿਆ ਕੁਦਰਤ ਅੰਦਰ ਭਰਮ ਭੁਲਾਈ॥ (1-9-5)
ਸੋਹੰ ਬ੍ਰਹਮ ਛਪਾਇਕੈ ਪੜਦਾ ਭਰਮ ਕਤਾਰ ਸੁਣਾਈ॥ (1-9-6)
ਰਿਗ ਕਹੈ ਸੁਣ ਗੁਰਮੁਖਹੁ ਆਪੇ ਆਪ ਨ ਦੂਜੀ ਰਾਈ॥ (1-9-7)
ਸਤਿਗੁਰੂ ਬਿਨਾਂ ਨ ਸੋਝੀ ਪਾਈ ॥੯॥ (1-9-8)

ਫਿਰ ਜੈਮਨ ਰਿਖ ਬੋਲਿਆ ਜੁਜਰਵੇਦ ਮਥ ਕਥਾ ਸੁਣਾਵੈ॥ (1-10-1)
ਕਰਮਾਂ ਉਤੇ ਨਿਬੜੇ ਦੇਹੀ ਮੱਧ ਕਰੇ ਸੋ ਪਾਵੈ॥ (1-10-2)
ਥਾਪਸਿ ਕਰਮ ਸੰਸਾਰ ਵਿਚ ਕਰਮ ਵਾਸ ਕਰ ਆਵੈ ਜਾਵੈ॥ (1-10-3)
ਸਹਸਾ ਮਨਹੁ ਨ ਚੁਕਈ ਕਰਮਾਂ ਅੰਦਰ ਭਰਮ ਭੁਲਾਵੈ॥ (1-10-4)
ਭਰਮ ਵਰੱਤਣ ਜਗਤ ਕੀ ਇਕੋ ਮਾਯਾ ਬ੍ਰਹਮ ਕਹਾਵੈ॥ (1-10-5)
ਜੁਜਰ ਵੇਦ ਕੋ ਮਥਨ ਕਰ ਤੱਤ ਬ੍ਰਹਮ ਵਿਚ ਭਰਮ ਭੁਲਾਵੈ॥ (1-10-6)
ਕਰਮ ਦਿੜਾਇ ਜਗਤ ਵਿਚ ਕਰਮ ਬੰਧ ਕਰ ਆਵੈ ਜਾਵੈ॥ (1-10-7)
ਸਤਿਗੁਰ ਬਿਨਾ ਨ ਸਹਸਾ ਜਾਵੈ ॥੧੦॥ (1-10-8)

ਸਿਆਮ ਵੇਦ ਕਉ ਸੋਧ ਕਰ ਮਥ ਵੇਦਾਂਤ ਬਿਆਸ ਸੁਣਾਯਾ॥ (1-11-1)
ਕਥਨੀ ਬਦਨੀ ਬਾਹਿਰਾ ਆਪੇ ਆਪਨ ਬ੍ਰਹਮ ਜਣਾਯਾ॥ (1-11-2)
ਨਦਰੀ ਕਿਸੇ ਨ ਲਿਆਵਈ ਹਉਮੈਂ ਅੰਦਰ ਭਰਮ ਭੁਲਾਯਾ॥ (1-11-3)
ਆਪ ਪੁਜਾਇ ਜਗਤ ਵਿਚ ਭਾਉ ਭਗਤ ਦਾ ਮਰਮ ਨ ਪਾਯਾ॥ (1-11-4)
ਤ੍ਰਿਪਤਿ ਨ ਆਵੀ ਵੇਦ ਮਥਿ ਅਗਨੀ ਅੰਦਰਿ ਤਪਤ ਤਪਾਯਾ॥ (1-11-5)
ਮਾਯਾ ਦੰਡ ਨ ਉਤੱਰੇ ਜਮ ਦੰਡੇ ਬਹੁ ਦੁਖ ਰੂਆਯਾ॥ (1-11-6)
ਨਾਰਦ ਮੁਨ ਉਪਦੇਸਿਆ ਮਥ ਭਗਵਤ ਗੁਣ ਗੀਤ ਕਰਾਯਾ॥ (1-11-7)
ਬਿਨ ਸਰਨੀ ਨਹਿ ਕੋਇ ਤਰਾਯਾ ॥੧੧॥ (1-11-8)

ਦੁਆਪਰ ਜੁਗ ਬੀਤਤ ਭਏ ਕਲਿਜੁਗ ਕੇ ਸਿਰ ਛਤ੍ਰ ਫਿਰਾਈ॥ (1-12-1)
ਬੇਦ ਅਥਰਬਣ ਥਾਪਿਆ ਉਤੱਰ ਮੁਖ ਗੁਰਮੁਖ ਗੁਨਗਾਈ॥ (1-12-2)
ਕਪਲ ਰਿਖੀਸ਼ਰ ਸਾਂਖ ਮਥ ਅਥਰਬਣ ਬੇਦ ਕੀ ਰਿਚਾ ਸੁਨਾਈ॥ (1-12-3)
ਗਿਆਨੀ ਮਹਾਰਸ ਪੀਅ ਕੈ ਸਿਮਰੈ ਨਿਤ ਅਨਿਤ ਨਿਆਈ॥ (1-12-4)
ਗਿਆਨ ਬਿਨਾ ਨਹਿ ਪਾਈਐ ਜੇ ਕਈ ਕੋਟ ਜਤਨ ਕਰ ਧਾਈ॥ (1-12-5)
ਕਰਮ ਜੋਗ ਦੇਹੀ ਕਰੇ ਸੋ ਅਨਿਤੱ ਖਿਨ ਟਿਕੈ ਨ ਰਾਈ॥ (1-12-6)
ਗਿਆਨ ਮਤੇ ਸੁਖ ਊਪਜੈ ਜਨਮ ਮਰਨ ਕਾ ਭਰਮ ਚੁਕਾਈ॥ (1-12-7)
ਗੁਰਮੁਖ ਗਿਆਨੀ ਸਹਿਜ ਸਮਾਈ ॥੧੨॥ (1-12-8)

ਬੇਦ ਅਥਰਬਣ ਮਥਨ ਕਰ ਗੁਰਮੁਖ ਬਾਸ਼ੇਖਕ ਗੁਣ ਗਾਵੈ॥ (1-13-1)
ਜੇਹਾ ਬੀਜੈ ਸੋ ਲੁਣੈ ਸਮੇਂ ਬਿਨਾਂ ਫਲ ਹੱਥਿ ਨ ਆਵੈ॥ (1-13-2)
ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮ ਸੁ ਸਹਜ ਸਮਾਵੈ॥ (1-13-3)
ਆਪਹੁ ਕਛੂ ਨ ਹੋਵਈ ਬੁਰਾ ਭਲਾ ਨਹਿ ਮੰਨਿ ਵਸਾਵੈ॥ (1-13-4)
ਜੈਸਾ ਕਰੇ ਤੈਸਾ ਲਹੈ ਰਿਖੀ ਕਣਾਦਿਕ ਭਾਖ ਸੁਣਾਵੈ॥ (1-13-5)
ਸਤਿਜੁਗ ਕਾ ਅਨਿਆਉਂ ਸੁਣ ਇਕ ਫੇੜੇ ਸਭ ਜਗਤ ਮਰਾਵੈ॥ (1-13-6)
ਤ੍ਰੇਤੇ ਨਗਰੀ ਪੀੜੀਐ ਦੁਆਪਰ ਵੰਸ ਕੁਵੰਸ ਕੁਹਾਵੈ॥ (1-13-7)
ਕਲਿਜੁਗ ਜੋ ਫੇੜੇ ਸੋ ਪਾਵੈ ॥੧੩॥ (1-13-8)

ਸੇਖਨਾਗ ਪਾਤੰਜਲ ਮਥਿਆ ਗੁਰਮੁਖ ਸ਼ਾਸਤ੍ਰ ਨਾਗ ਸੁਣਾਈ॥ (1-14-1)
ਵੇਦ ਅਥਰਵਣ ਬੋਲਿਆ ਜੋਗ ਬਿਨਾ ਨਹਿ ਭਰਮ ਚੁਕਾਈ॥ (1-14-2)
ਜਿਉਂਕਰ ਮੈਲੀ ਆਰਸੀ ਸਿਕਲ ਬਿਨਾ ਨਹਿੰ ਮੁਖ ਦਿਖਾਈ॥ (1-14-3)
ਜੋਗ ਪਦਾਰਥ ਨਿਰਮਲਾ ਅਨਹਦ ਧੁਨ ਅੰਦਰ ਲਿਵਲਾਈ॥ (1-14-4)
ਅਸ਼ਦਸਾ ਸਿਧਿ ਨਉਨਿਧੀ ਗੁਰਮੁਖ ਜੋਗੀ ਚਰਨ ਲਗਾਈ॥ (1-14-5)
ਤ੍ਰਿਹੁ ਜੁਗਾਂ ਕੀ ਬਾਸ਼ਨਾ ਕਲਿਜੁਗ ਵਿਚ ਪਾਤੰਜਲ ਪਾਈ॥ (1-14-6)
ਹਥੋ ਹਥੀ ਪਾਈਐ ਭਗਤ ਜੋਗ ਕੀ ਪੂਰ ਕਮਾਈ॥ (1-14-7)
ਨਾਮ ਦਾਨ ਇਸ਼ਨਾਨ ਸੁਭਾਈ ॥੧੪॥ (1-14-8)

ਜੁਗ ਜੁਗ ਮੇਰ ਸਰੀਰ ਕਾ ਬਾਸ਼ਨਾ ਬੱਧਾ ਆਵੈ ਜਾਵੈ॥ (1-15-1)
ਫਿਰ ਫਿਰ ਫੇਰ ਵਟਾਈਐ ਗਿਆਨੀ ਹੋਇ ਮਰਮ ਕੋ ਪਾਵੈ॥ (1-15-2)
ਸਤਿਜੁਗ ਦੂਜਾ ਭਰਮ ਕਰ ਤ੍ਰੇਤੇ ਵਿਚ ਜੋਨੀ ਫਿਰ ਆਵੈ॥ (1-15-3)
ਤ੍ਰੇਤੇ ਕਰਮਾਂ ਬਾਂਧਤੇ ਦੁਆਪਰ ਫਿਰ ਅਵਤਾਰ ਕਰਾਵੈ॥ (1-15-4)
ਦੁਆਪਰ ਮਮਤਾ ਅਹੰਕਾਰ ਹਉਮੈਂ ਅੰਦਰ ਗਰਬਿ ਗਲਾਵੈ॥ (1-15-5)
ਤ੍ਰਿਹੁ ਜੁਗਾਂ ਕੇ ਕਰਮ ਕਰ ਜਨਮ ਮਰਨ ਸੰਸਾ ਨ ਚੁਕਾਵੈ॥ (1-15-6)
ਫਿਰ ਕਲਿਜੁਗ ਅੰਦਰ ਦੇਹ ਧਰ ਕਰਮਾਂ ਅੰਦਰ ਫੇਰ ਵਸਾਵੈ॥ (1-15-7)
ਅਉਸਰ ਚੁਕਾ ਹਥ ਨ ਆਵੈ ॥੧੫॥ (1-15-8)

ਕਲਿਜੁਗ ਕੀ ਸੁਧ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ॥ (1-16-1)
ਬਿਨਾਂ ਭਜਨ ਭਗਵਾਨ ਕੇ ਭਾਉ ਭਗਤ ਬਿਨ ਠੌਰ ਨ ਥਾਈ॥ (1-16-2)
ਲਹੇ ਕਮਾਣਾ ਏਤ ਜੁਗ ਪਿਛਲੀਂ ਜੁਗੀਂ ਕਰ ਕਮਾਈ॥ (1-16-3)
ਪਾਯਾ ਮਾਨਸ ਦੇਹ ਕਉ ਐਥੋਂ ਚੁਕਿਆ ਠੌਰ ਨ ਠਾਈ॥ (1-16-4)
ਕਲਿਜੁਗ ਕੇ ਉਪਕਾਰ ਸੁਣ ਜੈਸੇ ਬੇਦ ਅਥਰਬਣ ਗਾਈ॥ (1-16-5)
ਭਾਉ ਭਗਤਿ ਪਰਵਾਣੁ ਹੈ ਜੱਗ ਹੋਮ ਤੇ ਪੁਰਬ ਕਮਾਈ॥ (1-16-6)
ਕਰਕੇ ਨੀਚ ਸਦਾਵਣਾ ਤਾਂ ਪ੍ਰਭ ਲੇਖੇ ਅੰਦਰ ਪਾਈ॥ (1-16-7)
ਕਲਿਜੁਗ ਨਾਵੈ ਕੀ ਵਡਿਆਈ ॥੧੬॥ (1-16-8)

ਜੁਗਗਰਦੀ ਜਬ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ॥ (1-17-1)
ਉਠੇ ਗਿਲਾਨ ਜਗਤ ਵਿਚ ਵਰਤੈ ਪਾਪ ਭ੍ਰਸ਼ਟ ਸੰਸਾਰਾ॥ (1-17-2)
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਯਾਰਾ॥ (1-17-3)
ਨਿੰਦਾ ਚਾਲੈ ਵੇਦ ਕੀ ਸਮਝਨ ਨਹਿ ਅਗਿਆਨ ਗੁਬਾਰਾ॥ (1-17-4)
ਬੇਦ ਗ੍ਰੰਥ ਗੁਰ ਹੱਟ ਹੈ ਜਿਸ ਲਗ ਭਵਜਲ ਪਾਰ ਉਤਾਰਾ॥ (1-17-5)
ਸਤਿਗੁਰ ਬਾਝ ਨ ਬੁਝੀਐ ਜਿਚੱਰ ਧਰੇ ਨ ਗੁਰ ਅਵਤਾਰਾ॥ (1-17-6)
ਗੁਰ ਪਰਮੇਸ਼ਰ ਇਕ ਹੈ ਸੱਚਾ ਸ਼ਾਹ ਜਗਤ ਵਣਜਾਰਾ॥ (1-17-7)
ਚੜੇ ਸੂਰ ਮਿਟ ਜਾਇ ਅੰਧਾਰਾ ॥੧੭॥ (1-17-8)

ਕਲਿਜੁਗ ਬੋਧ ਅਵਤਾਰ ਹੈ ਬੋਧ ਅਬੋਧ ਨ ਦ੍ਰਿਸ਼ਟੀ ਆਵੈ॥ (1-18-1)
ਕੋਇ ਨ ਕਿਸੈ ਵਰਜਈ ਸੋਈ ਕਰੈ ਜੋਈ ਮਨ ਭਾਵੈ॥ (1-18-2)
ਕਿਸੈ ਪੁਜਾਈ ਸਿਲਾ ਸੁੰਨ ਕੋਈ ਗੋਰੀਂ ਮੜ੍ਹੀ ਪੁਜਾਵੈ॥ (1-18-3)

ਤੰਤ੍ਰ ਮੰਤ੍ਰ ਪਾਖੰਡ ਕਰ ਕਲਹ ਕ੍ਰੋਧ ਬਹੁ ਵਾਧ ਵਧਾਵੈ॥ (1-18-4)
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ॥ (1-18-5)
ਕੋਈ ਪੂਜੈ ਚੰਦ੍ਰ ਸੂਰ ਕੋਈ ਧਰਤ ਅਕਾਸ ਮਨਾਵੈ॥ (1-18-6)
ਪਉਣ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ॥ (1-18-7)
ਫੋਕਟ ਧਰਮੀ ਭਰਮ ਭੁਲਾਵੈ ॥੧੮॥ (1-18-8)

ਭਈ ਗਿਲਾਨ ਜਗਤ ਵਿਚ ਚਾਰ ਵਰਨ ਆਸ਼੍ਰਮ ਉਪਾਏ॥ (1-19-1)
ਦਸ ਨਾਮ ਸਨਿਆਸੀਆਂ ਜੋਗੀ ਬਾਰਹ ਪੰਥ ਚਲਾਏ॥ (1-19-2)
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦ ਕਰਾਏ॥ (1-19-3)
ਬ੍ਰਹਮਣ ਬਹੁ ਪਰਕਾਰ ਕਰ ਸ਼ਾਸਤ੍ਰ ਵੇਦ ਪੁਰਾਣ ਲੜਾਏ॥ (1-19-4)
ਖਟ ਦਰਸ਼ਨ ਬਹੁ ਵੈਰ ਕਰ ਨਾਲ ਛਤੀਸ ਪਾਖੰਡ ਚਲਾਏ॥ (1-19-5)
ਤੰਤ ਮੰਤ ਰਾਸਾਇਣਾ ਕਰਾਮਾਤ ਕਾਲਖ ਲਪਟਾਏ॥ (1-19-6)
ਏਕਸ ਤੇ ਬਹੁ ਰੂਪ ਕਰੂਪੀ ਘਣੇ ਦਿਖਾਏ॥ (1-19-7)
ਕਲਿਜੁਗ ਅੰਦਰ ਭਰਮ ਭੁਲਾਏ ॥੧੯॥ (1-19-8)

ਬਹੁ ਵਾਟੀਂ ਜੱਗ ਚਲੀਆਂ ਜਬ ਹੀ ਭਏ ਮਹੰਮਦ ਯਾਰਾ॥ (1-20-1)
ਕੌਮ ਬਹੱਤਰ ਸੰਗ ਕਰ ਬਹੁ ਬਿਧਿ ਬੈਰ ਬਿਰੋਧ ਪਸਾਰਾ॥ (1-20-2)
ਰੋਜ਼ੇ ਈਦ ਨਮਾਜ਼ ਕਰ ਕਰਮੀ ਬੰਦ ਕੀਆ ਸੰਸਾਰਾ॥ (1-20-3)
ਪੀਰ ਪਕੰਬਰ ਔਲੀਏ ਗ਼ੌਸ ਕੁਤਬ ਬਹੁ ਭੇਖ ਸਵਾਰਾ॥ (1-20-4)
ਠਾਕੁਰ ਦੁਆਰੈ ਢਾਹਿਕੈ ਤਿਹ ਠਉੜੀਂ ਮਸੀਤ ਉਸਾਰਾ॥ (1-20-5)
ਮਾਰਨ ਗਊ ਗਰੀਬ ਧਰਤੀ ਉਪਰ ਪਾਪ ਬਿਥਾਰਾ॥ (1-20-6)
ਕਾਫਰ ਮੁਲਹਦ ਇਰਮਨੀ ਰੂੰਮੀ ਜੰਗੀ ਦੁਸ਼ਮਨ ਦਾਰਾ॥ (1-20-7)
ਪਾਪੇ ਦਾ ਵਰਤਿਆ ਵਰਤਾਰਾ ॥੨੦॥ (1-20-8)

ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ॥ (1-21-1)
ਖੁਦੀ ਬਕੀਲੀ ਤਕੱਬਰੀ ਖਿੰਚੋਤਾਣ ਕਰੇਨ ਧਿਙਾਣੇ॥ (1-21-2)
ਗੰਗ ਬਨਾਰਸ ਹਿੰਦੂਆਂ ਮੱਕਾ ਕਾਬਾ ਮੁਸਲਮਾਣੇ॥ (1-21-3)
ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ॥ (1-21-4)
ਰਾਮ ਰਹੀਮ ਕਹਾਇੰਦੇ ਇਕ ਨਾਮ ਦੁਇ ਰਾਹ ਭੁਲਾਣੇ॥ (1-21-5)
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸ਼ੈਤਾਣੇ॥ (1-21-6)
ਸੱਚ ਕਿਨਾਰੇ ਰਹਿ ਗਯਾ ਖਹਿ ਮਰਦੇ ਬਾਮਣ ਮਉਲਾਣੇ॥ (1-21-7)
ਸਿਰੋਂ ਨ ਮਿਟੇ ਆਵਣ ਜਾਣੇ ॥੨੧॥ (1-21-8)

ਚਾਰੇ ਜੱਗੇ ਚਹੁ ਜੁਗੀ ਪੰਚਾਇਣ ਪ੍ਰਭ ਆਪੇ ਹੋਆ॥ (1-22-1)
ਆਪੇ ਪੱਟੀ ਕਲਮ ਆਪ ਆਪੇ ਲਿਖਣਹਾਰਾ ਹੋਆ॥ (1-22-2)
ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ॥ (1-22-3)
ਵਰਤਿਆ ਪਾਪ ਜਗੱਤ੍ਰ ਤੇ ਧਉਲ ਉਡੀਣਾ ਨਿਸਦਿਨ ਰੋਆ॥ (1-22-4)
ਬਾਝ ਦਇਆ ਬਲ ਹੀਣ ਹੋ ਨਿੱਘਰ ਚਲੇ ਰਸਾਤਲ ਟੋਆ॥ (1-22-5)
ਖੜਾ ਇਕ ਤੇ ਪੈਰ ਤੇ ਪਾਪ ਸੰਗ ਬਹੁ ਭਾਰਾ ਹੋਆ॥ (1-22-6)
ਥੰਮੇ ਕੋਇ ਨ ਸਾਧ ਬਿਨ ਸਾਧ ਨ ਦਿੱਸੈ ਜਗ ਵਿਚ ਕੋਆ॥ (1-22-7)

ਧਰਮ ਧੌਲ ਪੁਕਾਰੈ ਤਲੇ ਖੜੋਆ ॥੨੨॥ (1-22-8)

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ॥ (1-23-1)
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥ (1-23-2)
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥ (1-23-3)
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥ (1-23-4)
ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ॥ (1-23-5)
ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਯਾ॥ (1-23-6)
ਕਲਿਜੁਗ ਬਾਬੇ ਤਾਰਿਆ ਸੱਤਨਾਮ ਪੜ੍ਹ ਮੰਤ੍ਰ ਸੁਣਾਯਾ॥ (1-23-7)
ਕਲਿ ਤਾਰਣ ਗੁਰ ਨਾਨਕ ਆਯਾ ॥੨੩॥ (1-23-8)

ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ॥ (1-24-1)
ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥ (1-24-2)
ਭਾਰੀ ਕਰੀ ਤੱਪਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ॥ (1-24-3)
ਬਾਬਾ ਪੈਧਾ ਸਚ ਖੰਡ ਨਾਨਿਧਿ ਨਾਮ ਗਰੀਬੀ ਪਾਈ॥ (1-24-4)
ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ॥ (1-24-5)
ਬਾਝਹੁ ਗੁਰੂ ਗੁਬਾਰ ਹੈ ਹੈਹੈ ਕਰਦੀ ਸੁਣੀ ਲੁਕਾਈ॥ (1-24-6)
ਬਾਬੇ ਭੇਖ ਬਣਾਇਆ ਉਦੱਾਸੀ ਕੀ ਰੀਤ ਚਲਾਈ॥ (1-24-7)
ਚੜ੍ਹਿਆ ਸੋਧਨ ਧਰਤ ਲੁਕਾਈ ॥੨੪॥ (1-24-8)

ਬਾਬਾ ਆਇਆ ਤੀਰਥੀਂ ਤੀਰਥ ਪੁਰਬ ਸਭੇ ਫਿਰ ਦੇਖੈ॥ (1-25-1)
ਪੂਰਬ ਧਰਮ ਬਹੁ ਕਰਮ ਕਰ ਭਾਉ ਭਗਤਿ ਬਿਨ ਕਿਤੇ ਨ ਲੇਖੈ॥ (1-25-2)
ਭਾਉ ਨ ਬ੍ਰਹਮੇ ਲਿਖਿਆ ਚਾਰ ਬੇਦ ਸਿੰਮ੍ਰਿਤਿ ਪੜ੍ਹ ਦੇਖੈ॥ (1-25-3)
ਢੂੰਡੀ ਸਗਲੀ ਪਿਰਥਮੀ ਸਤਿਜੁਗ ਆਦਿ ਦੁਅੱਾਪਰ ਤ੍ਰੇਤੈ॥ (1-25-4)
ਕਲਿਜੁਗ ਧੁੰਧੂਕਾਰ ਹੈ ਭਰਮ ਭੁਲਾਈ ਬਹੁ ਬਿਧਿ ਭੇਖੈ॥ (1-25-5)
ਭੇਖੀਂ ਪ੍ਰਭੂ ਨ ਪਾਈਐ ਆਪ ਗਵਾਏ ਰੂਪ ਨ ਰੇਖੈ॥ (1-25-6)
ਗੁਰਮੁਖ ਵਰਨ ਅਵਰਨ ਹੋਇ ਨਿਵ ਚਲੈ ਗੁਰਸਿਖ ਵਿਸੇਖੈ॥ (1-25-7)
ਤਾਂ ਕੁਛ ਘਾਲ ਪਵੈ ਦਰ ਲੇਖੈ ॥੨੫॥ (1-25-8)

ਜਤ ਸਤੀ ਚਿਰ ਜੀਵਣੇ ਸਾਧਿਕ ਸਿੱਧ ਨਾਥ ਗੁਰ ਚੇਲੇ॥ (1-26-1)
ਦੇਵੀ ਦੇਵ ਰਖੀਸ਼ਰਾਂ ਭੈਰੋਂ ਖੇਤ੍ਰ ਪਾਲ ਬਹੁ ਮੇਲੇ॥ (1-26-2)
ਗਣ ਗੰਧਰਬ ਅਪਸ਼ਰਾਂ ਕਿੰਨਰ ਜੱਛ ਚਲਿਤ ਬਹੁ ਖੇਲੇ॥ (1-26-3)
ਰਾਕਸ਼ ਦਾਨੋ ਦੈਂਤ ਲਖ ਅੰਦਰ ਦੂਜਾ ਭਾਉ ਦੁਹੇਲੇ॥ (1-26-4)
ਹਉਮੈਂ ਅੰਦਰ ਸਭਕੋ ਡੁਬੇ ਗੁਰੂ ਸਣੇਂ ਬਹੁ ਚੇਲੇ॥ (1-26-5)
ਗੁਰਮੁਖ ਕੋਇ ਨ ਦਿਸਈ ਢੂੰਡੇ ਤੀਰਥ ਜਾਤ੍ਰੀ ਮੇਲੇ॥ (1-26-6)
ਢੂੰਡੇ ਹਿੰਦੂ ਤੁਰਕ ਸਭ ਪੀਰ ਪੈਕੰਬਰ ਕਉਮਿ ਕਤੇਲੇ॥ (1-26-7)
ਅੰਧੀ ਅੰਧੇ ਖੂਹੇ ਠੇਲੇ ॥੨੬॥ (1-26-8)

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥ (1-27-1)
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥ (1-27-2)

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥ (1-27-3)
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥ (1-27-4)
ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥ (1-27-5)
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥ (1-27-6)
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ॥ (1-27-7)
ਗੁਰਮੁਖ ਕਲਿ ਵਿਚ ਪਰਗਟ ਹੋਆ ॥੨੭॥ (1-27-8)

ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤਕ ਆਹੀ॥ (1-28-1)
ਫਿਰ ਜਾ ਚੜੇ ਸੁਮੇਰ ਪਰ ਸਿਧ ਮੰਡਲੀ ਦ੍ਰਿਸ਼ਟੀ ਆਈ॥ (1-28-2)
ਚੌਰਾਸੀਹ ਸਿਧ ਗੋਰਖਾਦਿ ਮਨ ਅੰਦਰ ਗਣਤੀ ਵਰਤਾਈ॥ (1-28-3)
ਸਿਧ ਪੁੱਛਨ ਸੁਨ ਬਾਲਿਆ ਕੌਨ ਸ਼ਕਤ ਤੁਹਿ ਏਥੇ ਲਿਆਈ॥ (1-28-4)
ਹਉਂ ਜਪਿਆ ਪਰਮੇਸ਼ਰੋ ਭਾਉ ਭਗਤ ਸੰਗ ਤਾੜੀ ਲਾਈ॥ (1-28-5)
ਆਖਣ ਸਿਧ ਸੁਣ ਬਾਲਿਆ ਅਪਣਾ ਨਾਂ ਤੁਮ ਦੇਹੁ ਬਤਾਈ ॥ (1-28-6)
ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤ ਪਾਈ॥ (1-28-7)
ਨੀਚ ਕਹਾਇ ਊਚ ਘਰ ਆਈ ॥੨੮॥ (1-28-8)

ਫਿਰ ਪੁੱਛਣ ਸਿਧ ਨਾਨਕਾ ਮਾਤ ਲੋਕ ਵਿਚ ਕਿਆ ਵਰਤਾਰਾ॥ (1-29-1)
ਸਭ ਸਿਧੀਂ ਏਹ ਬੁਝਿਆ ਕਲਿ ਤਾਰਣ ਨਾਨਕ ਅਵਤਾਰਾ॥ (1-29-2)
ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ॥ (1-29-3)
ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜਿਆ ਸੰਸਾਰਾ॥ (1-29-4)
ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ॥ (1-29-5)
ਸਿਧ ਛਪ ਬੈਠੇ ਪਰਬਤੀਂ ਕੌਣ ਜਗ ਕਉ ਪਾਰ ਉਤਾਰਾ॥ (1-29-6)
ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ॥ (1-29-7)
ਬਾਝ ਗੁਰੂ ਡੁੱਬਾ ਜਗ ਸਾਰਾ ॥੨੯॥ (1-29-8)

ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥ (1-30-1)
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥ (1-30-2)
ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ॥ (1-30-3)
ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ॥ (1-30-4)
ਸੇਵਕ ਬੈਠਨ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ॥ (1-30-5)
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕ ਗਵਾਈ॥ (1-30-6)
ਇਸਤ੍ਰੀ ਪੁਰਖਾ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ॥ (1-30-7)
ਵਰਤਿਆ ਪਾਪ ਸਭਸ ਜਗ ਮਾਂਹੀ ॥੩੦॥ (1-30-8)

ਸਿਧੀਂ ਮਨੇ ਬਿਚਾਰਿਆ ਕਿਵ ਦਰਸ਼ਨ ਏਹ ਲੇਵੇ ਬਾਲਾ॥ (1-31-1)
ਐਸਾ ਜੋਗੀ ਕਲੀ ਮਾਹਿ ਹਮਰੇ ਪੰਥ ਕਰੇ ਉਜਿਆਲਾ॥ (1-31-2)
ਖੱਪਰ ਦਿਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ॥ (1-31-3)
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ॥ (1-31-4)
ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝਲੇ ਗੁਰ ਦੀ ਝਾਲਾ॥ (1-31-5)
ਫਿਰ ਆਯਾ ਗੁਰ ਨਾਥ ਜੀ ਪਾਣੀ ਠਉੜ ਨਹੀਂ ਉਸ ਤਾਲਾ॥ (1-31-6)

ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ॥ (1-31-7)
ਕਲਿਜੁਗ ਨਾਨਕ ਨਾਮ ਸੁਖਾਲਾ ॥੩੧॥ (1-31-8)

ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ॥ (1-32-1)
ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ॥ (1-32-2)
ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ॥ (1-32-3)
ਜਾਂ ਬਾਬਾ ਸੁੱਤਾ ਰਾਤ ਨੂੰ ਵੱਲ ਮਹਿਰਾਬੇ ਪਾਂਇ ਪਸਾਰੀ॥ (1-32-4)
ਜੀਵਨ ਮਾਰੀ ਲਤ ਦੀ ਕੇੜ੍ਹਾ ਸੁਤਾ ਕੁਫ਼ਰ ਕੁਫ਼ਾਰੀ॥ (1-32-5)
ਲਤਾਂ ਵਲ ਖ਼ੁਦਾਇ ਦੇ ਕਿਉਂਕਰ ਪਇਆ ਹੋਇ ਬਜਗਾਰੀ॥ (1-32-6)
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ॥ (1-32-7)
ਹੋਇ ਹੈਰਾਨ ਕਰੇਨ ਜੁਹਾਰੀ ॥੩੨॥ (1-32-8)

ਪੁਛਨ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ॥ (1-33-1)
ਵਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤਿ ਕੋਈ॥ (1-33-2)
ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕੀ ਮੁਸਲਮਾਨੋਈ॥ (1-33-3)
ਬਾਬਾ ਆਖੇ ਹਾਜ਼ੀਆਂ ਸ਼ੁਭ ਅਮਲਾਂ ਬਾਝੋ ਦੋਵੇਂ ਰੋਈ॥ (1-33-4)
ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਣ ਨ ਢੋਈ॥ (1-33-5)
ਕਚਾ ਰੰਗ ਕੁਸੁੰਭ ਕਾ ਪਾਣੀ ਧੋਤੈ ਥਿਰ ਨ ਰਹੋਈ॥ (1-33-6)
ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕੁਥਾਇ ਖਲੋਈ॥ (1-33-7)
ਰਾਹ ਸ਼ੈਤਾਨੀ ਦੁਨੀਆ ਗੋਈ ॥੩੩॥ (1-33-8)

ਧਰੀ ਨਿਸ਼ਾਨੀ ਕੌਸ ਦੀ ਮਕੇ ਅੰਦਰ ਪੂਜ ਕਰਾਈ॥ (1-34-1)
ਜਿਥੇ ਜਾਈ ਜਗਤ ਵਿਚ ਬਾਬੇ ਬਾਝ ਨ ਖਾਲੀ ਜਾਈ॥ (1-34-2)
ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਗੁਆਈ॥ (1-34-3)
ਛਪੇ ਨਾਂਹਿ ਛਪਾਇਆ ਚੜਿਆ ਸੂਰਜ ਜਗ ਰੁਸ਼ਨਾਈ॥ (1-34-4)
ਬੁਕਿਆ ਸਿੰਘ ਉਜਾੜ ਵਿਚ ਸਬ ਮਿਰਗਾਵਲ ਭੰਨੀ ਜਾਈ॥ (1-34-5)
ਚੜ੍ਹਿਆ ਚੰਦ ਨ ਲੁਕਈ ਕਢ ਕੁਨਾਲੀ ਜੋਤ ਛਪਾਈ॥ (1-34-6)
ਉਗਵਣਹੁ ਤੇ ਆਥਵਣਹੁ ਨਉ ਖੰਡ ਪ੍ਰਿਥਵੀ ਸਭ ਝੁਕਾਈ॥ (1-34-7)
ਜਗ ਅੰਦਰ ਕੁਦਰਤ ਵਰਤਾਈ ॥੩੪॥ (1-34-8)

ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ॥ (1-35-1)
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥ (1-35-2)
ਦਿਤੀ ਬਾਂਗ ਨਿਮਾਜ਼ ਕਰ ਸੁੰਨ ਸਮਾਨ ਹੋਯਾ ਜਹਾਨਾ॥ (1-35-3)
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ॥ (1-35-4)
ਵੇਖੈ ਧਿਆਨ ਲਗਾਇ ਕਰ ਇਕ ਫਕੀਰ ਵਡਾ ਮਸਤਾਨਾ॥ (1-35-5)
ਪੁਛਿਆ ਫਿਰਕੇ ਦਸਤਗੀਰ ਕੌਨ ਫਕੀਰ ਕਿਸ ਕਾ ਘਰਾਨਾ॥ (1-35-6)
ਨਾਨਕ ਕਲਿ ਵਿਚ ਆਇਆ ਰਬ ਫਕੀਰ ਇਕ ਪਹਿਚਾਨਾ॥ (1-35-7)
ਧਰਤ ਅਕਾਸ਼ ਚਹੂੰ ਦਿਸ ਜਾਨਾ ॥੩੫॥ (1-35-8)

ਪੁਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਆਤਾਈ॥ (1-36-1)

ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ॥ (1-36-2)
ਪਾਤਾਲਾਂ ਆਕਾਸ਼ ਲਖ ਓੜਕ ਭਾਲੀ ਖਬਰ ਸੁ ਸਾਈ॥ (1-36-3)
ਫੇਰ ਦੁਰਾਇਣ ਦਸਤਗੀਰ ਅਸੀ ਭਿ ਵੇਖਾਂ ਜੋ ਤੁਹਿ ਪਾਈ॥ (1-36-4)
ਨਾਲ ਲੀਤਾ ਬੇਟਾ ਪੀਰ ਦਾ ਅਖੀਂ ਮੀਟ ਗਿਆ ਹਵਾਈ॥ (1-36-5)
ਲਖ ਅਕਾਸ਼ ਪਤਾਲ ਲਖ ਅਖ ਫੁਰਕ ਵਿਚ ਸਭ ਦਿਖਲਾਈ॥ (1-36-6)
ਭਰ ਕਚਕੌਲ ਪ੍ਰਸ਼ਾਦ ਦਾ ਧੁਰੋਂ ਪਤਾਲੋਂ ਲਈ ਕੜਾਈ॥ (1-36-7)
ਜ਼ਾਹਰ ਕਲਾ ਨ ਛਪੈ ਛਪਾਈ ॥੩੬॥ (1-36-8)

ਗੜ੍ਹ ਬਗਦਾਦ ਨਿਵਾਇਕੈ ਮਕਾ ਮਦੀਨਾ ਸਭ ਨਿਵਾਯਾ॥ (1-37-1)
ਸਿਧ ਚੌਰਾਸੀਹ ਮੰਡਲੀ ਖਟ ਦਰਸ਼ਨ ਪਾਖੰਡ ਜਣਾਯਾ॥ (1-37-2)
ਪਾਤਾਲਾਂ ਆਕਾਸ਼ ਲਖ ਜਿੱਤੀ ਧਰਤੀ ਜਗਤ ਸਬਾਯਾ॥ (1-37-3)
ਜਿਤੀ ਨਵਖੰਡ ਮੇਦਨੀ ਸਤਨਾਮ ਕਾ ਚਕ੍ਰ ਫਿਰਾਯਾ॥ (1-37-4)
ਦੇਵਦਾਨੋ ਰਾਕਸ ਦੈਂਤ ਸਭ ਚਿਤ੍ਰ ਗੁਪਤ ਸਭ ਚਰਨੀ ਲਾਯਾ॥ (1-37-5)
ਇੰਦ੍ਰਾਸਣ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ॥ (1-37-6)
ਹਿੰਦੂ ਮੁਸਲਮਾਨ ਨਿਵਾਇਆ ॥੩੭॥ (1-37-7)

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ (1-38-1)
ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥ (1-38-2)
ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ॥ (1-38-3)
ਪੁਤੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ॥ (1-38-4)
ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ॥ (1-38-5)
ਗਿਆਨ ਗੋਸ਼ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਕਾਰਾ॥ (1-38-6)
ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ॥ (1-38-7)
ਗੁਰਮੁਖ ਭਾਰ ਅਥਰਬਣ ਧਾਰਾ ॥੩੮॥ (1-38-8)

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ॥ (1-39-1)
ਦਰਸ਼ਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ॥ (1-39-2)
ਲਗੀ ਬਰਸਨ ਲਛਮੀ ਰਿਧ ਸਿਧ ਨਉ ਨਿਧਿ ਸਵਾਈ॥ (1-39-3)
ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸ਼ਕ ਘਨੇਰੀ ਖਾਈ॥ (1-39-4)
ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਇਆ ਛਪਾਈ॥ (1-39-5)
ਭਗਤੀਆਂ ਗਈ ਭਗਤ ਬੂਲ ਲੋਟੇ ਅੰਦਰ ਸੁਰਤ ਭੁਲਾਈ॥ (1-39-6)
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ॥ (1-39-7)
ਵੇਖ ਚਲਿਤ੍ਰ ਜੋਗੀ ਖੁਣਸਾਈ ॥੩੯॥ (1-39-8)

ਖਾਧੀ ਖੁਣਸ ਜੋਗੀਸ਼ਰਾਂ ਗੋਸਟ ਕਰਨ ਸਭੇ ਉਠ ਆਈ॥ (1-40-1)
ਪੁਛੇ ਜੋਗੀ ਭੰਗ੍ਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥ (1-40-2)
ਫਿਟਿ ਆ ਚਾਟਾ ਦੁਧ ਦਾ ਰਿੜਕਿਆਂ ਮਖਣ ਹਥ ਨ ਆਈ॥ (1-40-3)
ਭੇਖ ਉਤਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥ (1-40-4)
ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ॥ (1-40-5)
ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ॥ (1-40-6)

ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰਕੇ ਘਰ ਮੰਗਨ ਜਾਈ॥ (1-40-7)
ਬਿਨ ਦਿਤੇ ਕਿਛ ਹਥ ਨ ਆਈ ॥੪੦॥ (1-40-8)

ਏਹ ਸੁਣ ਬਚਨ ਜੁਗੀਸਰਾਂ ਮਾਰ ਕਿਲਕ ਬਹੁ ਰੂਪ ਉਠਾਈ॥ (1-41-1)
ਖਟ ਦਰਸ਼ਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ॥ (1-41-2)
ਸਿਧ ਬੋਲਨ ਸਭ ਅਉਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ॥ (1-41-3)
ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ॥ (1-41-4)
ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ॥ (1-41-5)
ਇਕ ਨਾਗ ਹੋਇ ਪਵਨ ਛੋਡ ਇਕਨਾ ਵਰਖਾ ਅਗਨ ਵਸਾਈ॥ (1-41-6)
ਤਾਰੇ ਤੋੜੇ ਭੰਗ੍ਰਨਾਥ ਇਕ ਚੜ ਮਿਰਗਾਨੀ ਜਲ ਤਰ ਜਾਈ॥ (1-41-7)
ਸਿਧਾਂ ਅਗਨ ਨ ਬੁਝੇ ਬੁਝਾਈ ॥੪੧॥ (1-41-8)

ਸਿਧ ਬੋਲੇ ਸੁਨ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ॥ (1-42-1)
ਕੁਝ ਦਿਖਾਈਂ ਅਸਾਨੂੰ ਭੀ ਤੂੰ ਕਿਉਂ ਢਿਲ ਅਜੇਹੀ ਲਾਈ॥ (1-42-2)
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ॥ (1-42-3)
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ॥ (1-42-4)
ਸਿਵ ਰੂਪੀ ਕਰਤਾ ਪੁਰਖ ਚਲੇ ਨਾਹੀਂ ਧਰਤ ਚਲਾਈ॥ (1-42-5)
ਸਿਧ ਤੰਤ੍ਰ ਮੰਤ੍ਰ ਕਰ ਝੜ ਪਏ ਸ਼ਬਦ ਗੁਰੂ ਕੈ ਕਲਾ ਛਪਾਈ॥ (1-42-6)
ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੈ ਨ ਪਾਈ॥ (1-42-7)
ਸੋ ਦੀਨ ਨਾਨਕ ਸਤਿਗੁਰ ਸਰਣਾਈ ॥੪੨॥ (1-42-8)

ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ ਸਚ ਮੁਖਹੁ ਅਲਾਈ॥ (1-43-1)
ਬਾਜਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ॥ (1-43-2)
ਬਸਤਰ ਪਹਿਰੋਂ ਅਗਨਿ ਕੇ ਬਰਫ ਹਿਮਾਲੇ ਮੰਦਰ ਛਾਈ॥ (1-43-3)
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ॥ (1-43-4)
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ॥ (1-43-5)
ਤੋਲੀਂ ਧਰਤਿ ਆਕਾਸ਼ ਦੁਇ ਪਿਛੇ ਛਾਬੇ ਟੰਕ ਚੜ੍ਹਾਈ॥ (1-43-6)
ਏਹ ਬਲ ਰਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ॥ (1-43-7)
ਸਤਿਨਾਮ ਬਿਨ ਬਾਦਰ ਛਾਈ ॥੪੩॥ (1-43-8)

ਬਾਬੇ ਕੀਤੀ ਸਿਧ ਗੋਸ਼ਟ ਸ਼ਬਦ ਸ਼ਾਂਤਿ ਸਿਧਾਂ ਵਿਚ ਆਈ ॥ (1-44-1)
ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ਼ ਕਰਾਈ॥ (1-44-2)
ਸਿਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ॥ (1-44-3)
ਵਡਾ ਪੁਰਖ ਪ੍ਰਗਟਿਆ ਕਲਿਜੁਗ ਅੰਦਰ ਜੋਤ ਜਗਾਈ॥ (1-44-4)
ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਿਆਰਤ ਜਾਈ॥ (1-44-5)
ਅਗੋਂ ਪੀਰ ਮੁਲਤਾਨ ਦੇ ਦੁਧ ਕਟੋਰਾ ਭਰ ਲੈ ਆਈ॥ (1-44-6)
ਬਾਬੇ ਕਢ ਕਰ ਬਗਲ ਤੇ ਚੰਬੇਲੀ ਦੁੱਧ ਵਿਚ ਮਿਲਾਈ॥ (1-44-7)
ਜਿਉਂ ਸਾਗਰ ਵਿਚ ਗੰਗ ਸਮਾਈ ॥੪੪॥ (1-44-8)

ਜ਼ਿਆਰਤ ਕਰ ਮੁਲਤਾਨ ਦੀ ਫਿਰ ਕਰਤਾਰਪੁਰੇ ਨੂੰ ਆਯਾ॥ (1-45-1)

ਚੜ੍ਹੇ ਸਵਾਈ ਦਹਦਿਹੀ ਕਲਿਜੁਗ ਨਾਨਕ ਨਾਮ ਧਿਆਯਾ॥ (1-45-2)
ਵਿਣ ਨਾਵੈ ਹੋਰ ਮੰਗਣਾ ਸਿਰ ਦੁਖਾਂ ਦੇ ਦੁਖ ਸਬਾਯਾ॥ (1-45-3)
ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ॥ (1-45-4)
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ॥ (1-45-5)
ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ॥ (1-45-6)
ਲਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਯਾ॥ (1-45-7)
ਕਾਯਾਂ ਪਲਟ ਸਰੂਪ ਬਣਾਯਾ ॥੪੫॥ (1-45-8)

ਸੋ ਟਿਕਾ ਸੋ ਛਤ੍ਰ ਸਿਰ ਸੋਈ ਸਚਾ ਤਖਤ ਟਿਕਾਈ॥ (1-46-1)
ਗੁਰ ਨਾਨਕ ਹੰਦੀ ਮੋਹਰ ਹਥ ਗੁਰ ਅੰਗਦ ਦੀ ਦੋਹੀ ਫਿਰਾਈ॥ (1-46-2)
ਦਿੱਤਾ ਛੱਡ ਕਰਤਾਰਪੁਰ ਬੈਠ ਖਡੂਰੇ ਜੋਤਿ ਜਗਾਈ॥ (1-46-3)
ਜੰਮੇ ਪੂਰਬ ਬੀਜਿਆ ਵਿਚ ਵਿਚ ਹੋਰ ਕੂੜੀ ਚਤਰਾਈ॥ (1-46-4)
ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ॥ (1-46-5)
ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਇਲਾਹੀ॥ (1-46-6)
ਫੇਰ ਵਸਾਯਾ ਗੋਂਦਵਾਲ ਅਚਰਜ ਖੇਲ ਨ ਲਖਿਆ ਜਾਈ॥ (1-46-7)
ਦਾਤਿ ਜੋਤ ਖਸਮੈ ਵਡਿਆਈ ॥੪੬॥ (1-46-8)

ਦਿੱਚੇ ਪੂਰਬ ਦੇਵਣਾ ਜਿਸ ਦੀ ਵਸਤ ਤਿਸੈ ਘਰ ਆਵੈ॥ (1-47-1)
ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥ (1-47-2)
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥ (1-47-3)
ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ॥ (1-47-4)
ਦਿਤਾ ਲਈਏ ਆਪਣਾ ਅਣ ਦਿਤਾ ਕਛ ਹਥ ਨ ਆਵੈ॥ (1-47-5)
ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ॥ (1-47-6)
ਜਾਨ ਨ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੈ॥ (1-47-7)
ਘਰ ਹੀ ਕੀ ਵੱਥ ਘਰੇ ਰਹਾਵੈ ॥੪੭॥ (1-47-8)

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥ (1-48-1)
ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥ (1-48-2)
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥ (1-48-3)
ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ॥ (1-48-4)
ਪੁਛੱਨ ਸਿੱਖ ਅਰਦਾਸ ਕਰ ਛੇ ਮਹਿਲਾਂ ਤਕ ਦਰਸ ਨਿਹਾਰੀ॥ (1-48-5)
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ॥ (1-48-6)
ਕਲਿਜੁਗ ਪੀੜ੍ਹੀ ਸੋਢੀਆਂ ਨਿਹਚਲ ਨੀਨ ਉਸਾਰ ਖਲ੍ਹਾਰੀ॥ (1-48-7)
ਜੁਗ ਜੁਗ ਸਤਿਗੁਰ ਧਰੇ ਅਵਤਾਰੀ ॥੪੮॥ (1-48-8)

ਸਤਿਜੁਗ ਸਤਿਗੁਰ ਵਾਸਦੇਵ ਵਾਵਾ ਵਿਸ਼ਨਾ ਨਾਮ ਜਪਾਵੈ॥ (1-49-1)
ਦੁਆਪਰ ਸਤਿਗੁਰ ਹਰੀਕ੍ਰਿਸ਼ਨ ਹਾਹਾ ਹਰਿ ਹਰਿ ਨਾਮ ਧਿਆਵੈ॥ (1-49-2)
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ॥ (1-49-3)
ਕਲਿਜੁਗ ਨਾਨਕ ਗੁਰ ਗੋਬਿੰਦ ਗਗਾ ਗੋਵਿੰਦ ਨਾਮ ਜਪਾਵੈ॥ (1-49-4)
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ॥ (1-49-5)

ਚਾਰੋਂ ਅਛਰ ਇਕ ਕਰ ਵਾਹਿਗੁਰੂ ਜਪ ਮੰਤ੍ਰ ਜਪਾਵੈ॥ (1-49-6)
ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ ॥੪੯॥੧॥ (1-49-7)

Vaar 2

ੴ ਸਤਿਗੁਰਪ੍ਰਸਾਦਿ॥ (2-1-1)

ਆਪਨੜੇ ਹਥਿ ਆਰਸੀ ਆਪੇ ਹੀ ਦੇਖੈ॥ (2-1-2)
ਆਪੇ ਦੇਖ ਦਿਖਾਇਦਾ ਛਿਅ ਦਰਸ਼ਨ ਭੇਖੈ॥ (2-1-3)
ਜੇਹਾ ਮੂੰਹ ਕਰ ਭਾਲਦਾ ਤੇਵੇਹੈ ਦੇਖੈ॥ (2-1-4)
ਹਸਦੇ ਹਸਦਾ ਦੇਖੀਐ ਸੋ ਰੂਪ ਸਰੇਖੈ॥ (2-1-5)
ਰੋਂਦੇ ਦਿਸੇ ਰੋਂਵਦਾ ਹੋਇ ਨਿਮਖ ਨਿਮੇਖੈ॥ (2-1-6)
ਆਪੇ ਆਪ ਵਰਤਦਾ ਸਤਸੰਗ ਵਿਸੇਖੈ ॥੧॥ (2-1-7)

ਜਿਉਂ ਜੰਤ੍ਰੀ ਹਥ ਜੰਤ੍ਰ ਲੈ ਸਭ ਰਾਗ ਵਜਾਏ॥ (2-2-1)
ਆਪੇ ਸੁਣ ਸੁਣ ਮਗਨ ਹੋਇ ਆਪੇ ਗੁਨ ਗਾਏ॥ (2-2-2)
ਸ਼ਬਦ ਸੁਰਤਿ ਲਿਵਲੀਣ ਹੋਇ ਆਪੇ ਰੀਝਾਏ॥ (2-2-3)
ਕਥਤਾ ਬਕਤਾ ਆਪ ਹੈ ਸੁਰਤਾ ਲਿਵ ਲਾਏ॥ (2-2-4)
ਆਪੇ ਆਪ ਵਿਸਮਾਦ ਹੋਇ ਸਰਬੰਗ ਸਮਾਏ॥ (2-2-5)
ਆਪੇ ਆਪ ਵਰਤਦਾ ਗੁਰਮੁਖ ਪਤੀਆਏ ॥੨॥ (2-2-6)

ਆਪੇ ਭੁਖਾ ਹੋਇਕੈ ਆਪ ਜਾਇ ਰਸੋਈ॥ (2-3-1)
ਭੋਜਨ ਆਪ ਬਨਾਇੰਦਾ ਰਸ ਵਿਚ ਰਸ ਗੋਈ॥ (2-3-2)
ਆਪੇ ਖਾਇ ਸਲਾਹਕੈ ਹੋਇ ਤ੍ਰਿਪਤ ਸਮੋਈ॥ (2-3-3)
ਆਪੇ ਰਸੀਆ ਆਪ ਰਸ ਰਸ ਰਤਨਾ ਭੋਈ॥ (2-3-4)
ਦਾਤਦ ਭੁਗਤਾ ਆਪ ਹੈ ਸਰਬੰਗ ਸਮੋਈ॥ (2-3-5)
ਆਪੇ ਆਪ ਵਰਤਦਾ ਗੁਰਮੁਖ ਸੁਖ ਹੋਈ ॥੩॥ (2-3-6)

ਆਪੇ ਪਲੰਘ ਵਿਛਾਇਕੈ ਆਪ ਅੰਦਰ ਸਉਂਦਾ॥ (2-4-1)
ਸੁਪਨੇ ਅੰਦਰ ਜਾਇਕੈ ਦੇਸੰਤਰ ਭਉਂਦਾ॥ (2-4-2)
ਰੰਕ ਰਾਉ ਰਾਉ ਰੰਕ ਹੋਇ ਦੁਖ ਸੁਖ ਵਿਚ ਪਾਉਂਦਾ॥ (2-4-3)
ਤੱਤਾ ਸੀਅਰਾ ਹੋਇ ਜਲ ਆਵਟਣ ਖਉਂਦਾ॥ (2-4-4)
ਹਰਖ ਸੋਗ ਵਿਚ ਧਾਂਵਦਾ ਚਾਵਾਏ ਚਉਂਦਾ॥ (2-4-5)
ਆਪੇ ਆਪ ਵਰਤਦਾ ਗੁਰਮੁਖ ਸੁਖ ਰਉਂਦਾ ॥੪॥ (2-4-6)

ਸਮਸਰ ਵਰਸੈ ਸਵਾਂਤ ਬੂੰਦ ਜਿਉਂ ਸਭਨੀ ਥਾਈਂ॥ (2-5-1)
ਜਲ ਅੰਦਰ ਜਲ ਹੋਇ ਮਿਲੈ ਧਰਤੀ ਬਹੁ ਭਾਈਂ॥ (2-5-2)
ਕਿਰਖ ਬਿਰਖ ਰਸ ਕਸ ਘਣੇ ਫਲ ਫੁੱਲ ਸੁਹਾਈ॥ (2-5-3)
ਕੇਲੇ ਵਿਚ ਕਪੂਰ ਹੋਇ ਸੀਤਲ ਸੁਖਦਾਈ॥ (2-5-4)
ਮੋਤੀ ਹੋਵੈ ਸਿਪ ਮਹਿ ਬਹੁ ਮੋਲ ਮੁਲਾਈ॥ (2-5-5)
ਬਿਸੀਅਰ ਦੇ ਮੁਹਿ ਕਾਲਕੂਟ ਚਿਤਵੈ ਬੁਰਿਆਈ॥ (2-5-6)
ਆਪੇ ਆਪ ਵਰਤਦਾ ਸਤਸੰਗ ਸੁਭਾਈ ॥੫॥ (2-5-7)

ਸੋਈ ਤਾਂਬਾ ਰੰਗ ਸੰਗ ਜਿਉਂ ਕੈਹਾਂ ਹੋਈ॥ (2-6-1)
ਸੋਈ ਤਾਂਬਾ ਜਿਸਤ ਮਿਲ ਪਿਤਲ ਅਵਿਲੋਈ॥ (2-6-2)
ਸੋਈ ਸ਼ੀਸ਼ੇ ਸੰਗਤੀ ਭੰਗਾਰ ਭਲੋਈ॥ (2-6-3)
ਤਾਂਬਾ ਪਰਸ ਪਰਸਿਆ ਹੋਇ ਕੰਚਨ ਸੋਈ॥ (2-6-4)
ਸੋਈ ਤਾਂਬਾ ਭਸਮ ਹੋਇ ਅਉਖਧ ਕਰ ਭੋਈ॥ (2-6-5)
ਆਪੇ ਆਪ ਵਰਤਦਾ ਸੰਗਤ ਗੁਨ ਗੋਈ ॥੬॥ (2-6-6)

ਪਾਣੀ ਕਾਲੇ ਰੰਗ ਵਿਚ ਜਿਉਂ ਕਾਲਾ ਦਿੱਸੈ॥ (2-7-1)
ਰੱਤਾ ਰਤੇ ਰੰਗ ਵਿਚ ਮਿਲ ਮੇਲ ਸਲਿਸੈ॥ (2-7-2)
ਪੀਲੇ ਪੀਲਾ ਹੋਇ ਮਿਲੈ ਹਿਤ ਜੋਈ ਵਿਸੈ॥ (2-7-3)
ਸਾਵਾ ਸਾਵੇ ਰੰਗ ਮਿਲ ਸਭ ਰੰਗ ਸਰਿੱਸੈ॥ (2-7-4)
ਤੱਤਾ ਠੰਢਾ ਹੋਇਕੈ ਹਿਤ ਜਿਸ ਤਿੱਸੈ॥ (2-7-5)
ਆਪੇ ਆਪ ਵਰਤਦਾ ਗੁਰਮੁਖ ਸੁਖ ਜਿੱਸੈ ॥੭॥ (2-7-6)

ਦੀਵਾ ਬਲੈ ਬਸੰਤਰਹੁ ਚਾਨਣ ਆਨ੍ਹੇਰੇ॥ (2-8-1)
ਦੀਪਕ ਵਿਚਹੁ ਮੱਸ ਹੋਇ ਕੰਮ ਆਇ ਲਿਖੇਰੇ॥ (2-8-2)
ਕੱਜਲ ਹੋਵੈ ਕਾਮਨੀ ਸੰਗ ਭਲੇ ਭਲੇਰੇ॥ (2-8-3)
ਮਸਵਾਣੀ ਹਰਿ ਜਸ ਲਿਖੇ ਦਫਤਰ ਅਗਲੇਰੇ॥ (2-8-4)
ਬਿਰਖੋਂ ਬਿਰਖ ਉਪਾਇੰਦਾ ਫਲ ਫੁਲ ਘਨੇਰੇ॥ (2-8-5)
ਆਪੇ ਆਪ ਵਰਤਦਾ ਗੁਰਮੁਖ ਚੌਫੇਰੇ ॥੮॥ (2-8-6)

ਬਿਰਖ ਹੋਵੈ ਜੀਉ ਬੀਜੀਐ ਕਰਦਾ ਪਾਸਾਰਾ॥ (2-9-1)
ਜੜ ਅੰਦਰ ਪੇਡ ਬਾਹਰਾ ਬਹੁ ਤਾਲ ਬਿਸਥਾਰਾ॥ (2-9-2)
ਪੱਤ ਫੁਲ ਫਲ ਫਲੀਦਾ ਰਸ ਰੰਗ ਸਵਾਰਾ॥ (2-9-3)
ਵਾਸ ਨਿਵਾਸ ਉਲਾਸ ਕਰ ਹੋਇ ਵਡ ਪਰਵਾਰਾ॥ (2-9-4)
ਫਲ ਵਿਚ ਬੀਉ ਸੰਜੀਉ ਹੋਇ ਫਲ ਫਲੋ ਹਜ਼ਾਰਾ॥ (2-9-5)
ਆਪੇ ਆਪ ਵਰਤਦਾ ਗੁਰਮੁਖ ਨਿਸਤਾਰਾ ॥੯॥ (2-9-6)

ਹੋਵੈ ਸੂਤ ਕਪਾਹ ਦਾ ਕਰ ਤਾਣਾ ਵਾਣਾ॥ (2-10-1)
ਸੂਤਹੁ ਕੱਪੜ ਜਾਣੀਐ ਆਖਾਣ ਵਖਾਣਾ॥ (2-10-2)
ਚਉਸੀ ਤੇ ਚਉਤਾਰ ਹੋਇ ਗੰਗਾ ਜਲ ਜਾਣਾ॥ (2-10-3)
ਖਾਸਾ ਮਲਮਲ ਸਿਰੀਸਾਫ ਤਨ ਸੁਖ ਮਨ ਭਾਣਾ॥ (2-10-4)
ਪੱਗ ਦੁਪੱਟਾ ਚੋਲਣਾ ਪਟਕਾ ਪਰਵਾਣਾ॥ (2-10-5)
ਆਪੇ ਆਪ ਵਰਤਦਾ ਗੁਰਮੁਖ ਰੰਗਮਾਣਾ ॥੧੦॥ (2-10-6)

ਸੁਨਿਆਰਾ ਸੋਨਾ ਘੜੈ ਗਹਿਣੇ ਸਾਵਾਰੇ॥ (2-11-1)
ਪਿਪਲ ਵਤਰੇ ਵਾਲੀਆਂ ਤਾਨਉੜੇ ਤਾਰੇ॥ (2-11-2)
ਵੇਸਰ ਨਥ ਵਖਾਣੀਐ ਕੰਠ ਮਾਲਾ ਧਾਰੇ॥ (2-11-3)
ਟੀਕਤ ਮਣੀਆ ਮੋਤਿਸਰ ਗਜਰੇ ਪਾਸਾਰੇ॥ (2-11-4)
ਦੁਰ ਬੁਹਟਾ ਗੋਲ ਛਾਪ ਕਰ ਬਹੁ ਪਰਕਾਰੇ॥ (2-11-5)

ਆਪੇ ਆਪ ਵਰਤਦਾ ਗੁਰਮੁਖ ਵੀਚਾਰੇ ॥੧੧॥ (2-11-6)

ਗੰਨਾ ਕੋਹਲੂ ਪੀੜੀਐ ਰਸ ਦੇ ਦਰਸਾਲਾ॥ (2-12-1)
ਕੋਈ ਕਰੇ ਗੁੜ ਭੇਲੀਆਂ ਕੋ ਸ਼ਕਰ ਵਾਲਾ॥ (2-12-2)
ਕੋਈ ਖੰਡ ਸਵਾਰਦਾ ਮੱਖਣ ਮਾਸਾਲਾ॥ (2-12-3)
ਹੋਵੇ ਮਿਸਰੀ ਕਲੀਕੰਦ ਮਠਿਆਈ ਢਾਲਾ॥ (2-12-4)
ਖਾਵੈ ਰਾਜਾ ਰੰਕ ਕਰ ਰਸ ਭੋਗ ਸੁਖਾਲਾ॥ (2-12-5)
ਆਪੇ ਆਪ ਵਰਤਦਾ ਗੁਰਮੁਖ ਸੁਖਾਲਾ ॥੧੨॥ (2-12-6)

ਗਾਂਈ ਰੰਗ ਬਰੰਗ ਬਹੁ ਦੁਧ ਉਜੱਲ ਵਰਣਾ॥ (2-13-1)
ਦੁਧਹੁ ਦਹੀ ਜਮਾਈਐ ਕਰ ਨਿਹਚਲ ਧਰਣਾ॥ (2-13-2)
ਦਹੀ ਵਿਲੋਇ ਅਲੋਈਐ ਛਾਹਿ ਮਖਣ ਕਰਣਾ॥ (2-13-3)
ਮੱਖਣਤਾਇ ਅਉਟਾਇਕੈ ਘਿਉ ਨਿਰਮਲ ਕਰਣਾ॥ (2-13-4)
ਹੋਮ ਜਗ ਨਈਵੇਦ ਕਰ ਸਭ ਕਾਰਜ ਸਰਣਾ॥ (2-13-5)
ਆਪੇ ਆਪ ਵਰਤਦਾ ਗੁਰਮੁਖ ਹੋਇ ਜਰਣਾ ॥੧੩॥ (2-13-6)

ਪਲ ਘੜੀਆਂ ਮੂਰਤ ਪਹਿਰ ਥਿਤ ਵਾਰ ਗਣਾਏ॥ (2-14-1)
ਦੋਇ ਪਖ ਬਾਰਹ ਮਾਹ ਕਰ ਸੰਜੋਗ ਬਣਾਏ॥ (2-14-2)
ਛਿਅ ਵਰਤਾਈਆਂ ਬਹੁ ਚੋਲਤ ਬਣਾਏ॥ (2-14-3)
ਸੂਰਜ ਇਕ ਵਰਤਦਾ ਲੋਕ ਵੇਦ ਅਲਾਏ॥ (2-14-4)
ਚਾਰ ਵਰਨ ਛਿਅ ਦਰਸ਼ਨਾ ਬਹੁ ਪੰਥ ਚਲਾਏ॥ (2-14-5)
ਆਪੇ ਆਪ ਵਰਤਦਾ ਗੁਰਮੁਖ ਸਮਝਾਏ ॥੧੪॥ (2-14-6)

ਇਕ ਪਾਣੀ ਇਕ ਧਰਤ ਹੈ ਬਹੁ ਬਿਰਖ ਉਪਾਏ॥ (2-15-1)
ਅਫਲ ਸਫਲ ਪਰਕਾਰ ਬਹੁ ਫਲ ਫੁਲ ਸੁਹਾਏ॥ (2-15-2)
ਬਹੁ ਰੰਗ ਰਸ਼ ਸੁਵਾਸ਼ਨਾ ਪਰਕਿਰਤ ਸੁਭਾਏ॥ (2-15-3)
ਬੈਸੰਤਰ ਇਕ ਵਰਨ ਹੋਇ ਸਭ ਤਰਵਰ ਛਾਂਏ॥ (2-15-4)
ਗੁਪਤਾ ਪਰਗਟ ਹੋਇਕੈ ਭਸਮੰਤ ਕਰਾਏ॥ (2-15-5)
ਆਪੇ ਆਪ ਵਰਤਦਾ ਗੁਰਮੁਖ ਸੁਖ ਪਾਏ ॥੧੫॥ (2-15-6)

ਚੰਦਨ ਵਾਸ ਵਣਾਸਪਤ ਸਭ ਚੰਦਨ ਹੋਵੈ॥ (2-16-1)
ਅਸ਼ਟਧਾਂਤ ਇਕ ਧਾਂਤ ਹੋਏ ਸੰਗ ਪਾਰਸ ਢੋਵੈ॥ (2-16-2)
ਨਦੀਆਂ ਨਾਲੇ ਵਾੜੇ ਮਿਲ ਗੰਗ ਗੰਗੋਵੈ॥ (2-16-3)
ਪਤਿਤ ਉਧਾਰਣ ਸਾਧੁ ਸੰਗ ਪਾਪਾਂ ਮਲ ਧੋਵੈ॥ (2-16-4)
ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ॥ (2-16-5)
ਆਪੇ ਆਪ ਵਰਤਦਾ ਗੁਰਮੁਖ ਆਲੋਵੈ ॥੧੬॥ (2-16-6)

ਦੀਪਕ ਹੇਤ ਪਤੰਗ ਦਾ ਜਲ ਮੀਨ ਤਰੰਦਾ॥ (2-17-1)
ਮਿਰਗ ਨਾਦ ਵਿਸਮਾਦ ਹੈ ਭਵਰ ਕਵਲ ਵਸੰਦਾ॥ (2-17-2)
ਚੰਦ ਚਕੋਰ ਪਰੀਤ ਹੈ ਦੇਖ ਧਿਆਨ ਧਰੰਦਾ॥ (2-17-3)

ਚਕਵੀ ਸੂਰਜ ਹੇਤ ਹੈ ਸੰਜੋਗ ਬਣੰਦਾ॥ (2-17-4)
ਨਾਰ ਭਤਾਰ ਪਿਆਰ ਹੈ ਮਾਂ ਪੁਤ ਮਿਲੰਦਾ॥ (2-17-5)
ਆਪੇ ਆਪ ਵਰਤਦਾ ਗੁਰਮੁਖ ਪਰਚੰਦਾ ॥੧੭॥ (2-17-6)

ਅੱਖੀਂ ਅੰਦਰ ਦੇਖਦਾ ਸਭ ਚੋਜ ਵਿਡਾਣਾ॥ (2-18-1)
ਕੰਨੀ ਸੁਣਦਾ ਸੁਰਤਿ ਕੰਨ ਅਖਾਣ ਵਖਾਣਾ॥ (2-18-2)
ਜੀਭੈ ਅੰਦਰ ਬੋਲਦਾ ਬਹੁ ਸਾਧ ਲੁਭਾਣਾ॥ (2-18-3)
ਹੱਥੀਂ ਕਿਰਤ ਕਮਾਂਵਦਾ ਪਗ ਚਲੈ ਸੁਜਾਣਾ॥ (2-18-4)
ਦੇਹੀ ਅੰਦਰ ਇਕ ਮਨ ਇੰਦ੍ਰੀ ਪਰਵਾਣਾ॥ (2-18-5)
ਆਪੇ ਆਪ ਵਰਤਦਾ ਗੁਰਮੁਖ ਸੁਖ ਮਾਣਾ ॥੧੮॥ (2-18-6)

ਪਵਣ ਗੁਰੂ ਗੁਰ ਸ਼ਬਦ ਹੈ ਰਾਗ ਨਾਦ ਵਿਚਾਰਾ॥ (2-19-1)
ਮਾਤ ਪਿਤਾ ਜਲ ਧਰਤ ਹੈ ਉਤਪਤ ਸੰਸਾਰਾ॥ (2-19-2)
ਦਾਈ ਦਾਇਆ ਰਾਤ ਦਿਉ ਵਰਤੇ ਵਰਤਾਰਾ॥ (2-19-3)
ਸ਼ਿਵ ਸ਼ਕਤੀ ਦਾ ਖੇਲ ਮੇਲ ਪਰਕਿਰਤ ਪਸਾਰਾ॥ (2-19-4)
ਪਾਰਬ੍ਰਹਮ ਪੂਰਨ ਬ੍ਰਹਮ ਘਟ ਚੰਦ੍ਰ ਅਕਾਰਾ॥ (2-19-5)
ਆਪੇ ਆਪ ਵਰਤਦਾ ਗੁਰਮੁਖ ਨਿਰਧਾਰਾ ॥੧੯॥ (2-19-6)

ਫੁਲਾਂ ਅੰਦਰ ਵਾਸੁ ਹੈ ਹੋਇ ਭਵਰ ਲੁਭਾਣਾ॥ (2-20-1)
ਅੰਬਾਂ ਅੰਦਰ ਰਸ ਧਰ ਕੋਇਲ ਰਸ ਮਾਣਾ॥ (2-20-2)
ਮੋਰ ਬੰਬੀਹਾ ਹੋਇਕੈ ਘਣ ਵਰਸ ਸਿਵਾਣਾ॥ (2-20-3)
ਖੀਰ ਨੀਰ ਸੰਜੋਗ ਕਰ ਕਲੀਕੰਦ ਵਖਾਣਾ॥ (2-20-4)
ਓਅੰਕਾਰ ਅਕਾਰ ਕਰ ਧੋਇ ਪਿੰਡ ਪਰਾਣਾ॥ (2-20-5)
ਆਪੇ ਆਪ ਵਰਤਦਾ ਗੁਰਮੁਖ ਪਰਵਾਣਾ ॥੨੦॥੨॥ (2-20-6)

Vaar 3

ੴ ਸਤਿਗੁਰਪ੍ਰਸਾਦਿ॥ (3-1-1)

ਆਦਿ ਪੁਰਖ ਆਦੇਸ ਆਦਿ ਵਖਾਣਿਆ॥ (3-1-2)
ਸਤਿਗੁਰ ਸਚਾ ਵੇਸ ਸਬਦ ਸਿਵਾਣਿਆ॥ (3-1-3)
ਸ਼ਬਦ ਸੁਰਤਿ ਉਪਦੇਸ਼ ਸੱਚ ਸਮਾਣਿਆ॥ (3-1-4)
ਸਾਧ ਸੰਗਤ ਸਚ ਦੇਸ ਘਰ ਪਰਵਾਣਿਆ॥ (3-1-5)
ਪ੍ਰੇਮ ਭਗਤ ਆਵੇਸ ਸਹਜ ਸੁਖਾਣਿਆ॥ (3-1-6)
ਭਗਤ ਵਛਲ ਪਰਵੇਸ਼ ਮਾਣ ਨਿਮਾਣਿਆ॥ (3-1-7)
ਬ੍ਰਹਮਾ ਬਿਸ਼ਨ ਮਹੇਸ਼ ਅੰਤੁ ਨ ਜਾਣਿਆ॥ (3-1-8)
ਸਿਮਰੇ ਸਹਸ ਫਣੇਸ਼ ਤਿਲ ਨ ਪਛਾਣਿਆ॥ (3-1-9)
ਗੁਰਮੁਖ ਦਰ ਦਰਵੇਸ਼ ਸਚੁ ਸੁਹਾਣਿਆ ॥੧॥ (3-1-10)

ਗੁਰ ਚੇਲੇ ਰਹਿਰਾਸ ਅਲਖ ਅਭੇਉ ਹੈ॥ (3-2-1)
ਗੁਰ ਚੇਲੇ ਸ਼ਾਬਾਸ਼ ਨਾਨਕ ਦੇਉ ਹੈ॥ (3-2-2)
ਗੁਰਮਤ ਸਹਿਜ ਨਿਵਾਸ ਸਿਫਤ ਸਮੇਉ ਹੈ॥ (3-2-3)
ਸ਼ਬਦ ਸੁਰਤ ਪ੍ਰਗਾਸ ਅਛਲ ਅਛੇਉ ਹੈ॥ (3-2-4)
ਗੁਰਮੁਖ ਆਸ ਨਿਰਾਸ ਮਤਿ ਅਰਪੇਉ ਹੈ॥ (3-2-5)
ਕਾਮ ਕਰੋਧ ਵਿਣਾਸ ਸਿਫਤ ਸਮੇਉ ਹੈ॥ (3-2-6)
ਸਤਿ ਸੰਤੋਖ ਉਲਾਸ ਸ਼ਕਤਿ ਨ ਸੇਉ ਹੈ॥ (3-2-7)
ਘਰ ਹੀ ਵਿਚ ਉਦਾਸ ਸੱਚ ਸਚੇਉ ਹੈ॥ (3-2-8)
ਵੀਹ ਇਕੀਹ ਅਭਿਆਸ ਗੁਰਸਿਖ ਦੇਉ ਹੈ ॥੨॥ (3-2-9)

ਗੁਰ ਚੇਲਾ ਪਰਵਾਣ ਗੁਰਮੁਖ ਜਾਣੀਐ॥ (3-3-1)
ਗੁਰਮੁਖ ਚੋਜ ਵਿਡਾਣਅਕਥ ਕਹਾਣੀਐ॥ (3-3-2)
ਕੁਦਰਤ ਨੋਂ ਕੁਰਬਾਣ ਕਾਦਰ ਜਾਣੀਐ॥ (3-3-3)
ਗੁਰਮੁਖ ਜਗ ਮਹਿਮਾਨ ਜਗ ਮਹਿਮਾਣੀਐ॥ (3-3-4)
ਸਤਿਗੁਰ ਸਤਿ ਸੁਹਾਣ ਆਖ ਵਖਾਣੀਐ॥ (3-3-5)
ਦਰਿ ਢਾਢੀ ਪਰਵਾਣ ਚਲੈ ਗੁਰਬਾਣੀਐ॥ (3-3-6)
ਅੰਤਰਜਾਮੀ ਜਾਣ ਹੇਤ ਪਛਾਣੀਐ॥ (3-3-7)
ਸਚ ਸਬਦ ਨੀਸਾਣ ਸੁਰਤਿ ਸਮਾਣੀਐ॥ (3-3-8)
ਇਕੋ ਦਰ ਦੀਵਾਣ ਸ਼ਬਦ ਸਿਵਾਣੀਐ ॥੩॥ (3-3-9)

ਸ਼ਬਦ ਗੁਰੂ ਗੁਰ ਵਾਹ ਗੁਰਮੁਖ ਪਾਇਆ॥ (3-4-1)
ਚੇਲਾ ਸੁਰਤ ਸਮਾਹ ਅਲਖ ਲਖਾਇਆ॥ (3-4-2)
ਗੁਰ ਚੇਲੇ ਵੀਵਾਹੁ ਤੁਰੀ ਚੜਾਇਆ॥ (3-4-3)
ਗਹਿਰ ਗੰਭੀਰਅਥਾਹ ਅਜਰ ਜਰਾਇਆ॥ (3-4-4)
ਸਚਾ ਬੇਪਰਵਾਹ ਸਚ ਸਮਾਇਆ॥ (3-4-5)
ਪਾਤਸ਼ਾਹਾਂ ਪਾਤਿਸ਼ਾਹ ਹੁਕਮ ਚਲਾਇਆ॥ (3-4-6)

ਲਉਬਾਲੀ ਦਰਗਾਹ ਭਾਣਾ ਭਾਇਆ॥ (3-4-7)
ਸਚੀ ਸਿਫਤ ਸਲਾਹ ਅਪਿਉ ਪੀਆਇਆ॥ (3-4-8)
ਸ਼ਬਦ ਸੁਰਤ ਅਸਗਾਹ ਅਘੜ ਘੜਾਇਆ ॥੪॥ (3-4-9)

ਮੁਲ ਨ ਮਿਲੈ ਅਮੋਲ ਨ ਕੀਮਤ ਪਾਈਐ॥ (3-5-1)
ਪਾਇ ਤਰਾਜੂ ਤੋਲ ਨ ਅਤੁਲ ਤੁਲਾਈਐ॥ (3-5-2)
ਨਿਜ ਘਰ ਤਖਤ ਅਡੋਲ ਨ ਡੋਲ ਡੋਲਾਈਐ॥ (3-5-3)
ਗੁਰਮੁਖ ਪੰਥ ਨਿਰੋਲ ਨ ਰਲੈ ਰਲਾਈਐ॥ (3-5-4)
ਕਥਾ ਅਕਥ ਅਬੋਲ ਨ ਬੋਲ ਬੋਲਾਈਐ॥ (3-5-5)
ਸਦਾ ਅਭੁਲ ਅਭੋਲ ਨ ਭੋਲ ਭੁਲਾਈਐ॥ (3-5-6)
ਗੁਰਮੁਖ ਪੰਥ ਅਲੋਲ ਸਹਜ ਸਮਾਈਐ॥ (3-5-7)
ਅਮਿਉ ਸਰੋਵਰ ਝੋਲ ਗੁਰਮੁਖ ਪਾਈਐ॥ (3-5-8)
ਲਖ ਟੋਲੀਂ ਇਕ ਟੋਲ ਨ ਆਪ ਗਣਾਈਐ ॥੫॥ (3-5-9)

ਸੌਦਾ ਇਕਤ ਹਟ ਸਬਦ ਵਿਸਾਹੀਐ॥ (3-6-1)
ਪੂਰਾ ਪੂਰੈ ਵਟ ਕਿ ਆਖ ਸਲਾਹੀਐ॥ (3-6-2)
ਕਦੇ ਨ ਹੋਵੈ ਘਟ ਸਚੀ ਪਤਿਸ਼ਾਹੀਐ॥ (3-6-3)
ਪੂਰੇ ਸਤਿਗੁਰ ਖੱਟ ਅਖੁਟ ਸਮਾਹੀਐ॥ (3-6-4)
ਸਾਧ ਸੰਗਤ ਪਰਗੱਟ ਸਦਾ ਨਿਬਾਹੀਐ॥ (3-6-5)
ਚਾਵਲ ਇਕਤੇ ਸੱਟ ਨ ਦੂਜੀ ਵਾਹੀਐ॥ (3-6-6)
ਜਮ ਦੀ ਫਾਹੀ ਕਟ ਦਾਦ ਇਲਾਹੀਐ॥ (3-6-7)
ਪੰਜ ਦੂਤ ਸੰਘਟ ਸੁ ਢੇਰੀ ਢਾਹੀਐ॥ (3-6-8)
ਪਾਣੀ ਜਿਉਂ ਹਰਹਟ ਸੁ ਖੇਤ ਉਮਾਹੀਐ ॥੬॥ (3-6-9)

ਪੂਰਾ ਸਤਿਗੁਰ ਆਪ ਨ ਅਲਖ ਲਖਾਵਈ॥ (3-7-1)
ਦੇਖੈ ਥਾਪਿ ਉਥਾਪ ਜਿਉਂ ਤਿਸ ਭਾਵਈ॥ (3-7-2)
ਲੇਪ ਨ ਪੁੰਨ ਨ ਪਾਪ ਉਪਾਇ ਸਮਾਵਈ॥ (3-7-3)
ਲਗੂ ਵਰ ਨ ਸਰਾਪ ਨ ਆਪ ਜਨਾਵਈ॥ (3-7-4)
ਗਾਵੈ ਬੇਦ ਅਲਾਪ ਅਕਥ ਸੁਨਾਵਈ॥ (3-7-5)
ਅਕਥ ਕਥਾ ਜਪ ਜਾਪ ਨ ਜਗਤ ਕਮਾਵਈ॥ (3-7-6)
ਪੂਰੇ ਗੁਰ ਪਰਤਾਪ ਆਪ ਗਵਾਵਈ॥ (3-7-7)
ਲਾਹੇ ਤਿੰਨੇ ਤਾਪ ਸੰਤਾਪ ਘਟਾਵਈ॥ (3-7-8)
ਗੁਰਬਾਣੀ ਮਨ ਧ੍ਰਾਪ ਨਿਜ ਘਰ ਆਵਈ ॥੭॥ (3-7-9)

ਪੂਰਾ ਸਤਿਗੁਰ ਸਤਿ ਗੁਰਮੁਖ ਭਾਲੀਐ॥ (3-8-1)
ਪੂਰੀ ਸਤਿਗੁਰ ਮਤਿ ਸ਼ਬਦ ਸਮ੍ਹਾਲੀਐ॥ (3-8-2)
ਦਰਗਹ ਧੋਈਐ ਪਤਿ ਹਉਮੈ ਜਾਲੀਐ॥ (3-8-3)
ਘਰ ਹੀ ਜੋਗ ਜੁਗਤਿ ਬੈਸਨ ਧਰਮਸਾਲੀਐ॥ (3-8-4)
ਪਾਵਨ ਮੋਖ ਮੁਕਤਿ ਗੁਰ ਸਿਖ ਪਾਲੀਐ॥ (3-8-5)
ਅੰਤਰ ਪ੍ਰੇਮ ਭਗਤਿ ਨਦਰਿ ਨਿਹਾਲੀਐ॥ (3-8-6)

ਪਾਤਿਸ਼ਾਹੀ ਇਕ ਛਤ ਖਰੀ ਸਖਾਲੀਐ॥ (3-8-7)
ਪਾਣੀ ਪੀਹਣ ਘੱਤ ਸੇਵਾ ਘਾਲੀਐ॥ (3-8-8)
ਮਸਕੀਨੀ ਵਿਚ ਵੱਤ ਚਾਲ ਨਿਰਾਲੀਐ ॥੮॥ (3-8-9)

ਗੁਰਮੁਖ ਸਚਾ ਖੇਲ ਗੁਰ ਉਪਦੇਸਿਆ॥ (3-9-1)
ਸਾਧ ਸੰਗਤ ਦਾ ਮੇਲ ਸਬਦ ਅਵੇਸਿਆ॥ (3-9-2)
ਫੁਲੀਂ ਤਿਲੀਂ ਫੁਲੇਲ ਸੰਗ ਅਲੇਸਿਆ॥ (3-9-3)
ਗੁਰ ਸਿਖ ਨੱਕ ਨਕੇਲ ਮਿਟੇ ਅੰਦੇਸਿਆ॥ (3-9-4)
ਨ੍ਹਾਵਣ ਅੰਮ੍ਰਿਤ ਵੇਲ ਵਸਨ ਸੁ ਦੇਸਿਆ॥ (3-9-5)
ਗੁਰ ਜਪ ਰਿਦੇ ਸੁਹੇਲ ਗੁਰ ਪਰਵੇਸਿਆ॥ (3-9-6)
ਭਾਉ ਭਗਤ ਭਉ ਭੇਖ ਸਾਧ ਸਰੇਸਿਆ॥ (3-9-7)
ਨਿਤ ਨਿਤ ਨਵਲ ਨਵੇਲ ਗੁਰਮੁਖ ਮੇਸਿਆ॥ (3-9-8)
ਖੈਰ ਦਲਾਲ ਦਲੇਲ ਸੇਵ ਸਹੇਸਿਆ ॥੯॥ (3-9-9)

ਗੁਰ ਮੂਰਤ ਕਰ ਧਿਆਨ ਸਦਾ ਹਜੂਰ ਹੈ॥ (3-10-1)
ਗੁਰਮੁਖ ਸ਼ਬਦ ਗਿਆਨ ਨੇੜ ਨ ਦੂਰ ਹੈ॥ (3-10-2)
ਪੂਰਬ ਲਿਖਤ ਨਿਸ਼ਾਨ ਕਰਮ ਅੰਕੂਰ ਹੈ॥ (3-10-3)
ਗੁਰ ਸੇਵਾ ਪਰਧਾਨ ਸੇਵਕ ਸੂਰ ਹੈ॥ (3-10-4)
ਪੂਰਨ ਪਰਮ ਨਿਧਾਨ ਸਦ ਭਰਪੂਰ ਹੈ॥ (3-10-5)
ਸਾਧ ਸੰਗਤ ਅਸਥਾਨ ਜਗਮਗ ਨੂਰ ਹੈ॥ (3-10-6)
ਲਖ ਲਖ ਸਸੀ ਅਰ ਭਾਨ ਕਿਰਣ ਠਰੂਰ ਹੈ॥ (3-10-7)
ਲਖ ਲਖ ਬੇਦ ਪੁਰਾਨ ਕੀਰਤਨ ਚੂਰ ਹੈ॥ (3-10-8)
ਭਗਤ ਵਛਲ ਪਰਵਾਣ ਚਰਨਾਂ ਧੂਰ ਹੈ ॥੧੦॥ (3-10-9)

ਗੁਰ ਸਿਖ ਸਿਖ ਗੁਰ ਸੋਇ ਅਲਖ ਲਖਾਇਆ॥ (3-11-1)
ਗੁਰ ਦੀਖਿਆ ਲੈ ਸਿਖ ਸਿਖ ਸਦਾਇਆ॥ (3-11-2)
ਗੁਰ ਸਿਖ ਇਕੋ ਹੋਇ ਜੋ ਗੁਰ ਭਾਇਆ॥ (3-11-3)
ਹੀਰਾ ਕਣੀ ਪਰੋਇ ਹੀਰ ਬਿਧਾਇਆ॥ (3-11-4)
ਜਲ ਤਰੰਗ ਅਵਲੋਇ ਸਲਿਲ ਸਮਾਇਆ॥ (3-11-5)
ਜੋਤੀ ਜੋਤ ਸਮਾਇ ਦੀਪ ਦਿਵਾਇਆ॥ (3-11-6)
ਅਚਰਜ ਅਚਰਜ ਢੋਇ ਚਲਿਤ ਬਣਾਇਆ॥ (3-11-7)
ਦੁਧਹੁ ਦਹੀ ਵਿਲੋਇ ਘਿਉ ਕਢਾਇਆ॥ (3-11-8)
ਇਕ ਚਾਨਣ ਤ੍ਰਿਹੁ ਲੋਇ ਪ੍ਰਗਟੀ ਆਇਆ ॥੧੧॥ (3-11-9)

ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ॥ (3-12-1)
ਅਮਗਦ ਅਲਖ ਅਮੇਉ ਸਹਿਜ ਸਮੋਇਆ॥ (3-12-2)
ਅਮਰਹੁ ਅਮਰ ਸਮੇਉ ਅਲਖ ਅਲੋਇਆ॥ (3-12-3)
ਰਾਮ ਨਾਮ ਅਰਿ ਖੇਉ ਅੰਮ੍ਰਿਤ ਚੋਇਆ॥ (3-12-4)
ਗੁਰ ਅਰਜਨ ਕਰ ਸੇਉ ਢੋਐ ਢੋਇਆ॥ (3-12-5)
ਗੁਰ ਹਰਿ ਗੋਬਿੰਦ ਅਮੇਉ ਵਿਲੋਇ ਵਿਲੋਇਆ॥ (3-12-6)

ਸੱਚਾ ਸਚ ਸੁਚੇਉ ਸਚ ਖਲੋਇਆ॥ (3-12-7)
ਆਤਮ ਅਗਹ ਅਗੇਉ ਸ਼ਬਦ ਤਰੋਇਆ॥ (3-12-8)
ਗੁਰਮੁਖ ਅਭਰ ਭਰੇਉ ਭਰਮ ਭਉ ਖੋਇਆ ॥੧੨॥ (3-12-9)

ਸਾਧ ਸੰਗਤਿ ਭਉ ਭਾਉ ਸਹਿਜ ਬੈਰਾਗ ਹੈ॥ (3-13-1)
ਗੁਰਮੁਖ ਸਹਿਜ ਸੁਭਾਉ ਸੁਰਤਿ ਸੁ ਜਾਗ ਹੈ॥ (3-13-2)
ਮਧੁਰ ਬਚਨ ਆਲਾਉ ਹਉਮੈਂ ਤਜਾਗ ਹੈ॥ (3-13-3)
ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗ ਹੈ॥ (3-13-4)
ਪਿਰਮ ਪਿਆਲੇ ਸਾਉ ਮਸਤਕ ਭਾਗ ਹੈ॥ (3-13-5)
ਬ੍ਰਹਮ ਜੋਤਿ ਬ੍ਰਹਮਾਓ ਗਜਾਨ ਚਰਾਗ ਹੈ॥ (3-13-6)
ਅੰਤਰ ਗੁਰਮਤ ਚਾਉ ਅਲਿਪਤ ਅਦਾਗ ਹੈ॥ (3-13-7)
ਵੀਹ ਇਕੀਹ ਚੜਾਉ ਸਦਾ ਸੁਹਾਗ ਹੈ ॥੧੩॥ (3-13-8)

ਗੁਰਮੁਖਿ ਸ਼ਬਦ ਸਮਾਲ ਸੁਰਤ ਸਮਾਲੀਐ॥ (3-14-1)
ਗੁਰਮੁਖ ਨਦਰ ਨਿਹਾਲ ਨੇਹ ਨਿਹਾਲੀਐ॥ (3-14-2)
ਗੁਰਮੁਖ ਸੇਵਾ ਘਾਲ ਵਿਰਲੇ ਘਾਲੀਐ॥ (3-14-3)
ਗੁਰਮੁਖ ਦੀਨ ਦਯਾਲ ਹੇਤ ਹਿਆਲੀਐ॥ (3-14-4)
ਗੁਰਮੁਖ ਨਿਬਹੈ ਨਾਲ ਗੁਰ ਸਿਖ ਪਾਲੀਐ॥ (3-14-5)
ਰਤਨ ਪਦਾਰਥ ਨਾਲ ਗੁਰਮੁਖ ਭਾਲੀਐ॥ (3-14-6)
ਗੁਰਮੁਖ ਅਕਲ ਅਕਾਲ ਭਗਤਿ ਸੁਖਾਲੀਐ॥ (3-14-7)
ਗੁਰਮੁਖ ਹੰਸਾ ਡਾਰ ਰਸਕ ਰਸਾਲੀਐ ॥੧੪॥ (3-14-8)

ਏਕਾ ਏਕੰਕਾਰ ਲਿਖ ਦਿਖਾਲਿਆ॥ (3-15-1)
ਊੜਾ ਓਅੰਕਾਰ ਪਾਸ ਬਹਾਲਿਆ॥ (3-15-2)
ਸਤਿਨਾਮ ਕਰਤਾਰ ਨਿਰਭਉ ਭਾਲਿਆ॥ (3-15-3)
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ॥ (3-15-4)
ਸੱਚ ਨੀਸਾਣ ਅਪਾਰ ਜੋਤ ਉਜਾਲਿਆ॥ (3-15-5)
ਪੰਚ ਅੱਖਰ ਉਪਕਾਰ ਨਾਮ ਸਮ੍ਹਾਲਿਆ॥ (3-15-6)
ਪਰਮੇਸ਼ਰ ਸੁਖ ਸਾਰ ਨਦਰਿ ਨਿਹਾਲਿਆ॥ (3-15-7)
ਨਉ ਅਮਗ ਸੁੰਨ ਸ਼ੁਮਾਰ ਸੰਗ ਨਿਰਾਲਿਆ॥ (3-15-8)
ਨੀਲ ਅਨੀਲ ਵਿਚਾਰ ਪਿਰਮ ਪਿਆਲਿਆ ॥੧੫॥ (3-15-9)

ਚਾਰ ਵਰਨ ਸਤਿਸੰਗ ਗੁਰਮੁਖਿ ਮੇਲਿਆ॥ (3-16-1)
ਜਾਣ ਤੰਬੋਲਹੁ ਰੰਗ ਗੁਰਮੁਖ ਚੇਲਿਆ॥ (3-16-2)
ਪੰਜੇ ਸ਼ਬਦ ਅਭੰਗ ਅਨਹਦ ਕੇਲਿਆ॥ (3-16-3)
ਸਤਿਗੁਰ ਸ਼ਬਦ ਤਰੰਗ ਸਦਾ ਸੁਹੇਲਿਆ॥ (3-16-4)
ਸ਼ਬਦ ਸੁਰਤ ਪਰਸੰਗ ਗਿਆਨ ਸੰਗ ਮੇਲਿਆ॥ (3-16-5)
ਰਾਗ ਨਾਦ ਸਰਬੰਗ ਅਹਿਨਿਸ ਭੇਲਿਆ॥ (3-16-6)
ਸ਼ਬਦ ਅਨਾਹਦ ਰੰਗ ਸੁਝ ਇਕੇਲਿਆ॥ (3-16-7)
ਗੁਰਮੁਖ ਪੰਥੀ ਪੰਗ ਬਾਹਰ ਖੇਲਿਆ ॥੧੬॥ (3-16-8)

ਹੋਈ ਆਗਿਆ ਆਦਿ ਆਦਿ ਨਿਰੰਜਨੋ॥ (3-17-1)
ਨਾਦੈ ਮਿਲਿਆ ਨਾਦ ਹਉਮੈਂ ਭੰਜਨੋ॥ (3-17-2)
ਬਿਸਮਾਦੈ ਬਿਸਮਾਦ ਗੁਰਮੁਖ ਅੰਜਨੋ॥ (3-17-3)
ਗੁਰਮਤਿ ਗੁਰਪਰਸਾਦਿ ਭਰਮ ਨਿਖੰਜਨੋ॥ (3-17-4)
ਆਦਿ ਪੁਰਖ ਪਰਮਾਦ ਅਕਾਲ ਅਗੰਜਨੋ॥ (3-17-5)
ਸੇਵਕ ਸ਼ਿਵ ਸਨਕਾਦਿ ਕ੍ਰਿਪਾ ਕਰੰਜਨੋ॥ (3-17-6)
ਜਪੀਐ ਜੁਗਹ ਜੁਗਾਦਿ ਗੁਰ ਸਿਖ ਮੰਜਨੋ॥ (3-17-7)
ਪਿਰਮ ਪਿਆਲੇ ਸਾਦ ਪਰਮ ਪੁਰੰਜਨੋ॥ (3-17-8)
ਆਦਿ ਜੁਗਾਦਿ ਅਨਾਦ ਸਰਬ ਸੁਰੰਜਨੋ ॥੧੭॥ (3-17-9)

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ॥ (3-18-1)
ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ॥ (3-18-2)
ਗੋਲਾ ਮੁੱਲ ਖਰੀਦ ਕਾਰੇ ਜੋਵਣਾ॥ (3-18-3)
ਨਾ ਤਿਸੁ ਭੁਖ ਨ ਨੀਂਦ ਨ ਖਾਣਾ ਸੋਵਣਾ॥ (3-18-4)
ਪੀਹਣ ਹੋਇ ਜਦੀਦ ਪਾਣੀ ਢੋਵਣਾ॥ (3-18-5)
ਪਖੇ ਦੀ ਤਾਗੀਦ ਪਗ ਮਲ ਧੋਵਣਾ॥ (3-18-6)
ਸੇਵਕ ਹੋਇ ਸਜੀਦ ਨ ਹੱਸਣ ਰੋਵਣਾ॥ (3-18-7)
ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ॥ (3-18-8)
ਚੰਦ ਮੁਮਾਰਖ ਈਦ ਪੁਗ ਖਲੋਵਣਾ ॥੧੮॥ (3-18-9)

ਪੈਰੀਂ ਪੈ ਪਾਖਾਕ ਮੁਰੀਦੇ ਥੀਵਣਾ॥ (3-19-1)
ਗੁਰ ਮੂਰਤ ਮੁਸ਼ਤਾਕ ਮਰ ਮਰ ਜੀਵਣਾ॥ (3-19-2)
ਪਰਹਰ ਸਭੇ ਸਾਕ ਸੁ ਰੰਗ ਰੰਗੀਵਣਾ॥ (3-19-3)
ਹੋਰ ਨ ਝਖਣ ਝਾਕ ਸਰਨ ਮਨ ਸੀਵਣਾ॥ (3-19-4)
ਪਿਰਮ ਪਿਆਲਾ ਪਾਕ ਅਮਿਅ ਰਸ ਪੀਵਣਾ॥ (3-19-5)
ਮਸਕੀਨੀ ਅਉਤਾਕ ਅਸਥਿਰ ਥੀਵਣਾ॥ (3-19-6)
ਦਸ ਅਉਰਾਤ ਤਲਾਕ ਸਹਜਿ ਅਲੀਵਣਾ॥ (3-19-7)
ਸਾਵਧਾਨ ਗੁਰਵਾਕ ਨ ਮਨ ਭਰਮੀਵਣਾ॥ (3-19-8)
ਸ਼ਬਦ ਮੂਰਤਿ ਹੁਸ਼ਨਾਕ ਪਾਰ ਪਰੀਵਣਾ ॥੧੯॥ (3-19-9)

ਸਤਿਗੁਰ ਸਰਣੀ ਜਾਇ ਸੀਸ ਨਿਵਾਇਆ॥ (3-20-1)
ਗੁਰ ਚਰਨੀ ਚਿਤ ਲਾਇ ਮਥਾ ਲਾਇਆ॥ (3-20-2)
ਗੁਰਮਤਿ ਰਿਦੈ ਵਸਾਇ ਆਪ ਗਵਾਇਆ॥ (3-20-3)
ਗੁਰਮੁਖ ਸਹਜ ਸੁਭਾਇ ਭਾਣਾ ਭਾਇਆ॥ (3-20-4)
ਸ਼ਬਦ ਸੁਰਤਿ ਲਿਵ ਲਾਇ ਹੁਕਮ ਕਮਾਇਆ॥ (3-20-5)
ਸਾਧ ਸੰਗਤ ਭੈ ਭਾਇ ਨਿਜ ਘਰ ਪਾਇਆ॥ (3-20-6)
ਚਰਨ ਕਮਲ ਪਤੀਆਇ ਭਵਰ ਲੁਭਾਇਆ॥ (3-20-7)
ਸੁਖ ਸੰਪਤ ਪਰਚਾਇ ਅਮਿਉ ਪੀਆਇਆ॥ (3-20-8)
ਧੰਨ ਜਣੇਂਦੀ ਮਾਇ ਸਹਿਲਾ ਆਇਆ ॥੨੦॥੩॥ (3-20-9)

Vaar 4

ੴ ਸਤਿਗੁਰਪ੍ਰਸਾਦਿ ॥ (4-1-1)

ਓਅੰਕਾਰ ਅਕਾਰ ਕਰ ਪਵਣ ਪਾਣੀ ਬੈਸੰਤਰ ਧਾਰੇ॥ (4-1-2)
ਧਰਤ ਅਕਾਸ਼ ਵਿਛੋੜੀਅਨੁ ਚੰਦ ਸੂਰ ਦੁਇ ਜੋਤਿ ਸਵਾਰੇ॥ (4-1-3)
ਖਾਣੀ ਚਾਰ ਬੰਧਾਨ ਕਰ ਲੱਖ ਚਉਰਾਸੀਹ ਜੂਨਿ ਦੁਆਰੇ॥ (4-1-4)
ਇਕਸ ਇਕਸ ਜੂਨਿ ਵਿਚ ਜੀਅਜੰਤ ਅਨਗਨਤ ਅਪਾਰੇ॥ (4-1-5)
ਮਾਨਸ ਜਨਮ ਦੁਲੰਭ ਹੈ ਸਫਲ ਜਨਮ ਗੁਰ ਸਰਣ ਉਧਾਰੇ॥ (4-1-6)
ਸਾਧ ਸੰਗ ਗੁਰੁਸਬਦ ਸੁਣ ਭਾਇ ਭਗਤ ਗੁਰ ਗਜਾਨ ਬੀਚਾਰੇ॥ (4-1-7)
ਪਰ ਉਪਕਾਰੀ ਗੁਰੂ ਪਿਆਰੇ ॥੧॥ (4-1-8)

ਸਭਦੂੰ ਨੀਵੀਂ ਧਰਤਿ ਹੈ ਆਪ ਗਵਾਇ ਹੋਈ ਓਡੀਣੀ॥ (4-2-1)
ਧੀਰਜ ਧਰਮ ਸੰਤੋਖ ਕਰ ਦਿੜ੍ਹ ਪੈਰਾਂ ਹੇਠ ਰਹੇ ਲਿਵ ਲੀਣੀ॥ (4-2-2)
ਸਾਧ ਜਨਾਂ ਦੇ ਚਰਨ ਛੁਹਿ ਆਢੀਣੀ ਹੋਏ ਲਾਖੀਣੀ॥ (4-2-3)
ਅੰਮ੍ਰਿਤ ਬੂੰਦ ਸੁਹਾਵਣੀ ਛਹਬੁਰ ਛਲੁਕ ਰੇਣੁ ਹੋਇ ਰੀਣੀ॥ (4-2-4)
ਮਿਲਿਆ ਮਾਣ ਨਿਮਾਣੀਐ ਪਿਰਮ ਪਿਆਲਾ ਪੀ ਪਤੀਣੀ॥ (4-2-5)
ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ॥ (4-2-6)
ਗੁਰਮੁਖ ਸੁਖ ਫ਼ਲ ਹੈ ਮਸਕੀਣੀ ॥੨॥ (4-2-7)

ਮਾਣਸ ਦੇਹ ਸੁ ਖੇਹ ਹੈ ਤਿਸ ਵਿਚ ਜੀਭੈ ਲਈ ਨਕੀਬੀ॥ (4-3-1)
ਅਖੀਂ ਦੇਖਨਿ ਰੂਪ ਰੰਗ ਨਾਦ ਕੰਨ ਸੁਨ ਕਰਨ ਰਕੀਬੀ॥ (4-3-2)
ਨਕ ਸੁਵਾਸ ਨਿਵਾਸ ਹੈ ਪੰਜੇ ਦੂਤ ਬੁਰੀ ਤਰਤੀਬੀ॥ (4-3-3)
ਸਭਦੂੰ ਨੀਵੇਂ ਚਰਨ ਹੋਇ ਆਪ ਗਵਾਇ ਨਸੀਬ ਨਸੀਬੀ॥ (4-3-4)
ਹਉਮੈਂ ਰੋਗ ਮਿਟਾਇਦਾ ਸਤਿਗੁਰ ਪੂਰਾ ਕਰੈ ਤਬੀਬੀ॥ (4-3-5)
ਪੈਰੀਂ ਪੈ ਰਹਿਰਾਸ ਕਰ ਗੁਰਸਿਖ ਸੁਣ ਗੁਰ ਸਿਖ ਮਨੀਬੀ॥ (4-3-6)
ਮੁਰਦਾ ਹੋਇ ਮੁਰੀਦ ਗਰੀਬੀ ॥੩॥ (4-3-7)

ਜਿਉਂ ਲਹੁੜੀ ਚੀਚੂੰਗਲੀ ਪੈਧੀ ਛਾਪ ਮਿਲੀ ਵਡਿਆਈ॥ (4-4-1)
ਲਹੁੜੀ ਘਨਹਰ ਬੂੰਦ ਹੋਇ ਪਰਗਟ ਮੋਤੀ ਸਿੱਪ ਸਮਾਈ॥ (4-4-2)
ਲਹੁੜੀ ਬੂਟੀ ਕੇਸਰੈ ਮੱਥੈ ਟਿੱਕਾ ਸ਼ੋਭਾ ਪਾਈ॥ (4-4-3)
ਲਹੁੜੀ ਪਾਰਸ ਪੱਥਰੀ ਅਸ਼ਟ ਧਾਤ ਕੰਚਨ ਕਰਵਾਈ॥ (4-4-4)
ਜਿਉਂ ਮਣਿ ਲਹੁੜੇ ਸਪ ਸਿਰ ਦੇਖੈ ਲੁਕ ਲੁਕ ਲੋਕ ਲੁਕਾਈ॥ (4-4-5)
ਜਾਨ ਰਸਾਇਣ ਪਾਰਿਅਹੁ ਰਤੀ ਮੁਲ ਨ ਜਾਇ ਮੁਲਾਈ॥ (4-4-6)
ਆਪ ਗਣਾਇ ਨ ਆਪ ਗਣਾਈ ॥੪॥ (4-4-7)

ਅਗ ਤਤੀ ਜਲਸੀਅਲਾ ਕਿਤ ਅਵਗਣੁ ਕਿਤ ਗੁਣ ਵਿਚਾਰਾ॥ (4-5-1)
ਅਗੀ ਧੂੰਆਂ ਧਉਲਹਰ ਨਿਰਮਲ ਗੁਰ ਗਿਆਨ ਸੁਚਾਰਾ॥ (4-5-2)
ਕੁਲ ਦੀਪਕ ਬੈਸੰਤਰਹੁ ਜਲ ਕੁਲ ਕਵਲ ਵਡੇ ਪਰਵਾਰਾ॥ (4-5-3)
ਦੀਪਕ ਹੇਤ ਪਤੰਗ ਦਾਹਂ ਕਵਲ ਭਵਰ ਪਰਗਟ ਪਹਾਰਾ॥ (4-5-4)

ਅੱਗੀ ਲਾਟ ਉਚਾਟ ਹੈ ਸਿਰ ਉੱਚਾ ਕਰ ਕਰੇ ਕਚਾਰਾ॥ (4-5-5)
ਸਿਰੁ ਨੀਵਾਂ ਨਿਵਾਣ ਵਾਸੁ ਪਾਣੀ ਅੰਦਰ ਪਰ ਉਪਕਾਰਾ॥ (4-5-6)
ਨਿਵ ਚਲੈ ਸੋ ਗੁਰੂ ਪਿਆਰਾ ॥੫॥ (4-5-7)

ਰੰਗ ਮਜੀਠ ਕਸੁੰਭ ਦਾ ਕੱਚਾ ਪੱਕਾ ਕਿਤ ਵੀਚਾਰੇ॥ (4-6-1)
ਧਰਤੀ ਉਖਣ ਕਢੀਐ ਮੂਲ ਮੰਜੀਠ ਜੜੀ ਜੜ ਤਾਰੇ॥ (4-6-2)
ਉੱਖਲ ਮੁਹਲੇ ਕੁਟੀਐ ਪੀਹਣ ਪੀਸੈ ਚਕੀ ਭਾਰੇ॥ (4-6-3)
ਸਹੈ ਅਵਟਣ ਅੱਗ ਦਾ ਹੋਇ ਪਿਆਰੀ ਮਿਲੈ ਪਿਆਰੇ॥ (4-6-4)
ਮੋਹਲੀਅਹੰ ਸਿਰ ਕਢਕੈ ਫੁੱਲ ਕਸੁੰਭ ਚੁਲੰਭ ਖਿਲਾਰੇ॥ (4-6-5)
ਖਟ ਤੁਰਸੀ ਦੇ ਰੰਗੀਐ ਕਪਟ ਸਨੇਹੁ ਰਹੈ ਦਿਨਚਾਰੇ॥ (4-6-6)
ਨੀਵਾਂ ਜਿਣੇ ਉਚੇਰਾ ਹਾਰੇ ॥੬॥ (4-6-7)

ਕੀੜੀ ਨਿਕੜੀ ਚਲਤਿ ਕਰ ਭ੍ਰਿੰਗੀ ਨੋਂ ਮਿਲ ਭ੍ਰਿੰਗੀ ਹੋਵੈ॥ (4-7-1)
ਨਿਕੜੀ ਦਿਸੈ ਮਕੜੀ ਸੂਤ ਮੂੰਹੋ ਕਢ ਫਿਰ ਸੰਗੋਵੈ॥ (4-7-2)
ਨਿਕੜੀ ਮਖਿ ਵਖਾਣੀਐ ਮਾਖਿਓ ਮਿਠਾ ਭਾਗਠ ਹੋਵੈ॥ (4-7-3)
ਨਿਕੜਾ ਕੀੜਾ ਆਖੀਐ ਪਟ ਪਟੋਲੇ ਕਰ ਢੰਗ ਢੋਵੈ॥ (4-7-4)
ਗੁਟਕਾ ਮੂੰਹ ਵਿਚ ਪਾਇਕੇ ਦੇਸ ਦਿਸੰਤਰ ਜਾਇ ਖੜੋਵੈ॥ (4-7-5)
ਮੋਤੀ ਮਾਣਕ ਹੀਰਿਆ ਪਾਤਸਾਹ ਲੈ ਹਾਰ ਪਰੋਵੈ॥ (4-7-6)
ਪਾਇ ਸਮਾਇਣ ਦਹੀ ਵਿਲੋਵੈ ॥੭॥ (4-7-7)

ਲਤਾਂ ਹੇਠ ਲਤਾੜੀਐ ਘਾਹ ਨ ਕਢੇ ਸਾਹ ਵਿਚਾਰਾ॥ (4-8-1)
ਗੋਰਸ ਦੇ ਖੜ ਖਾਇਕੇ ਗਾਇ ਗਰੀਬੀ ਪਰਉਪਕਾਰਾ॥ (4-8-2)
ਦੁੱਧਹੁੰ ਦਹੀ ਜਮਾਈਐ ਦਹੀਅਹੁੰ ਮੱਖਣ ਛਾਹਿ ਪਿਆਰਾ॥ (4-8-3)
ਘਿਅ ਤੇ ਹੋਵਣ ਹੋਮ ਜੱਗ ਢੰਗ ਸੁਆਰਥ ਚਜ ਅਚਾਰਾ॥ (4-8-4)
ਧਰਮ ਧਉਲ ਪਰਗਟ ਹੋਇ ਧੀਰਜ ਵਸੈ ਸਹੈ ਸਿਰ ਭਾਰਾ॥ (4-8-5)
ਇਕ ਇਕ ਜਾਉ ਜਣੇਂਦਿਆਂ ਚਹੁੰ ਚਕਾਂ ਵਿਚ ਵਗ ਹਜਾਰਾ॥ (4-8-6)
ਤ੍ਰਿਣ ਅੰਦਰ ਵੱਡਾ ਪਾਸਾਰਾ ॥੮॥ (4-8-7)

ਲਹੁੜਾ ਤਿਲ ਹੋਇ ਜੰਮਿਆ ਨੀਚਹੁੰ ਨੀਚ ਨ ਆਪ ਗਣਾਯਾ॥ (4-9-1)
ਫੁਲਾਂ ਸੰਗਤਿ ਵਸਿਆ ਹੋਇ ਨਿਰਗੰਧ ਸੁਗੰਧ ਸੁਹਾਯਾ॥ (4-9-2)
ਕੋਲੂ ਪਾਇ ਪੀੜਾਇਆ ਹੋਇ ਫੁਲੇਲ ਖੇਲ ਵਰਤਾਯਾ॥ (4-9-3)
ਪਤਿਤ ਪਵਿਤ੍ਰ ਚਲਿਤ੍ਰ ਕਰ ਪਾਤਿਸ਼ਾਹ ਸਿਰ ਧਰ ਸੁਖ ਪਾਯਾ॥ (4-9-4)
ਦੀਵੇ ਪਾਇ ਜਲਾਇਆ ਕੁਲ ਦੀਪਕ ਜਗ ਬਿਰਦ ਸਦਾਯਾ॥ (4-9-5)
ਕਜਲ ਹੋਆ ਦੀਵਿਅਹੁੰ ਅਖੀਂ ਅੰਦਰ ਜਾਇ ਸਮਾਯਾ॥ (4-9-6)
ਬਾਲਾ ਹੋਇ ਨ ਵਡਾ ਕਹਾਯਾ ॥੯॥ (4-9-7)

ਹੋਇ ਵੜੇਵਾਂ ਜਗ ਵਿਚ ਬੀਜੇ ਤਨ ਖੇਹ ਨਾਲ ਰਲਾਯਾ॥ (4-10-1)
ਬੂਟੀ ਹੋਇ ਕਪਾਹ ਦੀ ਟੀਂਡੇ ਹੱਸ ਆਪ ਖਿੜਾਯਾ॥ (4-10-2)
ਦੁਹ ਮਿਲ ਵੇਲਣ ਵੇਲਿਆ ਲੂੰਅ ਲੂੰਅ ਕਰ ਤੁੰਬ ਤੁੰਬਾਯਾ॥ (4-10-3)
ਤਿੰਞਣ ਪਿੰਞ ਉਡਾਇਆ ਕਰ ਕਰ ਗੋੜ੍ਹੀਂ ਸੂਤ ਕਤਾਯਾ॥ (4-10-4)

ਤਣ ਤਣ ਖੁੰਬ ਚੜਾਇਕੈ ਦੇ ਦੇ ਦੁਖ ਧੁਵਾਇ ਰੰਗਾਯਾ॥ (4-10-5)
ਕੈਂਚੀ ਕੱਟਣ ਕਟਿਆ ਸੂਈ ਧਾਗੇ ਜੋੜ ਸਵਾਯਾ॥ (4-10-6)
ਲੱਜਣ ਕੱਜਣ ਹੋਇ ਕਜਾਯਾ ॥੧੦॥ (4-10-7)

ਦਾਣਾ ਹੋਇ ਅਨਾਰ ਦਾ ਹੋਇ ਧੂੜ ਧੂੜੀ ਵਿਚ ਧਸੈ॥ (4-11-1)
ਹੋਇ ਬਿਰਖ ਹਰੀਆਵਲਾ ਲਾਲ ਗੁਲਾਲਾ ਫੁੱਲ ਵਿਗਸੈ॥ (4-11-2)
ਇਕਸ ਬਿਰਖ ਸਹਸ ਫੁਲ ਫੁਲ ਫਲ ਇਕਦੂੰ ਇਕ ਸਰਸੈ॥ (4-11-3)
ਇਕ ਦੂੰ ਦਾਣੇ ਲੱਖ ਹੋਇੰ ਫਲ ਫਲਦੇ ਮਨ ਅੰਦਰ ਵਸੈ॥ (4-11-4)
ਤਿਸ ਫਲ ਤੋਟ ਨ ਆਵਈ ਗੁਰਮੁਖ ਸੁਖ ਫਲ ਅੰਮ੍ਰਿਤ ਰਸੈ॥ (4-11-5)
ਜਯੋਂ ਜਯੋਂ ਲੱਯਨ ਤੋੜਫਲ ਤਯੋਂ ਤਯੋਂ ਫਿਰ ਫਿਰ ਫਲੀਐ ਹਸੈ॥ (4-11-6)
ਨਿਵ ਚੱਲਣ ਗੁਰ ਮਾਰਗ ਦਸੈ ॥੧੧॥ (4-11-7)

ਰੈਣਿ ਰਸਾਇਣ ਸਿੰਜੀਐ ਰਤ ਹੇਤ ਕਰ ਕੰਚਨ ਵਸੈ॥ (4-12-1)
ਧੋਇ ਧੋਇ ਕਣਿ ਕਢੀਐ ਰਤੀ ਮਾਸਾ ਤੋਲਾ ਘੱਸੈ॥ (4-12-2)
ਪੋਇ ਕੁਠਾਲੀ ਗਾਲੀਐ ਰੈਣੀ ਕਰ ਸੁਨਿਆਰ ਵਿਗਸੈ॥ (4-12-3)
ਘੜ ਘੜ ਪਤ੍ਰ ਪਖਾਲੀਅਨ ਲੂਣੀ ਲਾਇ ਜਲਾਇ ਰਹੱਸੈ॥ (4-12-4)
ਬਾਰਹ ਵੰਨੀ ਹੋਇਕੈ ਲੰਗੈ ਲਵੈ ਕਸਉਟੀ ਕਸੈ॥ (4-12-5)
ਟਕਸਾਲੇ ਸਿਕਾ ਪਵੈ ਘਣ ਅਹਰਣ ਵਿਚ ਅਚਲ ਸਰਸੈ॥ (4-12-6)
ਸਾਲ ਸੁਨਾਈ ਪੋਤੇ ਪਸੈ ॥੧੨॥ (4-12-7)

ਖਸ਼ਖਸ਼ ਦਾਣਾ ਹੋਇਕੈ ਖ਼ਾਕ ਅੰਦਰ ਹੋਇ ਖ਼ਾਕ ਸਮਾਵੈ॥ (4-13-1)
ਦੋਸਤ ਪੋਸਤ ਬੂਟ ਹੋਇ ਰੰਗ ਬਿਰੰਗੀ ਫੁਲ ਖਿੜਾਵੈ॥ (4-13-2)
ਹੋਡਾ ਹੋਡੀ ਹੋਡੀਆਂ ਇਕ ਦੂੰ ਇਕ ਚੜ੍ਹਾਉ ਚੜ੍ਹਾਵੈ॥ (4-13-3)
ਸੂਲੀ ਉਪਰ ਖੇਲਣਾ ਪਿਛੋਂ ਦੇ ਸਿਰ ਛਤਰ ਧਰਾਵੈ॥ (4-13-4)
ਚੁਖ ਚੁਖ ਹੋਇ ਮਿਲਾਇ ਕੈ ਲੋਹੂ ਪਾਣੀ ਰੰਗ ਰੰਗਾਵੈ॥ (4-13-5)
ਪਿਰਮ ਪਿਆਲਾ ਮਜਲਸੀ ਜੋਗ ਭੋਗ ਸੰਜੋਗ ਬਣਾਵੈ॥ (4-13-6)
ਅਮਲੀ ਹੋਇ ਸੁ ਮਜਲਸ ਪਾਵੈ ॥੧੩॥ (4-13-7)

ਰਸ ਭਰਿਆ ਰਸ ਰਖਦਾ ਬੋਲਣ ਅਣ ਬੋਲਣ ਅਭਰਿਠਾ॥ (4-14-1)
ਸੁਣਿਆ ਅਣ ਸੁਣਿਆ ਕਰੈ ਕਰੇ ਵੀਚਾਰ ਡਿਠਾ ਅਣਡਿਠਾ॥ (4-14-2)
ਅਖੀਂ ਧੂੜ ਅਟਾਈਆ ਅਖੀ ਵਿਚ ਅੰਗੂਰ ਬਹਿਠਾ॥ (4-14-3)
ਇਕਦੂੰ ਬਾਹਲੇ ਬੂਟ ਹੋਇ ਸਿਰ ਤਲਵਾਯਾ ਇਠਹੁ ਇਠਾ॥ (4-14-4)
ਦੋਹ ਖੂੰਡ ਵਿਚ ਪੀੜੀਐ ਟੋਟੇ ਲਾਹੇ ਇਤ ਗੁਣ ਮਿਠਾ॥ (4-14-5)
ਵੀਹ ਇਕੀਹ ਵਰਤਦਾ ਅਵਗੁਣਿਆਰੇ ਵਣਿਠਾ॥ (4-14-6)
ਮੰਨੈ ਗੰਨੈ ਵਾਂਗ ਸੁਧਿਠਾ ॥੧੪॥ (4-14-7)

ਘਨਹਰਿ ਬੂੰਦ ਸੁਹਾਵਣੀ ਨੀਵੀਂ ਹੋਇ ਅਗਾਸਹੁੰ ਆਵੈ॥ (4-15-1)
ਆਪ ਗਵਾਇ ਸਮੁੰਦ ਵੇਖ ਸਿਪ ਦੇ ਮੂੰਹਵਿਚ ਸਮਾਵੈ॥ (4-15-2)
ਲੈਂਦੋ ਹੀ ਮੁਹਿ ਬੂੰਦ ਸਿਪ ਚੁਭੀ ਮਾਰ ਪਤਾਲ ਲੁਕਾਵੈ॥ (4-15-3)
ਫੜ ਕਢੈ ਮਰਜੀਵੜਾ ਪਰ ਕਾਰਨ ਨੋਂ ਆਪ ਫੜਾਵੈ॥ (4-15-4)

ਪਰਵਸ ਪਰਉਪਕਾਰ ਨੋਂ ਪਰ ਦਥ ਪਥਰ ਦੰਦ ਭਨਾਵੈ॥ (4-15-5)
ਭੁਲ ਅਭੁਲ ਅਮੁਲ ਦੇ ਮੋਤੀ ਦਾਨ ਨ ਪਛੋਤਾਵੈ॥ (4-15-6)
ਸਫਲ ਜਨਮ ਕੋਈ ਵਰਸਾਵੈ ॥੧੫॥ (4-15-7)

ਹੀਰੈ ਹੀਰਾ ਬੇਧੀਐ ਬਰਸੈ ਕਣੀ ਅਣੀ ਹੁਇ ਧੀਰੈ॥ (4-16-1)
ਧਾਗਾ ਹੋਇ ਪਰੋਈਐ ਹੀਰੇ ਮਾਲ ਰਸਾਲ ਗਹੀਰੈ॥ (4-16-2)
ਸਾਧ ਸੰਗਤ ਗੁਰ ਸ਼ਬਦ ਲਿਵ ਹਉਮੈ ਮਾਰ ਮਰੈ ਮਣਧੀਰੈ॥ (4-16-3)
ਮਨ ਜਿਣ ਮਨਦੇ ਲਏ ਮਨ ਗੁਣ ਗੁਰਮੁਖ ਸਰੀਰੈ॥ (4-16-4)
ਪੈਰੀਂ ਪੈ ਪਾਖਾਕ ਹੋਇ ਕਾਮਧੇਨੁ ਸੰਤਰੇਣ ਨ ਨੀਰੈ॥ (4-16-5)
ਸਿਲਾ ਅਲੂਣੀ ਚੱਟਣੀ ਲਖ ਅੰਮ੍ਰਿਤ ਰਸ ਤਰਸਨ ਸੀਰੈ॥ (4-16-6)
ਵਿਰਲਾ ਸਿਖ ਸੁਣੈ ਗੁਰ ਪੀਰੈ ॥੧੬॥ (4-16-7)

ਗੁਰ ਸਿਖੀ ਗੁਰ ਸਿਖ ਸੁਣ ਅੰਦਰ ਸਿਆਣਾ ਬਾਹਰ ਭੋਲਾ॥ (4-17-1)
ਸ਼ਬਦ ਸੁਰਤਿ ਸਾਵਧਾਨ ਹੋ ਵਿਣ ਗੁਰ ਸਬਦ ਨ ਸੁਣਈ ਥੋਲਾ॥ (4-17-2)
ਸਤਿਗੁਰ ਦਰਸ਼ਨ ਦੇਖਣਾ ਸਾਧ ਸੰਗਤ ਵਿਚ ਅੰਨਾ ਪੋਲਾ॥ (4-17-3)
ਵਾਹਿਗੁਰੂ ਗੁਰ ਸ਼ਬਦ ਲੈ ਪਿਰਮ ਪਿਆਲਾ ਚੁਪ ਚਲੋਲਾ॥ (4-17-4)
ਪੈਰੀਂ ਪੈ ਪਾਖਾਕ ਹੋਇ ਚਰਨ ਧੋਇ ਚਰਣੋਦਕ ਝੋਲਾ॥ (4-17-5)
ਚਰਣ ਕਵਲ ਚਿਤ ਭਵਰ ਕਰ ਭਵਜਲ ਅੰਦਰ ਰਹੈ ਨਿਰੋਲਾ॥ (4-17-6)
ਜੀਵਣ ਮੁਕਤਿ ਸਚਾਵਾ ਚੋਲਾ ॥੧੭॥ (4-17-7)

ਸਿਰ ਵਿਚ ਨਿਕੇ ਵਾਲ ਹੋਇ ਸਾਧੂ ਚਵਰ ਚਵਰ ਕਰ ਢਾਲੈ॥ (4-18-1)
ਗੁਰਸਰ ਤੀਰਥ ਨ੍ਹਾਇਕੈ ਹੁੰਝੂ ਭਰ ਭਰ ਪੈਰ ਪਖਾਲੈ॥ (4-18-2)
ਕਾਲੀਂ ਹੂੰ ਧਉਲੇ ਕਰੇ ਚਲਣ ਜਾਣ ਨੀਸ਼ਾਨ ਸਮਾਲੈ॥ (4-18-3)
ਪੈਰੀਂ ਪੈ ਪਾਖਾਕ ਹੋਇ ਪੂਰਾ ਸਤਿਗੁਰ ਨਦਰਿ ਨਿਹਾਲੈ॥ (4-18-4)
ਕਾਗ ਕੁਮੰਤਹੁ ਪਰਮ ਹੰਸ ਉੱਜਲ ਮੋਤੀ ਖੋਾਇ ਖਵਾਲੈ॥ (4-18-5)
ਵਾਲਹੁੰ ਨਿਕੀ ਆਖੀਐ ਗੁਰਸਿਖੀ ਸੁਣ ਗੁਰਸਿਖ ਪਾਲੈ॥ (4-18-6)
ਗੁਰਸਿਖ ਲੰਘੈ ਪਿਰਮ ਪਿਆਲੈ ॥੧੮॥ (4-18-7)

ਗੁੱਲਰ ਅੰਦਰ ਭੁਲਹਣਾ ਗੁਲਰ ਨੋਂ ਬ੍ਰਹਮੰਡ ਵਖਾਣੈ॥ (4-19-1)
ਗੁਲਰ ਲਗਨ ਲਖ ਫਲ ਇਕ ਦੂ ਲਖ ਅਲਖ ਨ ਜਾਣੈ॥ (4-19-2)
ਲਖ ਲਖ ਬਿਰਖ ਬਗੀਚਿਅਹੁੰ ਲਖ ਬਗੀਚੇ ਬਾਹਗ ਵਖਾਣੈ॥ (4-19-3)
ਲਖ ਬਾਗ ਬ੍ਰਹਮੰਡ ਵਿਚ ਲਖ ਬ੍ਰਹਮੰਡ ਲੂੰਅ ਵਿਚ ਆਣੈ॥ (4-19-4)
ਮਿਹਰ ਕਰੇ ਜੇ ਮਿਹਰਵਾਨ ਗੁਰਮੁਖ ਸਾਧ ਸੰਗਤ ਰੰਗ ਮਾਣੈ॥ (4-19-5)
ਪੈਰੀ ਪੈ ਪਾਖਾਕ ਹੋਇ ਸਾਹਿਬ ਦੇ ਚਲੈ ਓਹ ਭਾਣੈ॥ (4-19-6)
ਹਉਮੈ ਜਾਇ ਤਾ ਜਾਇ ਸਿਵਾਣੈ ॥੧੯॥ (4-19-7)

ਦੁਇ ਦੇਹ ਚੰਦ ਅਲੋਪ ਹੋਇ ਤੀਐ ਦਿਹ ਚੜਦਾ ਹੁਇ ਨਿੱਕਾ॥ (4-20-1)
ਉਠ ਉਠ ਜਗਤ ਜੁਹਾਰਦਾ ਗਗਨ ਮਹੇਸ਼ੁਰ ਮਸਤਕ ਟਿੱਕਾ॥ (4-20-2)
ਸੋਲਹ ਕਲਾ ਸੰਘਾਰੀਐ ਸਫਲ ਜਨਮ ਸੋਹੈ ਕਲ ਇੱਕਾ॥ (4-20-3)
ਅੰਮ੍ਰਿਤ ਕਿਰਣ ਸੁਹਾਵਣੀ ਨਿਝਰ ਝਰੈ ਸਿੰਜੈ ਸਹ ਸਿੱਕਾ॥ (4-20-4)

ਸੀਤਲ ਸਾਂਤ ਸੰਤੋਖ ਦੇ ਸਹਜ ਸੰਤੋਖੀ ਰਤਨ ਅਮਿੱਕਾ॥ (4-20-5)
ਕਰੇ ਅਨ੍ਹੇਰੋਂ ਚਾਨਣਾ ਡੋਰ ਚਕੋਰ ਪਜ਼ਾਨ ਧਰ ਛਿੱਕਾ॥ (4-20-6)
ਆਪ ਗਵਾਇ ਅਮੋਲ ਮਨਿੱਕਾ ॥੨੦॥ (4-20-7)

ਹੋਇ ਨਿਮਾਣਾ ਭਗਤਿ ਕਰ ਗੁਰਮੁਖ ਧ੍ਰੂ ਹਰਿ ਦਰਸ਼ਨ ਪਾਯਾ॥ (4-21-1)
ਭਗਤ ਵਛਲ ਹੋਇ ਭੇਟਿਆ ਮਾਣ ਨਿਮਾਣੇ ਆਪ ਦਿਵਾਯਾ॥ (4-21-2)
ਮਾਤ ਲੋਕ ਵਿਚ ਮੁਕਤਿ ਕਰ ਨਿਹਚਲ ਵਾਸ ਅਗਾਸ ਚੜਾਯਾ॥ (4-21-3)
ਚੰਦ ਸੂਰ ਤੇਤੀ ਕਰੋੜ ਪਰਦਖਣਾ ਚਉਫੇਰ ਫਿਰਾਯਾ॥ (4-21-4)
ਵੇਦ ਪੁਰਾਣ ਵਖਾਣਦੇ ਪਰਗਟ ਕਰ ਪਰਗਟ ਜਣਾਯਾ॥ (4-21-5)
ਅਵਗਤ ਗਤ ਅਤਿ ਅਗਮ ਹੈ ਅਕਥ ਕਥਾ ਵੀਚਾਰ ਨ ਪਾਯਾ॥ (4-21-6)
ਗੁਰਮੁਖ ਸੁਖ ਫਲ ਅਲਖ ਲਖਾਯਾ ॥੨੧॥੪॥ (4-21-7)

Vaar 5

ੴ ਸਤਿਗੁਰਪ੍ਰਸਾਦਿ॥ (5-1-1)

ਗੁਰਮੁਖ ਹੋਵੈ ਸਾਧ ਸੰਗ ਹੇਤ ਨ ਸੰਗ ਕੁਸੰਗ ਨ ਰਚੈ॥ (5-1-2)
ਗੁਰਮੁਖ ਪੰਥ ਸੁਹੇਲੜਾ ਬਾਰਹ ਪੰਥ ਨ ਖੇਚਲ ਖੱਚੈ॥ (5-1-3)
ਗੁਰਮੁਖ ਵਰਨ ਅਵਰਨ ਹੋਇ ਰੰਗ ਸੁਰੰਗ ਤੰਬੋਲ ਪਰਚੈ॥ (5-1-4)
ਗੁਰਮੁਖ ਦਰਸਨ ਦੇਖਣਾ ਛਿਅਦਰਸਣ ਪਰਸਣ ਨ ਸਰਚੈ॥ (5-1-5)
ਗੁਰਮੁਖ ਨਿਹਚਲ ਮਤਿ ਹੈ ਦੂਜੈ ਭਾਇ ਲੁਭਾਇ ਨ ਪਚੈ॥ (5-1-6)
ਗੁਰਮੁਖ ਸ਼ਬਦ ਕਮਾਵਣਾ ਪੈਰੀਂ ਪੈ ਰਹਿਰਾਸ ਨ ਹਚੈ॥ (5-1-7)
ਗੁਰਮੁਖ ਭਾਇ ਭਗਤਿ ਚਹ ਮਵੈ ॥੧॥ (5-1-8)

ਗੁਰਮੁਖ ਇਕ ਅਰਾਧਣਾ ਇਕ ਮਨ ਹੋਇ ਨ ਹੋਇ ਦੁਚਿਤਾ॥ (5-2-1)
ਗੁਰਮੁਖ ਆਪ ਗਵਾਇਆ ਜੀਵਨ ਮੁਕਤਿ ਨ ਤਾਮਸ ਪਿਤਾ॥ (5-2-2)
ਗੁਰ ਉਪਦੇਸ਼ ਆਦੇਸ਼ ਕਰ ਸਣ ਦੂਤਾਂ ਵਿਖੜਾ ਗੜ੍ਹ ਜਿਤਾ॥ (5-2-3)
ਪੈਰੀਂ ਪੈ ਪਾਖਾਕ ਹੋਇ ਪਾਹੁਨੜਾ ਜਗ ਹੋਇ ਅਥਿੱਤਾ॥ (5-2-4)
ਗੁਰਮੁਖ ਸੇਵਾ ਗੁਰਸਿਖਾਂ ਗੁਰਸਿਖ ਮਾ ਪਿਉ ਦਾਈ ਮਿਤਾ॥ (5-2-5)
ਦੁਰਮਤ ਦੁਬਧਾ ਦੂਰ ਕਰ ਗੁਰਮਤ ਸ਼ਬਦ ਸੁਰਤ ਮਨ ਸਿਤਾ॥ (5-2-6)
ਛਡ ਕੁਫਕੜ ਕੂੜਿ ਕੁਧਿਤਾ ॥੨॥ (5-2-7)

ਅਪਣੇ ਅਪਣੇ ਵਰਨ ਵਿਚ ਚਾਰ ਵਰਨ ਕੁਲ ਧਰਮ ਧਰੰਦੇ॥ (5-3-1)
ਛਿਅ ਦਰਸ਼ਨ ਛਿਅ ਸ਼ਾਸਤ੍ਰਾ ਗੁਰਮਤੀ ਖਟ ਕਰਮ ਕਰੰਦੇ॥ (5-3-2)
ਅਪਣੇ ਅਪਣੇ ਸਾਹਿਬੈ ਚਾਕਰ ਜਾਇ ਜੁਹਾਰ ਜੁੜੰਦੇ॥ (5-3-3)
ਅਪਣੇ ਅਪਣੇ ਵਣਜ ਵਿਚ ਵਾਪਾਰੀ ਵਾਪਾਰ ਮਚੰਦੇ॥ (5-3-4)
ਅਪਣੇ ਅਪਣੇ ਖੇਤ ਵਿਚ ਬੀਉ ਸਭੈ ਕਿਰਸਾਣ ਬੀਜੰਦੇ॥ (5-3-5)
ਕਾਰੀਗਰ ਕਾਰੀਗਰਾਂ ਕਾਰਖਾਨੇ ਵਿਚ ਜਾਇ ਮਿਲੰਦੇ॥ (5-3-6)
ਸਾਧ ਸੰਗਤਿ ਗੁਰ ਸਿਖ ਪੂਜੰਦੇ ॥੩॥ (5-3-7)

ਅਮਲੀ ਰਚਨ ਅਮਲੀਆਂ ਸੋਫੀ ਸੋਫੀ ਮੇਲ ਕਰੰਦੇ॥ (5-4-1)
ਜੁਆਰੀ ਜੁਆਰੀਆਂ ਵੇਕਰਮੀ ਵੇਕਰਮ ਰਚੰਦੇ॥ (5-4-2)
ਚੋਰਾਂ ਚੋਰਾਂ ਪਿਰਹੜੀ ਠਗ ਠਗ ਮਿਲ ਦੇਸ ਠਗੰਦੇ॥ (5-4-3)
ਮਸਕਰਿਆਂ ਮਿਲ ਮਸਕਰੇ ਚੁਗਲਾਂ ਚੁਗਲ ਉਮਾਹ ਮਿਲੰਦੇ॥ (5-4-4)
ਮਨਤਾਰੂ ਮਨਤਾਰੂਆਂ ਤਾਰੂ ਤਾਰੂ ਤਾਰ ਤਰੰਦੇ॥ (5-4-5)
ਦੁਖਿਆਰੇ ਦੁਖਿਆਰਿਆਂ ਮਿਲ ਮਿਲ ਅਪਣੇ ਦੁਖ ਰੁਵੰਦੇ॥ (5-4-6)
ਸਾਧ ਸੰਗਤ ਗੁਰ ਸਿਖ ਵਸੰਦੇ ॥੪॥ (5-4-7)

ਕੋਈ ਪੰਡਤ ਜੋਤਸ਼ੀ ਕੋ ਪਾਂਧਾ ਕੋ ਵੈਦ ਸਦਾਏ॥ (5-5-1)
ਕੋਈ ਰਾਜਾ ਰਾਉ ਕੋ ਕੋ ਮਹਿਤਾ ਚਉਧਰੀ ਅਖਾਏ॥ (5-5-2)
ਕੋਈ ਬਜਾਝ ਸਰਾਫ ਕੋ ਕੋ ਜਹੁਰੀ ਜੜਾਉ ਜੜਾਏ॥ (5-5-3)
ਪਾਸਾਰੀ ਪਰਚੂਨਿਆ ਕੋਈ ਦਲਾਲੀ ਕਿਰਸ ਕਮਾਏ॥ (5-5-4)

ਜਤਿਸਨਾਤ ਸਹੰਸਲਖ ਕਿਰਤ ਵਿਰਤ ਕਰ ਨਾਉਂ ਗਣਾਏ॥ (5-5-5)
ਸਾਧ ਸੰਗਤਿ ਗੁਰ ਸਿਖ ਮਿਲ ਆਸਾ ਵਿਚ ਨਿਰਾਸ ਜਮਾਏ॥ (5-5-6)
ਸ਼ਬਦ ਸੁਰਤਿ ਲਿਖ ਅਲਖ ਲਖਾਏ ॥੫॥ (5-5-7)

ਜਤੀ ਜਤੀ ਚਿਰ ਜੀਵਨੇ ਸਾਧਿਕ ਸਿਧ ਨਾਥ ਗੁਰ ਚੇਲੇ॥ (5-6-1)
ਦੇਵੀ ਦੇਵ ਰਖੀਸ਼ਰਾਂ ਭੈਰਉ ਖੇਤ੍ਰਪਾਲ ਬਹੁ ਮੇਲੇ॥ (5-6-2)
ਗਣ ਗੰਧਰਬ ਅਪਛਰਾਂ ਕਿੰਨਰ ਜਛ ਚਲਿਤ ਬਹੁ ਖੇਲੇ॥ (5-6-3)
ਰਾਕਸ਼ ਦਾਨੋਂ ਦੈਂਤ ਲਖ ਅੰਦਰ ਦੂਜਾ ਭਾਉ ਦੁਹੇਲੇ॥ (5-6-4)
ਹਉਮੈਂ ਅੰਦਰ ਸਭ ਕੋ ਗੁਰਮੁਖ ਸਾਧ ਸੰਗਤ ਰਸ ਕੇਲੇ॥ (5-6-5)
ਇਕ ਮਨ ਇਕ ਆਰਾਧਣਾ ਗੁਰਮਤਿ ਆਪ ਗਵਾਇ ਸੁਹੇਲੇ॥ (5-6-6)
ਚਲਣ ਜਾਣ ਪਏ ਸਿਰ ਤੇਲੇ ॥੬॥ (5-6-7)

ਜਤ ਸਤ ਸੰਜਮ ਹੋਮ ਜਗ ਜਪ ਤਪ ਦਾਨ ਪੁਨ ਬਹੁਤੇਰੇ॥ (5-7-1)
ਰਿਧ ਸਿਧ ਨਿਧ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ॥ (5-7-2)
ਬੀਰਾਰਾਧਣ ਜੋਗਣੀ ਮੜ੍ਹੀ ਮਸਾਣ ਵਿਡਾਣ ਘਨੇਰੇ॥ (5-7-3)
ਪੂਰਕ ਕੁੰਭਕ ਰੇਚਕਾ ਨਿਵਲੀ ਕਰਮ ਭੁਇਅੰਗਮ ਘੇਰੇ॥ (5-7-4)
ਸਿਧਾਸਨ ਪਰਚੇ ਘਣੇ ਹਠ ਨਿਗ੍ਰਹੈ ਕੌਤਕ ਲਖ ਹੇਰੇ॥ (5-7-5)
ਪਾਰਸ ਮਣੀ ਰਸਾਇਣਾ ਕਰਾਮਾਤ ਕਾਲਕ ਆਨ੍ਹੇਰੇ॥ (5-7-6)
ਪੂਜਾ ਵਰਤ ਉਪਾਰਣੇ ਵਰ ਸਰਾਪ ਸ਼ਿਵ ਸ਼ਕਤਿ ਲਵੇਰੇ॥ (5-7-7)
ਸਾਧ ਸੰਗਤ ਗੁਰ ਸ਼ਬਦ ਵਿਣ ਥਾਉਂ ਨ ਪਾਇਣ ਭਲੇ ਭਲੇਰੇ॥ (5-7-8)
ਕੂੜ ਇਕ ਗੰਢੀ ਸੌ ਫੇਰੇ ॥੭॥ (5-7-9)

ਸਉਣ ਸਗੁਨ ਬੀਚਾਰਣੇ ਨਉਂ ਗ੍ਰਹ ਬਾਰਹ ਰਾਸਿ ਵੀਚਾਰਾ॥ (5-8-1)
ਕਾਮਣ ਟੂਣੇ ਅਉਸੀਆਂ ਕਣ ਸੋਹੀ ਪਾਸਾਰ ਪਾਸਾਰਾ॥ (5-8-2)
ਗਦੋਂ ਕੁੱਤੇ ਬਿਲੀਆਂ ਇਲ ਮਲਾਲੀ ਗਿਦੜ ਛਾਰਾ॥ (5-8-3)
ਨਾਰਿ ਪੁਰਖ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ॥ (5-8-4)
ਥਿਤ ਵਾਰ ਭਦਰਾਂ ਭਰਮ ਦਿਸ਼ਾਸ਼ੂਲ ਸਹਿਸਾ ਸੰਸਾਰਾ॥ (5-8-5)
ਵਲ ਛਲ ਕਰ ਵਿਸਵਾਸ ਲਖ ਬਹੁ ਚੁਖੀਂ ਕਿਉਂ ਰਵੈ ਪਤਾਰਾ॥ (5-8-6)
ਗੁਰਮੁਖ ਸੁਖ ਫਲ ਪਾਰ ਉਤਾਰਾ ॥੮॥ (5-8-7)

ਨਦੀਆਂ ਨਾਲੇ ਵਾਹੜੇ ਗੰਗ ਸੰਗ ਗੰਗੋਦਕ ਹੋਈ॥ (5-9-1)
ਅਸ਼ ਧਾਤ ਇਕ ਧਾਤ ਹੋਇ ਪਾਰਸ ਪਰਸੈ ਕੰਚਨ ਸੋਈ॥ (5-9-2)
ਚੰਦਨਵਾਸ ਵਣਾਸਪਤਿ ਅਫਲ ਸਫਲ ਕਰ ਚੰਦਨ ਗੋਈ॥ (5-9-3)
ਛਿਅ ਰੁਤ ਬਾਰਹ ਮਾਹ ਕਰ ਸੁਝੈ ਸੁਝ ਨ ਦੂਜਾ ਕੋਈ॥ (5-9-4)
ਚਾਰ ਵਰਨ ਛਿਅ ਦਰਸ਼ਨਾ ਬਾਰਹ ਵਾਟ ਭਵੇ ਸਭ ਲੋਈ॥ (5-9-5)
ਆਵਾ ਗਉਣ ਗਵਾਇਕੈ ਗੁਰਮੁਖ ਮਾਰਗ ਦੁਬਿਧਾ ਖੋਈ॥ (5-9-6)
ਇਕ ਮਨ ਇਕ ਅਰਾਧਨ ਓਈ ॥੯॥ (5-9-7)

ਨਾਨਕ ਦਾਦਕ ਸਾਹੁਰੇ ਵਿਰਲੀ ਸੁਰ ਲਾਗਾਤਕ ਹੋਏ॥ (5-10-1)
ਜੰਮਣ ਭਦਣ ਮੰਗਣੈ ਮਰਣੈ ਪਰਣੈ ਕਰਦੇ ਢੋਏ॥ (5-10-2)

ਰੀਤੀ ਰੂੜੀ ਕੁਲਾ ਧਰਮ ਚੱਜ ਅਚਾਰ ਵਿਚਾਰ ਵਿਖੋਏ॥ (5-10-3)
ਕਰ ਕਰਤੂਤ ਕਸੂਤ ਵਿਚ ਪਾਇ ਦੁਲੀਚੇ ਗੈਣ ਚੰਦੋਏ॥ (5-10-4)
ਸਾਧ ਜਠੇਰੇ ਮੰਨੀਅਨਿ ਸਤੀਆਂ ਸਉਤ ਟੋਭਰੀ ਟੋਏ॥ (5-10-5)
ਸਾਧ ਸੰਗਤ ਗੁਰੁ ਸ਼ਬਦ ਵਿਣ ਮਰ ਮਰ ਜੰਮਣ ਦਈ ਵਿਗੋਏ॥ (5-10-6)
ਗੁਰਮੁਖ ਹੀਰੇ ਹਾਰ ਪਰੋਏ ॥੧੦॥ (5-10-7)

ਲਸ਼ਕਰ ਅੰਦਰ ਲਾਡਲੇ ਪਾਤਿਸ਼ਾਹਾਂ ਜਾਏ ਸ਼ਾਹਜ਼ਾਦੇ॥ (5-11-1)
ਪਾਤਿਸ਼ਾਹ ਅਗੇ ਚੜ੍ਹਨ ਪਿਛੇ ਸਭ ਉਮਰਾਉ ਪਿਆਦੇ॥ (5-11-2)
ਬਨ ਬਨ ਆਵਣ ਤਾਇਫੇ ਓਇ ਸ਼ਾਹਜ਼ਾਦੇ ਸਾਦ ਮੁਰਾਦੇ॥ (5-11-3)
ਖਿਜ਼ਮਤਗਾਰ ਵਡੀਰੀਅਨ ਦਰਗਹ ਹੋਵਣ ਖੁਆਰ ਖੁਵਾਦੇ॥ (5-11-4)
ਅੱਗੇ ਢੋਈ ਸੇ ਲਹਨਿ ਸੇਵਾ ਅੰਦਰ ਕਰਨ ਕੁਸ਼ਾਦੇ॥ (5-11-5)
ਪਾਤਿਸ਼ਾਹਾਂ ਪਾਤਿਸ਼ਾਹ ਸੋ ਗੁਰਮੁਖ ਵਰਤੈ ਗੁਰ ਪਰਸਾਦੇ॥ (5-11-6)
ਸ਼ਾਹ ਸੁਹੇਲੇ ਆਦਿ ਜੁਗਾਦੇ ॥੧੧॥ (5-11-7)

ਤਾਰੇ ਲਖ ਹਨੇਰ ਵਿਚ ਚੜ੍ਹਿਆ ਸੂਰਜ ਸੁਝੈ ਨ ਕੋਈ॥ (5-12-1)
ਸ਼ੀਂਹ ਬੁਕੇ ਮਿਰਗਾਵਲੀ ਭੰਨੀ ਜਾਇ ਨ ਆਇ ਖੜੋਈ॥ (5-12-2)
ਬਿਸੀਅਰ ਗਹੜੈ ਡਿਠਿਆਂ ਖੁਡੀਂ ਵੜਦੇ ਲਖ ਪਲੋਈ॥ (5-12-3)
ਪੰਖੇਰੂ ਸ਼ਾਹਬਾਜ਼ ਦੇਖ ਢੁਕ ਨ ਹੰਘਨ ਮਿਲੈ ਨ ਢੋਈ॥ (5-12-4)
ਚਾਰ ਵੀਚਾਰ ਸੰਸਾਰ ਵਿਚ ਸਾਧ ਸੰਗਤ ਮਿਲ ਦੁਰਮਤਿ ਖੋਈ॥ (5-12-5)
ਸਤਿਗੁਰ ਸਚਾ ਪਾਤਸ਼ਾਹ ਦੁਬਿਧਾ ਮਾਰ ਮਿਵਾਸਾ ਗੋਈ॥ (5-12-6)
ਗੁਰਮੁਖ ਜਾਤਾ ਜਾਣ ਜਾਣੋਈ ॥੧੨॥ (5-12-7)

ਸਤਿਗੁਰ ਸਚਾ ਪਾਤਿਸ਼ਾਹ ਗੁਰਮੁਖ ਗਾਡੀ ਰਾਹ ਚਲਾਯਾ॥ (5-13-1)
ਪੰਚ ਦੂਤ ਕਰ ਭੂਤ ਵਸ ਦੁਰਮਤ ਦੂਜਾ ਭਾਉ ਮਿਟਾਯਾ॥ (5-13-2)
ਸ਼ਬਦ ਸੁਰਤਿ ਨਿਵ ਚਲਣਾ ਜਮਜਾਗਾਤੀ ਨੇੜ ਨ ਆਯਾ॥ (5-13-3)
ਬੇਮੁਖ ਬਾਰਹ ਬਾਟ ਕਰ ਸਾਧ ਸੰਗਤ ਸਚ ਖੰਡ ਵਸਾਯਾ॥ (5-13-4)
ਭਾਉ ਭਗਤਿ ਭਉ ਮੰਤ੍ਰ ਦੇ ਨਾਮ ਦਾਨ ਇਸ਼ਨਾਨ ਦ੍ਰਿੜਾਯਾ॥ (5-13-5)
ਜਿਉਂ ਜਲ ਅੰਦਰ ਕਮਲ ਹੈ ਮਾਯਾ ਵਿਚ ਉਦਾਸ ਰਹਾਯਾ॥ (5-13-6)
ਆਪ ਗਵਾਇ ਨ ਆਪਾ ਗਣਾਯਾ ॥੧੩॥ (5-13-7)

ਰਾਜਾ ਪਰਜਾ ਹੋਇ ਕੈ ਚਾਕਰ ਕੂਕਟ ਦੇਣ ਦੁਹਾਈ॥ (5-14-1)
ਜੰਮਦਿਆਂ ਰਣ ਵਿਚ ਜੂਝਨਾ ਨਾਨਕ ਦਾਦਕ ਹੋਇ ਵਧਾਈ॥ (5-14-2)
ਵੀਵਾਹੈ ਨੋਂ ਸਿਠਣੀਆਂ ਦੁਹੀਵਲੀਂ ਦੋਇ ਤੂਰ ਵਜਾਈ॥ (5-14-3)
ਰੋਵਣ ਪਿਟਣ ਮੋਇਆਂ ਨੋਂ ਵੈਣ ਅਲਾਹਣਿ ਧੂੰਮ ਧੁਮਾਈ॥ (5-14-4)
ਸਾਧ ਸੰਗਤ ਸਚ ਸੋਹਿਲਾ ਗੁਰਮੁਖ ਸਾਧ ਸੰਗਤ ਲਿਵਲਾਈ॥ (5-14-5)
ਬੇਦ ਕਤੇਬਹੁੰ ਬਾਹਰਾ ਜੰਮਨ ਮਰਨ ਅਲਿਪਤ ਰਹਾਈ॥ (5-14-6)
ਆਸਾ ਵਿਚ ਨਿਰਾਸ ਵਲਾਈ ॥੧੪॥ (5-14-7)

ਗੁਰਮੁਖ ਪੰਥ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ॥ (5-15-1)
ਗੁਰਮੁਖ ਪਾਰ ਲੰਘਾਇਦਾ ਮਨਮੁਖ ਭਵਜਲ ਵਿਚ ਡੁਬੰਦੇ॥ (5-15-2)

ਗੁਰਮੁਖ ਜੀਵਨ ਮੁਕਤ ਕਰ ਮਨਮੁਖ ਫਿਰ ਫਿਰ ਜਨਮ ਮਰੰਦੇ॥ (5-15-3)
ਗੁਰਮੁਖ ਸੁਖਫਲ ਪਾਇੰਦੇ ਮਨਮੁਖ ਦੁਖਫਲ ਦੁਖ ਲਹੰਦੇ॥ (5-15-4)
ਗੁਰਮੁਖ ਦਰਗਹਿ ਸੁਰਖਰੂ ਮਨਮੁਖ ਜਮਪੁਰ ਦੰਡ ਸਹੰਦੇ॥ (5-15-5)
ਗੁਰਮੁਖ ਆਪ ਗਵਾਇਆ ਮਨਮੁਖ ਹਉਮੈਂ ਅਗਨ ਜਲੰਦੇ॥ (5-15-6)
ਬੰਦੀ ਅੰਦਰ ਵਿਰਲੇ ਬੰਦੇ ॥੧੫॥ (5-15-7)

ਪੇਵਕੜੈ ਘਰ ਲਾਡਲੀ ਮਾਊ ਪੀਊ ਖਰੀ ਪਿਆਰੀ॥ (5-16-1)
ਵਿਚ ਭਰਾਵਾਂ ਭੈਨੜੀ ਨਾਨਕ ਦਾਦਕ ਸਣ ਪਰਵਾਰੀ॥ (5-16-2)
ਲਖ ਖਰਚ ਵੀਵਾਹੀਐ ਗਹਿਣੇ ਦਾਜ ਸਾਜ ਅਤਿ ਭਾਰੀ॥ (5-16-3)
ਸਾਹੁਰੜੈ ਘਰ ਮੰਨੀਐ ਸਣਖਤੀ ਪਰਵਾਰ ਸੁਧਾਰੀ॥ (5-16-4)
ਸੁਖ ਮਾਣੈ ਪਿਰ ਸੇਜੜੀ ਛਤੀ ਭੋਜਨ ਸਦਾ ਸੀਂਗਾਰੀ॥ (5-16-5)
ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ॥ (5-16-6)
ਗੁਰਮੁਖ ਸੁਖ ਫਲ ਨਿਹਚਉ ਨਾਰੀ ॥੧੬॥ (5-16-7)

ਜਿਉਂ ਬਹੁ ਮਿਤੀਂ ਵੇਸਿਆ ਸਭ ਕੁਲੱਖਣ ਪਾਪ ਕਮਾਵੈ॥ (5-17-1)
ਲੋਕਹੁੰ ਦੇਸਹੁੰ ਬਾਹਰੀ ਤਿਹੁ ਪੱਖਾਂ ਕਾਲੰਕ ਲਗਾਵੈ॥ (5-17-2)
ਡੁਬੀ ਡੋਬੈ ਹੋਰਨਾਂ ਮਹੁਰਾ ਮਿੱਠਾ ਹੋਇ ਪਚਾਵੈ॥ (5-17-3)
ਘੰਡਾ ਹੇੜਾ ਮਿਰਗ ਜਿਉਂ ਦੀਪਕ ਹੋਇ ਪਤੰਗ ਜਲਾਵੈ॥ (5-17-4)
ਦੁਹੀਂ ਸਰਾਂਈ ਜ਼ਰਦਰੂ ਪੱਥਰ ਬੇੜੀ ਪੂਰ ਡੁਬਾਵੈ॥ (5-17-5)
ਮਨਮੁਖ ਮਨ ਅਠ ਖੰਡ ਹੋਇ ਦੁਸ਼ਟਾਂ ਸੰਗਤਿ ਭਰਮ ਭੁਲਾਵੈ॥ (5-17-6)
ਵੇਸੁਆ ਪੁਤ ਨ ਨਾਉ ਸਦਾਵੈ ॥੧੭॥ (5-17-7)

ਸੁਧ ਨ ਹੋਵੈ ਬਾਲ ਬੁਧਿ ਬਾਲਕ ਲੀਲਾ ਵਿਚ ਵਿਹਾਵੈ॥ (5-18-1)
ਭਰ ਜੋਬਨ ਭਰਮਾਈਐ ਪਰ ਤਨ ਪਰ ਧਨ ਨਿੰਦ ਲੁਭਾਵੈ॥ (5-18-2)
ਬਿਰਧ ਹੋਆ ਜੰਜਾਲ ਵਿਚ ਮਹਾਂ ਜਾਲ ਪਰਵਾਰ ਫਹਾਵੈ॥ (5-18-3)
ਬਲ ਹੀਣਾ ਮਤਿ ਹੀਣ ਹੋਇ ਨਾਉਂ ਬਹਤਰਿਆ ਬਰੜਾਵੈ॥ (5-18-4)
ਅੰਨਾ ਬੋਲਾ ਪਿੰਗਲਾ ਤਨ ਥੱਕਾ ਮਨ ਦਹਿਦਿਸ ਧਾਵੈ॥ (5-18-5)
ਸਾਧ ਸੰਗਤਿ ਗੁਰ ਸ਼ਬਦ ਵਿਣ ਲਖ ਚੌਰਾਸੀ ਜੋਨ ਭਵਾਵੈ॥ (5-18-6)
ਅਉਸਰ ਚੁਕਾ ਹਥ ਨ ਆਵੈ ॥੧੮॥ (5-18-7)

ਹੰਸ ਨ ਚੱਡੈ ਮਾਨਸਰ ਬਗੁਲਾ ਬਹੁ ਛਪੜ ਫਿਰ ਆਵੈ॥ (5-19-1)
ਕੋਇਲ ਬੋਲੇ ਅੰਬਵਣ ਵਣਵਣ ਕਾਉਂ ਕੁਥਾਉਂ ਸੁਖਾਵੈ॥ (5-19-2)
ਵਗ ਨ ਹੋਵਨ ਕੁਤਈਂ ਗਾਈਂ ਗੋਰਸ ਵੰਸ ਵਧਾਵੈ॥ (5-19-3)
ਸਫਲ ਬਿਰਖ ਨਿਹਚਲ ਮਤੀਂ ਨਿਹਫਲ ਮਾਨਸ ਦਹਿਦਿਸ ਧਾਵੈ॥ (5-19-4)
ਅਗ ਤਤੀ ਜਲ ਸੀਅਲਾ ਸਿਰ ਉਚਾ ਨੀਵਾਂ ਦਿਖਲਾਵੈ॥ (5-19-5)
ਗੁਰਮੁਖ ਆਪ ਗਵਾਇਆ ਮਨਮੁਖ ਮੂਰਖ ਆਪ ਗਣਾਵੈ॥ (5-19-6)
ਦੂਜਾ ਭਾਉ ਕੁਦਾਉ ਹਰਾਵੈ ॥੧੯॥ (5-19-7)

ਗਜ ਮ੍ਰਿਗ ਮੀਨ ਪਤੰਗ ਅਲਿ ਇਕਤ ਇਕਤ ਰੋਗ ਪਚੰਦੇ॥ (5-20-1)
ਮਾਨਸ ਦੇਹੀ ਪੰਚ ਰੋਗ ਪੰਜੇ ਦੂਤ ਕਸੂਤ ਕਰੰਦੇ॥ (5-20-2)

ਆਸਾ ਮਣਸਾ ਡਾਇਣੀ ਹਰਖ ਸੋਗ ਬਹੁ ਰੋਗ ਵਧੰਦੇ॥ (5-20-3)
ਮਨਮੁਖ ਦੂਜੈ ਭਾਇ ਲਗ ਭੰਭਲ ਭੂਸੇ ਖਾਇ ਭਵੰਦੇ॥ (5-20-4)
ਸਤਿਗੁਰ ਸਚਾ ਪਾਤਸ਼ਾਹ ਗੁਰਮੁਖ ਗਾਡੀ ਰਾਹ ਚਲੰਦੇ॥ (5-20-5)
ਸਾਧ ਸੰਗਤ ਮਿਲ ਚਲਣਾ ਭਜ ਗਏ ਠਗ ਚੋਰ ਡਰੰਦੇ॥ (5-20-6)
ਲੈ ਲਾਹਾ ਨਿਜ ਘਰ ਨਿਬਹੰਦੇ ॥੨੦॥ (5-20-7)

ਬੇੜੀ ਚਾੜ ਲੰਘਾਇੰਦਾ ਬਾਹਲੇ ਪੂਰ ਮਾਣਸ ਮੋਹਾਣਾ॥ (5-21-1)
ਆਗੂ ਇਕ ਨਿਬਾਹਿੰਦਾ ਲਸ਼ਕਰ ਸੰਗ ਸ਼ਾਹ ਸੁਲਤਾਣਾ॥ (5-21-2)
ਫਿਰੈ ਮਹਲੈ ਪਾਹਰੂ ਹੋਇ ਨਿਚਿੰਦ ਸਵਨ ਪਰਧਾਣਾ॥ (5-21-3)
ਲਾੜਾ ਇਕ ਵੀਵਾਹੀਐ ਬਾਹਲੇ ਜਾਵੀਂ ਕਰ ਮਹਿਮਾਣਾ॥ (5-21-4)
ਪਾਤਸ਼ਾਹ ਇਕ ਮੁਲਕ ਵਿਚ ਹੋਰ ਪਰਜਾ ਹਿੰਦੂ ਮੁਸਲਮਾਣਾ॥ (5-21-5)
ਸਤਿਗੁਰ ਸਚਾ ਪਾਤਸ਼ਾਹ ਸਾਧ ਸੰਗਤਿ ਗੁਰੁ ਸਬਦ ਨਿਸਾਣਾ॥ (5-21-6)
ਸਤਿਗੁਰ ਪਰਣੈ ਤਿਨ ਕੁਰਬਾਣਾ ॥੨੧॥੫॥ (5-21-7)

Vaar 6

ੴ ਸਤਿਗੁਰਪ੍ਰਸਾਦਿ॥ (6-1-1)

ਪੂਰਾ ਸਤਿਗੁਰ ਜਾਣੀਐ ਪੂਰੈ ਪੂਰਾ ਥਾਟ ਬਣਾਯਾ॥ (6-1-2)
ਪੂਰੇ ਪੂਰਾ ਸਾਧ ਸੰਗ ਪੂਰੇ ਪੂਰਾ ਮੰਤ ਦ੍ਰਿੜਾਯਾ॥ (6-1-3)
ਪੂਰੇ ਪੂਰਾ ਪਿਰਮਰਸ ਪੂਰੇ ਗੁਰਮੁਖ ਪੰਥ ਚਲਾਯਾ॥ (6-1-4)
ਪੂਰੇ ਪੂਰਾ ਦਰਸਨੋ ਪੂਰੇ ਪੂਰਾ ਸ਼ਬਦ ਸੁਣਾਯਾ॥ (6-1-5)
ਪੂਰੇ ਪੂਰਾ ਬੈਹਣ ਕਰ ਪੂਰੇ ਪੂਰਾ ਤਕਥ ਰਚਾਯਾ॥ (6-1-6)
ਸਾਧਸੰਗਤਿ ਸਚਖੰਡ ਹੈ ਭਗਤ ਵਛਲ ਹੁਇ ਵਸਿ ਗਤਿ ਪਾਯਾ॥ (6-1-7)
ਸਤਿਰੂਪ ਸਚ ਨਾਉ ਗੁਰ ਗਿਆਨ ਧਿਆਨ ਸਿਖਾਂ ਸਮਝਾਯਾ॥ (6-1-8)
ਗੁਰ ਚੇਲੇ ਪਰਚਾ ਪਰਚਾਯਾ ॥੧॥ (6-1-9)

ਕਰਣ ਕਾਰਣ ਸਮਰਥ ਹੈ ਸਾਧ ਸੰਗਤ ਦਾ ਕਰੈ ਕਰਾਯਾ॥ (6-2-1)
ਭਰੇ ਭੰਡਾਰ ਦਾਤਾਰ ਹੈ ਸਾਧ ਸੰਗਤ ਦਾ ਦੇਇ ਦਵਾਯਾ॥ (6-2-2)
ਪਾਰਬ੍ਰਹਮ ਗੁਰ ਰੂਪ ਹੋਇ ਸਾਧ ਸੰਗਤ ਗੁਰ ਸ਼ਬਦ ਸਮਾਯਾ॥ (6-2-3)
ਜਗ ਭੋਗ ਜੋਗ ਧਿਆਨ ਕਰ ਪੂਜਾ ਪਰੋ ਨ ਦਰਸ਼ਨ ਪਾਯਾ॥ (6-2-4)
ਸਾਧ ਸੰਗਤ ਪਿਓ ਪੁਤ ਹੋਇ ਦਿਤਾ ਖਾਇ ਪਹਿਨ ਪੈਨ੍ਹਾਯਾ॥ (6-2-5)
ਘਰ ਬਾਰੀ ਹੋਇ ਵਰਤਿਆ ਘਰ ਬਾਰੀ ਸਿਖ ਪੈਰੀਂ ਪਾਯਾ॥ (6-2-6)
ਮਾਯਾ ਵਿਚ ਉਦਾਸ ਰਖਾਇਆ ॥੨॥ (6-2-7)

ਅੰਮ੍ਰਿਤ ਵੇਲੇ ਉਠ ਕੇ ਜਾਇ ਅੰਦਰ ਦਰਯਾਇ ਨ੍ਹਵੰਦੇ॥ (6-3-1)
ਸਹਜ ਸਮਾਧ ਅਗਾਧ ਵਿਚ ਇਕ ਮਨ ਹੋ ਗੁਰ ਜਾਪ ਜਪੰਦੇ॥ (6-3-2)
ਮਥੇ ਟਿਕੇ ਲਾਲ ਲਾਇ ਸਾਧ ਸੰਗਤ ਚਲ ਜਾਇ ਬਹੰਦੇ॥ (6-3-3)
ਸ਼ਬਦ ਸੁਰਤਿ ਲਿਵਲੀਨ ਹੋਇ ਸਤਿਗੁਰ ਬਾਣੀ ਗਾਵ ਸੁਨੰਦੇ॥ (6-3-4)
ਭਾਇ ਭਗਤ ਭੈ ਵਰਤਮਾਨ ਗੁਰ ਸੇਵਾ ਗੁਰ ਪੁਰਬ ਕਰੰਦੇ॥ (6-3-5)
ਸੰਝੈ ਸੋਦਰ ਗਾਵਣਾ ਮਨ ਮੇਲੀ ਕਰ ਮੇਲ ਮਿਲੰਦੇ॥ (6-3-6)
ਰਾਤੀ ਕੀਰਤਨ ਸੋਹਿਲਾ ਕਰ ਆਰਤੀ ਪਰਸਾਦ ਵੰਡੰਦੇ॥ (6-3-7)
ਗੁਰਮੁਖ ਸੁਖਫਲ ਪਿਰਮ ਚਖੰਦੇ ॥੩॥ (6-3-8)

ਇਕ ਕਵਾਉ ਪਸਾਉ ਕਰ ਓਅੰਕਾਰ ਅਕਾਰ ਪਸਾਰਾ॥ (6-4-1)
ਪਉਣ ਪਾਣੀ ਬੈਸੰਤਰੋ ਧਰਤ ਅਗਾਸ ਕਰੇ ਨਿਰਧਾਰਾ॥ (6-4-2)
ਰੋਮ ਰੋਮ ਵਿਚ ਰਖਿਉਨ ਕਰ ਵਰਭੰਡ ਕਰੋੜ ਅਕਾਰਾ॥ (6-4-3)
ਪਾਰਬ੍ਰਹਮ ਪੂਰਨ ਬ੍ਰਹਮ ਅਗਮ ਅਗੋਚਰ ਅਲਖ ਅਪਾਰਾ॥ (6-4-4)
ਪ੍ਰੇਮ ਪਿਆਲੇ ਵਸ ਹੋਇ ਭਗਤ ਵਛਲ ਹੋਇ ਸਿਰਜਨਹਾਰਾ॥ (6-4-5)
ਬੀਉ ਬੀਜ ਅਤਿ ਸੂਖਮੋ ਤਿਦੂ ਹੋਇ ਵਡ ਬਿਰਖ ਬਿਥਾਰਾ॥ (6-4-6)
ਫਲ ਵਿਚ ਬੀਉ ਸਮਾਇਕੈ ਇਕ ਦੂੰ ਬੀਓਂ ਲਖ ਹਜਾਰਾ॥ (6-4-7)
ਗੁਰਮੁਖ ਸੁਖਫਲ ਪ੍ਰੇਮ ਰਸ ਗੁਰਸਿਖਾਂ ਸਤਿਗੁਰੂ ਪਿਆਰਾ॥ (6-4-8)
ਸਾਧ ਸੰਗਤਿ ਸਚਖੰਡ ਵਿਚ ਸਤਿਗੁਰ ਪੁਰਖ ਵਸੈ ਨਿਰੰਕਾਰਾ॥ (6-4-9)
ਭਾਇ ਭਗਤਿ ਗੁਰਮੁਖ ਨਿਸਤਾਰਾ ॥੪॥ (6-4-10)

ਪਉਣ ਗੁਰੂ ਗੁਰ ਸਬਦ ਹੈ ਵਾਹਿਗੁਰੂ ਗੁਰ ਸਬਦ ਸੁਣਾਯਾ॥ (6-5-1)
ਪਾਣੀ ਪਿਤਾ ਪਵਿਤ੍ਰ ਕਰ ਗੁਰਮੁਖ ਪੰਥ ਨਿਵਾਣ ਚਲਾਯਾ॥ (6-5-2)
ਧਰਤੀ ਮਾਤ ਮਹੱਤ ਕਰ ਓਤ ਪੋਤ ਸੰਜੋਗ ਬਨਾਯਾ॥ (6-5-3)
ਦਾਈ ਦਾਇਆ ਰਾਤ ਦਿਹੁ ਬਾਲ ਸੁਭਾਇ ਜਗਤ ਖਿਲਾਯਾ॥ (6-5-4)
ਗੁਰਮੁਖ ਜਨਮ ਸਕਾਰਥਾ ਸਾਧ ਸੰਗਤਿ ਵਸ ਆਪ ਗਵਾਯਾ॥ (6-5-5)
ਜੰਮਣ ਮਰਨੋਂ ਬਾਹਿਰੇ ਜੀਵਨ ਮੁਕਤਿ ਜੁਗਤਿ ਵਰਤਾਯਾ॥ (6-5-6)
ਗੁਰਮਤ ਮਾਤਾ ਮੱਤ ਹੈ ਪਿਤਾ ਸੰਤੋਖ ਮੋਖ ਪਦ ਪਾਯਾ॥ (6-5-7)
ਧੀਰਜ ਧਰਮ ਭਰਾਵ ਦੁਇ ਜਪਤਪ ਜਤਸਤ ਪੁਤ ਜਣਾਯਾ॥ (6-5-8)
ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਤ ਵਰਤਾਯਾ॥ (6-5-9)
ਗੁਰਮੁਖ ਸੁਖਫਲ ਅਲਖ ਲਖਾਯਾ ॥੫॥ (6-5-10)

ਪਰ ਘਰ ਜਾਇ ਪਰਾਹੁਣਾ ਆਸਾ ਵਿਚ ਨਿਰਾਸ ਵਲਾਏ॥ (6-6-1)
ਪਾਣੀ ਅੰਦਰ ਕਵਲ ਜਿਉ ਸੂਰਜ ਧਿਆਨ ਅਲਿਪਤ ਤਰਾਏ॥ (6-6-2)
ਸ਼ਬਦ ਸੁਰਤ ਸਤਸੰਗ ਮਿਲ ਗੁਰ ਚੇਲੇ ਦੀ ਸੰਧ ਮਿਲਾਏ॥ (6-6-3)
ਚਾਰ ਵਰਨ ਗੁਰਸਿਖ ਹੋਇ ਸਾਧ ਸੰਗਤ ਸਚ ਖੰਡ ਵਸਾਏ॥ (6-6-4)
ਆਪ ਗਵਾਏ ਤੰਬੋਲ ਰਸ ਖਾਇ ਚਬਾਇ ਸੁ ਰੰਗ ਚੜਾਏ॥ (6-6-5)
ਛਿਅ ਦਰਸ਼ਨ ਤਰਸਨ ਖੜੇ ਬਾਰਹ ਪੰਥ ਗਰੰਥ ਸੁਨਾਏ॥ (6-6-6)
ਛਿਅ ਰੁਤ ਬਾਰਹ ਮਾਸ ਕਰ ਇਕ ਇਕ ਸੂਰਜ ਚੰਦ ਦਿਖਾਏ॥ (6-6-7)
ਬਾਰਹ ਸੋਲਹ ਮੇਲਕੇ ਸਸੀਅਰ ਅੰਦਰ ਸੂਰ ਸਮਾਏ॥ (6-6-8)
ਸ਼ਿਵ ਸ਼ਕਤੀ ਨੂੰ ਲੰਘ ਕੈ ਗੁਰਮੁਖ ਇਕ ਮਨ ਇਕ ਧਿਆਏ॥ (6-6-9)
ਪੈਰੀਂ ਪੈ ਜਗ ਪੈਰੀਂ ਪਾਏ ॥੬॥ (6-6-10)

ਗੁਰਉਪਦੇਸ਼ ਅਵੇਸ਼ ਕਰ ਪੈਰੀਂ ਪੈ ਰਹਿਰਾਸ ਕਰੰਦੇ॥ (6-7-1)
ਚਰਨ ਸਰਨ ਮਸਤਕ ਧਰਨ ਛਰਨ ਰੇਣ ਮੁਖ ਤਿਲਕ ਸੁਹੰਦੇ॥ (6-7-2)
ਭਰਮ ਕਰਮ ਦਾ ਲੇਖ ਮੇਟ ਲੇਪ ਅਲੇਖ ਵਸੇਖ ਬਣੰਦੇ॥ (6-7-3)
ਜਗ ਮਗ ਜੋਤ ਉਦੋਤ ਕਰ ਸੂਰਜ ਚੰਦ ਨ ਅਲਖ ਪੁਜੰਦੇ॥ (6-7-4)
ਹਉਮੈਂ ਗਰਬ ਨਿਵਾਰਕੈ ਸਾਧ ਸੰਗਤ ਸਚ ਮੇਲ ਮਿਲੰਦੇ॥ (6-7-5)
ਸਾਧ ਸੰਗਤ ਪੂਰਨ ਬ੍ਰਹਮ ਚਰਨ ਕਵਲ ਪੂਜਾ ਪਰਚੰਦੇ॥ (6-7-6)
ਸੁਖ ਸੰਗਤ ਕਰ ਭਵਰ ਵਸੰਦੇ ॥੭॥ (6-7-7)

ਗੁਰਦਰਸ਼ਨ ਪਰਸ਼ਨ ਸਫਲ ਛੇ ਦਰਸ਼ਨ ਇਕ ਦਰਸ਼ਨ ਜਾਣੈ॥ (6-8-1)
ਦਿਬ ਦ੍ਰਿਸ਼ਟ ਪਰਗਾਸ ਕਰ ਲੋਕ ਵੇਦ ਗੁਰ ਗਿਆਨ ਪਛਾਣੈ॥ (6-8-2)
ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥ (6-8-3)
ਪਰ ਧਨ ਸੂਅਰ ਗਾਇ ਜਿਉ ਮਕਰੂਹ ਹਿੰਦੂ ਮੁਸਲਮਾਣੈ॥ (6-8-4)
ਘਰਬਾਰੀ ਗੁਰ ਸਿਖ ਹੋਇ ਸਿਖਾ ਸੂਤ੍ਰ ਮਲ ਮੂਤ੍ਰ ਵਿਡਾਣੈ॥ (6-8-5)
ਪਾਰਬ੍ਰਹਮ ਪੂਰਨ ਬ੍ਰਹਮ ਗਜਾਨ ਧਜਾਨ ਗੁਰਸਿਖ ਸਿਞਾਣੈ॥ (6-8-6)
ਸਾਧ ਸੰਗਤ ਮਿਲ ਪਤ ਪਰਵਾਣੈ ॥੮॥ (6-8-7)

ਗਾਈਂ ਬਝਹਲੇ ਰੰਗ ਜਿਉਂ ਦੁਧ ਦੇਣ ਹੈ ਇਕ ਰੰਗੀ॥ (6-9-1)

ਬਾਹਲੇ ਬਿਰਖ ਬਣਾਸਪਤ ਅੰਦਰ ਅਗਨੀ ਹੈ ਬਹੁ ਰੰਗੀ॥ (6-9-2)
ਰਤਨਾ ਵੇਖੇ ਸਭ ਕੋ ਰਤਨ ਪਾਰਖੂ ਵਿਰਲਾ ਸੰਗੀ॥ (6-9-3)
ਹੀਰੇ ਹੀਰਾ ਬੇਧਿਆ ਰਤਨ ਮਾਲ ਸਤ ਸੰਗਤ ਚੰਗੀ॥ (6-9-4)
ਅੰਮ੍ਰਿਤ ਨਦਰ ਨਿਹਾਲਿਓ ਹੋਇ ਨਿਹਾਲ ਨ ਹੋਰਸ ਮੰਗੀ॥ (6-9-5)
ਦਿਬਦੇਹ ਦਿਬ ਦ੍ਰਿਸ਼ਟ ਹੋਇ ਪੂਰਨ ਬ੍ਰਹਮ ਜੋ ਅੰਗ ਅੰਗੀ॥ (6-9-6)
ਸਾਧ ਸੰਗਤ ਸਤਿਗੁਰ ਸਹ ਲੰਗੀ ॥੯॥ (6-9-7)

ਸ਼ਬਦ ਸੁਰਤ ਲਿਵ ਸਾਧ ਸੰਗ ਪੰਚ ਸਬਦ ਇਕ ਸਬਦ ਮਿਲਾਏ॥ (6-10-1)
ਰਾਗਨਾਦ ਸੰਬਾਦ ਰਖ ਭਾਖਿਆ ਭਾਉ ਸੁਭਾਉ ਅਲਾਏ॥ (6-10-2)
ਗੁਰਮੁਖ ਬ੍ਰਹਮ ਧਿਆਨ ਧੁਨ ਜਾਣੈ ਜੰਤ੍ਰੀ ਜੰਤ੍ਰ ਵਜਾਏ॥ (6-10-3)
ਅਕਥ ਕਥਾ ਵੀਚਾਰ ਕੈ ਉਸਤਤ ਨਿੰਦਾ ਵਰਜ ਰਹਾਏ॥ (6-10-4)
ਗੁਰ ਉਪਦੇਸ਼ ਅਦੇਸ ਕਰ ਮਿਠਾ ਬੋਲਣ ਮਨ ਪਰਚਾਏ॥ (6-10-5)
ਜਾਇ ਮਿਲਣ ਗੁੜ ਕੀੜਿਆਂ ਰਖੇ ਰਖਣਹਾਰ ਲੁਕਾਏ॥ (6-10-6)
ਗੰਨਾ ਹੋਇ ਕੋਹਲੂ ਪੜਾਏ ॥੧੦॥ (6-10-7)

ਚਰਨ ਕਮਲ ਮਕਰੰਦ ਰਸ ਹੋਇ ਭਵਰ ਲੈ ਵਾਸ ਲੁਭਾਵੈ॥ (6-11-1)
ਇੜਾ ਪਿੰਗਲਾ ਸੁਖਮਨਾ ਲੰਘ ਤ੍ਰਿਬੇਨੀ ਨਿਜ ਘਰ ਆਵੈ॥ (6-11-2)
ਸਾਹਿ ਸਾਹਿ ਮਨ ਪਵਨ ਲਿਵ ਸੋਹੰ ਹੰਸਾ ਜਪੇ ਜਪਾਵੈ॥ (6-11-3)
ਅਚਰਜ ਰੂਪ ਅਨੂਪ ਲਿਵ ਗੰਧ ਸੁਗੰਧ ਅਵੇਸ ਮਚਾਵੈ॥ (6-11-4)
ਸੁਖ ਸਾਗਰ ਚਰਨਾਰਬਿੰਦ ਸੁਖ ਸੰਪਤ ਵਿਚ ਸਹਜ ਸਮਾਵੈ॥ (6-11-5)
ਗੁਰਮੁਖ ਸੁਖਫਲ ਪਿਰਮ ਰਸ ਦੇਹ ਬਿਦੇਹ ਪਰਮਪਦ ਪਾਵੈ॥ (6-11-6)
ਸਾਧ ਸੰਗਤ ਮਿਲ ਅਲਖ ਲਖਾਵੈ ॥੧੧॥ (6-11-7)

ਗੁਰਮੁਖ ਹਥ ਸਕਥ ਹਨ ਸਾਧ ਸੰਗਤ ਗੁਰ ਕਾਰ ਕਮਾਵੈ॥ (6-12-1)
ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮ੍ਰਿਤ ਪਾਵੈ॥ (6-12-2)
ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਬਜਾਵੈ॥ (6-12-3)
ਨਮਸਕਾਰ ਡੰਡੌਤ ਕਰ ਗੁਰ ਭਾਈ ਗਲ ਮਿਲ ਗਲ ਲਾਵੈ॥ (6-12-4)
ਕਿਰਤ ਵਿਰਤ ਕਰ ਧਰਮ ਦੀ ਹਥਹੁੰ ਦੇਕੇ ਭਲਾ ਮਨਾਵੈ॥ (6-12-5)
ਪਾਰਸ ਪਰਸ ਅਪਰਸ ਹੋਇ ਪਰ ਤਨ ਪਰ ਧਨ ਹਥ ਨ ਲਾਵੈ॥ (6-12-6)
ਗੁਰਸਿਖ ਗੁਰਸਿਖ ਪੁਜਕੈ ਭਾਇ ਭਗਤਿ ਭੈ ਭਾਣਾ ਭਾਵੈ॥ (6-12-7)
ਆਪ ਗਵਾਇ ਨ ਆਪ ਗਣਾਵੈ ॥੧੨॥ (6-12-8)

ਗੁਰਮੁਖ ਪੈਰ ਸਕਾਰਥੇ ਗੁਰਮੁਖ ਮਾਰਗ ਚਾਲ ਚਲੰਦੇ॥ (6-13-1)
ਗੁਰੂ ਦੁਆਰੇ ਜਾਨ ਚਲ ਸਾਧ ਸੰਗਤ ਚਲ ਜਾਇ ਬਹੰਦੇ॥ (6-13-2)
ਧਾਵਨ ਪਰਉਪਕਾਰ ਨੋਂ ਗੁਰ ਸਿਖਾਂ ਨੋ ਖੋਜ ਲਹੰਦੇ॥ (6-13-3)
ਦੁਬਿਧਾ ਪੰਥ ਨ ਧਾਵਨੀ ਮਾਯਾ ਵਿਚ ਉਦਾਸ ਰਹੰਦੇ॥ (6-13-4)
ਬੰਦ ਖਲਾਸੀ ਬੰਦਗੀ ਵਿਰਲੇ ਕੋਈ ਹੁਕਮੀ ਬੰਦੇ॥ (6-13-5)
ਗੁਰ ਸਿਖਾਂ ਪਰਦਖਣਾ ਪੈਰੀਂ ਪੈ ਰਹਿਰਾਸ ਕਰੰਦੇ॥ (6-13-6)
ਗੁਰ ਚੇਲੇ ਪਰਚੇ ਪਰਚੰਦੇ ॥੧੩॥ (6-13-7)

ਗੁਰਸਿਖ ਮਨ ਪਰਗਾਸ ਹੈ ਪਿਰਮ ਪਿਆਲਾ ਅਜਰ ਜਰੰਦੇ॥ (6-14-1)
ਪਾਰਬ੍ਰਹਮ ਪੂਰਨ ਬ੍ਰਹਮ ਬ੍ਰਹਮ ਬਬੇਕੀ ਧਿਆਨ ਧਰੰਦੇ॥ (6-14-2)
ਸਬਦ ਸੁਰਤ ਲਿਵਲੀਨ ਹੋ ਅਕਥ ਕਥਾ ਗੁਰ ਸਬਦ ਸੁਣੰਦੇ॥ (6-14-3)
ਭੂਤ ਭਵਿਖਹੁ ਵਰਤਮਾਨ ਅਬਗਤ ਗਤ ਅਤਿ ਅਲਖ ਲਖੰਦੇ॥ (6-14-4)
ਗੁਰਮੁਖ ਸੁਖਫਲ ਅਛਲ ਛਲ ਭਗਤ ਵਛਲ ਕਰ ਅਛਲ ਛਲੰਦੇ॥ (6-14-5)
ਭਵਜਲ ਅੰਦਰ ਬੋਹਿਥੈ ਇਕਸ ਪਿਛੈ ਲਖ ਤਰੰਦੇ॥ (6-14-6)
ਪਰਉਪਕਾਰੀ ਮਿਲਨ ਹਸੰਦੇ ॥੧੪॥ (6-14-7)

ਬਾਵਨ ਚੰਦਨ ਆਖੀਐ ਬਹਿਲੇ ਬਿਸੀਅਰ ਤਿਸ ਲਪਟਾਹੀਂ॥ (6-15-1)
ਪਾਰਸ ਅੰਦਰ ਪਥਰਾਂ ਪਥਰ ਪਾਰਸ ਹੋਇ ਨ ਜਾਹੀਂ॥ (6-15-2)
ਮਣੀਂ ਜਿਨਾਂ ਸਪਾਂ ਸਿਰੀਂ ਓਇ ਭੀ ਸਪਾਂ ਵਿਚ ਫਿਰਾਹੀਂ॥ (6-15-3)
ਲਹਿਰੀ ਅੰਦਰ ਹੰਸਲੇ ਮਾਣਕ ਮੋਤੀ ਚੁਗ ਚੁਗ ਖਾਹੀਂ॥ (6-15-4)
ਜਤੋਂ ਜਲ ਕਵਲ ਅਲਿਪਤ ਹੈ ਘਰਬਾਰੀ ਗੁਰਸਿਖ ਤਿਵਾਹੀਂ॥ (6-15-5)
ਆਸਾ ਵਿਚ ਨਿਰਾਸ ਹੋਇ ਜੀਵਣ ਮੁਕਤ ਸੁ ਜੁਗਤ ਜਵਾਹੀਂ॥ (6-15-6)
ਸਾਧ ਸੰਗਤਿ ਕਿਤ ਮੁਖ ਸਲਾਹੀਂ ॥੧੫॥ (6-15-7)

ਧੰਨ ਧੰਨ ਸਤਿਗੁਰ ਪੁਰਖ ਨਿਰੰਕਾਰ ਅਕਾਰ ਬਨਾਇਆ॥ (6-16-1)
ਧੰਨ ਧੰਨ ਗੁਰਸਿਖ ਸੁਣ ਚਰਨ ਸਰਨ ਗੁਰਸਿਖ ਜੁਆਯਾ॥ (6-16-2)
ਗੁਰਮੁਖ ਮਾਰਗ ਧੰਨ ਧੰਨ ਸਾਧ ਸੰਗਤ ਮਿਲ ਸੰਗ ਚਲਾਯਾ॥ (6-16-3)
ਧੰਨ ਧੰਨ ਸਤਿਗੁਰ ਚਰਨ ਧੰਨ ਮਸਤਕ ਗੁਰ ਚਰਨੀ ਲਾਯਾ॥ (6-16-4)
ਸਤਿਗੁਰ ਦਰਸਨ ਧੰਨ ਹੈ ਧੰਨ ਧੰਨ ਗੁਰਸਿਖ ਪਰਸਨ ਆਯਾ॥ (6-16-5)
ਭਾਉ ਭਗਤਿ ਗੁਰਸਿਖ ਵਿਚ ਹੋਇ ਦਿਆਲ ਗੁਰੂ ਮਹਿ ਲਾਯਾ॥ (6-16-6)
ਦੁਰਮਤ ਦੂਜਾ ਜਾਉ ਮਿਟਾਇਆ ॥੧੬॥ (6-16-7)

ਧੰਨ ਪਲ ਚਸਾ ਘੜੀ ਪਹਿਰ ਧੰਨ ਧੰਨ ਥਿਤ ਸੁ ਵਾਰ ਸਭਾਗੇ॥ (6-17-1)
ਧੰਨ ਧੰਨ ਦਿਹ ਰਾਤ ਹੈ ਪਖ ਮਾਹ ਰੁਤ ਸੰਮਤ ਜਾਗੇ॥ (6-17-2)
ਧੰਨ ਅਭੀਚ ਨਿਛਤ੍ਰ ਹੈ ਕਾਮ ਕ੍ਰੋਧ ਅਹੰਕਾਰ ਤਿਆਗੇ॥ (6-17-3)
ਧੰਨ ਧੰਨ ਸੰਜੋਗ ਹੈ ਅਠਸਠ ਤੀਰਥ ਰਾਜ ਪਿਰਾਗੇ॥ (6-17-4)
ਗੁਰੂ ਦੁਆਰੇ ਆਇਕੈ ਚਰਨ ਕਵਲ ਰਸ ਅੰਮ੍ਰਿਤ ਪਾਗੇ॥ (6-17-5)
ਗੁਰਉਪਦੇਸ ਅਵੇਸ ਕਰ ਅਨਭੈ ਪਿਰਮ ਪਿਰੀ ਅਨੁਰਾਗੇ॥ (6-17-6)
ਸ਼ਬਦ ਸੁਰਤ ਲਿਵ ਸਾਧਸੰਗਤਿ ਅੰਗ ਅੰਗ ਇਕ ਰੰਗ ਸਮਾਗੇ॥ (6-17-7)
ਰਤਨ ਮਾਲ ਕਰ ਕਚੇ ਧਾਗੇ ॥੧੭॥ (6-17-8)

ਗੁਰਮੁਖ ਮਿੱਠਾ ਬੋਲਣਾ ਜੋ ਬੋਲੈ ਸੋਈ ਜਪ ਜਾਪੈ॥ (6-18-1)
ਗੁਰਮੁਖ ਅਖੀਂ ਦੇਖਣਾ ਬ੍ਰਹਮ ਧਿਆਨ ਧਰੇ ਆਪ ਸੁਆਪੈ॥ (6-18-2)
ਗੁਰਮੁਖ ਸੁਨਣਾ ਸੁਰਤ ਕਰ ਪੰਚ ਸ਼ਬਦ ਗੁਰ ਸ਼ਬਦ ਅਲਾਪੈ॥ (6-18-3)
ਗੁਰਮੁਖ ਕਿਰਤ ਕਮਾਵਣੀ ਨਮਸਕਾਰ ਡੰਡਉਤ ਸਿਵਾਪੈ॥ (6-18-4)
ਗੁਰਮੁਖ ਮਾਰਗ ਚਲਣਾ ਪਰਦਖਣਾ ਪੂਰਨ ਪਰਤਾਪੈ॥ (6-18-5)
ਗੁਰਮੁਖ ਖਾਣਾ ਪੈਨਣਾ ਜਗ ਭੋਗ ਸੰਜੋਗ ਪਛਾਪੈ॥ (6-18-6)
ਗੁਰਮੁਖ ਸਵਣ ਸਮਾਧਿ ਹੈ ਆਪੈ ਆਪ ਨ ਥਾਪ ਉਥਾਪੈ॥ (6-18-7)

ਘਰਬਾਰੀ ਜੀਵਨ ਮੁਕਤਿ ਲਹਰ ਨਹੀਂ ਲਬ ਲੋਭ ਬਿਆਪੈ॥ (6-18-8)
ਪਾਰ ਪਵੇ ਲੰਘ ਵਰੈ ਸਰਾਪੈ ॥੧੮॥ (6-18-9)

ਸਤਿਗੁਰ ਸਤਿ ਸਰੂਪ ਹੈ ਧਿਆਨ ਮੂਲ ਗੁਰ ਮੂਰਤ ਜਾਣੈ॥ (6-19-1)
ਸਤਿਨਾਮੁ ਕਰਤਾ ਪੁਰਖ ਮੂਲ ਮੰਤ੍ਰ ਸਿਮਰਣ ਪਰਵਾਣੈ॥ (6-19-2)
ਚਰਨ ਕਮਲ ਮਕਰੰਦ ਰਸ ਪੂਜਾ ਮੂਲ ਪਿਰਮ ਰਸ ਮਾਣੈ॥ (6-19-3)
ਸਬਦ ਸੁਰਤਿ ਲਿਵ ਸਾਧ ਸੰਗ ਗੁਰ ਕਿਰਪਾ ਤੇ ਅੰਦਰ ਆਣੈ॥ (6-19-4)
ਗੁਰਮੁਖ ਪੰਥ ਅਗੰਮ ਹੈ ਗੁਰਮਤ ਨਿਹਚਲ ਚਲਣ ਭਾਣੈ॥ (6-19-5)
ਵੇਦ ਕਤੇਬਹੁ ਬਾਹਰੀ ਅਕਥ ਕਥਾ ਕਉਣ ਆਖ ਵਖਾਣੈ॥ (6-19-6)
ਵੀਹ ਇਕੀਹ ਉਲੰਘ ਸਿਵਾਣੈ ॥੧੯॥ (6-19-7)

ਸੀਸ ਨਿਵਾਏ ਢੀਂਗੁਲੀ ਗਲ ਬਧੇ ਜਲ ਉੱਚਾ ਆਵੈ॥ (6-20-1)
ਘੁੱਘੂ ਸੁੱਝ ਨ ਸੁੱਝਈ ਚਕਵੀ ਚੰਦ ਨ ਡਿਠਾ ਭਾਵੈ॥ (6-20-2)
ਸਿੰਬਲ ਬਿਰਖ ਨ ਸਫਲ ਹੋਇ ਚੰਦਨ ਵਾਸ ਨ ਵਾਂਸ ਸਮਾਵੈ॥ (6-20-3)
ਸਪੈ ਦੁਧ ਪੀਆਲੀਐ ਤੁੰਮੇ ਦਾ ਕਉੜਤ ਨ ਜਾਵੈ॥ (6-20-4)
ਜਿਉਂ ਥਨ ਚੰਮੜ ਚਿਚੜੀ ਲਹੂ ਪੀਐ ਦੂਧ ਨ ਖਾਵੈ॥ (6-20-5)
ਸਬ ਅਵਗੁਣ ਮੈਂ ਤਨ ਵਸਣ ਗੁਣ ਕੀਤੇ ਅਵਗਣ ਨੋਂ ਧਾਵੈ॥ (6-20-6)
ਥੋਮ ਨ ਵਾਸ ਕਥੂਰੀ ਆਵੈ ॥੨੦॥੬॥ (6-20-7)

Vaar 7

ੴ ਸਤਿਗੁਰਪ੍ਰਸਾਦਿ ॥ (7-1-1)

ਸਤਿਗੁਰ ਸੱਚਾ ਪਾਤਸ਼ਾਹ ਸਾਧ ਸੰਗਤ ਸਚੁਖੰਡ ਵਸਾਯਾ॥ (7-1-2)
ਗੁਰਸਿਖ ਲੈ ਗੁਰਸਿਖ ਹੋਇ ਆਪ ਗਵਾਇ ਨ ਆਪ ਗਣਾਯਾ॥ (7-1-3)
ਗੁਰਸਿਖ ਸਭੋ ਸਾਧਨਾਂ ਸਾਧਿ ਸਧਾਇ ਸਾਧ ਸਦਵਾਯਾ॥ (7-1-4)
ਚਹੁੰ ਵਰਣਾਂ ਉਪਦੇਸ਼ ਦੇ ਮਾਯਾ ਵਿਚ ਉਦਾਸ ਰਹਾਯਾ॥ (7-1-5)
ਸੱਚਹੁੰ ਓਰੈ ਸਭ ਕਿਹੁ ਸੱਚ ਨਾਉਂ ਗੁਰ ਮੰਤ੍ਰ ਦਿੜਾਯਾ॥ (7-1-6)
ਹੁਕਮੈ ਅੰਦਰ ਸਭ ਕੋ ਮੰਨੈ ਹੁਕਮ ਸੁ ਸੱਚ ਸਮਾਯਾ॥ (7-1-7)
ਸ਼ਬਦ ਸੁਰਤਿ ਲਿਵ ਅਲਖ ਲਖਾਯਾ ॥੧॥ (7-1-8)

ਸਿਵ ਸਕਤੀ ਨੋਂ ਸਾਧਕੈ ਚੰਦ ਸੂਰ ਦਿਹੁ ਰਾਤ ਸਦਾਏ॥ (7-2-1)
ਸੁਖ ਦੁਖ ਸਾਧੇ ਹਰਖ ਸੋਗ ਨਰਕ ਸੁਰਗ ਪੁੰਨ ਪਾਪ ਲੰਘਾਏ॥ (7-2-2)
ਜਨਮ ਮਰਣ ਜੀਵਨ ਮੁਕਤਿ ਭਲਾ ਬੁਰਾ ਮਿੱਤ੍ਰ ਸ਼ਤ੍ਰ ਨਿਵਾਏ॥ (7-2-3)
ਰਾਜ ਜੋਗ ਜਿਣ ਵੱਸ ਕਰ ਸਾਧ ਸੰਜੋਗ ਵਿਜੋਗ ਰਹਾਏ॥ (7-2-4)
ਵਸਗਤਿ ਕੀਤੀ ਨੀਂਦ ਭੁਖ ਆਸਾ ਮਨਸਾ ਜਿਣ ਘਰ ਆਏ॥ (7-2-5)
ਉਸਤਤਿ ਨਿੰਦਾ ਸਾਧ ਕੈ ਹਿੰਦੂ ਮੁਸਲਮਾਨ ਸਬਾਏ॥ (7-2-6)
ਪੈਰੀਂ ਪੈ ਪੈਖਾਕ ਸਦਾਏ ॥੨॥ (7-2-7)

ਬ੍ਰਹਮਾ ਬਿਸਨ ਮਹੇਸ਼ ਤ੍ਰੈ ਲੋਕ ਵੇਦ ਗੁਣ ਗਿਆਨ ਲੰਘਾਏ॥ (7-3-1)
ਭੂਤ ਭਵਿਖਹੁ ਵਰਤਮਾਨ ਆਦਿ ਮੱਧ ਜਿਣ ਅੰਤ ਸਿਧਾਏ॥ (7-3-2)
ਮਨਬਚ ਕਰਮ ਇਕਤ੍ਰ ਕਰ ਜੰਮਨ ਮਰਨ ਜੀਵਨ ਜਿਣ ਆਏ॥ (7-3-3)
ਆਧਿ ਬਿਆਧਿ ਉਪਾਧ ਸਾਧ ਸੁਰਗ ਮਿਰਤ ਪਾਤਾਲ ਨਿਵਾਏ॥ (7-3-4)
ਉੱਤਮ ਮਧਮ ਨੀਚ ਸਾਧ ਬਾਲਕ ਜੋਬਨ ਬਿਰਧ ਜਿਣਾਏ॥ (7-3-5)
ਇੜਾ ਪਿੰਗਲਾ ਸੁਖਮਨਾ ਤ੍ਰਿਕੁਟੀ ਲੰਘ ਤ੍ਰਿਬੇਣੀ ਨ੍ਹਾਏ॥ (7-3-6)
ਗੁਰਮੁਖ ਇਕ ਮਨ ਇਕ ਧਿਆਏ ॥੩॥ (7-3-7)

ਅੰਡਜ ਜੇਰਜ ਸਾਧਕੈ ਸੇਤਜ ਉਤਭੁਜ ਖਾਣੀ ਬਾਣੀ॥ (7-4-1)
ਚਾਰੇ ਕੰਦਾਂ ਚਾਰ ਜੁਗ ਚਾਰ ਵਰਣ ਚਾਰ ਵੇਦ ਵਖਾਣੀ॥ (7-4-2)
ਧਰਮ ਅਰਥ ਕਾਮ ਮੋਖ ਜਿਣ ਰਜ ਤਮ ਸਤ ਗੁਨ ਤੁਰੀਆਰਾਣੀ॥ (7-4-3)
ਸਨਕਾਦਿਕ ਆਸ਼੍ਰਮ ਉਲੰਘ ਚਾਰ ਵੀਰ ਵਸਗਤਿ ਕਰਆਣੀ॥ (7-4-4)
ਚਉਪੜ ਜਿਉਂ ਚਉਸਾਰ ਮਾਰ ਜੋੜਾ ਹੋਇ ਨ ਕੋਇ ਰਿਵਾਣੀ॥ (7-4-5)
ਰੰਗ ਬਰੰਗ ਤੰਬੋਲ ਰਸ ਬਹੁ ਰੰਗੀ ਇਕ ਰੰਗ ਨਿਸਾਣੀ॥ (7-4-6)
ਗੁਰਮੁਖ ਸਾਧ ਸੰਗਤ ਨਿਰਬਾਣੀ ॥੪॥ (7-4-7)

ਪਉਣ ਪਾਣੀ ਬੈਸੰਤਰੋ ਧਰਤ ਅਕਾਸ਼ ਉਲੰਘ ਪਇਆਣਾ॥ (7-5-1)
ਕਾਮ ਕਰੋਧ ਵਿਰੋਧ ਲੰਘ ਲੋਭ ਮੋਹ ਅਹੰਕਾਰ ਵਿਹਾਣਾ॥ (7-5-2)
ਸਤ ਸੰਤੋਖ ਦਇਆ ਧਰਮ ਅਰਥ ਸੁ ਗ੍ਰੰਥ ਪੰਚ ਪਰਵਾਣਾ॥ (7-5-3)
ਖੇਚਰ ਭੂਚਰ ਚਾਚਰੀ ਉਨਮਨ ਲੰਘ ਓਗੋਚਰ ਬਾਣਾ॥ (7-5-4)

ਪੰਚਾਇਣ ਪਰਮੇਸ਼ਰੋ ਪੰਚ ਸ਼ਬਦ ਘਨਘੋਰ ਨੀਸਾਣਾ॥ (7-5-5)
ਗੁਰਮੁਖ ਪੰਚ ਭੂਆਤਮਾ ਸਾਧ ਸੰਗਤਿ ਮਿਲ ਸਾਧ ਸੁਹਾਣਾ॥ (7-5-6)
ਸਹਜਿ ਸਮਾਧਿ ਨ ਆਵਣ ਜਾਣਾ ॥੫॥ (7-5-7)

ਛਿਅ ਰੁਤੀ ਕਰ ਸਾਧਨਾ ਛਿਅ ਦਰਸਨ ਸਾਧੇ ਗੁਰਮਤੀ॥ (7-6-1)
ਛਿਅ ਰਸ ਰਸਨਾ ਸਾਧਕੈ ਰਾਗ ਰਾਗਨੀ ਭਾਇ ਭਗਤੀ॥ (7-6-2)
ਛਿਅ ਚਿਰਜੀਵੀ ਛਿਅ ਜਤੀ ਚਕ੍ਰਵਰਤ ਛਿਅ ਸਾਥ ਜੁਗਤੀ॥ (7-6-3)
ਛਿਅ ਸ਼ਾਸਤ੍ਰ ਛਿਅ ਕ੍ਰਮ ਜਿਣ ਛਿਆਂ ਗੁਰਾਂ ਗੁਰ ਸੁਰਤਿ ਨਿਰਤੀ॥ (7-6-4)
ਛਿਅ ਵਰਤਾਰੇ ਸਾਧਕੈ ਛਿਅ ਛਕ ਛਤੀ ਪਵਣ ਪਰਤੀ॥ (7-6-5)
ਸਾਧ ਸੰਗਤ ਗੁਰ ਸ਼ਬਦ ਸੁਰਤੀ ॥੬॥ (7-6-6)

ਸਤ ਸਮੁੰਦ ਉਲੰਘਿਆ ਦੀਪ ਸਤ ਇਕ ਦੀਪਕ ਬਲਿਆ॥ (7-7-1)
ਸਤ ਸੂਤ ਇਕ ਸੂਤ ਕਰ ਸਤੇ ਪੁਰੀਆਂ ਲੰਘ ਉਛਲਿਆ॥ (7-7-2)
ਸਤ ਸਤੀ ਜਿਣ ਸਪ ਰਿਖ ਸਤਸੁਰਾਂ ਜਿਣ ਅਟਲ ਨ ਟਲਿਆ॥ (7-7-3)
ਸਤੇ ਸੀਵਾਂ ਸਾਧਕੈ ਸੱਤੀਂ ਸੀਵੀਂ ਸੁਫਲਿਓ ਫਲਿਆ॥ (7-7-4)
ਸਤ ਅਕਾਸ਼ ਪਤਾਲ ਸਤ ਵਸਗਤਿ ਕਰ ਉਪਰੇਰੈ ਚਲਿਆ॥ (7-7-5)
ਸਤੇ ਧਾਰੀ ਲੰਘਕੈ ਭੈਰਉ ਖੇਤ੍ਰਪਾਲ ਦਲ ਮਲਿਆ॥ (7-7-6)
ਸਤੇ ਰੋਹਣਿ ਸੱਤ ਵਾਰ ਸਤ ਸੁਹਾਗਣਿ ਸਾਧਿ ਨ ਢਲਿਆ॥ (7-7-7)
ਗੁਰਮੁਖ ਸਾਧ ਸੰਗਤ ਵਿਚ ਖਲਿਆ ॥੭॥ (7-7-8)

ਅਠੈ ਸਿਧੀ ਸਾਧਕੈ ਸਾਧਕ ਸਿਧ ਸਮਾਧਿ ਫਲਾਈ॥ (7-8-1)
ਅਸ਼ਟ ਕੁਲੀ ਬਿਖਸਾਧਨਾਂ ਸਿਮਰਣ ਸ਼ੇਖ ਨ ਕੀਮਤ ਪਾਈ॥ (7-8-2)
ਮਣ ਹੋਇ ਅਠ ਪੈਂਸੇਰੀਆਂ ਪੰਜੂ ਅਠੇ ਚਾਲੀ ਭਾਈ॥ (7-8-3)
ਜਿਉਂ ਚਰਖਾ ਅਠ ਖੰਡੀਆ ਇਕਤ ਸੂਤ ਰਹੇ ਲਿਵਲਾਈ॥ (7-8-4)
ਅਠ ਪਹਿਰ ਅਸਟਾਂਗ ਜੋ ਚਾਵਲ ਰੱਤੀ ਮਾਸਾ ਰਾਈ॥ (7-8-5)
ਅਠਕਾਠਾ ਮਨ ਵਸਕਰ ਅਸਟਧਾਂਤ ਕਰਾਈ॥ (7-8-6)
ਸਾਧ ਸੰਗਤਿ ਵਡੀ ਵਡਿਆਈ ॥੮॥ (7-8-7)

ਨਥ ਚਲਾਏ ਨਵੈਂ ਨਾਥ ਨਾਥਾਂ ਨਾਥ ਅਨਾਥ ਸਹਾਈ॥ (7-9-1)
ਨੌਂ ਨਿਧਾਨ ਫੁਰਮਾਨ ਵਿਚ ਪਰਮ ਨਿਧਾਨ ਗਯਾਨ ਗੁਰਭਾਈ॥ (7-9-2)
ਨੌਂ ਭਗਤੀ ਨੌਂ ਭਗਤ ਕਰ ਗੁਰਮੁਖ ਪ੍ਰੇਮ ਭਗਤ ਲਿਵਲਾਈ॥ (7-9-3)
ਨੌਂ ਗ੍ਰਹਿ ਸਾਧ ਗ੍ਰਿਹਸਤ ਵਿਚ ਪੂਰੇ ਸਤਿਗੁਰ ਦੀ ਵਡਿਆਈ॥ (7-9-4)
ਨਉਖੰਡ ਸਾਧ ਅਖੰਡ ਹੋ ਨਉਂ ਦੁਆਰ ਲੰਘ ਨਿਜ ਘਰ ਜਾਈ॥ (7-9-5)
ਨੌਂ ਅਗਨੀਲ ਅਨੀਲ ਹੋ ਨਉਂ ਕਲ ਨਿਗ੍ਰਹ ਸਹਜ ਸਮਾਈ॥ (7-9-6)
ਗੁਰਮੁਖ ਸੁਖ ਫਲ ਅਲਖ ਲਖਾਈ ॥੯॥ (7-9-7)

ਸਨਜਾਸੀ ਦਸ ਨਾਵ ਧਰ ਸਚ ਨਾਂਵ ਵਿਣ ਨਾਂਵ ਗਣਾਯਾ॥ (7-10-1)
ਦਸ ਅਵਤਾਰ ਅਕਾਰ ਕਰ ਏਕੰਕਾਰ ਨਅਲਖ ਲਖਾਯਾ॥ (7-10-2)
ਤੀਰਥ ਪੁਰਬ ਸੰਜੋਗ ਵਿਚ ਦਸ ਪੁਰਬੀਂ ਗੁਰਪੁਰਬ ਨ ਪਾਯਾ॥ (7-10-3)
ਇਕ ਮਨ ਇਕ ਨ ਚੇਤਿਓ ਸਾਧ ਸੰਗਤ ਵਿਣ ਦਹਦਿਸ ਧਾਯਾ॥ (7-10-4)

ਦਸਦਹੀਆ ਦਸ ਅਸਮੇਧ ਖਾਇ ਅਮੁਧ ਨਿਖੇਧ ਕਰਾਯਾ॥ (7-10-5)
ਇੰਦਰੀਆਂ ਦਸ ਵਸ ਕਰ ਬਾਹਰ ਜਾਂਦਾ ਵਰਜ ਰਹਾਯਾ॥ (7-10-6)
ਪੈਰੀ ਪੈ ਜਗ ਪੈਰੀ ਪਾਯਾ ॥੧੦॥ (7-10-7)

ਇਕ ਮਨ ਹੋਇ ਇਕਾਦਸੀ ਗੁਰਮੁਖ ਵਰਤ ਪਤਿਬ੍ਰਤ ਭਾਯਾ॥ (7-11-1)
ਗਿਆਰਹ ਰੁਦ੍ਰ ਸਮੁਦ੍ਰ ਵਿਚ ਪਲਦਾ ਪਾਰਾਵਾਰ ਨ ਪਾਯਾ॥ (7-11-2)
ਗਜਾਰਹ ਕਸ ਗਜਾਰਹ ਕਸੇ ਕਸ ਕਸਵਟੀ ਕੱਸ ਕਸਾਯਾ॥ (7-11-3)
ਗਿਆਰਹ ਗੁਣ ਫੈਲਾਉ ਕਰ ਕੱਚ ਪਕਾਈ ਅਘੜ ਘੜਾਯਾ॥ (7-11-4)
ਗਿਆਰਹ ਦਾਉ ਚੜਾਉ ਕਰ ਦੂਜਾ ਭਾਉ ਕੁਦਾਉ ਹਰਾਯਾ॥ (7-11-5)
ਗਿਆਰਹ ਗੇੜਾ ਸਿਖ ਸੁਣ ਗੁਰਸਿਖ ਲੈ ਗੁਰਸਿਖ ਸਦਾਯਾ॥ (7-11-6)
ਸਾਧ ਸੰਗਤ ਗੁਰ ਸਬਦ ਵਸਾਯਾ ॥੧੧॥ (7-11-7)

ਬਾਰਹ ਪੰਥ ਸੁਧਾਇਕੈ ਗੁਰਮੁਖ ਗਾਡੀ ਰਾਹ ਚਲਾਯਾ॥ (7-12-1)
ਸੂਰਜ ਬਾਰਹਮਾਹ ਵਿਚ ਸਸੀਅਰ ਇਕਤੁ ਮਾਹਿ ਫਿਰਾਯਾ॥ (7-12-2)
ਬਾਰਹ ਸੋਲਹ ਮੇਲ ਕਰ ਸਸੀਅਰ ਅੰਦਰ ਸੂਰ ਸਮਾਯਾ॥ (7-12-3)
ਬਾਰਹ ਤਿਲਕ ਮਿਟਾਇਕੈ ਗੁਰਮੁਖ ਤਿਲਕ ਨੀਸਾਣ ਚੜਾਯਾ॥ (7-12-4)
ਬਾਰਹ ਰਾਸੀਂ ਸਾਧ ਕੈ ਸੱਚ ਰਾਸ ਰਹਿਰਾਸ ਲੁਭਾਯਾ॥ (7-12-5)
ਬਾਰਹ ਵੰਨੀ ਹੋਇ ਕੈ ਬਾਰਹ ਮਾਸੇ ਤੋਲ ਤੁਲਾਯਾ॥ (7-12-6)
ਪਾਰਸ ਪਾਰਸ ਪਰਸ ਕਰਾਯਾ ॥੧੨॥ (7-12-7)

ਤੇਰਹ ਤਾਲ ਅਊਰਿਆ ਗੁਰਮੁਖ ਸੁਖ ਤਪ ਤਾਲ ਪੁਰਾਯਾ॥ (7-13-1)
ਤੇਰਹ ਰਤਨ ਅਕਾਰਥੇ ਗੁਰ ਉਪਦੇਸ਼ ਰਤਨ ਧਨ ਪਾਯਾ॥ (7-13-2)
ਤੇਰਹ ਪਦ ਕਰ ਜਗ ਵਿਚ ਪਿਤਰ ਕਰਮ ਕਰ ਭਰਮ ਭੁਲਾਯਾ॥ (7-13-3)
ਲਖ ਲਖ ਜੱਗ ਨ ਪੁਗਨੀ ਗੁਰਸਿਖ ਚਰਣੋਦਕ ਪੀਆਯਾ॥ (7-13-4)
ਜਗ ਭੋਗ ਨਈਵਦ ਲੱਖ ਗੁਰਮੁਖ ਮੁਖ ਇਕ ਦਾਣਾ ਪਾਯਾ॥ (7-13-5)
ਗੁਰ ਭਾਈ ਸੰਤੁਸ਼ ਕਰ ਗੁਰਮੁਖ ਸੁਖ ਫਲ ਪਿਰਮ ਚਖਾਯਾ॥ (7-13-6)
ਭਗਤ ਵਛਲ ਹੁਇ ਅਛਲ ਛਲਾਯਾ ॥੧੩॥ (7-13-7)

ਚੌਦਹ ਵਿਦਜਾ ਸਾਧ ਕੈ ਗੁਰਮਤ ਅਬਗਤਿ ਅਕਥ ਕਹਾਣੀ॥ (7-14-1)
ਚਉਦਹ ਭਵਨ ਉਲੰਘ ਕੈ ਨਿਜ ਘਰ ਵਾਸ ਨੇਹੁ ਨਿਰਬਾਣੀ॥ (7-14-2)
ਪੰਦ੍ਰਹ ਥਿਤੀਂ ਪਖ ਇਕ ਕ੍ਰਿਸ਼ ਸ਼ੁਕਲ ਦੁਇ ਪਖ ਨੀਸਾਣੀ॥ (7-14-3)
ਸੋਲਹ ਸਾਰ ਸੰਘਾਰ ਕਰ ਜੋੜਾ ਜੁੜਿਆ ਨਿਰਭਉ ਜਾਣੀ॥ (7-14-4)
ਸੋਲਹ ਕਲਾ ਸੰਪੂਰਣੋ ਸਸਿ ਘਰ ਸੂਰਜ ਵਿਰਤੀ ਹਾਣੀ॥ (7-14-5)
ਸੋਲਹ ਨਾਰ ਸੀਂਗਾਰ ਕਰ ਸੇਜ ਭਤਾਰ ਪਿਰਮ ਰਸਮਾਣੀ॥ (7-14-6)
ਸ਼ਿਵ ਤੈ ਸਕਤਿ ਸਤਿ ਰਹਵਾਣੀ ॥੧੪॥ (7-14-7)

ਗੋਤ ਅਠਾਰਹ ਸਾਧਕੈ ਪੜ੍ਹ ਪੌਰਾਣ ਅਠਾਰਹ ਭਾਈ॥ (7-15-1)
ਉੱਨੀ ਵੀਹ ਇਕੀਹ ਲੰਘ ਬਾਈ ਉਮਰੇ ਸਾਧ ਨਿਵਾਈ॥ (7-15-2)
ਸੰਖ ਅਸੰਖ ਲੁਟਾਇ ਕੈ ਤੇਈ ਚੌਵੀ ਪੰਝੀ ਪਾਈ॥ (7-15-3)
ਛਬੀ ਜੋੜ ਸਤਾਈਆ ਆਣ ਅਠਾਈ ਮੇਲ ਮਿਲਾਈ॥ (7-15-4)

ਉਲੰਘ ਉਣਤੀਹ ਤੀਹ ਸਾਧ ਲੰਘੇ ਤੀਹ ਇਕਤੀਹ ਵਧਾਈ॥ (7-15-5)
ਸਾਧ ਸੁਲੱਖਣ ਬਤੀਏ ਤੇਤੀ ਧ੍ਰੂ ਚਉਫੇਰ ਫਿਰਾਈ॥ (7-15-6)
ਚਉਤੀ ਲੇਖ ਅਲਖ ਲਖਾਈ ॥੧੫॥ (7-15-7)

ਵੇਦ ਕਤੇਬਹੁੰ ਬਾਹਰਾ ਲੇਖ ਅਲੇਖ ਨ ਲਖਿਆ ਜਾਈ॥ (7-16-1)
ਰੂਪ ਅਨੂਪ ਅਚਰਜ ਹੈ ਦਰਸ਼ਨ ਦ੍ਰਿਸ਼ਟਿ ਅਗੋਚਰ ਭਾਈ॥ (7-16-2)
ਇਕ ਕਵਾਉ ਪਸਾਉ ਕਰ ਤੋਲ ਨ ਤੁਲਾ ਧਰਨ ਸਮਾਈ॥ (7-16-3)
ਕਥਨੀ ਬਦਨੀ ਬਾਹਰਾ ਥਕੇ ਸਬਦ ਸੁਰਤ ਲਿਵ ਲਾਈ॥ (7-16-4)
ਮਨ ਬਚ ਕਰਮ ਅਗੋਚਰਾ ਮਤਿ ਬੁਧ ਸਾਧ ਕਿ ਸੋਝੀ ਪਾਈ॥ (7-16-5)
ਅਛਲ ਅਛੇਦ ਅਭੇਦ ਹੈ ਭਗਤ ਵਛਲ ਸਾਧ ਸੰਗਤਿ ਛਾਈ॥ (7-16-6)
ਵਡਾ ਆਪ ਵਡੀ ਵਡਿਆਈ ॥੧੬॥ (7-16-7)

ਵਣ ਵਣ ਵਿਚ ਵਣਾਸਪਤਿ ਰਹੈ ਉਜਾੜ ਅੰਦਰ ਅਸਵਾਰੀ॥ (7-17-1)
ਚੁਣ ਚੁਣ ਅੰਜਣ ਬੂਟੀਆਂ ਪਤਿਸ਼ਾਹੀ ਬਾਗ ਲਾਇ ਸਵਾਰੀ॥ (7-17-2)
ਸਿੰਜ ਸਿੰਜ ਬਿਰਖ ਵਡੀਰੀਅਨਿ ਸਾਰ ਸਮ੍ਹਾਲ ਕਰਨ ਵੀਚਾਰੀ॥ (7-17-3)
ਹੋਨਿ ਸਫਲ ਰੁਤਿ ਆਈਐ ਅੰਮ੍ਰਿਤ ਫਲ ਅੰਮ੍ਰਿਤਸਰ ਭਾਰੀ॥ (7-17-4)
ਬਿਰਖਹੁੰ ਸਾਉ ਨ ਆਵਈ ਫਲ ਵਿਚ ਸਾਉ ਸੁਗੰਧ ਸੰਜਾਰੀ॥ (7-17-5)
ਪੂਰਨ ਬ੍ਰਹਮ ਜਗਤ੍ਰ ਵਿਚ ਗੁਰਮੁਖ ਸਾਧ ਸੰਗਤ ਨਿਰੰਕਾਰੀ॥ (7-17-6)
ਗੁਰਮੁਖ ਸੁਖ ਫਲ ਅਪਰ ਅਪਾਰੀ ॥੧੭॥ (7-17-7)

ਅੰਬਰ ਨਦਰੀ ਆਂਵਦਾ ਕੇਵਡ ਵਡਾ ਕੋਇ ਨ ਜਾਣੈ॥ (7-18-1)
ਉਚਾ ਕੇਵਡ ਆਖੀਐ ਸੁੰਨ ਸਰੂਪ ਨ ਆਖ ਵਖਾਣੈ॥ (7-18-2)
ਲੈਣ ਉਡਾਰੀ ਪੰਖਣੂ ਅਨਲ ਮਨਲ ਉਡ ਖਬਰ ਨ ਆਣੈ॥ (7-18-3)
ਓੜਕ ਮੂਲ ਨ ਲਭਈ ਸਭੇ ਹੋਇ ਫਿਰਨ ਹੈਰਾਣੈ॥ (7-18-4)
ਲਖ ਅਗਾਸ ਨ ਅਪੜਨ ਕੁਦਰਤਿ ਕਾਦਰ ਨੋਂ ਕੁਰਬਾਣੈ॥ (7-18-5)
ਪਾਰਬ੍ਰਹਮ ਸਤਿਗੁਰ ਪੁਰਖ ਸਾਧ ਸੰਗਤਿ ਵਾਸਾ ਨਿਰਬਾਣੈ॥ (7-18-6)
ਮੁਰਦਾ ਹੋਇ ਮੁਰੀਦ ਸਿਞਾਣੈ ॥੧੮॥ (7-18-7)

ਗੁਰਮੂਰਤਿ ਪੂਰਨ ਬ੍ਰਹਮ ਘਟ ਘਟ ਅੰਦਰ ਸੂਰਜ ਸੁਝੈ॥ (7-19-1)
ਸੂਰਜ ਕਵਲ ਪਰੀਤਿ ਹੈ ਗੁਰਮੁਖ ਪ੍ਰੇਮ ਭਗਤਿ ਕਰ ਬੁਝੈ॥ (7-19-2)
ਪਾਰਬ੍ਰਹਮ ਗੁਰ ਸ਼ਬਦ ਹੈ ਨਿਝਰ ਧਾਰ ਵਰ੍ਹੈ ਗੁਣ ਗੁਝੈ॥ (7-19-3)
ਕਿਰਖ ਬਿਰਖ ਹੁਇ ਸਫਲ ਫਲ ਚੰਦਨ ਵਾਸ ਨਿਵਾਸ ਨਖੁਝੈ॥ (7-19-4)
ਅਫਲ ਸਫਲ ਸਮ ਦਰਸ ਹੋ ਮੋਹੁ ਨ ਧੋਹ ਨ ਦੁਬਿਧਾ ਲੁਝੈ॥ (7-19-5)
ਗੁਰਮੁਖ ਸੁਖਫਲ ਪਿਰਮ ਰਸ ਜੀਵਨ ਮੁਕਤ ਭਗਤ ਕਰ ਦੁਝੈ॥ (7-19-6)
ਸਾਧ ਸੰਗਤਿ ਮਿਲ ਸਹਿਜ ਸਮੁਝੈ ॥੧੯॥ (7-19-7)

ਸ਼ਬਦ ਗੁਰੂ ਗੁਰ ਜਾਣੀਐ ਗੁਰਮੁਖ ਹੋਇ ਸੁਰਤਿ ਧੁਨ ਚੇਲਾ॥ (7-20-1)
ਸਾਧ ਸੰਗਤਿ ਸਚਖੰਡ ਵਿਚ ਪ੍ਰੇਮ ਭਗਤਿ ਪਰਚੈ ਹੋਇ ਮੇਲਾ॥ (7-20-2)
ਗਯਾਨ ਧਯਾਨ ਸਿਮਰਣ ਜੁਗਤਿ ਕੂੰਜ ਕੁਰਮ ਹੰਸ ਵੰਸ ਨਵੇਲਾ॥ (7-20-3)
ਬਿਰਖਹੁੰ ਫਲ ਫਲ ਤੇ ਬਿਰਖ ਗੁਰਸਿਖ ਸਿਖ ਗੁਰਮੰਤ੍ਰ ਸੁਹੇਲਾ॥ (7-20-4)

ਵੀਹਾਂ ਅੰਦਰ ਵਰਤਮਾਨ ਹੋਇ ਇਕੀਹ ਅਗੋਚਰ ਖੇਲਾ॥ (7-20-5)
ਆਦਿ ਪੁਰਖ ਆਦੇਸ ਕਰ ਆਦਿ ਪੁਰਖ ਆਦੇਸ਼ ਵਹੇਲਾ॥ (7-20-6)
ਸਿਫਤ ਸਲਾਹਣ ਅੰਮ੍ਰਿਤ ਵੇਲਾ ॥੨੦॥੭॥ (7-20-7)

Vaar 8

ੴ ਸਤਿਗੁਰਪ੍ਰਸਾਦਿ॥ (8-1-1)

ਇਕ ਕਵਾਉ ਪਸਾਉ ਕਰ ਕੁਦਰਤ ਅੰਦਰ ਕੀਆ ਪਸਾਰਾ॥ (8-1-2)
ਪੰਜ ਤੱਤ ਪਰਵਾਨ ਕਰ ਚਹੁੰ ਖਾਣੀਂ ਵਿਚ ਸਭ ਵਰਤਾਰਾ॥ (8-1-3)
ਕੇਵਡ ਧਰਤੀ ਆਖੀਐ ਕੇਵਡ ਤੋਲ ਅਗਾਸ ਅਕਾਰਾ॥ (8-1-4)
ਕੇਵਡ ਪਵਣ ਵਖਾਣੀਐ ਕੇਵਡ ਖਾਣੀ ਤੋਲ ਵਿਥਾਰਾ॥ (8-1-5)
ਕੇਵਡ ਅਗਨੀ ਭਾਰ ਹੈ ਤੁੱਲ ਨ ਤੋਲ ਅਤੋਲ ਭੰਡਾਰਾ॥ (8-1-6)
ਕੇਵਡ ਆਖਾਂ ਸਿਰਜਣਹਾਰਾ ॥੧॥ (8-1-7)

ਚੌਰਾਸੀ ਲਖ ਜੋਨ ਵਿਚ ਜਲ ਥਲ ਮਹੀਅਲ ਤ੍ਰਿਭਵਣ ਸਾਰਾ॥ (8-2-1)
ਇਕਸ ਇਕਸ ਜੋਨ ਵਿਚ ਜੀਅ ਜੰਤ ਅਨਗਣਤ ਅਪਾਰਾ॥ (8-2-2)
ਸਾਸ ਗਿਰਾਸ ਸਮ੍ਹਾਲਦਾ ਕਰ ਬ੍ਰਹਮੰਡ ਕਰੋੜ ਸੁਮਾਰਾ॥ (8-2-3)
ਰੋਮ ਰੋਮ ਵਿਚ ਰਖਿਓਨ ਓਅੰਕਾਰ ਅਕਾਰ ਵਿਥਾਰਾ॥ (8-2-4)
ਸਿਰਿ ਸਿਰਿ ਲੇਖ ਅਲੇਖ ਦਾ ਲੇਖ ਅਲੇਖ ਉਪਾਵਣਹਾਰਾ॥ (8-2-5)
ਕੁਦਰਤਿ ਕਵਣੁ ਕਰੈ ਵੀਚਾਰਾ ॥੨॥ (8-2-6)

ਕੇਵਡ ਸਤ ਸੰਤੋਖ ਹੈ ਦਯਾ ਧਰਮ ਤੇ ਅਰਥ ਵੀਚਾਰਾ॥ (8-3-1)
ਕੇਵਡ ਕਾਮ ਕਰੋਧ ਹੈ ਕੇਵਡ ਲੋਭ ਮੋਹ ਅਹੰਕਾਰਾ॥ (8-3-2)
ਕੇਵਡ ਦਿਸਟ ਵਖਾਣੀਐ ਕੇਵਡ ਰੂਪ ਰੰਗ ਪਰਕਾਰਾ॥ (8-3-3)
ਕੇਵਡ ਸੁਰਤਿ ਸਾਲਾਹੀਐ ਕੇਵਡ ਸਬਦ ਵਿਥਾਰ ਪਸਾਰਾ॥ (8-3-4)
ਕੇਵਡ ਵਾਸ ਨਿਵਾਸ ਹੈ ਕੇਵਡ ਗੰਧ ਸੁਗੰਧ ਅਚਾਰਾ॥ (8-3-5)
ਕੇਵਡ ਰਸਕਸ ਆਖੀਅਨ ਕੇਵਡ ਸਾਦ ਨਾਦ ਓਅੰਕਾਰਾ॥ (8-3-6)
ਅੰਤ ਬਿਅੰਤ ਨ ਪਾਰਾ ਵਾਰਾ ॥੩॥ (8-3-7)

ਕੇਵਡ ਦੁਖ ਸੁਖ ਆਖੀਐ ਕੇਵਡ ਹਰਖ ਸੋਗ ਵਿਸਥਾਰਾ॥ (8-4-1)
ਕੇਵਡ ਸਚ ਵਖਾਣੀਐ ਕੇਵਡ ਕੂੜ ਕਮਾਵਣ ਹਾਰਾ॥ (8-4-2)
ਕੇਵਡ ਰਤੀ ਮਾਹ ਕਰ ਦਿਹ ਰਾਤੀਂ ਵਿਸਮਾਦ ਵੀਚਾਰਾ॥ (8-4-3)
ਆਸਾ ਮਨਸਾ ਕੇਵਡੀ ਕੇਵਡ ਨੀਂਦ ਭੁਖ ਆਹਾਰਾ॥ (8-4-4)
ਕੇਵਡ ਆਖਾਂ ਭਾਉ ਭਉ ਸਾਂਤ ਸਹਿਜ ਉਪਕਾਰ ਵਿਕਾਰਾ॥ (8-4-5)
ਤੋਲ ਅਤੋਲ ਨ ਤੋਲਣ ਹਾਰਾ ॥੪॥ (8-4-6)

ਕੇਵਡ ਤੋਲ ਸੰਜੋਗ ਦਾ ਕੇਵਡ ਤੋਲ ਵਿਜੋਗ ਵੀਚਾਰਾ॥ (8-5-1)
ਕੇਵਡ ਹੱਸਣ ਆਖੀਐ ਕੇਵਡ ਰੋਵਣ ਦਾ ਬਿਸਥਾਰਾ॥ (8-5-2)
ਕੇਵਡ ਹੈ ਨਿਰਵਿਰਤ ਪਖ ਕੇਵਡ ਹੈ ਪਰਵਿਰਤਿ ਪਸਾਰਾ॥ (8-5-3)
ਕੇਵਡ ਆਖਾਂ ਪੁੰਨ ਪਾਪ ਕੇਵਡ ਆਖਾਂ ਮੋਖ ਦੁਆਰਾ॥ (8-5-4)
ਕੇਵਡ ਕੁਦਰਤਿ ਆਖੀਐ ਇਕਦੂੰ ਕੁਦਰਤਿ ਲਖ ਹਜ਼ਾਰਾ॥ (8-5-5)
ਦਾਨੇ ਕੀਮਤ ਨ ਪਵੈ ਕੇਵਡ ਦਾਤਾ ਦੇਵਨ ਹਾਰਾ॥ (8-5-6)
ਅਕਥ ਕਥਾ ਅਬਗਤ ਨਿਰਧਾਰਾ ॥੫॥ (8-5-7)

ਲਖ ਚਉਰਾਸੀਹ ਜੋਨ ਵਿਚ ਮਾਨਸ ਜਨਮ ਦੁਲੰਭ ਉਪਾਯਾ॥ (8-6-1)
ਚਾਰ ਵਰਨ ਚਾਰ ਮਜ਼ਹਬਾ ਹਿੰਦੂ ਮੁਸਲਮਾਨ ਸਦਾਯਾ॥ (8-6-2)
ਕਿਤੜੇ ਪੁਰਖ ਵਖਾਣੀਅਨ ਨਾਰ ਸੁਮਾਰ ਅਗਨਤ ਗਣਾਯਾ॥ (8-6-3)
ਤ੍ਰੈ ਗੁਨ ਮਾਯਾ ਚਲਤੁ ਹੈ ਬ੍ਰਹਮਾ ਬਿਸਨ ਮਹੇਸ ਰਚਾਯਾ॥ (8-6-4)
ਬੇਦ ਕਤੇਬਾਂ ਵਾਚਦੇ ਇਕ ਸਾਹਿਬ ਦੁਇ ਰਾਹ ਚਲਾਯਾ॥ (8-6-5)
ਸ਼ਿਵ ਸ਼ਕਤੀ ਵਿਚ ਖੇਲ ਕਰ ਜੋਗ ਭੋਗ ਬਹੁ ਚਲਿਤ ਬਣਾਯਾ॥ (8-6-6)
ਸਾਧ ਅਸਾਧ ਸੰਗਤ ਫਲ ਪਾਯਾ ॥੬॥ (8-6-7)

ਚਾਰ ਵਰਨ ਛਿਅ ਦਰਸ਼ਨਾਂ ਸ਼ਾਸਤਰ ਵੇਦ ਪਾਠ ਸੁਣਾਯਾ॥ (8-7-1)
ਦੇਵੀ ਦੇਵ ਸਰੇਵਣੇ ਦੇਵ ਸਥਲ ਤੀਰਥ ਭਰਮਾਯਾ॥ (8-7-2)
ਗਣ ਗੰਧਰਬ ਅਪਛਰਾਂ ਸੁਰਪਤਿ ਇੰਦ੍ਰ ਇੰਦ੍ਰਾਸਣ ਛਾਯਾ॥ (8-7-3)
ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਗਣਾਯਾ॥ (8-7-4)
ਜਪ ਤਪ ਸੰਜਮ ਹੋਮ ਜਗ ਵਰਤ ਨੇਮ ਨਈਵੇਦ ਪੁਜਾਯਾ॥ (8-7-5)
ਸਿਖਾ ਸੂਤ੍ਰ ਮਾਲਾ ਤਿਲਕ ਪਿਤਰ ਕਰਮ ਵੇਦ ਕਰਮ ਕਮਾਯਾ॥ (8-7-6)
ਪੁੰਨ ਦਾਨ ਉਪਦੇਸ਼ ਦ੍ਰਿੜਾਯਾ ॥੭॥ (8-7-7)

ਪੀਰ ਪੈਕੰਬਰ ਅਉਲੀਏ ਗਉਸ ਕੁਤਬ ਵਲੀਓੱਲਹ ਜਾਣੇ॥ (8-8-1)
ਸ਼ੇਖ ਮੁਸ਼ਾਇਕ ਆਖੀਅਨ ਲਖ ਲਖ ਦਰ ਦਰਵੇਸ਼ ਵਖਾਣੇ॥ (8-8-2)
ਸੁੰਹਦੇ ਲਖ ਸ਼ਹੀਦ ਹੋਇ ਲਖ ਅਬਦਾਲ ਮਲੰਗ ਮਉਲਾਣੇ॥ (8-8-3)
ਸ਼ਰੈ ਸ਼ਰੀਅਤ ਆਖੀਐ ਤਰਕ ਤਰੀਕਤ ਰਾਹ ਸਿਞਾਣੇ॥ (8-8-4)
ਮਾਰਫਤੀ ਮਾਰੂਫ਼ ਲਖ ਹਕ ਹਕੀਕਤ ਹੁਕਮ ਸਮਾਣੇ॥ (8-8-5)
ਬਜਰ ਕਵਾਰ ਹਜ਼ਾਰ ਮੁਹਾਣੇ ॥੮॥ (8-8-6)

ਕਿਤੜੇ ਬ੍ਰਹਮਣ ਸਾਰਸੁਤ ਵਾਤੀਸਰ ਲਾਗਾਇ ਤਿਲੋਏ॥ (8-9-1)
ਕਿਤੜੇ ਗਉੜ ਕਨਉਜੀਏ ਤੀਰਥ ਵਾਸੀ ਕਰਦੇ ਢੋਏ॥ (8-9-2)
ਕਿਤੜੇ ਲਖ ਸਨਉਢੀਏ ਪਾਂਧੇ ਪੰਡਤ ਵੈਦ ਖਲੋਏ॥ (8-9-3)
ਕੇਤੜਿਆਂ ਲਖ ਜੋਤਸ਼ੀ ਵੇਦ ਵੇਦਵੇ ਲਖ ਪਲੋਏ॥ (8-9-4)
ਕਿਤੜੇ ਲਖ ਕਵੀਸ਼ਰਾਂ ਬ੍ਰਹਮ ਮਾਟ ਬ੍ਰਮਾਉ ਬਖੋਏ॥ (8-9-5)
ਕੇਤੜਿਆਂ ਅਭਿਆਗਤਾਂ ਘਰ ਘਰ ਮੰਗਦੇ ਲੈ ਕਨਸੋਏ॥ (8-9-6)
ਕਿਤੜੇ ਸਉਣ ਸਵਾਣੀ ਹੋਏ ॥੯॥ (8-9-7)

ਕਿਤੜੇ ਖਤਰੀ ਬਾਹਰੀ ਕੇਤੜਿਆਂ ਹੀ ਬਾਵੰਜਾਹੀ॥ (8-10-1)
ਪਾਵਾਂਧੇ ਪਾਚਾਧਿਆਂ ਫਲੀਆਂ ਖੋਖਰਾਇਣ ਅਗਵਾਹੀ॥ (8-10-2)
ਕੇਤੜਿਆਂ ਚਉੜੋਤਰੀ ਕੇਤੜਿਆਂ ਸੇਰੀਨ ਵਿਲਾਹੀ॥ (8-10-3)
ਕੇਤੜਿਆਂ ਅਵਤਾਰ ਹੋਏ ਚਕ੍ਰ ਵਰਤਿ ਰਾਜੇ ਦਰਗਾਹੀ॥ (8-10-4)
ਸੂਰਜਵੰਸੀ ਆਖੀਅਨ ਸੋਮ ਵੰਸ ਸੁਰ ਵੀਰ ਸਪਾਹੀ॥ (8-10-5)
ਧਰਮ ਰਾਇ ਧਰਮਾਤਮਾ ਧਰਮ ਵੀਚਾਰਨ ਬੇਪਰਵਾਹੀ॥ (8-10-6)
ਦਾਨ ਖੜਗ ਮੰਤ੍ਰ ਭਗਤਿ ਸਲਾਹੀ ॥੧੦॥ (8-10-7)

ਕੇਵਡ ਵੈਸ਼ ਵਖਾਣੀਅਨ ਰਾਜਪੂਤ ਰੇਵਤ ਵੀਚਾਰੀ॥ (8-11-1)
ਪੂਅਰ ਗਉੜ ਪਵਾਰ ਲੱਖ ਮੱਲਣਹਾਸ ਚਉਹਾਣ ਚਿਤਾਰੀ॥ (8-11-2)
ਕਛਵਾਹੇ ਰਾਠਉੜ ਲਖ ਰਾਣੇ ਰਾਇ ਭੂਮੀਏ ਭਾਰੀ॥ (8-11-3)
ਬਾਘ ਬਘੇਲੇ ਕੇਤੜੇ ਬਲਵੰਡ ਲਖ ਬੁਦੇਲੇ ਕਾਰੀ॥ (8-11-4)
ਕੇਤੜਿਆਂ ਹੀ ਭਰਟੀਏ ਦਰਬਾਰਾਂ ਅੰਦਰ ਦਰਬਾਰੀ॥ (8-11-5)
ਕਿਤੜੇ ਗੁਣੀ ਭਦਉੜੀਏ ਦੇਸ ਦੇਸ ਵਡੇ ਇਤਬਾਰੀ॥ (8-11-6)
ਹਉਮੈਂ ਮੁਏ ਨਾ ਹਉਮੈ ਮਾਰੀ ॥੧੧॥ (8-11-7)

ਕਿਤੜੇ ਸੂਦ ਸਦਾਇੰਦੇ ਕਿਤੜੇ ਕਾਇਥ ਲਿਕਣ ਹਾਰੇ॥ (8-12-1)
ਕੇਤੜਿਆਂ ਹੀ ਬਾਣੀਏ ਕਿਤੜੇ ਭਾਬੜਿਆਂ ਸੁਨਿਆਰੇ॥ (8-12-2)
ਕੇਤੜਿਆਂ ਲਖ ਜਟ ਹੋਇ ਕੇਤੜਿਆਂ ਛੀਂਬੇ ਸੈਸਾਰੇ॥ (8-12-3)
ਕੇਤੜਿਆਂ ਠਾਠੇਰਿਆਂ ਕੇਤੜਿਆਂ ਲੋਹਾਰ ਵਿਚਾਰੇ॥ (8-12-4)
ਕਿਤੜੇ ਤੇਲੀ ਆਖੀਅਨ ਕਿਤੜੇ ਹਲਵਾਈ ਬਾਜ਼ਾਰੇ॥ (8-12-5)
ਕੇਤਵਿਆਂ ਲਖ ਪੰਖੀਏ ਕਿਤੜੇ ਨਾਈ ਤੇ ਵਨਜਾਰੇ॥ (8-12-6)
ਚਹੁ ਵਰਨਾਂ ਦੇ ਗੋਤ ਅਪਾਰੇ ॥੧੨॥ (8-12-7)

ਕਿਤੜੇ ਗਿਰਹੀ ਆਖੀਅਨ ਕੇਤੜਿਆਂ ਲੱਖ ਫਿਰਨ ਉਦਾਸੀ॥ (8-13-1)
ਕੇਤੜਿਆਂ ਜੋਗੀਸਰਾਂ ਕੇਤੜਿਆਂ ਹੋਏ ਸੰਨਜਾਸੀ॥ (8-13-2)
ਸੰਨਜਾਸੀ ਦਸ ਨਾਮ ਧਰ ਜੋਗੀ ਬਾਰਹ ਪੰਥ ਨਿਵਾਸੀ॥ (8-13-3)
ਕੇਤੜਿਆਂ ਲੱਖ ਪਰਮ ਹੰਸ ਕਿਤੜੇ ਬਾਨ ਪ੍ਰਸਤ ਬਨਵਾਸੀ॥ (8-13-4)
ਕੇਤੜਿਆਂ ਹੀ ਦੰਡ ਧਾਰ ਕਿਤੜੇ ਜੈਨੀ ਜੀਅ ਦੈਆਸੀ॥ (8-13-5)
ਛਿਅਘਰ ਛਿਅਗੁਰ ਆਖੀਅਨ ਛਿਅਉਪਦੇਸ ਭੇਸ ਅਭਜਾਸੀ॥ (8-13-6)
ਛਿਅ ਰੁਤ ਬਾਰਹ ਮਾਹ ਕਰ ਸੂਰਜ ਇਕੋ ਬਾਰਹ ਰਾਸੀ॥ (8-13-7)
ਗੁਰਾਂ ਗੁਰੂ ਸਤਿਗੁਰ ਅਬਿਨਾਸੀ ॥੧੩॥ (8-13-8)

ਕਿਤੜੇ ਸਾਧ ਵਖਾਣੀਅਨ ਸਾਧ ਸੰਗਤ ਵਿਚ ਪਰਉਪਕਾਰੀ॥ (8-14-1)
ਕੇਤੜਿਆਂ ਲਖ ਸੰਤਜਨ ਕੇਤੜਿਆਂ ਨਿਜ ਭਗਤਿ ਭੰਡਾਰੀ॥ (8-14-2)
ਕੇਤੜਿਆਂ ਜੀਵਨ ਮੁਕਤ ਬ੍ਰਹਮ ਗਿਅਨੀ ਬ੍ਰਹਮ ਵੀਚਾਰੀ॥ (8-14-3)
ਕੇਤੜਿਆਂ ਸਮਦਰਸੀਆਂ ਕੇਤੜਿਆਂ ਨਿਰਮਲ ਨਿਰੰਕਾਰੀ॥ (8-14-4)
ਕਿਤੜੇ ਲਖ ਬਬੇਕੀਆਂ ਕਿਤੜੇ ਦੇ ਬਿਦੇ ਅਕਾਰੀ॥ (8-14-5)
ਭਾਈ ਭਗਤ ਭੈ ਵਰਤਣਾ ਸਹਸ ਸਮਾਧ ਬੈਰਾਗ ਸਵਾਰੀ॥ (8-14-6)
ਗੁਰਮੁਖ ਸੁਖ ਫਲ ਗਰਬ ਨਿਵਾਰੀ ॥੧੪॥ (8-14-7)

ਕਿਤੜੇ ਲਖ ਅਸਾਧ ਜਗ ਕਿਤੜੇ ਚੋਰ ਜਾਰ ਜੁਆਰੀ॥ (8-15-1)
ਵਟਵਾੜੇ ਠਗ ਕੇਤੜੇ ਕੇਤੜੀਆਂ ਨਿੰਦਕ ਅਵਿਚਾਰੀ॥ (8-15-2)
ਕੇਤੜਿਆਂ ਆਕਿਰਤਘਣ ਕਿਤੜੇ ਬੇਮੁਖ ਤੇ ਅਨਚਾਰੀ॥ (8-15-3)
ਸ੍ਵਾਮ ਧ੍ਰੋਹੀ ਵਿਸਵਾਸ ਘਾਤ ਲੂਣ ਹਰਾਮੀ ਮੂਰਖ ਭਾਰੀ॥ (8-15-4)
ਬਿਖਲੀਪਤ ਵੇਸੁਵਾ ਰਵਤ ਮਧ ਮਤਵਾਕੇ ਵਡੇ ਵਿਕਾਰੀ॥ (8-15-5)
ਵਿਸ੍ਰ ਵਿਰੋਧੀ ਕੇਤੜੇ ਕੇਤੜੀਆਂ ਕੂੜੇ ਕੁੜਿਆਰੀ॥ (8-15-6)
ਗੁਰ ਪੂਰੇ ਬਿਨ ਅੰਤ ਖੁਆਰੀ ॥੧੫॥ (8-15-7)

ਕਿਤੜੇ ਸੁੰਨੀ ਆਖੀਅਨ ਕਿਤੜੇ ਈਸਾਈ ਮੂਸਾਈ॥ (8-16-1)
ਕੇਤੜੀਆਂ ਹੀ ਰਾਫ਼ਜ਼ੀ ਕਿਤੜੇ ਮੁਲਹਦ ਗਣਤ ਨ ਆਈ॥ (8-16-2)
ਲੱਖ ਫਿਰੰਗੀ ਇਰਮਨੀ ਰੂਮੀ ਜੰਗੀ ਦੁਸ਼ਮਨ ਦਾਈ॥ (8-16-3)
ਕਿਤੜੇ ਸਯਦ ਆਖੀਅਨ ਕਿਤੜੇ ਤੁਰਕਮਾਨ ਦੁਨਿਆਈ॥ (8-16-4)
ਕਿਤੜੇ ਮੁਗਲ ਪਠਾਨ ਹਨ ਹਬਸ਼ੀ ਤੇ ਕਿਲਮਾਗ ਅਵਾਈ॥ (8-16-5)
ਕੇਤੜਿਆਂ ਈਮਾਨ ਵਿਚ ਕਿਤੜੇ ਬੇਈਮਾਨ ਬਲਾਈ॥ (8-16-6)
ਨੇਕੀ ਬਦੀ ਨ ਲੁਕੇ ਲੁਕਾਈ ॥੧੬॥ (8-16-7)

ਕਿਤੜੇ ਦਾਤੇ ਮੰਗਤੇ ਕਿਤੜੇ ਵੇਦ ਕੇਤੜੇ ਰੋਗੀ॥ (8-17-1)
ਕਿਤੜੇ ਸਹਜ ਸੰਜੋਗ ਵਿਚ ਕਿਤੜੇ ਵਿਛੜੇ ਹੋਇ ਵਿਜੋਗੀ॥ (8-17-2)
ਕੇਤੜੀਆਂ ਭੁਖੇ ਮਰਨ ਕੇਤੜੀਆਂ ਰਾਜੇ ਰਸ ਭੋਗੀ॥ (8-17-3)
ਕੇਤੜੀਆਂ ਕੇ ਸੋਹਿਲੇ ਕੇਤੜੀਆਂ ਦੁਖ ਰੋਵਨ ਸੋਗੀ॥ (8-17-4)
ਦੁਨੀਆ ਆਵਣ ਜਾਵਣੀ ਕਿਤੜੀ ਕੋਈ ਕਿਤੜੀ ਹੋਗੀ॥ (8-17-5)
ਕੇਤੜੀਆਂ ਹੀ ਸਚਿਆਰ ਕੇਤੜੀਆਂ ਦਗਾਬਾਜ਼ ਦਰੋਗੀ॥ (8-17-6)
ਗੁਰਮੁਖ ਕੋ ਜੋਗੀਸ਼ਰ ਹੋਗੀ ॥੧੭॥ (8-17-7)

ਕਿਤੜੇ ਅੰਨੇ ਆਖੀਅਣ ਕੇਤੜੀਆਂ ਹੀ ਦਿਸਣ ਕਾਣੇ॥ (8-18-1)
ਕੇਤੜੀਆਂ ਜੁਗੇ ਫਿਰਣ ਕਿਤੜੇ ਰਤੀਆਂ ਨੇ ਉਤਕਾਣੇ॥ (8-18-2)
ਕਿਤੜੇ ਨਕਟੇ ਗੁਣਗੁਣੇ ਕਿਤੜੇ ਬੋਲੇ ਬਚੇ ਲਾਣੇ॥ (8-18-3)
ਕੇਤੜਿਆਂ ਗਿਲੜ ਗਲੀਂ ਅੰਗ ਰਸਉਲੀ ਵੈਣ ਵਿਹਾਣੇ॥ (8-18-4)
ਟੁੰਡੇ ਬਾਂਡੇ ਕੇਤੜੇ ਗੰਜੇ ਲੁੰਜੇ ਕੋੜੀ ਜਾਣੇ॥ (8-18-5)
ਕਿਤੜੇ ਲੂਲੇ ਪਿੰਗੁਲੇ ਕਿਤੜੇ ਕੁਬੇ ਹੋਇ ਕੁੜਾਣੇ॥ (8-18-6)
ਕਿਤੜੇ ਖੁਸਰੇ ਹੀਜੜੇ ਕੇਤੜਿਆਂ ਗੁੰਗੇ ਤੁਤਲਾਣੇ॥ (8-18-7)
ਗੁਰ ਪੂਰੇ ਆਵਣ ਜਾਣੇ ॥੧੮॥ (8-18-8)

ਕੇਤੜਿਆਂ ਪਾਤਸ਼ਾਹ ਜਗ ਕਿਤੜੇ ਮਸਲਤ ਕਰਨ ਵਜ਼ੀਰਾਂ॥ (8-19-1)
ਕੇਤੜਿਆਂ ਉਮਰਾਉ ਲਖ ਮਨਸਬਦਾਰ ਹਜ਼ਾਰ ਵਡੀਰਾਂ॥ (8-19-2)
ਹਿਕਮਦ ਵਿਚ ਹਕੀਮ ਲਖ ਕਿਤੜੇ ਤਰਕਸ਼ ਬੰਦ ਅਮੀਰਾਂ॥ (8-19-3)
ਕਿਤੜੇ ਚਾਕਰ ਚਾਕਰੀ ਭੋਈ ਮੇਠ ਮਹਾਵਤ ਮੀਰਾਂ॥ (8-19-4)
ਲਖ ਫਰਾਸ਼ ਲਖ ਸਾਰਵਾਨ ਮੀਰਾਂ ਖੋਰ ਸਈਸ ਵਹੀਰਾਂ॥ (8-19-5)
ਕਿਤੜੇ ਲਖ ਜਲੋਬਦਾਰ ਗਾਡੀਵਾਣ ਚਲਾਈ ਗਡੀਰਾਂ॥ (8-19-6)
ਛੜੀਦਾਰ ਦਰਵਾਨ ਖਲੀਰਾਂ ॥੧੯॥ (8-19-7)

ਕਿਤੜੇ ਲਖ ਨਗਾਰਚੀ ਕੇਤੜਿਆਂ ਢੋਲੀ ਸਹਨਾਈ॥ (8-20-1)
ਕੇਤੜਿਆਂ ਹੀ ਤਾਇਫੇ ਢਾਢੀ ਬੱਚੇ ਕਲਾਵਤ ਗਾਈ॥ (8-20-2)
ਕੇਤੜਿਆਂ ਬਹੁਰੂਪੀਏ ਬਾਜ਼ੀਗਰ ਲਖ ਭੰਡ ਅਤਾਈ॥ (8-20-3)
ਕਿਤੜੇ ਲਖ ਮਸ਼ਾਲਚੀ ਸ਼ਮਾਂ ਚਰਾਗ ਕਰਨ ਰੁਸ਼ਨਾਈ॥ (8-20-4)
ਕੇਤੜਿਆਂ ਹੀ ਕੋਰਚੀ ਆਲਮਤੋਗ ਸਿਲਹ ਸੁਖਦਾਈ॥ (8-20-5)
ਕੇਤੜਿਆਂ ਹੀ ਆਬਦਾਰ ਕਿਤੜੇ ਬਾਵਰਚੀ ਨਾਨਵਾਈ॥ (8-20-6)

ਤੰਬੋਲੀ ਤੋਸਕਰਚੀ ਸੁਹਾਈ ॥੨੦॥ (8-20-7)

ਕੇਤੜਿਆਂ ਖੁਸ਼ਬੋਇਦਾਰ ਕੇਤੜਿਆਂ ਰੰਗਰੇਜ਼ ਤੰਬੋਲੀ॥ (8-21-1)
ਕਿਤੜੇ ਮੇਵੇਦਾਰ ਹਨ ਹੁਡਕ ਹੁਡਕੀਏ ਲੋਲਣ ਲੋਲੀ॥ (8-21-2)
ਖਿਜ਼ਮਤਗਾਰ ਖਵਾਸ ਲਖ ਗੋਲੰਗਦਾਜ਼ ਤੋਪਚੀ ਤੋਲੀ॥ (8-21-3)
ਕੇਤੜਿਆਂ ਤਹਿਸੀਲਦਾਰ ਮੁਨਸਫਦਾਰ ਦਾਰੋਗੇ ੳਲੀ॥ (8-21-4)
ਕੇਤੜਿਆਂ ਕਿਰਸਾਣ ਹੋਇ ਕਰ ਕਿਰਸਾਣੀ ਅਤੁੱਲ ਅਤੋਲੀ॥ (8-21-5)
ਕੇਤੜਿਆਂ ਦੀਵਾਨ ਹੋਇ ਕਰਨ ਕਰੋੜੀ ਮੁਲਕ ਢੰਢੋਲੀ॥ (8-21-6)
ਰਤਨ ਪਦਾਰਥ ਅਮੋਲ ਅਮੋਲੀ ॥੨੧॥ (8-21-7)

ਕੇਤੜਿਆਂ ਹੀ ਜਉਹਰੀ ਲਖ ਸਰਾਫ਼ ਬਜਾਜ਼ ਵਪਾਰੀ॥ (8-22-1)
ਸਉਦਾਗਰ ਸਉਦਾਗਰੀ ਗਾਂਧੀ ਕਾਸੇਰੇ ਪਾਸਾਰੀ॥ (8-22-2)
ਕੇਤੜਿਆਂ ਪਰਚੂਨੀਐ ਕੇਤੜਿਆਂ ਦਲਾਲ ਬਜ਼ਾਰੀ॥ (8-22-3)
ਕੇਤੜਿਆਂ ਸਿਕਲੀਗਰਾਂ ਕਿਤੜੇ ਲਖ ਕਮਗਰ ਕਾਰੀ॥ (8-22-4)
ਕੇਤੜਿਆਂ ਕੁਮਿਆਰ ਲਖ ਕਾਗਦ ਕੁਟ ਘਣੇ ਲੂਣਾਰੀ॥ (8-22-5)
ਕਿਤੜੇ ਦਰਜ਼ੀ ਧੋਬੀਆਂ ਕਿਤੜੇ ਜ਼ਰ ਲੋਹੇ ਸਰਹਾਰੀ॥ (8-22-6)
ਕਿਤੜੇ ਭੜਭੂਜੇ ਭਠਿਆਰੀ ॥੨੨॥ (8-22-7)

ਕੇਤੜਿਆਂ ਕਾਰੂੰਜੜੇ ਕੇਤੜਿਆਂ ਦਬਗਰ ਕਾਸਾਈ॥ (8-23-1)
ਕੇਤੜਿਆਂ ਮੁਨਿਆਰ ਲਖੱ ਕੇਤੜਿਆਂ ਚਮਿਆਰ ਅਰਾਂਈ॥ (8-23-2)
ਭੰਗਹੇਰੇ ਹੋਇ ਕੇਤੜੇ ਬਗਲੀਗਰਾਂ ਕਲਾਲ ਹਵਾਈ॥ (8-23-3)
ਕਿਤੜੇ ਭੰਗੀ ਪੋਸਤੀ ਅਮਲੀ ਸੋਫੀ ਘਣੀ ਲੁਕਾਈ॥ (8-23-4)
ਕੇਤੜਿਆਂ ਘੁਮਿਆਰ ਲਖ ਗੁਜਰ ਲਖ ਅਹੀਰ ਗਣਾਈ॥ (8-23-5)
ਕਿਤੜੇ ਹੀ ਲਖ ਚੂਹੜੇ ਜਾਤਿ ਅਜਾਤਿ ਸਨਾਤ ਅਲਾਈ॥ (8-23-6)
ਨਾਂਵ ਥਾਂਵ ਲਖ ਕੀਮ ਨ ਪਾਈ ॥੨੩॥ (8-23-7)

ਉੱਤਮ ਮਧੱਮ ਨੀਚ ਲਖ ਗੁਰਮੁਖ ਨੀਚਹੁ ਨੀਚ ਸਦਾਏ॥ (8-24-1)
ਪੈਰੀ ਪੈ ਪਾਖਾਕ ਹੋਇ ਗੁਰਮੁਖ ਗੁਰ ਸਿਖ ਆਪ ਗਵਾਏ॥ (8-24-2)
ਸਾਧ ਸੰਗਤ ਭਉ ਭਾਉ ਕਰ ਸੇਵਕ ਸੇਵ ਕਾਰ ਕਮਾਏ॥ (8-24-3)
ਮਿਠਾ ਬੋਲਨ ਨਿਵ ਚਲਣ ਹਥਹੁੰ ਦੇਕੈ ਭਲਾ ਮਨਾਏ॥ (8-24-4)
ਸ਼ਬਦ ਸੁਰਤ ਲਿਵਲੀਣ ਹੋ ਦਰਗਹ ਮਾਣ ਨਿਮਾਣਾ ਪਾਏ॥ (8-24-5)
ਚਲਣ ਜਾਣ ਅਜਾਣ ਹੋਇ ਆਸਾ ਵਿਚ ਨਿਰਾਸ ਵਲਾਏ॥ (8-24-6)
ਗੁਰਮੁਖ ਸੁਖ ਫਲ ਅਲਖ ਲਖਾਏ ॥੨੪॥੮॥ (8-24-7)

Vaar 9

ੴ ਸਤਿਗੁਰਪ੍ਰਸਾਦਿ ॥ (9-1-1)

ਗੁਰਮੂਰਤਿ ਪੂਰਨ ਬ੍ਰਹਮ ਅਭਗਤਿ ਅਬਿਨਾਸੀ॥ (9-1-2)
ਪਾਰ ਬ੍ਰਹਮ ਗੁਰ ਸ਼ਬਦ ਹੈ ਸਤਸੰਗਿ ਨਿਵਾਸੀ॥ (9-1-3)
ਸਾਧ ਸੰਗਤ ਸਚ ਖੰਡ ਹੈ ਭਾਉ ਭਗਤ ਅਭਿਆਸੀ॥ (9-1-4)
ਚਹੁੰ ਵਰਨਾ ਉਪਦੇਸ਼ ਕਰ ਗੁਰਮਤਿ ਪਰਗਾਸੀ॥ (9-1-5)
ਪੈਰੀਂ ਪੈ ਪਾਖਾਕ ਹੋਇ ਗੁਰਮੁਖ ਰਹਿ ਰਾਸੀ॥ (9-1-6)
ਮਾਯਾ ਵਿਚ ਉਦਾਸ ਗਤਿ ਹੋਇ ਆਸ ਨਿਰਾਸੀ ॥੧॥ (9-1-7)

ਗੁਰਸਿਖੀ ਬਾਰੀਕ ਹੈ ਸਿਲ ਚਟਨ ਫਿੱਕੀ॥ (9-2-1)
ਤ੍ਰਿਖੀ ਖੰਡੇ ਧਾਰ ਹੈ ਉਹ ਵਾਲਹੁੰ ਨਿਕੀ॥ (9-2-2)
ਭੂਤ ਭਵਿਖਤ ਵਰਤਮਾਨ ਸਰਿ ਮਿਕਣ ਮਿਕੀ॥ (9-2-3)
ਦੁਤੀਆ ਨਾਸਤ ਏਤ ਘਰ ਹੋਇ ਇਕਾ ਇਕੀ॥ (9-2-4)
ਦੂਆ ਤੀਆ ਵੀਸਰੈ ਸਣ ਕਕਾ ਕਿਕੀ॥ (9-2-5)
ਸਭੈ ਸਿਕਾਂ ਪਰਹਰੈ ਸੁਖ ਇਕਤੁ ਸਿਕੀ ॥੨॥ (9-2-6)

ਗੁਰਮੁਖ ਮਾਰਗ ਆਖੀਐ ਗੁਰਮਤਿ ਹਿਤਕਾਰੀ॥ (9-3-1)
ਹੁਕਮ ਰਜਾਈ ਚਲਣਾ ਗੁਰ ਸ਼ਬਦ ਵੀਚਾਰੀ॥ (9-3-2)
ਭਾਣਾ ਭਾਵੈ ਖਸਮ ਕਾ ਨਿਹਚਉ ਨਿਰੰਕਾਰੀ॥ (9-3-3)
ਇਸ਼ਕ ਮੁਸ਼ਕ ਮਹਕਾਰ ਹੈ ਹੋਇ ਪਰਉਪਕਾਰੀ॥ (9-3-4)
ਸਿਦਕ ਸਬੂਰੀ ਸਾਬਤੇ ਮਸਤੀ ਹੁਸ਼ਿਆਰੀ॥ (9-3-5)
ਗੁਰਮੁਖ ਆਪ ਗਵਾਇਆ ਜਿਣ ਹਉਮੈਂ ਮਾਰੀ ॥੩॥ (9-3-6)

ਭਾਇ ਭਗਤਿ ਭੈ ਚਲਨਾ ਹੋਇ ਪ੍ਰਾਹੁਣ ਚਾਰੀ॥ (9-4-1)
ਚਲਨ ਜਾਣ ਅਜਾਣ ਹੋਇ ਗਹੁ ਗਰਬ ਨਿਵਾਰੀ॥ (9-4-2)
ਗੁਰ ਸਿਖ ਨਿਤ ਪਰਾਹੁਣੇ ਏਹ ਕਰਨੀ ਸਾਰੀ॥ (9-4-3)
ਗੁਰਮਤ ਟਹਿਲ ਕਮਾਵਣੀ ਸਤਿਗੁਰੂ ਪਿਆਰੀ॥ (9-4-4)
ਸ਼ਬਦ ਸੁਰਤਿ ਲਿਵਲੀਣ ਹੋਇ ਪਰਵਾਰ ਸਾਧਾਰੀ॥ (9-4-5)
ਸਾਧ ਸੰਗਤਿ ਜਾਇ ਸਹਜਿ ਘਰ ਨਿਰਮਲ ਨਿਰੰਕਾਰੀ ॥੪॥ (9-4-6)

ਪਰਮਜੋਤਿ ਪਰਗਾਸ ਕਰਿ ਉਨਮਨ ਲਿਵਲਾਈ॥ (9-5-1)
ਪਰਮ ਤਤ ਪਰਵਾਣ ਕਰ ਅਨਹਦ ਧੁਨਿਵਾਈ॥ (9-5-2)
ਪਰਮਾਰਥ ਪਰਬੋਧ ਕਰ ਪਰਮਾਤਮ ਹਾਈ॥ (9-5-3)
ਗੁਰ ਉਪਦੇਸ਼ ਅਵੇਸ਼ ਕਰ ਅਨਭਉ ਪਦ ਪਾਈ॥ (9-5-4)
ਸਾਧ ਸੰਗਤ ਕਰ ਸਾਧਨਾਂ ਇਕ ਮਨ ਇਕ ਧਿਆਈ॥ (9-5-5)
ਵੀਹ ਇਕੀਹ ਚੜ੍ਹਾਉ ਚੜ੍ਹ ਇਉ ਨਿਜ ਘਰ ਜਾਈ ॥੫॥ (9-5-6)

ਦਰਪਣ ਵਾਂਗ ਧਿਆਨ ਧਰ ਆਪ ਆਪ ਨਿਹਾਲੈ॥ (9-6-1)

ਘਟ ਘਟ ਪੂਰਣ ਬ੍ਰਹਮ ਹੈ ਚੰਦ ਜਲ ਵਿਚ ਭਾਲੈ॥ (9-6-2)
ਗੋਰਸ ਗਾਈਂ ਵੇਖਦਾ ਘਿਉ ਦੁਧ ਵਿਚਾਲੈ॥ (9-6-3)
ਫੁਲਾਂ ਅੰਦਰ ਵਾਸ ਲੈ ਫਲ ਸਾਉ ਸਮ੍ਹਾਲੈ॥ (9-6-4)
ਕਾਸ਼ਟ ਅਗਨ ਚਲਿਤ ਵੇਖ ਜਲ ਧਰਤਿ ਹਿਆਲੈ॥ (9-6-5)
ਘਟ ਘਟ ਪੂਰਣ ਬ੍ਰਹਮ ਹੈ ਗੁਰਮੁਖ ਵੇਖਾਲੈ ॥੬॥ (9-6-6)

ਦਿਬ ਦ੍ਰਿਸ਼ਟ ਗੁਰ ਧਿਆਨ ਧਰ ਸਿਖ ਵਿਰਲਾ ਕੋਈ॥ (9-7-1)
ਰਤਨ ਪਾਰਖ ਹੋਇਕੈ ਰਤਨਾਂ ਅਵਿਲੋਈ॥ (9-7-2)
ਮਨ ਮਾਣਕ ਨਿਰਮੋਲਕਾ ਸਤਸੰਗ ਪਰੋਈ॥ (9-7-3)
ਰਤਨ ਮਾਲ ਗੁਰਸਿਖ ਜਗ ਗੁਰਮਤਿ ਗੁਣ ਗੋਈ॥ (9-7-4)
ਜੀਵੰਦਿਆ ਮਰ ਅਮਰ ਹੋਇ ਸੁਖ ਸਹਿਜ ਸਮੋਈ॥ (9-7-5)
ਓਤ ਪੋਤ ਜੋਤਿ ਜੋਤ ਮਿਲ ਜਾਣੈ ਜਾਣੋਈ ॥੭॥ (9-7-6)

ਰਾਗ ਨਾਦ ਵਿਸਮਾਦ ਹੋਇ ਗੁਣ ਗਹਿਰ ਗੰਭੀਰਾ॥ (9-8-1)
ਸ਼ਬਦ ਸੁਰਤ ਲਿਵਲੀਣ ਹੋਇ ਅਨਹਦ ਧੁਨ ਧੀਰਾ॥ (9-8-2)
ਜੰਤ੍ਰੀ ਜੰਤ੍ਰ ਵਜਾਇਦਾ ਮਨ ਉਨ ਮਨ ਚੀਰਾ॥ (9-8-3)
ਵਜ ਵਜਾਦਿ ਸਮਾਇ ਲੈ ਗੁਰ ਸਬਦ ਵਜ਼ੀਰਾ॥ (9-8-4)
ਅੰਤਰਜਾਮੀ ਜਾਣੀਐ ਅੰਤਰਿ ਗਤਿ ਪੀਰਾ॥ (9-8-5)
ਗੁਰ ਚੇਲਾ ਚੇਲਾ ਗੁਰੂ ਬੇਧ ਹੀਰੇ ਹੀਰਾ ॥੮॥ (9-8-6)

ਪਾਰਸ ਹੋਯਾ ਪਾਰਸਹੁੰ ਗੁਰਮੁਖ ਵਡਿਆਈ॥ (9-9-1)
ਹੀਰੇ ਹੀਰਾ ਬੇਧਿਆ ਜੋਤੀ ਜੋਤਿ ਮਿਲਾਈ॥ (9-9-2)
ਸ਼ਬਦ ਸੁਰਤ ਲਿਵਲੀਣ ਹੋਇ ਜੰਤ੍ਰ ਜੰਤ੍ਰ ਵਜਾਈ॥ (9-9-3)
ਗੁਰ ਚੇਲਾ ਚੇਲਾ ਗੁਰੂ ਪਰਚਾ ਪਰਚਾਈ॥ (9-9-4)
ਪੁਰਖਹੁੰ ਪੁਰਖ ਉਪਾਇਆ ਪੁਰਖੋਤਮ ਹਾਈ॥ (9-9-5)
ਵੀਹ ਇਕੀਹ ਉਲੰਘਕੈ ਹੋਇ ਸਹਿਜ ਸਮਾਈ ॥੯॥ (9-9-6)

ਸਤਗੁਰ ਦਰਸ਼ਨ ਦੇਖਦੇ ਪਰਮਾਤਮ ਦੇਖੈ॥ (9-10-1)
ਸ਼ਬਦ ਸੁਰਤ ਲਿਵਲੀਣ ਹੋਇ ਅੰਤਰ ਗਤ ਪੇਖੈ॥ (9-10-2)
ਚਰਨ ਕਵਲ ਦੀ ਵਾਸ਼ਨਾਂ ਹੋਇ ਚੰਦਨ ਭੇਖੈ॥ (9-10-3)
ਚਰਣੋਦਕ ਮਕਰੰਦ ਰਸ ਵਿਸਮਾਦ ਵਿਸੇਖੈ॥ (9-10-4)
ਗੁਰਮਤਿ ਨਿਹਚਲ ਚਿਤ ਕਰ ਵਿਚ ਰੂਪ ਨ ਰੇਖੈ॥ (9-10-5)
ਸਾਧ ਸੰਗਤਿ ਸਚਖੰਡ ਜਾਇ ਹੋਇ ਅਲਖ ਅਲੇਖੈ ॥੧੦॥ (9-10-6)

ਅਖੀਂ ਅੰਦਰ ਦੇਖਦਾ ਦਰਸ਼ਨ ਵਿਚ ਦਿਸੈ॥ (9-11-1)
ਸਬਦੈ ਵਿਚ ਵਖਾਣੀਐ ਸੁਰਤੀ ਵਿਚ ਰਿਸੈ॥ (9-11-2)
ਚਰਣ ਕਮਲ ਵਿਚ ਵਾਸ਼ਨਾ ਮਨ ਭਵਰ ਸਲਿਸੈ॥ (9-11-3)
ਸਾਧ ਸੰਗਤ ਸੰਜੋਗ ਮਿਲ ਵਿੰਜੋਗ ਨ ਕਿਸੈ॥ (9-11-4)
ਗੁਰਮਤਿ ਅੰਦਰ ਚਿਤ ਹੈ ਚਿਤ ਗੁਰਮਤਿ ਜਿਸੈ॥ (9-11-5)
ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਹੈ ਤਿਸੈ ॥੧੧॥ (9-11-6)

ਅਖੀਂ ਅੰਦਰ ਦ੍ਰਿਸ਼ਟ ਹੋਇ ਨੱਕ ਸਾਹ ਸੰਜੋਈ॥ (9-12-1)
ਕੰਨਾਂ ਅੰਦਰ ਸੁਰਤਿ ਹੋਇ ਜੀਭ ਸਾਦ ਸਮੋਈ॥ (9-12-2)
ਹਥੀਂ ਕਿਰਤਿ ਕਮਾਵਣੀ ਪੈਰ ਪੰਥ ਸਬੋਈ॥ (9-12-3)
ਗੁਰਸਿਖ ਸੁਖ ਫਲ ਪਾਇਆ ਮਤਿ ਸ਼ਬਦ ਵਿਲੋਈ॥ (9-12-4)
ਪਰਕਿਰਤੀ ਹੂੰ ਬਾਹਰਾ ਗੁਰਸਿਖ ਵਿਰਲੋਈ॥ (9-12-5)
ਸਾਧ ਸੰਗਤਿ ਚੰਨਣ ਬਿਰਖ ਮਿਲ ਚੰਨਣ ਹੋਈ ॥੧੨॥ (9-12-6)

ਅਬਗਤ ਗਤ ਅਬਿਗਤ ਦੀ ਕਜੋਂ ਅਲਖ ਲਖਾਏ॥ (9-13-1)
ਅਕਥ ਕਥਾ ਹੈ ਅਕਥ ਦੀ ਕਿਉਂ ਆਖ ਸੁਣਾਏ॥ (9-13-2)
ਅਚਰਜ ਨੋਂ ਅਚਰਜ ਮਿਲੈ ਹੈਰਾਨ ਕਰਾਏ॥ (9-13-3)
ਵਿਸਮਾਦੇ ਵਿਸਮਾਦ ਹੋਇ ਵਿਦਮਾਦ ਸਮਾਏ॥ (9-13-4)
ਵੇਦ ਨ ਜਾਣੈ ਭੇਦ ਕਿਹੁ ਸ਼ੇਖਨਾਗ ਨਾ ਪਾਏ॥ (9-13-5)
ਵਾਹਿਗੁਰੂ ਸਾਲਾਹਣਾ ਗੁਰ ਸ਼ਬਦ ਅਲਾਏ ॥੧੩॥ (9-13-6)

ਲੀਹਾਂ ਅੰਦਰ ਚਲੀਐ ਜਿਉਂ ਗਾਡੀ ਰਾਹੁ॥ (9-14-1)
ਹੁਕਮਿ ਰਜਾਈ ਚਲਣਾ ਸਾਧ ਸੰਗ ਨਿਬਾਹੁ॥ (9-14-2)
ਜਿਉਂ ਧਨ ਸੋਘਾ ਰਖਦਾ ਘਰ ਅੰਦਰਿ ਸ਼ਾਹੁ॥ (9-14-3)
ਜਿਉਂ ਮਿਰਯਾਦ ਨ ਛਡਈ ਸਾਇਰ ਅਸਗਾਹੁ॥ (9-14-4)
ਲਤਾਂ ਹੇਠ ਲਤਾੜੀਐ ਅਜਰਾਵਰ ਘਾਹੁ॥ (9-14-5)
ਧਰਮਸਾਲ ਹੈ ਮਾਨਸਰ ਹੰਸ ਗੁਰਸਿਖ ਵਾਹੁ॥ (9-14-6)
ਰਤਨ ਪਦਾਰਥ ਗੁਰ ਸ਼ਬਦ ਕਰ ਕੀਰਤਨ ਖਾਹੁ ॥੧੪॥ (9-14-7)

ਚੰਦਨ ਜਿਉਂ ਬਨਖੰਡ ਵਿਚ ਓਹ ਆਲ ਲੁਕਾਏ॥ (9-15-1)
ਪਾਰਸ ਅੰਦਰ ਪਰਬਤਾਂ ਹੋਇ ਗੁਪਤ ਵਲਾਏ॥ (9-15-2)
ਸਤ ਸਮੁੰਦੀਂ ਮਾਨਸਰ ਨਹਿ ਅਲਖ ਲਖਾਏ॥ (9-15-3)
ਜਿਉਂ ਪਰਛਿੰਨਾ ਪਾਰਜਾਤ ਨਹਿ ਪਰਗਟੀ ਆਏ॥ (9-15-4)
ਜਿਉਂ ਜਗ ਅੰਦਰ ਕਾਮਧੇਨ ਨਹਿੰ ਆਪ ਜਣਾਏ॥ (9-15-5)
ਸਤਿਗੁਰ ਦਾ ਉਪਦੇਸ਼ ਲੈ ਕਿਉਂ ਆਪ ਗਣਾਏ ॥੧੫॥ (9-15-6)

ਦੁਇ ਦੁਇ ਅਖੀਂ ਆਖੀਅਨ ਇਕ ਦਰਸਨ ਦਿਸੈ॥ (9-16-1)
ਦੁਇ ਦੁਇ ਕੰਨ ਵਖਾਣੀਅਨ ਇਕ ਸੁਰਤ ਸਲਿਸੈ॥ (9-16-2)
ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰ ਨ ਤਿਸੈ॥ (9-16-3)
ਇਕ ਜੋਤਿ ਦੁਇ ਮੂਰਤੀਂ ਇਕ ਸ਼ਬਦ ਸਰਿਸੈ॥ (9-16-4)
ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ ॥੧੬॥ (9-16-5)

ਪਹਿਲੇ ਗੁਰ ਉਪਦੇਸ਼ ਦੇ ਸਿਖ ਪੈਰੀਂ ਪਾਏ॥ (9-17-1)
ਸਾਧ ਸੰਗਤਿ ਕਰ ਧਰਮਸਾਲ ਸਿਖ ਸੇਵਾ ਲਾਏ॥ (9-17-2)
ਭਾਇ ਭਗਤਿ ਭੈ ਸੇਂਵਦੇ ਗੁਰਪੁਰਬ ਕਰਾਏ॥ (9-17-3)
ਸ਼ਬਦ ਸੁਰਤਿ ਲਿਵ ਕੀਰਤਨ ਸਚ ਮੇਲਿ ਮਿਲਾਏ॥ (9-17-4)

ਗੁਰਮੁਖ ਮਾਰਗ ਸਚ ਦਾ ਸਚ ਪਾਰ ਲੰਘਾਏ॥ (9-17-5)
ਸਚ ਮਿਲੈ ਸਚਿਆਰ ਨੋਂ ਮਿਲ ਆਪ ਗਵਾਏ ॥੧੭॥ (9-17-6)

ਸਿਰ ਉਚਾ ਨੀਵੇਂ ਚਰਣ ਸਿਰ ਪੈਰੀਨ ਪਾਂਦੇ॥ (9-18-1)
ਮੂੰਹ ਅਖੀਂ ਨਕ ਕੰਨ ਹਥ ਦੇਹ ਭਾਰ ਉਚਾਂਦੇ॥ (9-18-2)
ਸਭ ਚਿਹਨ ਛਡ ਪੂਜੀਅਨ ਕਉਣ ਕਰਮ ਕਮਾਂਦੇ॥ (9-18-3)
ਗੁਰਸਰਣੀ ਸਾਧਸੰਗਤੀ ਨਿਤ ਚਲ ਚਲ ਜਾਂਦੇ॥ (9-18-4)
ਵੱਤਨ ਪਰਉਪਕਾਰ ਨੋਂ ਕਰ ਪਾਰ ਵਸਾਂਦੇ॥ (9-18-5)
ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ॥ (9-18-6)
ਮਸਤਕ ਲਗੇ ਸਾਧ ਰੇਣੁ ਵਡ ਭਾਗ ਜਿਨਾਂ ਦੇ ॥੧੮॥ (9-18-7)

ਜਿਉਂ ਧਰਤੀ ਧੀਰਜ ਧਰਮ ਮਸਕੀਨੀ ਮੂੜੀ॥ (9-19-1)
ਸਭ ਦੂੰ ਨੀਵੀਂ ਹੋਇ ਰਹੀ ਤਿਸ ਮਣੀ ਨ ਕੂੜੀ॥ (9-19-2)
ਕੋਈ ਹਰਿ ਮੰਦਰ ਕਰੈ ਕੋ ਕਰੈ ਅਰੂੜੀ॥ (9-19-3)
ਜੇਹਾ ਬੀਜੈ ਸੋ ਲੁਣੈ ਫਲ ਅੰਬ ਲਸੂੜੀ॥ (9-19-4)
ਜੀਵੰਦਿਆਂ ਮਰ ਜੀਵਣਾ ਜੁੜ ਗੁਰਮੁਖ ਜੂੜੀ॥ (9-19-5)
ਲੱਤਾਂ ਹੇਠ ਲਤਾੜੀਐ ਗਤਿ ਸਾਧਾਂ ਧੂੜੀ ॥੧੯॥ (9-19-6)

ਜਿਉਂ ਪਾਣੀ ਨਿਵ ਚਲਦਾ ਨੀਵਾਣ ਚਲਾਯਾ॥ (9-20-1)
ਸਭਨਾਂ ਰੰਗਾਂ ਵਿਚ ਮਿਲੈ ਰਲ ਜਾਇ ਰਲਾਯਾ॥ (9-20-2)
ਪਰਉਪਕਾਰ ਕਮਾਂਵਦਾ ਉਨ ਆਪ ਗਵਾਯਾ॥ (9-20-3)
ਕਾਠ ਨ ਡੋਬੈ ਪਾਲਕੈ ਸੰਗਿ ਲੋਹਿ ਤਰਾਯਾ॥ (9-20-4)
ਵੁਠੇ ਮੀਂਹ ਸੁਕਾਲ ਹੋਇ ਰਸਕਸ ਉਪਜਾਯਾ॥ (9-20-5)
ਜੀਵੰਦਿਆਂ ਮਰ ਸਾਧ ਹੋਇ ਸੁਫਲਿਓ ਜਗ ਆਯਾ ॥੨੦॥ (9-20-6)

ਸਿਰ ਤਲਵਾਯਾ ਜੌਂਮਿਆ ਹੋਇ ਅਚਲ ਨ ਚਲਿਆ॥ (9-21-1)
ਪਾਣੀ ਪਾਲਾ ਧੁਪ ਸਹਿ ਓਹ ਤਪਹੁੰ ਨ ਟਲਿਆ॥ (9-21-2)
ਸਫਲਜੋ ਬਿਰਖ ਸੁਹਾਵੜਾ ਫਲ ਸੁਫਲਜੋ ਫਲਿਆ॥ (9-21-3)
ਫਲ ਦੇਇ ਵਟ ਗਵਾਈਐ ਕਰ ਵਤ ਨ ਹਲਿਆ॥ (9-21-4)
ਬੁਰੇ ਕਰਨ ਬੁਰਿਆਈਆਂ ਭਲਿਆਈ ਭਲਿਆ॥ (9-21-5)
ਅਵਗੁਣ ਕੀਤੇ ਗੁਣ ਕਰਨ ਜਗ ਸਾਧ ਵਿਰਲਿਆ॥ (9-21-6)
ਅਉਸਰ ਆਪ ਛਲਾਇੰਦੇ ਤਿਨ ਅਉਸਰ ਛਲਿਆ ॥੨੧॥ (9-21-7)

ਮੁਦਾ ਹੋਇ ਮੁਰੀਦ ਸੋ ਗੁਰ ਗੋਰ ਸਮਾਵੈ॥ (9-22-1)
ਸ਼ਬਦ ਸੁਰਤਿ ਲਿਵਲੀਣ ਹੋਇ ਓਹ ਆਪ ਗਵਾਵੈ॥ (9-22-2)
ਤਨੁ ਧਰਤੀ ਕਰ ਧਰਮਸਾਲ ਮਨ ਦੱਭ ਵਿਛਾਵੈ॥ (9-22-3)
ਲਤਾਂ ਹੇਠ ਲਤਾੜੀਐ ਗੁਰ ਸ਼ਬਦ ਕਮਾਵੈ॥ (9-22-4)
ਭਾਇ ਭਗਤਿ ਨੀਵਾਣ ਹੋਇ ਗੁਰਮਤਿ ਠਹਿਰਾਵੈ॥ (9-22-5)
ਵਰਸੈ ਨਿਝਰ ਧਾਰ ਹੋਇ ਸੰਗਤਿ ਚਲ ਆਵੈ ॥੨੨॥੯॥ (9-22-6)

Vaar 10

ੴ ਸਤਿਗੁਰਪ੍ਰਸਾਦਿ ॥ (10-1-1)

ਧ੍ਰੂ ਹਸਦਾ ਘਰ ਆਇਆ ਕਰ ਪਿਆਰ ਪਿਉ ਕੁਛੜ ਲੀਤਾ॥ (10-1-2)
ਬਾਹੋਂ ਪਕੜ ਉਠਾਲਿਆ ਮਨ ਵਿਚ ਰੋਸ ਮਤ੍ਰੇਈ ਕੀਤਾ॥ (10-1-3)
ਡੁਡਹੁਲਿਕਾ ਮਾਂ ਪੁਛੇ ਤੂੰ ਸਾਵਾਣੀ ਹੈ ਕਿ ਸਰੀਤਾ॥ (10-1-4)
ਸਾਵਾਣੀ ਹਾਂ ਜਨਮ ਦੀ ਨਾਮ ਨ ਭਗਤੀ ਕਰਮ ਦ੍ਰਿੜੀਤਾ॥ (10-1-5)
ਕਿਸ ਉਦੱਮ ਤੇ ਰਾਜ ਮਿਲੈ ਸਤ੍ਰੂ ਤੇ ਸਭ ਹੋਵਨ ਮੀਤਾ॥ (10-1-6)
ਪਰਮੇਸ਼ਰ ਆਰਾਧੀਐ ਜਿੰਦੂ ਹੋਈਐ ਪਤਿਤ ਪੁਨੀਤਾ॥ (10-1-7)
ਬਾਹਰ ਚਲਿਆ ਕਰਨ ਤਪ ਮਨ ਬੈਰਾਗੀ ਹੋਇ ਅਤੀਤਾ॥ (10-1-8)
ਨਾਰਦਮੁਨਿ ਉਪਦੇਸ਼ਿਆ ਨਾਮ ਨਿਧਾਨ ਅਮਿਉਰਸ ਪੀਤਾ॥ (10-1-9)
ਪਿਛਹੁ ਰਾਜੇ ਸਦਿਆ ਅਬਚਲ ਰਾਜ ਕਰਹੁ ਨਿਤ ਨੀਤਾ॥ (10-1-10)
ਹਾਰ ਚਲੇ ਗੁਰਮੁਖ ਜਗ ਜੀਤਾ ॥੧॥ (10-1-11)

ਘਰ ਹਰਨਾਖਸ ਦੈਂਤ ਦੇ ਕੱਲਰ ਕਵਲ ਭਗਤ ਪ੍ਰਹਿਲਾਦ॥ (10-2-1)
ਪੜ੍ਹਨ ਪਠਾਯਾ ਚਾਟਸਾਲ ਪਾਂਧੇ ਚਿਤ ਹੋਆ ਅਹਿਲਾਦ॥ (10-2-2)
ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸ਼ਬਦ ਅਨਾਹਦ ਨਾਦ॥ (10-2-3)
ਭਗਤਿ ਕਰਨ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦ॥ (10-2-4)
ਰਾਜੇ ਪਾਸ ਰੂਆਇਆ ਦੋਖੀ ਦੈਂਤ ਵਧਾਇਆਂ ਵਾਦ॥ (10-2-5)
ਜਲ ਅਗਨੀ ਵਿਚ ਘਤਿਆ ਜਲੈ ਨ ਡੁਬੈ ਗੁਰ ਪਰਸਾਦ॥ (10-2-6)
ਕਢ ਖੜਗ ਸਦ ਪੁਛਿਆ ਕਉਣ ਸੁ ਤੇਰਾ ਹੈ ਉਸਤਾਦ॥ (10-2-7)
ਥੰਮ ਪਾੜ ਪਰਗਟਿਆ ਨਰ ਸਿੰਘ ਰੂਪ ਅਨੂਪ ਅਨਾਦ॥ (10-2-8)
ਬੇਮੁਖ ਪਕੜ ਪਛਾੜਿਅਨ ਸੰਤ ਸਹਾਈ ਆਦਿ ਜੁਗਾਦ॥ (10-2-9)
ਜੈ ਜੈ ਕਾਰ ਕਰਨ ਬ੍ਰਹਮਾਦ ॥੨॥ (10-2-10)

ਬਲਿ ਰਾਜਾ ਘਰਿ ਆਪਣੈ ਅੰਦਰ ਬੈਠਾ ਜਗ ਕਰਾਵੈ॥ (10-3-1)
ਬਾਵਣ ਰੂਪੀ ਆਇਆ ਚਾਰ ਬੇਦ ਮੁਖ ਪਾਠ ਸੁਣਾਵੈ॥ (10-3-2)
ਰਾਜੇ ਅੰਦਰ ਸਦਿਆ ਮੰਗ ਸੁਆਮੀ ਜੋ ਤੁਧ ਭਾਵੈ॥ (10-3-3)
ਅਛਲ ਛਲਣ ਤੁਧੁ ਆਇਆ ਸ਼ੁਕ੍ਰ ਪਰੋਹਤ ਕਹਿ ਸਮਝਾਵੈ॥ (10-3-4)
ਕਰੌ ਅਢਾਈ ਧਰਤਿ ਮੰਗ ਪਿਛਹੁੰ ਦੇ ਤ੍ਰਿਹੁ ਲੋਅ ਨ ਮਾਵੈ॥ (10-3-5)
ਦੁਇ ਕਰਵਾ ਕਰ ਤਿੰਨ ਲੋਅ ਬਲਿਰਾਜਾ ਲੈ ਮਗਰੁ ਮਿਣਾਵੈ॥ (10-3-6)
ਬਲ ਛਲ ਆਪ ਛਲਾਇਅਨ ਹੋਇ ਦਯਾਲ ਮਿਲੈ ਗਲ ਲਾਵੈ॥ (10-3-7)
ਦਿਤਾ ਰਾਜ ਪਤਾਲ ਦਾ ਹੋਇ ਅਧੀਨ ਭਗਤ ਜਸ ਗਾਵੈ॥ (10-3-8)
ਹੋਇ ਦਰਵਾਨ ਮਹਾਂ ਸੁਖੁ ਪਾਵੈ ॥੩॥ (10-3-9)

ਅੰਬਰੀਕ ਮੁਹਿ ਵਰਤ ਹੈ ਰਾਤ ਪਈ ਦੁਰਬਾਸ਼ਾ ਆਯਾ॥ (10-4-1)
ਭੀੜਾ ਓਸ ਉਪਾਰਣਾ ਉਹ ਉਠ ਨ੍ਹਾਵਣ ਨਦੀ ਸਿਧਾਯਾ॥ (10-4-2)
ਚਰਣੋਦਕ ਲੈ ਪੋਖਿਆ ਓਹ ਸਰਾਪ ਦੇਣ ਨੋਂ ਧਾਯਾ॥ (10-4-3)
ਚਕ੍ਰ ਸੁਦਰਸ਼ਨ ਕਾਲ ਰੂਪ ਹੋਇ ਭੀਹਾਵਲ ਗਰਬ ਗਵਾਯਾ॥ (10-4-4)

ਬ੍ਰਾਹਮਣ ਭੰਨਾ ਜੀਉ ਲੈ ਰਖ ਨ ਹੰਘਨ ਦੇਵ ਸਬਾਯਾ॥ (10-4-5)
ਇੰਦ੍ਰਲੋਕ ਸ਼ਿਵਲੋਕ ਤਜ ਬ੍ਰਹਮ ਲੋਕ ਬੈਕੁੰਠ ਤਜਾਯਾ॥ (10-4-6)
ਦੇਵਤਿਆਂ ਭਗਵਾਨ ਸਣ ਸਿਖ ਦੇਇ ਸਭਨਾਂ ਸਮਝਾਯਾ॥ (10-4-7)
ਆਇ ਪਇਆ ਸਰਨਾਗਤੀ ਮਾਰੀਦਾ ਅੰਬਰੀਕ ਛਡਾਯਾ॥ (10-4-8)
ਭਗਤ ਵਛਲ ਜਗ ਬਿਰਦ ਸਦਾਯਾ ॥੪॥ (10-4-9)

ਭਗਤ ਵਡਾ ਰਾਜਾ ਜਨਕ ਹੈ ਗੁਰਮੁਖ ਮਾਯਾ ਵਿਚ ਉਦਾਸੀ॥ (10-5-1)
ਦੇਵ ਲੋਕ ਨੋਂ ਚਲਿਆ ਗਣ ਗੰਧਰਬ ਸਭਾ ਸੁਖਵਾਸੀ॥ (10-5-2)
ਜਮਪੁਰ ਗਇਆ ਪੁਕਾਰ ਸੁਣ ਵਿਲਲਾਵਨ ਜੀ ਨਰਕ ਨਿਵਾਸੀ॥ (10-5-3)
ਧਰਮਰਾਇ ਨੋ ਆਖਿਓਨੁ ਸਭਨਾ ਦੀ ਕਰ ਬੰਦ ਖਲਾਸੀ॥ (10-5-4)
ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰ ਅਬਿਨਾਸੀ॥ (10-5-5)
ਗਹਿਣੇ ਧਰਿਅਨੁ ਇਕ ਨਾਉਂ ਪਾਪਾਂ ਨਾਲ ਕਰੈ ਨਿਰਜਾਸੀ॥ (10-5-6)
ਪਾਸੰਗ ਪਾਪ ਨ ਪੁਜਨੀ ਗੁਰਮੁਖ ਨਾਉਂ ਅਤੁਲ ਨ ਤੁਲਾਸੀ॥ (10-5-7)
ਨਰਕਹੁੰ ਛੁਟੇ ਜੀਆ ਜੰਤ ਕਟੀ ਗਲਹੁ ਸਿਲਕ ਜਮਫਾਸੀ॥ (10-5-8)
ਮੁਕਤਿ ਜੁਗਤਿ ਨਾਵੈਂ ਕੀ ਦਾਸੀ ॥੫॥ (10-5-9)

ਸੁਖ ਰਾਜੇ ਹਰੀਚੰਦ ਘਰ ਨਾਰ ਸੁ ਤਾਰਾ ਲੋਚਨ ਰਾਣੀ॥ (10-6-1)
ਸਾਧ ਸੰਗਤਿ ਮਿਲ ਗਾਂਵਸੇ ਰਾਤੀਂ ਜਾਇ ਸੁਣੈ ਗੁਰਬਾਣੀ॥ (10-6-2)
ਪਿਛੋਂ ਰਾਜਾ ਜਾਗਿਆ ਅੱਧੀ ਰਾਤ ਨਿਖੰਡ ਵਿਹਾਣੀ॥ (10-6-3)
ਰਾਣੀ ਦਿਸ ਨ ਆਵਈ ਮਨ ਵਿਚ ਵਰਤ ਗਈ ਹੈਰਾਣੀ॥ (10-6-4)
ਹੋਰਤੁ ਰਾਤੀਂ ਉੱਠਕੈ ਚਲਿਆ ਪਿਛੈ ਤਰਲ ਜੁਆਣੀ॥ (10-6-5)
ਰਾਣੀ ਪਹੁਤੀ ਸੰਗਤੀਂ ਰਾਜੇ ਖੜੀ ਖੜਾਂਉ ਨੀਸਾਣੀ॥ (10-6-6)
ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉਂ ਪੁਰਾਣੀ॥ (10-6-7)
ਰਾਜੇ ਡਿਠਾ ਚਲਿਤ ਇਹ ਖੜਾਂਵ ਹੈ ਚੋਜ ਵਿਡਾਣੀ॥ (10-6-8)
ਸਾਧ ਸੰਗਤ ਵਿਟਹੁ ਕੁਰਬਾਣੀ ॥੬॥ (10-6-9)

ਆਇਆ ਸੁਣਿਆ ਬਿਦਰ ਦੇ ਬੋਲੇ ਦੁਰਜੋਧਨ ਹੋਇ ਰੁਖਾ॥ (10-7-1)
ਘਰ ਅਸਾਡੇ ਛੱਡਕੇ ਗੋਲੇ ਦੇ ਘਰ ਜਾਹਿ ਕਿ ਸੁਖਾ॥ (10-7-2)
ਭੀਖਮ ਦ੍ਰੋਣਾ ਕਰਨ ਤਜ ਸਭਾ ਸੀਂਗਾਰ ਵਡੇ ਮਾਨੁਖਾ॥ (10-7-3)
ਜੁਗੀ ਜਾਇ ਵਲਾਇਓਨ ਸਬਨਾਂ ਦੇ ਜੀਅ ਅੰਦਰ ਧੁਖਾ॥ (10-7-4)
ਹਸ ਬੋਲੇ ਭਗਵਾਨ ਜੀ ਸੁਣਹੋ ਰਾਜਾ ਹੋਇ ਸਨਮੁਖਾ॥ (10-7-5)
ਤੇਰੇ ਭਾਉ ਨ ਦਿਸਈ ਮੇਰੇ ਨਾਹੀਂ ਅਪਦਾ ਦੁਖਾ॥ (10-7-6)
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁਖਾ॥ (10-7-7)
ਗੋਵਿੰਦ ਭਾਉ ਭਗਤ ਦਾ ਭੁਖਾ ॥੭॥ (10-7-8)

ਅੰਦਰ ਸਭਾ ਦੁਸਾਸਨੈ ਮਥੈ ਵਾਲ ਦ੍ਰੋਪਤੀ ਆਂਦੀ॥ (10-8-1)
ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ॥ (10-8-2)
ਪੰਜੇ ਪਾਂਡੋ ਵੇਖਦੇ ਅਉਘਟ ਰੁਧੀ ਨਾਰਿ ਜਿਨਾਂ ਦੀ॥ (10-8-3)
ਅਖੀਂ ਮੀਟ ਧਿਆਨ ਧਰ ਹਾਹਾ ਕ੍ਰਿਸ਼ਨ ਕਰੇ ਵਿਲਲਾਂਦੀ॥ (10-8-4)
ਕਪੜ ਕੋਟ ਉਸਾਰਿਓਨ ਥਕੇ ਦੂਤ ਨ ਪਾਰ ਵਸਾਂਦੀ॥ (10-8-5)

ਹਥ ਮਰੋੜਨ ਸਿਰ ਧੁਣਨਿ ਪਛੋਤਾਨ ਕਰਨ ਜਾਹ ਜਾਂਦੀ॥ (10-8-6)
ਘਰ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ॥ (10-8-7)
ਨਾਥ ਅਨਾਥਾਂ ਬਾਣ ਧੁਰਾਂਦੀ ॥੮॥ (10-8-8)

ਬਿਪ ਸੁਦਾਮਾ ਦਾਲਦੀ ਬਾਲ ਸਖਾਈ ਮਿਤ੍ਰ ਸਦਾਏ॥ (10-9-1)
ਲਾਗੂ ਹੋਈ ਬਾਮ੍ਹਣੀ ਮਿਲ ਜਗਦੀਸ ਦਲਿਦ੍ਰ ਗਵਾਏ॥ (10-9-2)
ਚਲਿਆ ਗਿਣਦਾ ਗਟੀਆਂ ਕਜੋਂ ਕਰ ਜਾਈਏ ਕੌਣ ਮਿਲਾਏ॥ (10-9-3)
ਪਹੁਤਾ ਨਗਰ ਦੁਆਰਕਾ ਸਿੰਘ ਦੁਆਰ ਖਲੋਤਾ ਜਾਏ॥ (10-9-4)
ਦੂਰਹੁੰ ਦੇਖ ਡੰਡਉਤ ਕਰ ਛੱਡ ਸਿੰਘਾਸਣ ਹਰਿ ਜੀ ਆਏ॥ (10-9-5)
ਪਹਿਲੇ ਦੇ ਪਰਦਖਣਾ ਪੈਰੀਂ ਪੈ ਕੇ ਲੈ ਗਲ ਲਾਏ॥ (10-9-6)
ਚਰਣੋਦਕ ਲੈ ਪੈਰ ਧੋਇ ਸ਼ਿੰਘਾਸਣ ਉਪਰ ਬੈਠਾਏ॥ (10-9-7)
ਪੁਛੇ ਕੁਸਲ ਪਿਆਰ ਕਰ ਗੁਰ ਸੇਵਾ ਦੀ ਕਥਾ ਸੁਣਾਏ॥ (10-9-8)
ਲੈਕੇ ਤੰਦਲ ਚਬਿਓਨ ਵਿਦਾ ਕਰੇ ਅਗੇ ਪਹੁਚਾਏ॥ (10-9-9)
ਚਾਰ ਪਦਾਰਥ ਸਕੁਚ ਪਠਾਏ ॥੯॥ (10-9-10)

ਪ੍ਰੇਮ ਭਗਤਿ ਜੈਦੇਉ ਕਰ ਗੀਤ ਗੋਬਿੰਦ ਸਹਜ ਧੁਨਿ ਗਾਵੈ॥ (10-10-1)
ਲੀਲ੍ਹਾ ਚਲਿਤ ਵਖਾਣਦਾ ਅੰਤਰ ਜਾਮੀ ਠਾਕੁਰ ਭਾਵੈ॥ (10-10-2)
ਅੱਖਰ ਇਕ ਨ ਆਵੜੈ ਪੁਸਤਕ ਬੰਨ ਸੰਧਿਆ ਕਰ ਆਵੈ॥ (10-10-3)
ਗੁਣ ਨਿਧਾਨ ਘਰ ਆਇਕੈ ਭਗਤ ਰੂਪ ਲਿਖ ਲੇਖ ਬਨਾਵੈ॥ (10-10-4)
ਅਖਰ ਪੜ੍ਹ ਪਰਤੀਤ ਕਰ ਹੁਇ ਵਿਸਮਾਦ ਨ ਅੰਗ ਸਮਾਵੈ॥ (10-10-5)
ਵੇਖੇ ਜਾਇ ਉਜਾੜ ਵਿਚ ਬਿਰਖ ਇਕ ਆਚਰਜ ਸੁਹਾਵੈ॥ (10-10-6)
ਗੀਤ ਗੋਬਿੰਦ ਸਪੂਰਣੋ ਪਤ ਪਤੁ ਲਿਖਿਆ ਅਮਤੁ ਨ ਪਾਵੈ॥ (10-10-7)
ਭਗਤ ਹੇਤੁ ਪਰਗਾਸ ਕਰ ਹੋਇ ਦਇਆਲ ਮਿਲੈ ਗਲ ਲਾਵੈ॥ (10-10-8)
ਸੰਤ ਅਨੰਤ ਨ ਭੇਦ ਗਣਾਵੈ ॥੧੦॥ (10-10-9)

ਕੌਮ ਕਿਤੇ ਪਿਉ ਚਲਿਆ ਨਾਮਦੇਵ ਨੋਂ ਆਖ ਸਿਧਾਯਾ॥ (10-11-1)
ਠਾਕੁਰ ਦੀ ਸੇਵਾ ਕਰੀਂ ਦੁਧ ਪੀਆਵਣ ਕਹਿ ਸਮਝਾਯਾ॥ (10-11-2)
ਨਾਮਦੇਉ ਇਸ਼ਨਾਨ ਕਰ ਕਪਲ ਗਾਇ ਦੁਹਿਕੈ ਲੈ ਆਯਾ॥ (10-11-3)
ਠਾਕੁਰ ਨੋਂ ਨ੍ਹਾਵਾਲਕੈ ਚਰਣੋਦਕ ਲੈ ਤਿਲਕ ਚੜ੍ਹਾਯਾ॥ (10-11-4)
ਹਥ ਜੋੜ ਬਿਨਤੀ ਕਰੇ ਦੁਧ ਪੀਅਹੁ ਜੀ ਗੋਬਿੰਦ ਰਾਯਾ॥ (10-11-5)
ਨਿਹਚਉ ਕਰ ਆਰਾਧਿਆ ਹੋਇ ਦਯਾਲ ਦਰਸ ਦਿਖਲਾਯਾ॥ (10-11-6)
ਭਰੀ ਕਟੋਰੀ ਨਾਮਦੇਵ ਲੈ ਠਾਕੁਰ ਨੋਂ ਦੁਧ ਪੀਆਯਾ॥ (10-11-7)
ਗਾਇ ਮੁਈ ਜੀਵਾਲੀਓਨ ਨਾਮਦੇਉ ਦਾ ਛਪਰ ਛਾਯਾ॥ (10-11-8)
ਫੇਰ ਦੇਹੁਰਾ ਰੱਖਿਓਨ ਚਾਰ ਵਰਨ ਲੈ ਪੈਰੀਂ ਪਾਯਾ॥ (10-11-9)
ਭਗਤ ਜਨਾਂ ਦਾ ਕਰੈ ਕਰਾਯਾ ॥੧੧॥ (10-11-10)

ਦਰਸ਼ਣ ਵੇਖਣ ਨਾਮਦੇਵ ਭਲਕੇ ਉੱਠ ਤ੍ਰਿਲੋਚਨ ਆਵੈ॥ (10-12-1)
ਭਗਤਿ ਕਰਨ ਮਿਲ ਦੁਇ ਜਣੇ ਨਾਮਦੇਉ ਹਰਿ ਚਲਤ ਸੁਣਾਵੈ॥ (10-12-2)
ਮੇਰੀ ਭੀ ਕਰ ਬੇਨਤੀ ਦਰਸ਼ਨ ਦੇਖਾਂ ਜੇ ਤਿਸ ਭਾਵੈ॥ (10-12-3)
ਠਾਕੁਰ ਜੀ ਨੋਂ ਪੁਛਿਓਸ ਦਰਸ਼ਨ ਕਿਵੈਂ ਤ੍ਰਿਲੋਚਨ ਪਾਵੈ॥ (10-12-4)

ਹਸਕੈ ਠਾਕੁਰ ਬੋਲਿਆ ਨਾਮਦੇਉ ਨੋਂ ਕਹਿ ਸਮਝਾਵੈ॥ (10-12-5)
ਹਥ ਨ ਆਵੈ ਭੇਟ ਸੋ ਤੁਸ ਤ੍ਰਿਲੋਚਨ ਮੈਂ ਮੁਹਿ ਲਾਵੈ॥ (10-12-6)
ਹਉਂ ਅਧੀਨ ਹਾਂ ਭਗਤ ਦੇ ਪਹੁੰਚ ਨ ਹੰਘਾਂ ਭਗਤੀ ਦਾਵੈ॥ (10-12-7)
ਹੋਇ ਵਿਚੋਲਾ ਆਣ ਮਿਲਾਵੈ ॥੧੨॥ (10-12-8)

ਬਾਮ੍ਹਣ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ॥ (10-13-1)
ਧੰਨੈ ਡਿਠਾ ਚਲਿਤ ਏਹ ਪੁਛੈ ਬਾਮ੍ਹਣ ਆਖ ਸੁਣਾਵੈ॥ (10-13-2)
ਠਾਕੁਰ ਦੀ ਸੇਵਾ ਕਰੇ ਜੋ ਇਛੇ ਸੋਈ ਫਲ ਪਾਵੈ॥ (10-13-3)
ਧੰਨਾ ਕਰਦਾ ਜੋਦੜੀ ਮੈਂ ਭਿ ਦੇਹ ਇਕ ਜੇ ਤੁਧ ਭਾਵੈ॥ (10-13-4)
ਪੱਥਰ ਇਕ ਲਪੇਟ ਕਰ ਦੇ ਧੰਨੇ ਨੋਂ ਗੈਲ ਛੁਡਾਵੈ॥ (10-13-5)
ਠਾਕੁਰ ਨੋਂ ਨ੍ਹਾਵਾਲਕੇ ਛਾਹਿ ਰੋਟੀ ਲੈ ਭੋਗ ਚੜ੍ਹਾਵੈ॥ (10-13-6)
ਹਥ ਜੋੜ ਮਿੰਨਤ ਕਰੇ ਪੈਰੀਂ ਪੈ ਪੈ ਬਹੁਤ ਮਨਾਵੈ॥ (10-13-7)
ਹਉਂ ਬੀ ਮੂੰਹ ਨ ਜੁਠਾਲਸਾਂ ਤੂੰ ਰੁਠਾ ਮੈਂ ਕਿਹੁ ਨ ਸੁਖਾਵੈ॥ (10-13-8)
ਗੋਸਈਂ ਪਰਤੱਖ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ॥ (10-13-9)
ਭੋਲਾ ਭਾਉ ਗੋਵਿੰਦ ਮਿਲਾਵੈ ॥੧੩॥ (10-13-10)

ਗੁਰਮੁਖ ੇਣੀ ਭਗਤਿ ਕਰ ਜਾਇ ਇਕਾਂਤ ਬਹੈ ਲਿਵ ਲਾਵੈ॥ (10-14-1)
ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਜਰ ਲਖਾਵੈ॥ (10-14-2)
ਘਰ ਆਯਾ ਜਾਂ ਪੁਛੀਐ ਰਾਜ ਦੁਆਰ ਗਇਆ ਆਲਾਵੈ॥ (10-14-3)
ਘਰ ਸਭ ਵਥੂੰ ਮੰਗੀਅਨ ਵਲ ਛਲ ਕਰਕੈ ਝਤ ਲੰਘਾਵੈ॥ (10-14-4)
ਵਡਾ ਸਾਂਗ ਵਰਤਦਾ ਓਹ ਇਕ ਮਨ ਪਰਮੇਸ਼ਰ ਧਜਾਵੈ॥ (10-14-5)
ਪੈਜ ਸਵਾਰੈ ਭਗਤ ਦੀ ਰਾਜਾ ਹੋਇਕੈ ਘਰ ਚਲ ਆਵੈ॥ (10-14-6)
ਦੇਇ ਦਿਲਾਸਾ ਤੁਸਕੈ ਅਨਗਣਤੀ ਖਰਚੀ ਪਹੁਚਾਵੈ॥ (10-14-7)
ਓਥਹੁੰ ਆਯਾ ਭਗਤ ਪਾਸ ਹੋਇ ਦਿਆਲ ਹੇਤ ਉਪਜਾਵੈ॥ (10-14-8)
ਭਗਤ ਜਨਾ ਜੈਕਾਰ ਕਰਾਵੈ ॥੧੪॥ (10-14-9)

ਹੋਇ ਬਿਰਕਤ ਬਨਾਰਸੀ ਰਹਿੰਦਾ ਰਾਮਾਨੰਦ ਗੁਸਾਈ॥ (10-15-1)
ਅੰਮ੍ਰਿਤ ਵੇਲੇ ਉਠਕੇ ਜਾਂਦਾ ਗੰਗਾ ਨ੍ਹਾਵਣ ਤਾਈ॥ (10-15-2)
ਅਗੋਂ ਹੀ ਦੇ ਜਾਇਕੇ ਲੰਮਾ ਪਿਆ ਕਬੀਰ ਤਿਥਾਈ॥ (10-15-3)
ਪੈਰੀਂ ਟੁੰਬ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ॥ (10-15-4)
ਜਿਉਂ ਲੋਹਾ ਪਾਰਸ ਛੁਹੇ ਚੰਦਨ ਵਾਸ ਨਿੰਮ ਮਹਿਕਾਈ॥ (10-15-5)
ਪਸੂ ਪਰੇਤਹੁੰ ਦੇਵ ਕਰ ਪੂਰੇ ਸਤਿਗੁਰ ਦੀ ਵਡਿਆਈ॥ (10-15-6)
ਅਚਰਜ ਨੋ ਅਚਰਜ ਮਿਲੈ ਵਿਸਮਾਦੇ ਵਿਸਮਾਦ ਮਿਲਾਈ॥ (10-15-7)
ਝਰਣਾ ਝਰਦਾ ਨਿਝਰਹੁੰ ਗੁਰਮੁਖ ਬਾਣੀ ਅਘੜ ਘੜਾਈ॥ (10-15-8)
ਰਾਮ ਕਬੀਰੈ ਭੇਦ ਨ ਭਾਈ ॥੧੫॥ (10-15-9)

ਸੁਣ ਪਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ॥ (10-16-1)
ਪ੍ਰੇਮ ਭਗਤਿ ਰਾਤੀਂ ਕਰੈ ਭਲਕੇ ਰਾਜ ਦੁਆਰੈ ਜਾਈ॥ (10-16-2)
ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ॥ (10-16-3)
ਛਡ ਨ ਸਕੈ ਸੰਤ ਜਨ ਰਾਜ ਦੁਆਰ ਨ ਸੇਵ ਕਮਾਈ॥ (10-16-4)

ਸੈਣ ਰੂਪ ਹਰਿ ਹੋਇਕੈ ਆਇਆ ਰਾਣੇ ਨੋਂ ਰੀਝਾਈ॥ (10-16-5)
ਸਾਧ ਜਨਾਂ ਨੋਂ ਵਿਦਾ ਕਰ ਰਾਜਦੁਆਰ ਗਇਆ ਸ਼ਰਮਾਈ॥ (10-16-6)
ਰਾਣੇ ਦੂਰਹੁੰ ਸਦਕੈ ਗਲਹੁੰ ਕਵਾਇ ਖੋਲ੍ਹ ਪੈਨ੍ਹਾਈ॥ (10-16-7)
ਵਸ ਕੀਤਾ ਹਉਂ ਤੁਧ ਅਜ ਬੋਲੈ ਰਾਜਾ ਸੁਣੈ ਲੁਕਾਈ॥ (10-16-8)
ਪਰਗਟ ਕਰੈ ਭਗਤ ਵਡਿਆਈ ॥੧੬॥ (10-16-9)

ਭਗਤ ਭਗਤ ਜਗ ਵਜਿਆ ਚਹੁੰ ਚਕਾਂ ਦੇ ਵਿਚ ਚਮਰੇਟਾ॥ (10-17-1)
ਪਾਣਾ ਗੰਢੇ ਰਾਹ ਵਿਚ ਕੁਲਾ ਧਰਮ ਢੋਇ ਢੋਰ ਸਮੇਟਾ॥ (10-17-2)
ਜਿਉਂ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ॥ (10-17-3)
ਚਹੁੰ ਵਰਨਾਂ ਉਪਦੇਸ਼ ਦਾ ਗਜਾਨ ਧਜਾਨ ਕਰ ਭਗਤ ਸਹੇਟਾ॥ (10-17-4)
ਨ੍ਹਾਵਣ ਆਯਾ ਸੰਗ ਮਿਲ ਬਾਨਾਰਸ ਕਰ ਗੰਗਾ ਥੇਟਾ॥ (10-17-5)
ਕਢ ਕਸੀਰਾ ਸਉਂਪਿਆ ਰਵਿਦਾਸੈ ਗੰਗਾ ਦੀ ਭੇਟਾ॥ (10-17-6)
ਲਗਾ ਪੁਰਬ ਅਭੀਚ ਦਾ ਡਿਠਾ ਚਲਿਤ ਅਚਰਜ ਆਮੇਟਾ॥ (10-17-7)
ਲਇਆ ਕਸੀਰਾ ਹਥ ਕਢ ਸੂਤ ਇਕ ਜਿਉਂ ਤਾਣਾ ਪੇਟਾ॥ (10-17-8)
ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥੧੭॥ (10-17-9)

ਗੋਤਮ ਨਾਰ ਅਹਿਲਿਆ ਤਿਸਨੋਂ ਦੇਖ ਇੰਦ੍ਰ ਲੋਭਾਣਾ॥ (10-18-1)
ਪਰ ਗਰ ਜਾਇ ਸਰਾਪ ਲੈ ਹੋਇ ਸਹਸ ਭਗ ਪਛੋਤਾਣਾ॥ (10-18-2)
ਸੁੰਞਾ ਹੋਆ ਇੰਦ੍ਰਲੋਕ ਲੁਕਿਆ ਸਰਵਰ ਮਨ ਸ਼ਰਮਾਣਾ॥ (10-18-3)
ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰਪੁਰੀ ਸਿਧਾਣਾ॥ (10-18-4)
ਸਤੀ ਸਤਹੁੰ ਟਲ ਸਿਲਾ ਹੋਇ ਨਦੀ ਕਿਨਾਰੇ ਬਾਝ ਪਰਾਣਾ॥ (10-18-5)
ਰਘੁਪਤਿ ਚਰਣ ਛੁਹੰਦਿਆ ਚਲੀ ਸੁਰਗਪੁਰ ਬਣੇ ਬਿਬਾਣਾ॥ (10-18-6)
ਭਗਤ ਵਛਲ ਭਲਜਾਈਅਹੁੰ ਪਤਿਤ ਉਧਾਰਣ ਪਾਪ ਕਮਾਣਾ॥ (10-18-7)
ਗੁਣਨੋਂ ਗੁਣ ਸਭਕੋ ਕਰੈ ਅਉਗਣ ਕੀਤੇ ਗੁਣ ਤਿਸ ਜਾਣਾ॥ (10-18-8)
ਅਵਿਗਤ ਗਤਿ ਕਿਆ ਆਖ ਵਖਾਣਾ ॥੧੮॥ (10-18-9)

ਵਾਟੇ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ॥ (10-19-1)
ਪੂਰਾ ਸਤਿਗੁਰ ਸੇਵਿਆ ਮਨ ਵਿਚ ਹੋਆ ਖਿੰਜੋਤਾੜਾ॥ (10-19-2)
ਮਾਰਣ ਨੋਂ ਲੋਚੈ ਘਣਾ ਕਢ ਨ ਹੰਘੈ ਹੱਥ ਉਘਾੜਾ॥ (10-19-3)
ਸਤਿਗੁਰ ਮਨੂਆ ਰਖਿਆ ਹੋਇ ਨ ਆਵੈ ਉਛੋਹਾੜਾ॥ (10-19-4)
ਅਉਗਣ ਸਭ ਪਰਗਾਸਿਅਨੁ ਰੋਜ਼ਗਾਰੁ ਹੈ ਇਹ ਅਸਾੜਾ॥ (10-19-5)
ਘਰ ਵਿਚ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ॥ (10-19-6)
ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ॥ (10-19-7)
ਸਚ ਦ੍ਰਿੜਾਇ ਉਧਾਰਿਅਨੁ ਟਪ ਨਿਕਥਾ ਉਪਰ ਵਾੜਾ॥ (10-19-8)
ਗੁਰਮੁਖ ਲੰਘੇ ਪਾਪ ਪਹਾੜਾ ॥੧੯॥ (10-19-9)

ਪਤਿ ਅਜਾਮਲ ਪਾਪ ਕਰ ਜਾਇ ਕਲਾਵਤਣੀ ਦੇ ਰਹਿਆ॥ (10-20-1)
ਗੁਰ ਤੇ ਬੇਮੁਖ ਹੋਇਕੈ ਪਾਪ ਕਮਾਵੇ ਦੁਰਮਤਿ ਦਹਿਆ॥ (10-20-2)
ਬ੍ਰਿਥਾ ਜਨਮ ਗਵਾਇਅਨੁ ਭਵਜਲ ਅੰਦਰ ਫਿਰਦਾ ਵਹਿਆ॥ (10-20-3)
ਛਿਅ ਪੁਤ ਜਾਏ ਵੇਸਵਾ ਪਾਪਾਂ ਦੇ ਫਲ ਇਛੇ ਲਹਿਆ॥ (10-20-4)

ਪੁਤ੍ਰ ਉਪੰਨਾ ਸਤਵਾਂ ਨਾਉਂ ਧਰਣ ਨੋਂ ਚਿਤ ਉਮਹਿਆ॥ (10-20-5)
ਗੁਰੂ ਦੁਆਰੈ ਜਾਇਕੈ ਗੁਰਮੁਖ ਨਾਉਂ ਨਰਾਇਣ ਕਹਿਆ॥ (10-20-6)
ਅੰਤਕਾਲ ਜਮਦੂਤ ਵੇਖ ਪੁਤ ਨਰਾਇਣ ਬੋਲੈ ਛਹਿਆ॥ (10-20-7)
ਜਮਗਣ ਮਾਰੇ ਹਰਿਜਨਾਂ ਗਇਆ ਸੁਰਗ ਜਮ ਡੰਡ ਨ ਸਹਿਆ॥ (10-20-8)
ਨਾਇ ਲਏ ਦੁਖ ਡੇਰਾ ਢਹਿਆ ॥੨੦॥ (10-20-9)

ਗਨਕਾ ਪਾਪਨ ਹੋਇਕੈ ਪਾਪਾਂ ਦਾ ਗਲ ਹਾਰ ਪਰੋਤਾ॥ (10-21-1)
ਮਹਾਂ ਪੁਰਖ ਅਚਾਣਚਕ ਗਣਕਾ ਵਾੜੇ ਆਇ ਖਲੋਤਾ॥ (10-21-2)
ਦੁਰਮਤਿ ਦੇਖ ਦਇਆਲ ਹੋਇ ਹਥਹੁੰ ਉਸਨੋਂ ਦਿਤੋਸੁ ਤੋਤਾ॥ (10-21-3)
ਰਾਮ ਨਾਮ ਉਪਦੇਸ ਕਰ ਖੇਲ ਗਿਆ ਦੇ ਵਣਜ ਸਉਤਾ॥ (10-21-4)
ਲਿਵ ਲਾਗੀ ਤਿਸ ਤੋਤਿਅਹੁੰ ਨਿਤ ਪੜ੍ਹਾਏ ਕਰੈ ਅਸੋਤਾ॥ (10-21-5)
ਪਤਿਤ ਉਧਾਰਣ ਰਾਮ ਨਾਮ ਦੁਰਮਤਿ ਪਾਪ ਕਲੇਵਰ ਧੋਤਾ॥ (10-21-6)
ਅੰਤਕਾਲ ਜਮ ਜਾਲ ਤੋੜ ਨਰਕੈ ਵਿਚ ਨ ਖਾਧੁਸ ਗੋਤਾ॥ (10-21-7)
ਗਈ ਬੈਕੁੰਠ ਬਿਬਾਣ ਚੜ੍ਹ ਨਾਉ ਨਾਰਾਇਣ ਛੋਤ ਅਛੋਤਾ॥ (10-21-8)
ਥਾਉਂ ਨਿਥਾਵੇਂ ਮਾਣ ਮਣੋਤਾ ॥੨੧॥ (10-21-9)

ਆਈ ਪਾਪਣਿ ਪੂਤਨਾਂ ਦੁਹੀਂ ਥਣੀਂ ਵਿਹੁ ਲਾਇ ਵਹੇਲੀ॥ (10-22-1)
ਆਇ ਬੈਠੀ ਪਰਵਾਰ ਵਿਚ ਨੇਹੁੰ ਲਾਈ ਨਵਹਾਨਿ ਨਵੇਲੀ॥ (10-22-2)
ਕੁਛੜ ਲਏ ਗੋਬਿੰਦ ਰਾਇ ਕਰਿ ਚੇਟਕ ਚਤੁਰੰਗ ਮਹੇਲੀ॥ (10-22-3)
ਮੋਹਣ ਮੌਮੇ ਪਾਇਓਨ ਬਾਹਰ ਆਈ ਗਰਬ ਗਹੇਲੀ॥ (10-22-4)
ਦੇਹ ਵਧਾਇ ਉਚਾਇਨੁ ਤਿਹ ਚਰਿਆਰ ਨਾਰ ਅਠਖੇਲੀ॥ (10-22-5)
ਤਿਹ ਲੋਆਂ ਦਾ ਭਾਰ ਦੇ ਚੰਮੜਿਆ ਗਲ ਹੋਇ ਦੁਹੇਲੀ॥ (10-22-6)
ਖਾਇ ਪਛਾੜ ਪਹਾੜ ਵਾਂਗ ਜਾਇ ਪਈ ਓਜਾੜ ਧਕੇਲੀ॥ (10-22-7)
ਕੀਤੀ ਮਾਊ ਤੁਲ ਸਹੇਲੀ ॥੨੨॥ (10-22-8)

ਜਾਇ ਸੁਤਾ ਪਰਭਾਸ ਵਿਚ ਗੋਡੇ ਉਤੇ ਪੈਰ ਪਸਾਰੇ॥ (10-23-1)
ਚਰਣ ਕਮਲ ਵਿਚ ਪਦਮ ਹੈ ਝਿਲਮਿਲ ਝਲਕੈ ਵਾਂਗੀ ਤਾਰੇ॥ (10-23-2)
ਬੱਧਕ ਆਯਾ ਭਾਲਦਾ ਮਿਰਗੈ ਜਾਣ ਬਾਣ ਲੈ ਮਾਰੇ॥ (10-23-3)
ਦਰਸ਼ਨ ਡਿਠੋਸੁ ਜਾਇਕੈ ਕਰਨ ਪਲਾਵ ਕਰੈ ਪੂਕਾਰੇ॥ (10-23-4)
ਗਲ ਵਿਚ ਲੀਤਾ ਕ੍ਰਿਸ਼ਨ ਜੀ ਅਵਗੁਣ ਕੀਤੇ ਹਰ ਨ ਚਿਤਾਰੇ॥ (10-23-5)
ਕਰ ਕਿਰਪਾ ਸੰਤੋਖਿਆ ਪਤਿਤ ਉਧਾਰਣ ਬਿਰਧ ਬੀਚਾਰੇ॥ (10-23-6)
ਭਲੇ ਭਲੇ ਕਰ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ॥ (10-23-7)
ਪਾਪ ਕਰੰਦੇ ਪਤਿਤ ਉਧਾਰੇ ॥੨੩॥੧੦॥ (10-23-8)

Vaar 11

ੴ ਸਤਿਗੁਰਪ੍ਰਸਾਦਿ ॥ (11-1-1)

ਸਤਿਗੁਰ ਸਚਾ ਪਾਤਿਸ਼ਾਹ ਪਾਤਿਸ਼ਾਹਾਂ ਪਾਤਿਸ਼ਾਹ ਜੁਹਾਰੀ॥ (11-1-2)
ਸਾਧ ਸੰਗਤਿ ਸਚ ਖੰਡ ਹੈ ਆਇ ਝਰੋਖੈ ਖੋਲੈ ਬਾਰੀ॥ (11-1-3)
ਅਮਿਉਕਿਰਨ ਨਿਝਰ ਝਰੈ ਅਨਹਦਨਾਦ ਵਾਇਨ ਦਰਬਾਰੀ॥ (11-1-4)
ਪਾਤਿਸ਼ਾਹਾਂ ਦੀ ਮਜਲਸੈ ਪਿਰਮ ਪਿਆਲਾ ਪੀਵਣ ਭਾਰੀ॥ (11-1-5)
ਸਾਕੀ ਹੋਇ ਪੀਆਵਣਾ ਉਲਸ਼ ਪਿਆਲੈ ਖਰੀ ਖੁਮਾਰੀ॥ (11-1-6)
ਭਾਇ ਭਗਤ ਭੈ ਚਲਣਾ ਮਸਤ ਅਲਮਸਤ ਸਦਾ ਹੁਸ਼ਿਆਰੀ॥ (11-1-7)
ਭਗਤ ਵਛਲ ਹੋਇ ਭਗਤ ਭੰਡਾਰੀ ॥੧॥ (11-1-8)

ਇਕਤ ਨੁਕਤੈ ਹੋਇ ਜਾਇ ਮੁਜਰਮ ਖੈਰ ਖੁਆਰੀ॥ (11-2-1)
ਮਸਤਾਨੀ ਵਿਚ ਮਜਲਸੀ ਗੈਰ ਮਹੱਲ ਜਾਣਾ ਮਨ ਮਾਰੀ॥ (11-2-2)
ਗਲ ਨ ਬਾਹਿਰ ਨਿਕਲੈ ਹੁਕਮੀ ਬੰਦੇ ਕਾਰ ਕਰਾਰੀ॥ (11-2-3)
ਗੁਰਮੁਖ ਸੁਖ ਫਲ ਪਿਰਮ ਰਸ ਦੇਹ ਬਿਦੇਹ ਵਡੇ ਵੀਚਾਰੀ॥ (11-2-4)
ਗੁਰ ਮੂਰਤ ਗੁਰ ਸ਼ਬਦ ਸੁਣ ਸਾਧ ਸੰਗਤ ਆਸਨ ਨਿਰੰਕਾਰੀ॥ (11-2-5)
ਆਦਿ ਪੁਰਖ ਆਦੇਸ ਕਰ ਅੰਮ੍ਰਿਤ ਵੇਲਾ ਸਬਦ ਅਹਾਰੀ॥ (11-2-6)
ਅਵਗਤਿ ਗਤਿ ਅਗਾਧਬੋਧ ਅਕਥ ਕਥਾ ਅਸਗਾਹ ਅਪਾਰੀ॥ (11-2-7)
ਸਹਿਣ ਅਵਟਣ ਪਰ ਉਪਕਾਰੀ ॥੨॥ (11-2-8)

ਗੁਰਮੁਖ ਜਨਮ ਸਕਾਰਥਾ ਗੁਰਸਿਖ ਮਿਲ ਸਰਨੀ ਆਯਾ॥ (11-3-1)
ਆਦਿ ਪੁਰਖ ਆਦੇਸ ਕਰ ਸਫਲ ਮੂਰਤ ਗੁਰ ਦਰਸਨ ਪਾਯਾ॥ (11-3-2)
ਪਰਦਖਨਾ ਡੰਡਉਤ ਕਰ ਮਸਤਕ ਚਰਣ ਕਮਲ ਗੁਰ ਲਾਯਾ॥ (11-3-3)
ਸਤਿਗੁਰ ਪੁਰਖ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਯਾ॥ (11-3-4)
ਸਚ ਰਾਸ ਰਹਿਰਾਸ ਦੇ ਪੈਰੀਂ ਪੈ ਜਗ ਪੈਰੀਂ ਪਾਯਾ॥ (11-3-5)
ਕਾਮ ਕਰੋਧ ਵਿਰੋਧ ਹਰ ਲੋਭ ਮੋਹ ਅਹੰਕਾਰ ਤਜਾਯਾ॥ (11-3-6)
ਸਤ ਸੰਤੋਖ ਦਇਆ ਧਰਮ ਦਾਨ ਨਾਮ ਇਸ਼ਨਾਨ ਦ੍ਰਿੜਾਯਾ॥ (11-3-7)
ਗੁਰ ਸਿਖ ਲੈ ਗੁਰ ਸਿਖ ਸਦਾਯਾ ॥੩॥ (11-3-8)

ਸ਼ਬਦ ਸੁਰਤ ਲਿਵਲੀਣ ਹੋ ਸਾਧ ਸੰਗਤ ਸਚ ਮੇਲ ਮਿਲਾਯਾ॥ (11-4-1)
ਹੁਕਮ ਰਜਾਈ ਚੱਲਣਾ ਆਪ ਗਵਾਇ ਨ ਆਪ ਜਣਾਯਾ॥ (11-4-2)
ਗੁਰ ਉਪਦੇਸ਼ ਅਵੇਸ ਕਰ ਪਰਉਪਕਾਰ ਅਚਾਰ ਲੁਭਾਯਾ॥ (11-4-3)
ਪਿਰਮ ਪਿਆਲਾ ਅਪਿਉਪੀ ਸਹਜ ਸਮਾਈ ਅਜਰੁ ਜਰਾਯਾ॥ (11-4-4)
ਮਿਠਾ ਬੋਲਣ ਨਿਵ ਚਲਣ ਹਥਹੁੰ ਦੇਕੈ ਭਲਾ ਮਨਾਯਾ॥ (11-4-5)
ਇਕ ਮਨ ਇਕ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਯਾ॥ (11-4-6)
ਗੁਰਮੁਖ ਸੁਖ ਫਲ ਨਿਜ ਪਦ ਪਾਯਾ ॥੪॥ (11-4-7)

ਗੁਰ ਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ॥ (11-5-1)
ਓਥੈ ਟਿਕੈ ਨ ਭੁਲਹਣਾ ਚੱਲ ਨ ਸਕੈ ਉੱਪਰ ਕੀੜੀ॥ (11-5-2)

ਵਾਲਹੁੰ ਨਿਕੀ ਆਖੀਐ ਤੇਲ ਤਿਲਹੁੰ ਲੈ ਕੋਲ੍ਹ ਪੀੜੀ॥ (11-5-3)
ਗੁਰਮੁਖ ਵੰਸੀ ਪਰਮ ਹੰਸ ਖੀਰ ਨੀਰ ਨਿਰਨਉ ਜੁ ਨਿਵੀੜੀ॥ (11-5-4)
ਸਿਲ ਆਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ॥ (11-5-5)
ਗੁਰਮੁਖ ਮਾਰਗ ਚਲਣਾ ਆਸ ਨਿਰਾਸੀ ਝੀੜ ਉਝੀੜੀ॥ (11-5-6)
ਸਹਜ ਸਰੋਵਰ ਸਚ ਖੰਡ ਸਾਧ ਸੰਗਤਿ ਸਚ ਤਖਤ ਹਰੀੜੀ॥ (11-5-7)
ਚੜ੍ਹ ਇਕੀਹ ਪਉੜੀਆਂ ਨਿਰੰਕਾਰ ਗੁਰ ਸ਼ਬਦ ਸਹੀੜੀ॥ (11-5-8)
ਗੁੰਗੇ ਦੀ ਮਠਿਆਈਐ ਅਕਥ ਕਥਾ ਵਿਸਮਾਦ ਬਚੀੜੀ॥ (11-5-9)
ਗੁਰਮੁਖ ਸੁਖ ਫਲ ਸਹਜ ਅਲੀੜੀ ॥੫॥ (11-5-10)

ਗੁਰਮੁਖ ਸੁਖਫਲ ਪ੍ਰੇਮ ਰਸ ਚਰਣੋਦਕ ਗੁਰ ਚਰਣ ਪਖਾਲੇ॥ (11-6-1)
ਸੁਖ ਸੰਪਟ ਵਿਚ ਰਖ ਕੇ ਚਰਣ ਕਵਲ ਮਕਰੰਦ ਪਿਆਲੇ॥ (11-6-2)
ਕਉਲਾਲੀ ਸੂਰਜਮੁਖੀ ਲੱਖ ਕਵਲ ਖਿੜਦੇ ਰਲੀਅਲੇ॥ (11-6-3)
ਚੰਦ੍ਰ ਮੁਖੀ ਹੋਇ ਕੁਮਦਨੀ ਚਰਣ ਕਵਲ ਸੀਤਲ ਅਮੀਆਲੇ॥ (11-6-4)
ਚਰਣ ਕਵਲ ਦੀ ਵਾਸ਼ਨਾਂ ਲਖ ਸੂਰਜ ਹੋਵਨ ਅਲਿਕਾਲੇ॥ (11-6-5)
ਲਖ ਤਾਰੇ ਸੂਰਜ ਚੜ੍ਹੇ ਜਿਉਂ ਛਪ ਜਾਨ ਨ ਆਪ ਸਮ੍ਹਾਲੇ॥ (11-6-6)
ਚਰਣ ਕਮਲ ਦਲ ਜੋਤ ਵਿਚ ਲਖ ਸੂਰਜ ਲੁਕ ਜਾਨ ਰਵਾਲੇ॥ (11-6-7)
ਗੁਰ ਸਿਖ ਲੈ ਗੁਰ ਸਿਖ ਸੁਖਾਲੇ ॥੬॥ (11-6-8)

ਚਾਰ ਵਰਨ ਇਕਵਰਨ ਕਰ ਵਰਨ ਅਵਰਨ ਤਮੋਲ ਗੁਲਾਲੇ॥ (11-7-1)
ਅਸ਼ ਧਾਤ ਇਕ ਧਾਤ ਕਰ ਵੇਦ ਕਤੇਬ ਨ ਭੇਦ ਵਿਚਾਲੇ॥ (11-7-2)
ਚੰਦਣ ਵਾਸ ਵਣਾਸਪਤਿ ਅਫਲ ਸਫਲ ਵਿਚ ਵਾਸ ਬਹਾਲੇ॥ (11-7-3)
ਲੋਹਾ ਸੁਇਨਾ ਹੋਇਕੈ ਸੁਇਨਾ ਹੋਇ ਸੁਗੰਧ ਵਿਖਾਲੇ॥ (11-7-4)
ਸੁਇਨੇ ਅੰਦਰਿ ਰੰਗ ਰਸ ਚਰਣਾਮ੍ਰਿਤ ਅੰਮ੍ਰਿਤ ਮਤਵਾਲੇ॥ (11-7-5)
ਮਾਣਕ ਮੋਤੀ ਸੁਇਨਿਅਹੁੰ ਜਗਮਗ ਜੋਤਿ ਹੀਰੇ ਪਰਵਾਲੇ॥ (11-7-6)
ਦਿਬ ਦੇਹ ਦਿਬਦ੍ਰਿਸ਼ ਹੋਇ ਸ਼ਬਦ ਸੁਰਤਿ ਦਿਬ ਜੋਤਿ ਉਜਾਲੇ॥ (11-7-7)
ਗੁਰਮੁਖ ਸੁਖਫਲ ਰਸਕ ਰਸਾਲੇ ॥੭॥ (11-7-8)

ਪ੍ਰੇਮ ਪਿਆਲਾ ਸਾਧਸੰਗ ਸਬਦ ਸੁਰਤ ਅਨਹਦ ਲਿਵਲਾਈ॥ (11-8-1)
ਧਿਆਨ ਚੰਦ ਚਕੋਰ ਗਤਿ ਅੰਮ੍ਰਿਤ ਦ੍ਰਿਸਟ ਸ੍ਰਿਸ਼ਟ ਵਰਸਾਈ॥ (11-8-2)
ਘਨਹਰ ਚਾਤ੍ਰਕ ਮੋਰ ਜਜੋਂ ਅਨਹਦ ਧੁਨ ਸੁਨ ਪਾਇਲ ਪਾਈ॥ (11-8-3)
ਚਰਣ ਕਵਲ ਮਕਰੰਦ ਰਸ ਸੁਖ ਸੰਪਟ ਹੁਇ ਭਵਰ ਸਮਾਈ॥ (11-8-4)
ਸੁਖਸਾਗਰ ਵਿਚ ਮੀਨ ਹੋਇ ਗੁਰਮੁਖ ਚਾਲ ਨ ਖੋਜ ਖੋਜਾਈ॥ (11-8-5)
ਅਪਿਉ ਪੀਅਣ ਨਿਝਰ ਝਰਣ ਅਜਰ ਜਰਣ ਅਲਖ ਲਖਾਈ॥ (11-8-6)
ਵੀਹ ਇਕੀਹ ਉਲੰਘ ਕੈ ਗੁਰ ਸਿਖੀ ਗੁਰਮੁਖ ਫਲ ਖਾਈ॥ (11-8-7)
ਵਾਹਿਗੁਰੂ ਵਡੀ ਵਡਿਆਈ ॥੮॥ (11-8-8)

ਕੱਛੂ ਅੰਡਾ ਧਿਆਨ ਧਰ ਕਰ ਪਰਪਕ ਨਦੀ ਵਿਚ ਆਣੈ॥ (11-9-1)
ਕੂੰਜ ਰਿਦੇ ਸਿਮਰਣ ਕਰੈ ਲੈ ਬਚਾ ਉਡਦੀ ਅਸਮਾਣੈ॥ (11-9-2)
ਬੱਤਕ ਬੱਚਾ ਤੁਰ ਤੁਰਾ ਜਲ ਥਲ ਵਰਤੈ ਸਹਿਜ ਵਿਡਾਣੈ॥ (11-9-3)
ਕੋਇਲ ਪਾਲੈ ਕਾਂਵਣੀ ਮਿਲਦਾ ਜਾਇ ਕੁਟੰਬ ਸਿਵਾਣੈ॥ (11-9-4)

ਹੰਸ ਵੰਸ ਵਸ ਮਾਨਸਰ ਮਾਣਕ ਮੋਤੀ ਚੋਗ ਚੁਗਾਣੈ॥ (11-9-5)
ਗਜ਼ਾਨ ਧਜ਼ਾਨ ਸਿਮਰਨ ਸਦਾ ਸਤਿਗੁਰ ਸਿਖ ਰਖੇ ਨਿਰਬਾਣੈ॥ (11-9-6)
ਭੂਤ ਭਵਿਖਹੁੰ ਵਰਤਮਾਨ ਤ੍ਰਿਭਵਣ ਸੋਝੀ ਮਾਣ ਨਿਮਾਣੈ॥ (11-9-7)
ਜਾਤੀਂ ਸੁੰਦਰ ਲੋਕ ਨ ਜਾਣੈ ॥੯॥ (11-9-8)

ਚੰਦਨ ਵਾਸ ਵਣਾਸਪਤਿ ਬਾਵਣ ਚੰਦਨ ਚੰਦਨ ਹੋਈ॥ (11-10-1)
ਫਲ ਵਿਣ ਚੰਦਨ ਬਾਵਨਾ ਆਦਿ ਅਨਾਦਿ ਬਿਅੰਤ ਸਦੋਈ॥ (11-10-2)
ਚੰਦਨ ਬਾਵਨ ਚੰਦਨਹੁ ਚੰਦਨ ਵਾਸ ਨ ਚੰਦਨ ਕੋਈ॥ (11-10-3)
ਅਸ਼ਟ ਧਾਤ ਇਕ ਧਾਤ ਹੋਇ ਪਾਰਸ ਪਰਸੇ ਕੰਚਨ ਜੋਈ॥ (11-10-4)
ਕੰਚਨ ਹੋਇ ਨ ਕੰਚਨਹੁ ਵਰਤਮਾਨ ਵਰਤੈ ਸਭ ਲੋਈ॥ (11-10-5)
ਨਦੀਆਂ ਨਾਲੇ ਗੰਗ ਸੰਗ ਸਾਗਰ ਸੰਜਮ ਖਾਰਾ ਸੋਈ॥ (11-10-6)
ਬਗਲਾ ਹੰਸ ਨ ਹੋਵਈ ਮਾਨ ਸਰੋਵਰ ਜਾਇ ਖਲੋਈ॥ (11-10-7)
ਵੀਹਾਂ ਦੈ ਵਰਤਾਰੈ ਓਹੀ ॥੧੦॥ (11-10-8)

ਗੁਰਮੁਖ ਇਕੀ ਪੌੜੀਆਂ ਗੁਰਮੁਖ ਸੁਖਫਲ ਨਿਜ ਘਰ ਭੋਈ॥ (11-11-1)
ਸਾਧ ਸੰਗਤ ਹੈ ਸਹਜ ਘਰ ਸਿਮਰਨ ਦਰਸ ਪਰਸ ਗੁਨ ਗੋਈ॥ (11-11-2)
ਲੋਹਾ ਸੁਇਨਾ ਹੋਇਕੈ ਸੁਇਨਿਅਹੁੰ ਸੁਇਨਾ ਜਜੋਂ ਅਵਿਲੋਈ॥ (11-11-3)
ਚੰਦਨ ਹੋਵੈ ਨਿੰਮ ਵਣ ਨਿੰਮਹੁੰ ਚੰਦਨ ਬਿਰਖ ਪਲੋਈ॥ (11-11-4)
ਗੰਗੋਦਕ ਚਰਣੋਦਕਹੁੰ ਗੰਦੋਦਕ ਮਿਲ ਗੰਗਾ ਹੋਈ॥ (11-11-5)
ਕਾਗਹੁੰ ਹੰਸ ਸੁਵੰਸ ਹੋਇ ਹੰਸਹੁ ਿਪਰਮ ਹੰਸ ਵਿਰਲੋਈ॥ (11-11-6)
ਗੁਰਮੁਖ ਵੰਸੀ ਪਰਮ ਹੰਸ ਸੱਚ ਕੂੜ ਨੀਰ ਖੀਰ ਵਿਲੋਈ॥ (11-11-7)
ਗੁਰ ਚੇਲਾ ਚੇਲਾ ਗੁਰ ਹੋਈ ॥੧੧॥ (11-11-8)

ਕੱਛੂ ਬਚਾ ਨਦੀ ਵਿਚ ਗੁਰਸਿਖ ਲਹਰ ਨ ਭਵਜਲ ਵਿਆਪੈ॥ (11-12-1)
ਕੂੰਜ ਬਚੇ ਲੈਇ ਉੱਡਰੇ ਸੁੰਨ ਸਮਾਧਿ ਅਗਾਧਿ ਨ ਜਾਪੈ॥ (11-12-2)
ਹੰਸ ਵੰਸ ਹੈ ਮਾਨਸਰ ਸਹਜ ਸਰੋਵਰ ਵਡ ਪਰਤਾਪੈ॥ (11-12-3)
ਬੱਤਕ ਬਚਾ ਕੋਇਲੈ ਨੰਦ ਨੰਦਨ ਵਸੁਦੇਵ ਮਿਲਾਪੈ॥ (11-12-4)
ਰਵਸਸਿ ਚਕਵੀ ਤੇ ਚਕੋਰ ਸਿਵ ਸਕਤੀ ਲੰਘ ਵਰੈ ਸਰਾਪੈ॥ (11-12-5)
ਅਨਲ ਪੰਖਿ ਬਚਾ ਮਿਲੈ ਨਿਰਾਧਾਰ ਹੋਇ ਸਮਝੈ ਆਪੈ॥ (11-12-6)
ਗੁਰਸਿਖ ਸੰਧ ਮਿਲਾਵਣੀ ਸ਼ਬਦ ਸੁਰਤਿ ਪਰਚਾਇ ਪ੍ਰਚਾਪੈ॥ (11-12-7)
ਗੁਰਮੁਖ ਸੁਖ ਫਲ ਥਾਪਿ ਉਥਾਪੈ ॥੧੨॥ (11-12-8)

ਤਾਰੂ ਪੋਪਟ ਤਾਰਿਆ ਗੁਰਮੁਖ ਬਾਲ ਸੁਭਾਇ ਉਦਾਸੀ॥ (11-13-1)
ਮੂਲਾਕੀੜ ਵਖਾਣੀਐ ਚਲਿਤ ਅਚਰਜ ਲੁਭਤ ਗੁਰਦਾਸੀ॥ (11-13-2)
ਪਿਰਥਾ ਖੰਡਾ ਸੋਇਰੀ ਚਰਣ ਸਰਣ ਸੁਖ ਸਹਜਿ ਨਿਵਾਸੀ॥ (11-13-3)
ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥ (11-13-4)
ਪਿਰਥੀ ਮਲ ਸਹਗਲ ਭਲਾ ਰਾਮਾਡਿਡ ਭਗਤ ਅਭਜ਼ਾਸੀ॥ (11-13-5)
ਦਉਲਤਖਾਂ ਲੋਦੀ ਭਲਾ ਹੋਆ ਜਿੰਦ ਪੀਰ ਅਬਿਨਾਸੀ॥ (11-13-6)
ਮਾਲਾ ਮਾਂਗਾ ਸਿਖ ਦੁਇ ਗਰਬਾਣੀ ਰਸ ਰਸਿਕ ਬਿਲਾਸੀ॥ (11-13-7)
ਸਨਮੁਖ ਕਾਲੂ ਆਸ ਧਾਰ ਗੁਰਬਾਣੀ ਦਰਗਹ ਸ਼ਾਬਾਸੀ॥ (11-13-8)

ਗੁਰਮਤਿ ਭਾਉ ਭਗਤਿ ਪਰਗਾਸੀ ॥੧੩॥ (11-13-9)

ਭਗਤ ਜੋ ਭਗਤਾ ਓਹਰੀ ਜਾਪੂ ਵੰਸੀ ਸੇਵ ਕਮਾਵੈ॥ (11-14-1)
ਸ਼ੀਹਾਂ ਉੱਪਲ ਜਾਣੀਐ ਗਜਨ ਉਪਲ ਸਤਿਗੁਰ ਭਾਵੈ॥ (11-14-2)
ਮੈਲਸੀਆਂ ਵਿਚ ਆਖੀਐ ਭਾਗੀਰਥ ਕਾਲੀ ਗੁਣ ਗਾਵੈ॥ (11-14-3)
ਜਿਤਾ ਰੰਧਾਵਾ ਭਲਾ ਬੂੜਾ ਬੁਢਾ ਇਕ ਮਨ ਧਿਆਵੈ॥ (11-14-4)
ਫਿਰਣਾ ਖਹਰਾ ਜੋਧ ਸਿਖ ਜੀਵਾਈ ਗੁਰੁ ਸੇਵ ਕਮਾਵੈ॥ (11-14-5)
ਗੁਜਰ ਜਾਤ ਲੁਹਾਰ ਹੈ ਗੁਰ ਸਿਖੀ ਗੁਰ ਸਿਖ ਸੁਨਾਵੈ॥ (11-14-6)
ਨਾਈ ਧਿੰਙ ਵਖਾਣੀਐ ਸਤਿਗੁਰ ਸੇਵ ਕੁਟੰਬ ਤਰਾਵੈ॥ (11-14-7)
ਗੁਰਮੁਖ ਸੁਖ ਫਲ ਅਲਖ ਲਖਾਵੈ ॥੧੪॥ (11-14-8)

ਪਾਰੋ ਜੁਲਕਾ ਪਰਮਹੰਸ ਪੂਰੇ ਸਤਿਗੁਰ ਕਿਰਪਾ ਧਾਰੀ॥ (11-15-1)
ਮਲੂਸ਼ਾਹੀ ਸੂਰਮਾ ਵਡਾ ਭਗਤ ਭਾਈ ਕੇਦਾਰੀ॥ (11-15-2)
ਦੀਪਾ ਦੇਉ ਨਰੈਣ ਦਾਸ ਬੁਲੇ ਦੇ ਜਾਈਏ ਬਲਿਹਾਰੀ॥ (11-15-3)
ਲਾਲ ਸੁਲਾਲੂ ਬੁਦਵਾਰ ਦੁਰਗਾ ਜੀਵਣ ਪਰਉਪਕਾਰੀ॥ (11-15-4)
ਜਗਾ ਬਾਣੀਆ ਜਾਣੀਐ ਸੰਸਾਰੂ ਨਾਲੈ ਨਿਰੰਕਾਰੀ॥ (11-15-5)
ਖਾਨੂ ਮਾਈਆਂ ਪੁਤ ਪਿਉ ਗੁਣ ਗਾਹਕ ਗੋਬਿੰਦ ਭੰਡਾਰੀ॥ (11-15-6)
ਜੋਧ ਰਸੋਈਆ ਦੇਵਤਾ ਗੁਰ ਸੇਵਾ ਕਰ ਦੁਤਰ ਤਾਰੀ॥ (11-15-7)
ਪੂਰੇ ਸਤਿਗੁਰ ਪੈਜ ਸਵਾਰੀ ॥੧੫॥ (11-15-8)

ਪ੍ਰਿਥੀਮਲ ਤੁਲਸਾ ਭਲਾ ਮਲਣ ਗੁਰ ਸੇਵਾ ਹਿਤਕਾਰੀ॥ (11-16-1)
ਰਾਮੂ ਦੀਪਾ ਉਗ੍ਰਸੈਣ ਨਾਗਉਰੀ ਗੁਰ ਸ਼ਬਦ ਵੀਚਾਰੀ॥ (11-16-2)
ਮੋਹਣ ਰੂਪ ਮਹਿਤੀਆ ਅਮਰੂ ਗੋਪੀ ਹਉਮੈਂ ਮਾਰੀ॥ (11-16-3)
ਸਹਾਰੂ ਗੰਗੂ ਭਲੇ ਭਾਗੂ ਭਗਤਿ ਭਗਤਿ ਹੈ ਪਿਆਰੀ॥ (11-16-4)
ਖਾਨੂ ਛੁਰਾ ਤਾਰੂ ਤਰੇ ਤੇਗਾ ਪਾਸੀ ਕਰਣੀ ਸਾਰੀ॥ (11-16-5)
ਉਗਰੂ ਨੰਦੂ ਸੂਦਨਾ ਪੂਰੋ ਝਟਾ ਪਾਰ ਉਤਾਰੀ॥ (11-16-6)
ਮਲੀਆਂ ਸਹਾਰੂ ਭਲੇ ਛੀਂਬੇ ਗੁਰ ਦਰਗਹ ਦਰਬਾਰੀ॥ (11-16-7)
ਪਾਂਧਾ ਬੂਲਾ ਜਾਣੀਐ ਗੁਰ ਬਾਣੀ ਗਾਇਣ ਲੇਖਾਰੀ॥ (11-16-8)
ਡਲੇ ਵਾਸੀ ਸੰਗਤਿ ਭਾਰੀ ॥੧੬॥ (11-16-9)

ਸਨਮੁਖ ਭਾਈ ਤੀਰਥਾ ਸਬੱਰਵਾਲ ਸਭੇ ਸਿਰਦਾਰਾ॥ (11-17-1)
ਪੂਰੋ ਮਾਨਕ ਚੰਦ ਹੈ ਬਿਸ਼ਨ ਦਾਸ ਪਰਵਾਰ ਸਧਾਰਾ॥ (11-17-2)
ਪੂਰਕ ਪਦਾਰਥ ਜਾਣੀਐ ਤਾਰੂ ਭਾਰੂ ਦਾਸ ਦੁਆਰਾ॥ (11-17-3)
ਮਹਾਂ ਪੁਰਖ ਹੈ ਮਹਾਂ ਨੰਦ ਬਿਧੀ ਚੰਦ ਬੁਧ ਬਿਮਲ ਵੀਚਾਰਾ॥ (11-17-4)
ਬਰਮ ਦਾਸ ਹੈ ਖੋਟੜਾ ਡੂੰਗਰ ਦਾਸ ਭਲੇ ਤਕਿਆਰਾ॥ (11-17-5)
ਦੀਪਾ ਜੇਠਾ ਤੀਰਥਾ ਸੈਂਸਾਰੂ ਬੂਲਾ ਸਚਿਆਰਾ॥ (11-17-6)
ਮਾਈਆ ਜਾਪਾ ਜਾਣੀਅਨ ਨਈਆ ਖੁਲਰ ਗੁਰੂ ਪਿਆਰਾ॥ (11-17-7)
ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ਼ ਅਵੇਸ਼ ਅਚਾਰਾ॥ (11-17-8)
ਸਤਿਗੁਰ ਸਚ ਸਵਾਰਨ ਹਾਰਾ ॥੧੭॥ (11-17-9)

ਪੁਰੀਆ ਚੂਹੜ ਚਉਧਰੀ ਪੈੜਾ ਦਰਗਹ ਦਾਤਾ ਭਾਰਾ॥ (11-18-1)
ਬਾਲਾ ਕਿਸ਼ਨਾ ਝਿੰਗਰਣਿ ਪੰਡਤਰਾਇ ਸਭਾ ਸੀਂਗਾਰਾ॥ (11-18-2)
ਸੁਹੜ ਤਿਲੋਕਾ ਸੂਰਮਾ ਸਿਖ ਸਮੁਦਾ ਸਨਮੁਖਾ ਸਾਰਾ॥ (11-18-3)
ਕੁਲਾ ਭੁਲਾ ਝੰਡੀਆ ਭਾਗੀਰਥ ਸੁਇਨੀ ਸਚਿਆਰਾ॥ (11-18-4)
ਲਾਲੂ ਬਾਲੂ ਵਿਜ ਹਨ ਹਰਖਵੰਤ ਹਰਦਾਸ ਪਿਆਰਾ॥ (11-18-5)
ਧੀਰੂ ਨਿਹਾਲੂ ਤੁਲਸੀਆ ਬੂਲਾ ਚੰਡੀਆ ਬਹੁ ਗੁਣਿਆਰਾ॥ (11-18-6)
ਗੋਖੂ ਟੋਡਾ ਮਹਿਤਿਆ ਗੋਤਾ ਮਦੂ ਸ਼ਬਦ ਵੀਚਾਰਾ॥ (11-18-7)
ਝਾਂਝੂ ਅਤੇ ਮੁਕੰਦ ਹੈ ਕੀਰਤਨ ਕਰੇ ਹਜ਼ੂਰ ਕਿਦਾਰਾ॥ (11-18-8)
ਸਾਧ ਸੰਗਤਿ ਪਰਗਟ ਪਾਹਾਰਾ ॥੧੮॥ (11-18-9)

ਗੰਗੂ ਨਾਊ ਸਰਗਲਾ ਰਾਮਾ ਧਰਮਾ ਊਦਾ ਭਾਈ॥ (11-19-1)
ਜਟੂ ਟੱਟੂ ਵੰਤਿਆ ਫਿਰਨਾ ਸੂਦ ਵਡਾ ਸਤ ਭਾਈ॥ (11-19-2)
ਭੋਲੂ ਭਟੂ ਜਾਣੀਅਨਿ ਸਨਮੁਖ ਤੇਵਾੜੀ ਸੁਖਦਾਈ॥ (11-19-3)
ਡਲਾ ਭਾਗੀ ਭਗਤਿ ਹੈ ਜਾਪੁਨ ਵੇਲਾ ਗੁਰ ਸਰਣਾਈ॥ (11-19-4)
ਮੂਲਾ ਸੂਜਾ ਧਾਵਣੇ ਚੰਦੂ ਚਉਝੜ ਸੇਵ ਕਮਾਈ॥ (11-19-5)
ਰਾਮਦਾਸ ਭੰਡਾਰੀਆ ਬਾਲਾ ਸਾਂਈ ਦਾਸ ਧਿਆਈ॥ (11-19-6)
ਗੁਰਮੁਖ ਬਿਸ਼ਨੂ ਬੀਬੜਾ ਮਾਛੀ ਸੁੰਦਰ ਗੁਰਮਤਿ ਪਾਈ॥ (11-19-7)
ਸਾਧ ਸੰਗਤਿ ਵਡੀ ਵਡਿਆਈ ॥੧੯॥ (11-19-8)

ਜਟੂ ਭਾਨੂ ਤੀਰਥਾ ਚਾਈ ਚਲੀਏ ਚਢੇ ਚਾਰੇ॥ (11-20-1)
ਸਣੇ ਨਿਹਾਲੇ ਜਾਣੀਅਨਿ ਸਨਮੁਖ ਸੇਵਕ ਗੁਰੂ ਪਿਆਰੇ॥ (11-20-2)
ਸੇਖੜ ਸਾਧ ਵਖਾਣੀਅਹਿ ਨਾਊ ਭੁਲੂ ਸਿਖ ਸੁਚਾਰੇ॥ (11-20-3)
ਜਟੂ ਜੀਵਾ ਜਾਣੀਅਨਿ ਮਹਾਂ ਪੁਰਖ ਮੂਲਾ ਪਰਵਾਰੇ॥ (11-20-4)
ਚਤੁਰਦਾਸ ਮੂਲਾ ਕਪੂਰ ਹਾਡੂ ਗਾਡੂ ਵਿਜ ਵਿਚਾਰੇ॥ (11-20-5)
ਫਿਰਨਾ ਬਹਿਲ ਵਖਾਣੀਅਹਿ ਜੇਠਾ ਚੰਗਾ ਕੁਲ ਨਿਸਤਾਰੇ॥ (11-20-6)
ਵਿਸਾ ਗੋਪੀ ਤੁਲਸੀਆ ਭਾਰਦੁਆਜੀ ਸਨਮੁਖ ਸਾਰੇ॥ (11-20-7)
ਵਡਾ ਭਗਤ ਹੈ ਭਾਈਅੜਾ ਗੋਬਿੰਦ ਘੇਈ ਗੁਰੂ ਦੁਆਰੇ॥ (11-20-8)
ਸਤਿਗੁਰੁ ਪੂਰੇ ਪਾਰ ਉਤਾਰੇ ੨੦॥ (11-20-9)

ਕਾਲੂ ਚਉਹੜ ਬੰਮੀਆ ਮੂਲੇ ਨੋਂ ਗੁਰ ਸ਼ਬਦ ਪਿਆਰਾ॥ (11-21-1)
ਹੋਮਾਂ ਵਿਚ ਕਮਾਹੀਆਂ ਗੋਇੰਦ ਘੇਈ ਗੁਰੁ ਨਿਸਤਾਰਾ॥ (11-21-2)
ਭਿਖਾ ਟੋਡਾ ਭਟ ਦੁਇ ਧਾਰੋ ਸੂਦ ਮਹਲ ਤਿਸ ਭਾਰਾ॥ (11-21-3)
ਗੁਰਮੁਖ ਰਾਮੂ ਕੋਹਲੀ ਨਾਲ ਨਿਹਾਲੂ ਸੇਵਕ ਸਾਰਾ॥ (11-21-4)
ਛਜੂ ਭਲਾ ਜਾਣੀਐ ਮਾਈ ਦਿਤਾ ਸਾਧ ਵਿਚਾਰਾ॥ (11-21-5)
ਤੁਲਸਾ ਬਹੁਰਾ ਭਗਤ ਹੈ ਦਾਮੋਦਰ ਦੋ ਕੁਲ ਬਲਿਹਾਰਾ॥ (11-21-6)
ਭਾਨਾ ਆਵਲ ਵਿਗ ਮਲ ਬੁਧੂ ਛੀਂਬਾ ਗੁਰ ਦਰਬਾਰਾ॥ (11-21-7)
ਸੁਲਤਾਨ ਪੁਰ ਭਗਤ ਭੰਡਾਰਾ ॥੨੧॥ (11-21-8)

ਦੀਪਕੁ ਦੀਪਾ ਕਾਸਰਾ ਗੁਰੂ ਦੁਆਰੇ ਹੁਕਮੀ ਬੰਦਾ॥ (11-22-1)
ਪਟੀ ਅੰਦਰ ਚਉਧਰੀ ਢਿਲੋਂ ਲਾਲ ਲੰਗਾਹ ਸੁਹੰਦਾ॥ (11-22-2)

ਅਜਬ ਅਜਾਇਬ ਸੰਙਿਆ ਉਮਰ ਸ਼ਾਹ ਗੁਰ ਸੇਵ ਕਰੰਦਾ॥ (11-22-3)
ਪੈੜਾ ਛਜਲ ਜਾਣੀਐ ਕੰਦੂ ਸੰਘਰ ਮਿਲੈ ਹਸੰਦਾ॥ (11-22-4)
ਪੁਤ ਸਪੁਤ ਕਪੂਰ ਦੇਉ ਸਿਖੈ ਮਿਲਿਆ ਮਨ ਵਿਗਸੰਦਾ॥ (11-22-5)
ਸੰਮਣ ਹੈ ਸ਼ਾਹਬਾਜ਼ ਪੁਰ ਗੁਰ ਸਿਖਾਂ ਦੀ ਸਾਰ ਲਹੰਦਾ॥ (11-22-6)
ਜੋਧਾ ਜਲ ਤੁਲਸਪੁਰ ਮੋਹਣ ਆਲਮ ਜੰਗ ਰਹੰਦਾ॥ (11-22-7)
ਗੁਰਮੁਖ ਵਡਿਆ ਵਡੇ ਮਸੰਦਾ ॥੨੨॥ (11-22-8)

ਢੇਸੀ ਜੋਧਹੁ ਸੰਗ ਹੈ ਗੋਬਿੰਦ ਗੋਲਾ ਹਸ ਮਿਲੰਦਾ॥ (11-23-1)
ਮੋਹਣ ਕੁਕ ਵਖਾਣੀਐ ਧੁਟੇ ਜੋਧੇ ਜਾਮ ਸਹੰਦਾ॥ (11-23-2)
ਮੰਞੂ ਪੰਨੂ ਪਰਵਾਣ ਹੈ ਪੀਰਾਣਾ ਗੁਰ ਭਾਇ ਚਲੰਦਾ॥ (11-23-3)
ਹਮਜਾ ਜੱਜਾ ਜਾਣੀਐ ਬਾਲਾ ਮਰਵਾਹਾ ਵਿਗਸੰਦਾ॥ (11-23-4)
ਨਿਰਮਲ ਨਾਨੋ ਓਹਰੀ ਨਾਲ ਸੂਰੀ ਚਉਧਰੀ ਰਹੰਦਾ॥ (11-23-5)
ਪਰਬਤ ਕਾਲਾ ਮੇਹਰਾ ਨਾਲ ਨਿਹਾਲੂ ਸੇਵ ਕਰੰਦਾ॥ (11-23-6)
ਕਕਾ ਕਾਲਉ ਸੂਰਮਾ ਕਦ ਰਾਮਦਾਸ ਬਚਨ ਮਨੰਦਾ॥ (11-23-7)
ਸੇਠ ਸਭਾਗਾ ਚੂਹਣੀਅਹੁ ਆਰੋੜੇ ਭਾਰਾ ਉਗਵੰਦਾ॥ (11-23-8)
ਸਨਮੁਖ ਇਕਦੂੰ ਇਕ ਚੜੰਦਾ ॥੨੩॥ (11-23-9)

ਪੈੜਾ ਜਾਤਿ ਚੰਡਾਲੀਆ ਜੇਠੇ ਸੇਠੀ ਕਾਰ ਕਮਾਈ॥ (11-24-1)
ਲਟਕਣ ਘੂਰਾ ਜਾਣੀਐ ਗੁਰਦਿਤਾ ਗੁਰਮਤਿ ਗੁਰਭਾਈ॥ (11-24-2)
ਕਾਦਾਰਾ ਸਰਾਫ ਹੈ ਭਗਤ ਵਡਾ ਭਗਵਾਨ ਸੁਭਾਈ॥ (11-24-3)
ਸਿਖ ਭਲਾ ਰਵਤਾਸ ਵਿਚ ਧਉਣ ਮੁਰਾਰੀ ਗੁਰ ਸਰਣਾਈ॥ (11-24-4)
ਆਡਿਤ ਸੁਇਨੀ ਸੂਰਮਾ ਚਰਣ ਸਰਣ ਚੂਹੜ ਜੇਸਾਈ॥ (11-24-5)
ਲਾਲਾ ਸੇਤੀ ਜਾਣੀਐ ਜਾਣੂ ਰਿਹਾਣੂ ਸ਼ਬਦ ਲਿਵਲਾਈ॥ (11-24-6)
ਰਾਮਾ ਝੰਝੀ ਆਖੀਐ ਹੇਮੂੰ ਸੋਨੀ ਗੁਰਮਤਿ ਪਾਈ॥ (11-24-7)
ਜੱਟੂ ਭੰਡਾਰੀ ਭਲਾ ਸ਼ਾਹਦਰੇ ਸੰਗਤ ਸੁਖਦਾਈ॥ (11-24-8)
ਪੰਜਾਬੈ ਗੁਰ ਦੀ ਵਡਿਆਈ ॥੨੪॥ (11-24-9)

ਸਨਮੁਖ ਸਿਖ ਲਾਹੌਰ ਵਿਚ ਸੋਢੀ ਆਇਣ ਤਾਯਾ ਸਹਾਰੀ॥ (11-25-1)
ਸਾਈਂ ਦਿਤਾ ਝੰਝੀਆ ਸੈਦੋ ਜਟ ਸ਼ਬਦ ਵੀਚਾਰੀ॥ (11-25-2)
ਬੁਧੂ ਮਹਤਾ ਜਾਣੀਅਹਿ ਕੁਲ ਕੁਮਿਆਰ ਭਗਤ ਨਿਰੰਕਾਰੀ॥ (11-25-3)
ਲਖੂ ਵਿਚ ਪਟੋਲੀਆ ਭਾਈ ਲੱਧਾ ਪਰਉਪਕਾਰੀ॥ (11-25-4)
ਕਾਲੂ ਨਾਨੋ ਰਾਜ ਦੁਇ ਹਾੜੀ ਕੋਹਲੀਆ ਵਿਚ ਭਾਰੀ॥ (11-25-5)
ਸੂਦ ਕਲਿਆਨਾ ਸੂਰਮਾ ਭਾਨੂ ਭਗਤ ਸ਼ਬਦ ਵੀਚਾਰੀ॥ (11-25-6)
ਮੂਲਾ ਬੇਰੀ ਜਾਣੀਐ ਤੀਰਥ ਅਤੇ ਮੁਕੰਦ ਅਪਾਰੀ॥ (11-25-7)
ਕਹੁ ਕਿਸ਼ਨਾ ਮੋਜੰਗੀਆ ਸੇਠ ਮੰਗੀਣੇ ਨੋਂ ਬਲਿਹਾਰੀ॥ (11-25-8)
ਸਨਮੁਖ ਸੁਨਿਆਰਾ ਭਲਾ ਨਾਉਂ ਨਿਹਾਲੂ ਸਪਰਵਾਰੀ॥ (11-25-9)
ਗੁਰਮੁਖ ਸੁਖ ਫਲ ਕਰਣੀ ਸਾਰੀ ॥੨੫॥ (11-25-10)

ਭਾਨਾ ਮੱਲਣ ਜਾਣੀਐ ਕਾਬਲ ਰੇਖ ਰਾਉ ਗੁਰਭਾਈ॥ (11-26-1)
ਮਾਧੋ ਸੋਢੀ ਕਸ਼ਮੀਰ ਗੁਰਸਿਖੀ ਦੀ ਚਾਲ ਚਲਾਈ॥ (11-26-2)

ਭਾਈ ਭੀਵਾ ਸ਼ੀਂਹਚੰਦ ਰੂਪਚੰਦ ਸਨਮੁਖ ਸਤ ਭਾਈ॥ (11-26-3)
ਪਰਤਾਪੂ ਸਿਖ ਸੂਰਮਾ ਨੰਦੇ ਵਿਠੜ ਸੇਵ ਕਮਾਈ॥ (11-26-4)
ਸਾਮੀ ਦਾਸ ਵਛੇਰੇ ਹੈ ਥਾਨੇਸਰ ਸੰਗਤ ਬਹਿਲਾਈ॥ (11-26-5)
ਗੋਪੀ ਮਹਿਤਾ ਜਾਣੀਐ ਤੀਰਥ ਨੱਥਾ ਗੁਰ ਸਰਣਾਈ॥ (11-26-6)
ਭਾਉ ਮੋਲਕ ਆਖੀਅਹਿ ਦਿੱਲੀ ਮੰਡਲ ਗੁਰਮਤਿ ਪਾਈ॥ (11-26-7)
ਜੀਵੰਦ ਜਗਸੀ ਫਤੇ ਪੁਰ ਸੇਠ ਤਲੋਕੇ ਸੇਵ ਕਮਾਈ॥ (11-26-8)
ਸਤਿਗੁਰ ਦੀ ਵਡੀ ਵਡਿਆਈ ॥੨੬॥ (11-26-9)

ਮਹਿਤਾ ਸ਼ਕਤਾ ਆਗਰੈ ਚਢਾ ਹੋਆ ਨਿਹਾਲ ਨਿਹਾਲਾ॥ (11-27-1)
ਗੜ੍ਹੀਅਲ ਮਥਰਾ ਦਾਸ ਹੈ ਸੱਪਰਵਾਰਾ ਲਾਲ ਗੁਲਾਲਾ॥ (11-27-2)
ਗੰਗਾ ਸਹਿਗਲ ਸੂਰਮਾ ਹਰਵੰਸ ਤਪੇ ਟਾਹਲ ਧਰਮਸਾਲਾ॥ (11-27-3)
ਅਣਦ ਮੁਰਾਰੀ ਮਹਾਂ ਪੁਰਖ ਕੱਲਯਾਣਾ ਕੁਲ ਕਵਲ ਰਸਾਲਾ॥ (11-27-4)
ਨਾਨੋ ਲਟਕਣ ਬਿੰਦਰਾਉ ਸੇਵਾ ਸੰਗਤਿ ਪੂਰਣ ਘਾਲਾ॥ (11-27-5)
ਹਾਂਡਾ ਆਲਮ ਚੰਦ ਹੈ ਸੈਂਸਾਰਾ ਤਲਵਾੜ ਸੁਖਾਲਾ॥ (11-27-6)
ਜਗਨਾ ਨੰਦਾ ਸਾਧ ਹੈ ਬਾਨੂ ਸੁਹੜ ਹੰਸਾਂ ਦੀ ਚਾਲਾ॥ (11-27-7)
ਗੁਰਭਾਈ ਰਤਨਾਂ ਦੀ ਮਾਲਾ ॥੨੭॥ (11-27-8)

ਸੀਂਗਾਰੂ ਜੈਤਾ ਭਲਾ ਸੂਰਬੀਰ ਮਨਿ ਪਰਉਪਕਾਰਾ॥ (11-28-1)
ਜੈਤਾ ਨੰਦਾ ਜਾਣੀਐ ਪੁਰਖ ਪਿਰਾਗਾ ਸ਼ਬਦ ਅਧਾਰਾ॥ (11-28-2)
ਤਿਲਕ ਤਿਲੋਕਾ ਪਾਠਕਾ ਸਾਧ ਸੰਗਤਿ ਸੇਵਾ ਹਿਤਕਾਰਾ॥ (11-28-3)
ਤਾਤੋ ਮਹਿਤਾ ਮਹਾ ਪੁਰਖ ਗੁਰਸਿਖ ਸੁਖ ਫਲ ਸ਼ਬਦ ਪਿਆਰਾ॥ (11-28-4)
ਜੜੀਆ ਸਾਈਂ ਦਾਸ ਹੈ ਸਭ ਕੁਲ ਹੀਰੇ ਲਾਲ ਅਪਾਰਾ॥ (11-28-5)
ਮਲਕ ਪੈੜਾ ਹੈ ਕੋਹਲੀ ਦਰਗਾਹ ਭੰਡਾਰੀ ਅਤਿ ਭਾਰਾ॥ (11-28-6)
ਮੀਆਂ ਜਮਾਲ ਨਿਹਾਲ ਹੈ ਭਗਤੂ ਭਗਤ ਕਮਾਵੇ ਕਾਰਾ॥ (11-28-7)
ਪੂਰਾ ਗੁਰ ਪੂਰਾ ਵਰਤਾਰਾ ॥੨੮॥ (11-28-8)

ਅਨੰਤਾ ਕੁਕੋ ਭਲੇ ਸਭ ਵਧਾਵਣ ਹਨ ਸਿਰਦਾਰਾ॥ (11-29-1)
ਇਟਾ ਰੋੜਾ ਜਾਣੀਐ ਨਵਲ ਨਿਹਾਲੂ ਸ਼ਬਦ ਵਿਚਾਰਾ॥ (11-29-2)
ਤਖਤੂ ਧੀਰ ਗੰਭੀਰ ਹੈ ਦਰਗਹ ਤਲੀ ਜਪੈ ਨਿਰੰਕਾਰਾ॥ (11-29-3)
ਮਨਸਾ ਧਾਰ ਅਥਾਹ ਹੈ ਤੀਰਥ ਉਪਲ ਸੇਵਕ ਸਾਰਾ॥ (11-29-4)
ਕਿਸ਼ਨਾ ਝੰਝੀ ਆਖੀਐ ਪੰਮੂ ਪੁਰੀ ਗੁਰੂ ਕਾ ਪਿਆਰਾ॥ (11-29-5)
ਧਿੰਗੜ ਮੰਦੂ ਜਾਣੀਅਨਿ ਵਡੇ ਸੁਜਾਣ ਤਖਾਣ ਅਪਾਰਾ॥ (11-29-6)
ਬਨਵਾਲੀ ਤੇ ਪਰਸਰਾਮ ਬਾਲ ਵੈਦ ਹਉਂ ਤਿਨ ਬਲਿਹਾਰਾ॥ (11-29-7)
ਸਤਿਗੁਰ ਪੁਰਖ ਸਵਾਰਨ ਹਾਰਾ ॥੨੯॥ (11-29-8)

ਲਸ਼ਕਰ ਭਾਈ ਤੀਰਥਾ ਗੁਆਲੀਏਰ ਸੁਇਨੀ ਹਰਿਦਾਸ॥ (11-30-1)
ਭਾਵਾਧੀਰ ਉਜੈਣ ਵਿਚ ਸਾਧ ਸੰਗਤਿ ਗੁਰ ਸ਼ਬਦ ਨਿਵਾਸ॥ (11-30-2)
ਮੇਲ ਵਡਾ ਬੁਰਹਾਨ ਪੁਰ ਸਨਮੁਖ ਸਿਖ ਸਹਜ ਪਰਗਾਸ॥ (11-30-3)
ਭਗਤ ਭਈਆ ਭਗਵਾਨਦਾਸ ਨਾਲ ਬੋਲਦਾ ਘਰੇ ਉਦਾਸ॥ (11-30-4)
ਮਲਕ ਕਟਾਰੂ ਜਾਣੀਐ ਪਿਰਥੀ ਮੱਲ ਦਰਾਈ ਖਾਸ॥ (11-30-5)

ਭਗਤੂ ਛੁਰਾ ਵਖਾਣੀਐ ਡਲੂ ਰਿਹਾਣੇ ਸਾਬਾਸ॥ (11-30-6)
ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਣ ਕਵਲ ਵਿਗਾਸ॥ (11-30-7)
ਗੁਜਰਾਤੇ ਵਿਚ ਜਾਣੀਐ ਭੇਖਾਰੀ ਭਾਬੜਾ ਸੁਲਾਸ॥ (11-30-8)
ਗੁਜਰਾਤੇ ਭਾਉ ਭਗਤਿ ਰਹਿਰਾਸ ॥੩੦॥ (11-30-9)

ਸੁਹੰਡੈ ਮਾਈਐ ਲੰਬ ਹੈ ਸਾਧ ਸੰਤ ਗਾਵੈ ਗੁਰਬਾਣੀ॥ (11-31-1)
ਚੂਹੜ ਚਉਝੜ ਲਖਨਊ ਗੁਰਮੁਖ ਅਨਦਿਨ ਨਾਮ ਵਖਾਣੀ॥ (11-31-2)
ਸਨਮੁਖ ਸਿਖ ਪਰਗਾਸ ਵਿਚ ਭਾਈ ਭਾਨਾ ਵਿਰਤੀ ਹਾਣੀ॥ (11-31-3)
ਜਟੂ ਤਪਾ ਸੁਜੋਣ ਪੁਰ ਗੁਰਮਤਿ ਨਿਹਚਲ ਸੇਵ ਕਮਾਣੀ॥ (11-31-4)
ਪਟਣੈ ਸਭਰਵਾਲ ਹੈ ਨਵਲ ਨਿਹਾਲਾ ਸੁਧ ਪਰਾਣੀ॥ (11-31-5)
ਜੈਤਾ ਸੇਠ ਵਖਾਣੀਐ ਵਿਣ ਗੁਰ ਸੇਵਾ ਹੋਰ ਨ ਜਾਣੀ॥ (11-31-6)
ਰਾਜਮਹਲ ਭਾਨੂ ਬਹਲ ਭਾਉ ਭਗਤ ਗੁਰਮਤਿ ਮਨ ਭਾਣੀ॥ (11-31-7)
ਸਨਮੁਖ ਸੋਢੀ ਬਦਲੀ ਸੇਠ ਗੁਪਾਲੈ ਗੁਰਮਤਿ ਜਾਣੀ॥ (11-31-8)
ਸੁੰਦਰ ਚਢਾ ਆਗਰੇ ਢਾਕੇ ਮੋਹਣ ਸੇਵ ਕਮਾਣੀ॥ (11-31-9)
ਸਾਧ ਸੰਗਤ ਵਿਟਹੁ ਕੁਰਬਾਣੀ ॥੩੧॥੧੧॥ (11-31-10)

Vaar 12

ੴ ਸਤਿਗੁਰਪ੍ਰਸਾਦਿ॥ (12-1-1)

ਬਲਿਹਾਰੀ ਤਿਨਾਂ ਗੁਰਸਿਖਾਂ ਜਾਇ ਜਿਨਾ ਗੁਰਦਰਸ਼ਨ ਡਿਠਾ॥ (12-1-2)
ਬਲਿਹਾਰੀ ਤਿਨਾਂ ਗੁਰਸਿਖਾਂ ਪੈਰੀਂ ਪੈ ਗੁਰ ਸਭਾ ਬਹਿਠਾ॥ (12-1-3)
ਬਲਿਹਾਰੀ ਤਿਨਾਂ ਗੁਰਸਿਖਾਂ ਗੁਰਮਤਿ ਬੋਲ ਬੋਲਦੇ ਮਿਠਾ॥ (12-1-4)
ਬਲਿਹਾਰੀ ਤਿਨਾਂ ਗੁਰਸਿਖਾਂ ਪੁਤ੍ਰ ਮਿਤ੍ਰ ਗੁਰਭਾਈ ਇਠਾ॥ (12-1-5)
ਬਲਿਹਾਰੀ ਤਿਨਾਂ ਗੁਰਸਿਖਾਂਗੁਰਸੇਵਾ ਜਾਣਨਿ ਅਭਰਿਠਾ॥ (12-1-6)
ਬਲਿਹਾਰੀ ਤਿਨਾਂ ਗੁਰਸਿਖਾਂ ਆਪ ਤਰੇ ਤਾਰੇਨਿ ਸਰਿਠਾ॥ (12-1-7)
ਗੁਰਮੁਖ ਮਿਲਿਆ ਪਾਪ ਪਣਿਠਾ ॥੧॥ (12-1-8)

ਕੁਰਬਾਣੀ ਤਿਨਾਂ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ॥ (12-2-1)
ਕੁਰਬਾਣੀ ਤਿਨਾਂ ਗੁਰਸਿਖਾਂ ਅੰਮ੍ਰਿਤ ਵਾਲਾ ਸਰ ਨ੍ਾਵੰਦੇ॥ (12-2-2)
ਕੁਰਬਾਣੀ ਤਿਨਾਂ ਗੁਰਸਿਖਾਂ ਇਕ ਮਨ ਹੋਇ ਗੁਰ ਜਾਪ ਜਪੰਦੇ॥ (12-2-3)
ਕੁਰਬਾਣੀ ਤਿਨਾਂ ਗੁਰਸਿਖਾਂ ਸਾਧ ਸੰਗਤਿ ਚਲ ਜਾਇ ਜੁੜੰਦੇ॥ (12-2-4)
ਕੁਰਬਾਣੀ ਤਿਨਾਂ ਗੁਰਸਿਖਾਂ ਗੁਰਬਾਣੀਨਿਤ ਗਾਇ ਸੁਣੰਦੇ॥ (12-2-5)
ਕੁਰਬਾਣੀ ਤਿਨਾਂ ਗੁਰਸਿਖਾਂ ਮਨ ਮੇਲੀ ਕਰ ਮੈਲ ਮਿਲੰਦੇ॥ (12-2-6)
ਕੁਰਬਾਣੀ ਤਿਨਾਂ ਗੁਰਸਿਖਾਂਭਾਇ ਭਗਤਿ ਗੁਰਪੁਰਬ ਕਰੰਦੇ॥ (12-2-7)
ਗੁਰ ਸੇਵਾ ਫਲ ਸੁਫਲ ਫਲੰਦੇ ॥੨॥ (12-2-8)

ਹਉਂ ਤਿਸ ਵਿਟਹੁ ਵਾਰਿਆ ਹੋਂਦੇ ਤਾਣ ਜੋ ਹੋਇ ਨਿਤਾਣਾ॥ (12-3-1)
ਹਉਂ ਤਿਸ ਵਿਟਹੁ ਵਾਰਿਆ ਹੋਂਦੇ ਮਾਣ ਜੋ ਹੋਇ ਨਿਮਾਣਾ॥ (12-3-2)
ਹਉਂ ਤਿਸ ਵਿਟਹੁ ਵਾਰਿਆ ਛਡ ਸਿਆਨਪ ਹੋਇ ਇਆਣਾ॥ (12-3-3)
ਹਉਂ ਤਿਸ ਵਿਟਹੁ ਵਾਰਿਆ ਖਸਮੇ ਦਾ ਭਾਵੈ ਜਿਸ ਭਾਣਾ॥ (12-3-4)
ਹਉਂ ਤਿਸ ਵਿਟਹੁ ਵਾਰਿਆ ਗੁਰਮੁਖ ਮਾਰਗ ਦੇਖ ਲੁਭਾਣਾ॥ (12-3-5)
ਹਉਂ ਤਿਸ ਵਿਟਹੁ ਵਾਰਿਆ ਚਲਣ ਜਾਣ ਜੁਗਤਿ ਮਿਹਮਾਣਾ॥ (12-3-6)
ਦੀਨ ਦੁਨੀ ਦਰਗਹ ਪਰਵਾਣਾ ॥੩॥ (12-3-7)

ਹਉਂ ਤਿਸ ਘੋਲ ਘੁਮਾਇਆ ਗੁਰਮਤਿ ਰਿਦੇ ਗਰੀਬੀ ਆਵੈ॥ (12-4-1)
ਹਉਂ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ॥ (12-4-2)
ਹਉਂ ਤਿਸ ਘੋਲ ਘੁਮਾਇਆ ਪਰਦਰਬੇ ਨੂੰ ਹਥ ਨ ਲਾਵੈ॥ (12-4-3)
ਹਉਂ ਤਿਸ ਘੋਲ ਘੁਮਾਇਆ ਪਰਨਿੰਦਾ ਸੁਣ ਆਪ ਹਟਾਵੈ॥ (12-4-4)
ਹਉਂ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ਼ ਕਮਾਵੈ॥ (12-4-5)
ਹਉਂ ਤਿਸ ਘੋਲ ਘੁਮਾਇਆ ਥੋੜਾ ਸਵੇਂ ਥੋੜਾ ਹੀ ਖਾਵੈ॥ (12-4-6)
ਗੁਰਮੁਖ ਸੋਈ ਸਹਜ ਸਮਾਵੈ ॥੪॥ (12-4-7)

ਹਉਂ ਤਿਸਦੇ ਚਉਖੰਨੀਐ ਗੁਰ ਪਰਮੇਸ਼ਰ ਏਕੋ ਜਾਣੈ॥ (12-5-1)
ਹਉਂ ਤਿਸਦੇ ਚਉਖੰਨੀਐ ਦੂਜਾ ਭਾਉ ਨ ਆਣੈ॥ (12-5-2)
ਹਉਂ ਤਿਸਦੇ ਚਉਖੰਨੀਐ ਅਉਗਣ ਕੀਤੇ ਗੁਣ ਪਰਵਾਣੈ॥ (12-5-3)

ਹਉਂ ਤਿਸਦੇ ਚਉਖੰਨੀਐ ਮੰਦਾ ਕਿਸੈ ਨ ਆਖ ਵਖਾਣੈ॥ (12-5-4)
ਹਉਂ ਤਿਸਦੇ ਚਉਖੰਨੀਐ ਆਪ ਠਗਾਏ ਲੋਕਾਂ ਭਾਣੈ॥ (12-5-5)
ਹਉਂ ਤਿਸਦੇ ਚਉਖੰਨੀਐ ਪਰਉਪਕਾਰ ਕਰੈ ਰੰਗ ਮਾਣੈ॥ (12-5-6)
ਲਉ ਬਾਲੀ ਦਰਗਾਹ ਵਿਚ ਮਾਣ ਨਿਮਾਣਾਮਾਣ ਨਿਮਾਣੈ॥ (12-5-7)
ਗੁਰ ਪੂਰਾ ਗੁਰ ਸ਼ਬਦ ਸਿਵਾਣੈ ॥੫॥ (12-5-8)

ਹਉਂ ਸਦਕੇ ਤਿਨ ਗੁਰਸਿਖਾਂ ਸਤਿਗੁਰ ਨੋਂ ਮਿਲ ਆਪ ਗਵਾਯਾ॥ (12-6-1)
ਹਉਂ ਸਦਕੇ ਤਿਨ ਗੁਰਸਿਖਾਂ ਕਰਨ ਉਦਾਸੀ ਅੰਦਰ ਮਾਯਾ॥ (12-6-2)
ਹਉਂ ਸਦਕੇ ਤਿਨ ਗੁਰਸਿਖਾਂ ਗੁਰਮਤ ਗੁਰਚਰਨੀ ਚਿਤ ਲਾਯਾ॥ (12-6-3)
ਹਉਂ ਸਦਕੇ ਤਿਨ ਗੁਰਸਿਖਾਂ ਗੁਰਸਿਖ ਦੇ ਗੁਰਸਿਖ ਮਿਲਾਯਾ॥ (12-6-4)
ਹਉਂ ਸਦਕੇ ਤਿਨ ਗੁਰਸਿਖਾਂ ਬਾਹਰ ਜਾਂਦਾ ਵਰਜ ਰਹਾਯਾ॥ (12-6-5)
ਹਉਂ ਸਦਕੇ ਤਿਨ ਗੁਰਸਿਖਾਂ ਆਸਾ ਵਿਚ ਨਿਰਾਸ ਵਲਾਯਾ॥ (12-6-6)
ਸਤਿਗੁਰ ਦਾ ਉਪਦੇਸ਼ ਦ੍ਰਿੜਾਯਾ ॥੬॥ (12-6-7)

ਬ੍ਰਹਮਾਂ ਵਡਾ ਅਖਾਇੰਦਾ ਨਾਭ ਕਵਲ ਦੀ ਨਾਲਿ ਸਮਾਣਾ॥ (12-7-1)
ਆਵਾਗਉਣ ਅਨੇਕ ਜੁਗ ਓੜਕ ਵਿਚ ਹੋਯਾ ਹੈਰਾਣਾ॥ (12-7-2)
ਓੜਕ ਕੀਤੋਸੁ ਆਪਣਾ ਆਪ ਗਣਾਇਐ ਭਰਮ ਭੁਲਾਣਾ॥ (12-7-3)
ਚਾਰੇ ਵੇਦ ਵਖਾਣਦਾ ਚਤਰ ਮੁਖੀ ਹੋਇ ਖਰਾ ਸਿਆਣਾ॥ (12-7-4)
ਲੋਕਾਂ ਨੋਂ ਸਮਝਾਇਦਾ ਵੇਖ ਸਰਸਤੀ ਰੂਪ ਲੁਭਾਣਾ॥ (12-7-5)
ਚਾਰੇ ਵੇਦ ਗਵਾਇਕੈ ਗਰਬ ਗਰੂਰੀ ਕਰ ਪਛਤਾਣਾ॥ (12-7-6)
ਅਕਥ ਕਥਾ ਨੇਤ ਨੇਤ ਵਖਾਣਾ ॥੭॥ (12-7-7)

ਬਿਸ਼ਨ ਲਏ ਅਵਤਾਰ ਦਸ ਵੈਰ ਵਿਰੋਧ ਵਿਰੋਧ ਜੋਧ ਸੰਘਾਰੇ॥ (12-8-1)
ਮਛ ਕਛ ਵੈਰਾਹ ਰੂਪ ਨਰ ਸਿੰਘ ਹੋਇ ਬਾਵਨ ਬੰਧਾਰੇ॥ (12-8-2)
ਪਰਸਰਾਮ ਰਾਮ ਕ੍ਰਿਸ਼ਨ ਹੋ ਕਿਲਕਿ ਕਲੰਕੀ ਅਤਿ ਅਹੰਕਾਰੇ॥ (12-8-3)
ਖਤ੍ਰੀ ਮਾਰ ਇਕੀਹ ਵਾਰ ਰਾਮਾਇਣ ਕਰਿ ਭਾਰਥ ਭਾਰੇ॥ (12-8-4)
ਕਾਮ ਕ੍ਰੋਧ ਨ ਸਾਧਿਓ ਲੋਭ ਮੋਹ ਅਹੰਕਾਰ ਨ ਮਾਰੇ॥ (12-8-5)
ਸਤਿਗੁਰ ਪੁਰਖ ਨ ਭੇਟਿਆ ਸਾਧ ਸੰਗਤਿ ਸਹਲੰਘਨ ਸਾਰੇ॥ (12-8-6)
ਹਉਮੈਂ ਅੰਦਰ ਕਾਰ ਵਿਕਾਰੇ ॥੮॥ (12-8-7)

ਮਹਾਂਦੇਉ ਅਉਧੂਤ ਹੋਇ ਤਾਮਸ ਅੰਦਰ ਜੋਗ ਨ ਜਾਣੈ॥ (12-9-1)
ਭੈਰੋਂ ਭੂਤ ਨ ਸੂਤ ਵਿਚ ਖੇਤਰ ਪਾਲ ਬੈਤਾਲ ਧਿਙਾਣੈ॥ (12-9-2)
ਅਕ ਢਧਤੂਰਾ ਖਾਵਣਾ ਰਾਤੀਂ ਵਾਸਾ ਮੜ੍ਹੀ ਮਸਾਣੈ॥ (12-9-3)
ਪੈਨੈ ਹਾਥੀ ਸ਼ੀਂਹ ਖਲ ਡਉਰੂ ਵਾਇ ਕਰੈ ਹਰਾਣੈ॥ (12-9-4)
ਨਾਥਾਂ ਨਾਥ ਸਦਾਇੰਦਾ ਹੋਇ ਅਨਾਥ ਨ ਹਰ ਰੰਗ ਮਾਣੈ॥ (12-9-5)
ਸਿਰਠ ਸੰਘਾਰੈ ਤਾਮਸੀ ਜੋਗ ਨ ਭੋਗ ਨ ਜੁਗਤਿ ਪਛਾਣੈ॥ (12-9-6)
ਗੁਰਮੁਖਿ ਸੁਖ ਫਲ ਸਾਧ ਸੰਗਾਣੈ ॥੯॥ (12-9-7)

ਵਡੀ ਆਰਜਾ ਇੰਦ੍ਰ ਦੀ ਇਮਦ੍ਰ ਪੁਰੀ ਵਿਚ ਰਾਜ ਕਮਾਵੈ॥ (12-10-1)
ਚਉਦਹ ਇੰਦ੍ਰ ਵਿਣਾਸ ਕਾਲ ਬ੍ਰਹਮੇ ਦਾ ਇਕ ਦਿਵਸ ਵਿਹਾਵੈ॥ (12-10-2)

ਧੰਧੈ ਹੀ ਬ੍ਰਹਮਾ ਮਰੈ ਲੋਮਸ ਦਾ ਇਕ ਰੋਮ ਛਿਜਾਵੈ॥ (12-10-3)
ਸ਼ੇਸ਼ ਮਹੇਸ਼ ਵਖਾਣੀਅਨਿ ਚਿਰੰਜੀਵ ਹੋਇ ਸ਼ਾਂਤ ਨ ਆਵੈ॥ (12-10-4)
ਜਗ ਭੋਗ ਜਪ ਤਪ ਘਨੇ ਲੋਕ ਵੇਦ ਸਿਮਰਣ ਨ ਸੁਹਾਵੈ॥ (12-10-5)
ਆਪ ਗਣਾਇ ਨ ਸਹਿਜ ਸਮਾਵੈ ॥੧੦॥ (12-10-6)

ਨਾਰਦ ਮੁਨੀ ਅਖਾਇੰਦਾ ਆਗਮ ਜਾਨਣ ਧੀਰਜ ਆਣੈ॥ (12-11-1)
ਸੁਣ ਸੁਣ ਮਸਲਤ ਮਜਲਸੈ ਕਰ ਕਰ ਚੁਗਲੀ ਆਖ ਵਖਾਣੈ॥ (12-11-2)
ਬਾਲ ਬੁਧ ਸਨਕਾਦਕਾ ਬਾਲ ਸੁਭਾਉ ਨ ਵਿਰਤੀ ਹਾਣੈ॥ (12-11-3)
ਜਾਇ ਬੈਕੁੰਠ ਕਰੋਧ ਕਰ ਦੇ ਸਰਾਪ ਜੈ ਬਿਜੈ ਧਿਙਾਣੈ॥ (12-11-4)
ਅਹੰਮੇਉ ਸੁਕਦੇਉ ਕਰ ਗਰਭ ਵਾਸ ਹਉਮੈਂ ਹੈਰਾਣੈ॥ (12-11-5)
ਚੰਦ ਸੂਰਜ ਅਉਲੰਘ ਭਰੈ ਉਦੈ ਅਸਤ ਵਿਚ ਆਵਣ ਜਾਣੈ॥ (12-11-6)
ਸ਼ਿਵ ਸ਼ਕਤੀ ਵਿਚ ਗਰਬ ਗੁਮਾਣੈ ॥੧੧॥ (12-11-7)

ਜਤੀ ਸਤੀ ਸੰਤੋਖੀਆਂ ਜਤ ਸਤ ਜੁਗਤਿ ਸੰਤੋਖ ਨ ਜਾਤੀ॥ (12-12-1)
ਸਿਧ ਨਾਥ ਬਹੁ ਪੰਥ ਕਰ ਹਉਮੈਂ ਵਿਚ ਕਰਨ ਕਰਮਾਤੀ॥ (12-12-2)
ਚਾਰ ਵਰਨ ਸੰਸਾਰ ਵਿਚ ਖਹਿ ਖਹਿ ਮਰਦੇ ਭਰਮ ਭਰਾਤੀ॥ (12-12-3)
ਛਿਅਦਰਸ਼ਨ ਹੋਇ ਵਰਤਿਆ ਬਾਹਰ ਬਾਟ ਉਚਾਟ ਜਮਾਤੀ॥ (12-12-4)
ਗੁਰਮੁਖ ਵਰਨ ਅਵਰਨ ਹੋਇ ਰੰਗ ਸੁਰੰਗ ਤੰਬੋਲ ਸੁਹਾਤੀ॥ (12-12-5)
ਛੇ ਰੁਤ ਬਾਰਹਮਾਹ ਵਿਚ ਗੁਰਮੁਖ ਦਰਸ਼ਨ ਸੁਝ ਸੁਝਾਤੀ॥ (12-12-6)
ਗੁਰਮੁਖ ਸੁਖ ਫਲ ਪਿਰਮ ਪਿਰਾਤੀ ॥੧੨॥ (12-12-7)

ਪੰਜ ਤਤ ਪਰਵਾਣ ਕਰ ਧਰਮਸਾਲ ਧਰਤੀ ਮਨ ਭਾਣੀ॥ (12-13-1)
ਪਾਣੀ ਅੰਦਰ ਧਰਤ ਧਰ ਧਰਤੀ ਅੰਦਰ ਧਰਿਆ ਪਾਣੀ॥ (12-13-2)
ਸਿਰ ਤਲਵਾਏ ਰੁਖ ਹੁਇ ਨਿਹਚਲ ਚਿਤ ਨਿਵਾਸ ਬਿਬਾਣੀ॥ (12-13-3)
ਪਰਉਪਕਾਰੀ ਸੁਫਲ ਫਲ ਵਟ ਵਗਾਇ ਸ੍ਰਿਸ਼ਟਿ ਵਰਸਾਣੀ॥ (12-13-4)
ਚੰਦਣ ਵਾਸ ਵਣਾਸਪਤਿ ਚੰਦਨ ਹੋਇ ਵਾਸ ਮਹਕਾਣੀ॥ (12-13-5)
ਸ਼ਬਦ ਸੁਰਤਿ ਲਿਵ ਸਾਧ ਸੰਗ ਗੁਰਮੁਖ ਸੁਖਫਲ ਅੰਮ੍ਰਿਤ ਬਾਣੀ॥ (12-13-6)
ਅਵਗਤਿ ਗਤਿ ਅਤਿ ਅਕਥ ਕਹਾਣੀ ॥੧੩॥ (12-13-7)

ਧ੍ਰੂ ਪ੍ਰਹਿਲਾਦ ਵਿਭੀਖਣੋ ਅੰਬਰੀਕ ਬਲ ਜਨਕ ਵਖਾਣਾ॥ (12-14-1)
ਰਾਜ ਕੁਆਰ ਹੋਇ ਰਾਜਸੀ ਆਸਾ ਬੰਧੀ ਚੋਜ ਵਿਡਾਣਾ॥ (12-14-2)
ਧ੍ਰੂ ਮਤਰੇਈ ਚੰਡਿਆ ਪੀਊ ਫੜ ਪ੍ਰਹਿਲਾਦ ਰਵਾਣਾ॥ (12-14-3)
ਭੇਦ ਬਿਭੀਛਣ ਲੰਕ ਲੈ ਅੰਬਰੀਕ ਲੈ ਚਕ੍ਰ ਲੁਭਾਣਾ॥ (12-14-4)
ਪਰ ਕੜਾਹੇ ਜਨਕ ਦਾ ਕਰ ਪਾਖੰਡ ਧਰਮ ਧਿਙਾਣਾ॥ (12-14-5)
ਆਪ ਗਣਾਇ ਵਿਗੁਚਣਾ ਦਰਗਹ ਪਾਏ ਮਾਣ ਨਿਮਾਣਾ॥ (12-14-6)
ਗੁਰਮੁਖ ਸੁਖਫਲ ਪਤਿ ਪਰਵਾਣਾ ॥੧੪॥ (12-14-7)

ਕਲਿਜੁਗ ਨਾਮਾ ਭਗਤਿ ਹਿੰਦੂ ਮੁਸਲਮਾਨ ਫੇਰ ਦੇਹੁਰਾ ਗਾਇ ਜੀਵਾਈ॥ (12-15-1)
ਭਗਤਿ ਕਬੀਰ ਵਖਾਣੀਐ ਬੰਦੀਖਾਨੇ ਤੇ ਉਠ ਜਾਈ॥ (12-15-2)
ਧੰਨਾ ਜੱਟ ਉਬਾਰਿਆ ਸਧਨਾ ਜਾਤਿ ਅਜਾਤਿ ਕਸਾਈ॥ (12-15-3)

ਜਨ ਰਵਿਦਾਸ ਚਮਾਰ ਹੋਏ ਚਹੁੰ ਵਰਨਾਂ ਵਿਚ ਕਰ ਵਡਿਆਈ॥ (12-15-4)
ਬੇਣੀ ਹੋਆ ਅਧਿਆਤਮੀ ਸੈਣ ਨੀਚ ਕੁਲ ਅੰਦਰ ਨਾਈ॥ (12-15-5)
ਪੈਰੀਂ ਪੈ ਪਾਖਾਕ ਹੁਇ ਗੁਰਸਿਖਾਂ ਵਿਚ ਵਡੀ ਸਮਾਈ॥ (12-15-6)
ਅਲਖ ਲਖਾਇ ਨ ਅਲਖ ਲਖਾਈ ॥੧੫॥ (12-15-7)

ਸਤਜੁਗ ਉਤਮ ਆਖੀਐ ਇਕ ਫੇੜੈ ਸਭ ਦੇਸ ਦੁਹੇਲਾ॥ (12-16-1)
ਤ੍ਰੇਤੈ ਨਗਰੀ ਪੀੜੀਐ ਦੁਆਪਰ ਵੰਸ ਵਿਧੁੰਸ ਕੁਵੇਲਾ॥ (12-16-2)
ਕਲਿਜੁਗ ਸੱਚ ਨਿਆਉਂ ਹੈ ਜੋ ਬੀਜੈ ਸੁ ਲੁਣੈ ਇਕੇਲਾ॥ (12-16-3)
ਪਾਰਬ੍ਰਹਮ ਪੂਰਨ ਬ੍ਰਹਮ ਸ਼ਬਦ ਸੁਰਤ ਸਤਿਗੁਰ ਗੁਰ ਚੇਲਾ॥ (12-16-4)
ਨਾਮ ਦਾਨ ਇਸ਼ਨਾਨ ਦ੍ਰਿੜ੍ਹ ਸਾਧ ਸੰਗਤਿ ਮਿਲ ਅੰਮ੍ਰਿਤ ਵੇਲਾ॥ (12-16-5)
ਮਿੱਠਾ ਬੋਲਣ ਨਿਵ ਚਲਣ ਹਥਹੁੰ ਦੇਣਾ ਸਹਿਜ ਸੁਹੇਲਾ॥ (12-16-6)
ਗੁਰਮੁਖ ਸੁਖ ਫਲ ਨੇਹੁ ਨਵੇਲਾ ॥੧੬॥ (12-16-7)

ਨਿਰੰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਿਖਾਇਆ॥ (12-17-1)
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰੁ ਸ਼ਬਦ ਸੁਣਾਯਾ॥ (12-17-2)
ਚਾਰ ਵਰਨ ਚਾਰ ਮਜ਼ਹਬਾ ਚਰਣ ਕਵਲ ਸ਼ਰਨਾਗਤਿ ਆਯਾ॥ (12-17-3)
ਪਾਰਸ ਪਰਸ ਅਪਰਸ ਜਗ ਅਸ਼ਟਧਾਤ ਇਕ ਧਾਤ ਕਰਾਯਾ॥ (12-17-4)
ਪੈਰੀਂ ਪਾਇ ਨਿਵਾਇਕੈ ਹਉਮੈਂ ਰੋਗ ਅਸਾਧ ਮਿਟਾਯਾ॥ (12-17-5)
ਹੁਕਮ ਰਜਾਈ ਚਲਣਾ ਗੁਰਮੁਖ ਗਾਡੀ ਰਾਹੁ ਚਲਾਯਾ॥ (12-17-6)
ਪੂਰੇ ਪੂਰਾ ਥਾਟ ਬਣਾਯਾ ॥੧੭॥ (12-17-7)

ਜੰਮਣ ਮਰਨਹੁ ਬਾਹਰੇ ਪਰਉਪਕਾਰੀ ਜਗ ਵਿਚ ਆਏ॥ (12-18-1)
ਭਾਉ ਭਗਤਿ ਉਪਦੇਸ਼ ਕਰ ਸਾਧ ਸੰਗਤ ਸਚਖੰਡ ਵਸਾਏ॥ (12-18-2)
ਮਾਨ ਸਰੋਵਰ ਪਰਮਹੰਸ ਗੁਰਮੁਖ ਸ਼ਬਦ ਸੁਰਤ ਲਿਵਲਾਏ॥ (12-18-3)
ਚੰਦਨ ਵਾਸ ਵਣਾਸਪਤਿ ਅਫਲ ਸਫਲ ਚੰਦਨ ਮਹਿਕਾਏ॥ (12-18-4)
ਭਵਜਲ ਅੰਦਰ ਬੋਹਿਥੈ ਹੋਇ ਪਰਵਾਰ ਸੁ ਪਾਰ ਲੰਘਾਏ॥ (12-18-5)
ਲਹਿਰ ਤਰੰਗ ਨ ਵਿਆਪਈ ਮਾਯਾ ਵਿਚ ਉਦਾਸ ਰਹਾਏ॥ (12-18-6)
ਗੁਰਮੁਖ ਸੁਖ ਫਲ ਸਹਿਜ ਸਮਾਏ ॥੧੮॥ (12-18-7)

ਧੰਨ ਗੁਰੂ ਗੁਰਸਿਖ ਧੰਨ ਆਦਿ ਪੁਰਖ ਆਦੇਸ਼ ਕਰਾਯਾ॥ (12-19-1)
ਸਤਿਗੁਰ ਦਰਸ਼ਨ ਧੰਨ ਹੈ ਧੰਨ ਦ੍ਰਿਸ਼ਟਿ ਗੁਰ ਧਿਆਨ ਧਰਾਯਾ॥ (12-19-2)
ਧੰਨ ਧੰਨ ਸਤਿਗੁਰ ਸ਼ਬਦ ਧੰਨ ਸੁਰਤਿ ਗੁਰ ਗਿਆਨ ਸੁਣਾਯਾ॥ (12-19-3)
ਚਰਨ ਕਵਲ ਗੁਰ ਧੰਨ ਧੰਨ ਧੰਨ ਮਸਤਕ ਗੁਰ ਚਰਣੀ ਲਾਯਾ॥ (12-19-4)
ਧੰਨ ਧੰਨ ਗੁਰ ਉਪਦੇਸ਼ ਹੈ ਦੰਨ ਰਿਦਾ ਗੁਰ ਮੰਤ੍ਰ ਵਸਾਯਾ॥ (12-19-5)
ਧੰਨ ਧੰਨ ਗੁਰ ਚਰਨਾਮ੍ਰਿਤੋ ਧੰਨ ਮੁਹਤ ਜਿਤ ਅਪਿਓ ਪੀਆਯਾ॥ (12-19-6)
ਗੁਰਮੁਖ ਸੁਖ ਫਲ ਅਜਰ ਜਰਾਯਾ ॥੧੯॥੧੨॥ (12-19-7)

ਸੁਖ ਸਾਗਰ ਹੈ ਸਾਧ ਸੰਗ ਸੋਬਾ ਲਹਿਰ ਤਰੰਗ ਅਤੋਲੇ॥ (12-20-1)
ਮਾਣਕ ਮੋਤੀ ਹੀਰਿਆਂ ਗੁਰ ਉਪਦੇਸ਼ ਅਵੇਸ ਅਮੋਲੇ॥ (12-20-2)
ਰਾਗ ਰਤਨ ਅਨਹਦ ਧੁਨੀ ਸ਼ਬਦ ਸੁਰਤ ਲਿਵ ਅਗਮ ਅਲੋਲੇ॥ (12-20-3)

ਰਿਧ ਸਿਧ ਨਿਧ ਸਭ ਗੋਲੀਆਂ ਚਾਰ ਪਦਾਰਥ ਗੋਇਲ ਗੋਲੇ॥ (12-20-4)
ਲਖ ਲਖ ਚੰਦ ਚਰਾਗਚੀ ਲਖ ਲਖ ਅੰਮ੍ਰਿਤ ਪੀਚਨ ਝੋਲੇ॥ (12-20-5)
ਕਾਮਧੇਨੁ ਲਖ ਪਾਰਜਾਤ ਜੰਗਲ ਅੰਦਰ ਚਰਨਿ ਅਡੋਲੇ॥ (12-20-6)
ਗੁਰਮੁਖ ਸੁਖਫਲ ਬੋਲ ਅਬੋਲੇ ॥੨੦॥੧੨॥ (12-20-7)

Vaar 13

ੴ ਸਤਿਗੁਰਪ੍ਰਸਾਦਿ ॥ (13-1-1)

ਪੀਰ ਮੁਰੀਦਾਂ ਗਾਖੜੀ ਕੋ ਵਿਰਲਾ ਜਾਣੈ॥ (13-1-2)
ਪੀਰਾਂ ਪੀਰ ਵਖਾਣੀਐ ਗੁਰੁ ਗੁਰਾਂ ਵਖਾਣੈ॥ (13-1-3)
ਗੁਰ ਚੇਲਾ ਚੇਲਾ ਗੁਰੂ ਕਰ ਚੋਜ ਵਿਡਾਣੈ॥ (13-1-4)
ਸੋ ਗੁਰੁ ਸੋਈ ਸਿਖ ਹੈ ਜੋਤੀ ਜੋਤਿ ਸਮਾਣੈ॥ (13-1-5)
ਇਕ ਗੁਰੂ ਇਕ ਸਿਖ ਹੈ ਗੁਰੁ ਸ਼ਬਦ ਸਿਞਾਣੈ॥ (13-1-6)
ਮਿਹਰ ਮੁਹਬਤ ਮੇਲ ਕਰ ਭਉ ਭਾਉ ਸੁ ਭਾਣੈ ॥੧॥ (13-1-7)

ਗੁਰ ਸਿਖਹੁ ਗੁਰ ਸਿਖ ਹੈ ਪੀਰ ਪੀਰਹੁੰ ਕੋਈ॥ (13-2-1)
ਸ਼ਬਦ ਸੁਰਤ ਚੇਲਾ ਗੁਰੂ ਪਰਮੇਸ਼ਰ ਸੋਈ॥ (13-2-2)
ਦਰਸ਼ਨ ਦ੍ਰਿਸ਼ਟਿ ਧਿਆਨ ਧਰ ਗੁਰੁ ਮੂਰਤਿ ਹੋਈ॥ (13-2-3)
ਸ਼ਬਦ ਸੁਰਤਿ ਕਰ ਕੀਰਤਨ ਸਤਸੰਗ ਵਿਲੋਈ॥ (13-2-4)
ਵਾਹਿਗੁਰੂ ਗੁਰੂ ਮੰਤ੍ਰ ਹੈ ਜਪ ਹਉਮੈਂ ਖੋਈ॥ (13-2-5)
ਆਪ ਗਵਾਏ ਆਪ ਹੈ ਗੁਣ ਗੁਣੀ ਪਰੋਈ ॥੨॥ (13-2-6)

ਦਰਸਨ ਦਿਸ਼ਟਿ ਸੰਜੋਗ ਹੈ ਭੈ ਭਾਇ ਸੰਜੋਈੋ॥ (13-3-1)
ਸ਼ਬਦ ਸੁਰਤਿ ਬੈਰਾਗ ਹੈ ਸੁਖ ਸਹਜ ਅਰੋਗੀ॥ (13-3-2)
ਮਨ ਬਚ ਕਰਮ ਨ ਭਰਮ ਹੈ ਜੋਗੀਸ਼ਰ ਜੋਗੀ॥ (13-3-3)
ਪਿਰਮ ਪਿਆਲਾ ਪੀਵਣਾ ਅੰਮ੍ਰਿਤ ਰਸ ਭੋਗੀ॥ (13-3-4)
ਗਯਾਨ ਧਯਾਨ ਸਿਮਰਣ ਮਿਲੈ ਪੀ ਅਪਿਓ ਅਸੋਗੀ ॥੩॥ (13-3-5)

ਗੁਰਮੁਖ ਸੁਖ ਫਲ ਪਿਰਮਰਸ ਕਿਉਂ ਆਖ ਵਖਾਣੈ॥ (13-4-1)
ਸੁਣ ਸੁਣ ਆਖਣ ਆਖਣਾ ਓਹ ਸਾਉ ਨ ਜਾਣੈ॥ (13-4-2)
ਬ੍ਰਹਮਾ ਬਿਸ਼ਨ ਮਹੇਸ਼ ਮਿਲ ਕਥਿ ਵੇਦ ਪੁਰਾਣੈ॥ (13-4-3)
ਚਾਰ ਕਤੇਬਾਂ ਆਖੀਅਨਿ ਦੀਨ ਮੁਸਲਮਾਣੈ॥ (13-4-4)
ਸ਼ਧੇਸ਼ਨਾਗ ਸਿਮਰਣ ਕਰੈ ਸਾਂਗੀਤ ਸੁਹਾਣੈ॥ (13-4-5)
ਅਨਹਦ ਨਾਦ ਅਸੰਖ ਸੁਣ ਹੋਏ ਹੈਰਾਣੈ॥ (13-4-6)
ਅਕਥ ਕਥਾ ਕਰ ਨੇਤਿ ਨੇਤਿ ਪੀਲਾਏ ਭਾਣੈ॥ (13-4-7)
ਗੁਰਮੁਖ ਸੁਖ ਫਲ ਪਿਰਮ ਰਸ ਛਿਅ ਰਸ ਹੈਰਾਣੈ ॥੪॥ (13-4-8)

ਛਤੀਹ ਅੰਮ੍ਰਿਤ ਤਰਸਦੇ ਵਿਸਮਾਦ ਵਿਡਾਣਾ॥ (13-5-1)
ਨਿੱਝਰ ਧਾਰਿ ਹਜ਼ਾਰ ਹੋਇ ਭੈ ਚਕਿਤ ਲੁਭਾਣਾ॥ (13-5-2)
ਇੜਾ ਪਿੰਗੁਲਾ ਸੁਖਮਨਾ ਸੋਹੰ ਨ ਸਮਾਣਾ॥ (13-5-3)
ਵੀਹ ਇਕੀਹ ਚੜ੍ਹਾਉ ਚੜ੍ਹ ਪਰਚਾ ਪਰਵਾਣਾ॥ (13-5-4)
ਪੀਤੇ ਬੋਲ ਨ ਹੰਘਈ ਆਖਾਣ ਵਖਾਣਾ ॥੫॥ (13-5-5)

ਗਲੀਂ ਸਾਦ ਨ ਆਵਈ ਜਿਚਰ ਮੁਹ ਖਾਲੀ॥ (13-6-1)

ਮੁਹੁ ਭਰੀਐ ਕਿਉਂ ਬੋਲੀਐ ਰਸ ਜੀਭ ਰਸਾਲੀ॥ (13-6-2)
ਸ਼ਬਦ ਸੁਰਤ ਸਿਮ੍ਰਣ ਉਲੰਘ ਨਹਿ ਨਦਰ ਨਿਹਾਲੀ॥ (13-6-3)
ਪੰਥ ਕੁਪੰਥ ਨ ਸੁਝਈ ਅਲਮਸਤ ਖਿਆਲੀ॥ (13-6-4)
ਡਗਮਗ ਚਤਲ ਸੁਢਾਲ ਹੈ ਗੁਰਮਤਿ ਨਿਰਾਲੀ॥ (13-6-5)
ਚੜ੍ਹਿਆ ਚੰਦ ਨ ਲੁਕਈ ਢਕ ਜੋਤਿ ਕੁਨਾਲੀ ॥੬॥ (13-6-6)

ਲਖ ਲਖ ਬਾਵਨ ਚੰਦਨਾ ਲਖ ਅਗਰ ਮਿਲੰਦੇ॥ (13-7-1)
ਲਖ ਕਪੂਰ ਕਥੂਰੀਆ ਅੰਬਰ ਮਹਕੰਦੇ॥ (13-7-2)
ਲਖ ਲਖ ਗਉੜੇ ਮੇਦ ਮਿਲ ਕੇਸਰ ਚਮਕੰਦੇ॥ (13-7-3)
ਸਭ ਸੁਗੰਧ ਰਲਾਇਕੈ ਅਰਗਜਾ ਕਰੰਦੇ॥ (13-7-4)
ਲਖ ਅਰਗਜੇ ਫੁਲੇਲ ਫੁਲ ਫੁਲਵਾੜੀ ਸੰਦੇ॥ (13-7-5)
ਗੁਰਮੁਖ ਸੁਖ ਫਲ ਪਿਰਮ ਰਸ ਵਾਸੁ ਨ ਲਹੰਦੇ ॥੭॥ (13-7-6)

ਰੂਪ ਸਰੂਪ ਅਨੂਪ ਲਖ ਇੰਦ੍ਰ ਪੁਰੀ ਵਸੰਦੇ॥ (13-8-1)
ਰੰਗ ਬਿਰੰਗ ਸੁਰੰਗ ਲਖ ਬੈਕੁੰਠ ਰਹੰਦੇ॥ (13-8-2)
ਲਖ ਜੋਬਨ ਸੀਂਗਾਰ ਲਖ ਲਖ ਵੇਸ ਕਰੰਦੇ॥ (13-8-3)
ਲਖ ਦੀਵੇ ਲਖ ਤਾਰਿਆਂ ਜੋਤਿ ਸੂਰਜ ਚੰਦੇ॥ (13-8-4)
ਰਤਨ ਜਵਾਹਰ ਲਖ ਮਣੀ ਜਗ ਮਗ ਟਹਕੰਦੇ॥ (13-8-5)
ਗੁਰਮੁਖ ਸੁਖ ਫਲ ਪਿਰਮ ਰਸ ਜੋਤੀ ਨ ਪੁਜੰਦੇ ॥੮॥ (13-8-6)

ਚਾਰ ਪਦਾਰਥ ਰਿਧਿ ਸਿਧਿ ਨਿਧ ਲਖ ਕਰੋੜੀ॥ (13-9-1)
ਲਖ ਪਾਰਸ ਲਖ ਪਾਰਜਾਤ ਲਖ ਲਖਮੀ ਜੋੜੀ॥ (13-9-2)
ਲਖ ਚਿੰਤਾਮਣਿ ਕਾਮਧੇਨੁ ਚਤਰੰਗ ਚਮੋੜੀ॥ (13-9-3)
ਮਾਣਕ ਮੋਤੀ ਹੀਰਿਆਂ ਨਿਰਮੋਲ ਮਹੋੜੀ॥ (13-9-4)
ਲਖ ਕਵਲਾ ਸਸਿ ਮੇਰੁ ਲਖ ਲਖ ਰਾਜ ਬਹੋੜੀ॥ (13-9-5)
ਗੁਰਮੁਖ ਸੁਖ ਫਲ ਪਿਰਮ ਰਸ ਮੁਲ ਅਮੁਲ ਸੁਥੋੜੀ ॥੯॥ (13-9-6)

ਗੁਰਮੁਖ ਸੁਖ ਫਲ ਲਖ ਲਖ ਲਹਿਰ ਤਰੰਗਾ॥ (13-10-1)
ਲਖ ਦਰੀਆਉ ਸਮਾਉ ਕਰਿ ਲਖ ਲਹਿਰੀਂ ਅੰਗਾ॥ (13-10-2)
ਲਖ ਦਰੀਆਉ ਸਮੁੰਦ ਵਿਚ ਲਖ ਤੀਰਥ ਗੰਗਾ॥ (13-10-3)
ਲਖ ਸਮੁੰਦ ਗੜਾੜ੍ਹ ਵਿਚ ਬਹੁ ਰੰਗ ਬਿਰੰਗਾ॥ (13-10-4)
ਲਖ ਗੜਾੜ੍ਹ ਤਰੰਗ ਵਿਚ ਲਖ ਅਝੁਕਿਣੰਗਾ॥ (13-10-5)
ਪਿਰਮ ਪਿਆਲਾ ਪੀਵਣਾ ਕੋ ਬੁਰਾ ਨ ਚੰਗਾ ॥੧੦॥ (13-10-6)

ਇਕ ਕਵਾਉ ਪਸਾਉ ਕਰਿ ਓਅੰਕਾਰ ਸੁਣਾਯਾ॥ (13-11-1)
ਓਅੰਕਾਰ ਅਕਾਰ ਲਖ ਬ੍ਰਹਮੰਡ ਬਣਾਯਾ॥ (13-11-2)
ਪੰਜ ਤਤ ਉਤਪਤਿ ਲਖ ਤ੍ਰੈ ਲੋਅ ਸੁਹਾਯਾ॥ (13-11-3)
ਜਲ ਥਲ ਗਿਰ ਤਰਵਰ ਸੁਫਲ ਦਰੀਆਉ ਚਲਾਯਾ॥ (13-11-4)
ਲਖ ਦਰੀਆਉ ਸਮਾਉ ਕਰ ਤਿਲ ਤੁਲ ਨ ਤੁਲਾਯਾ॥ (13-11-5)
ਕੁਦਰਤ ਇਕ ਅਤੋਲਵੀਂ ਲੇਖਾ ਨਾਂ ਲਿਖਾਯਾ॥ (13-11-6)

ਕੁਦਰਤ ਕੀਮ ਨ ਜਾਣੀਐ ਕਾਦਰ ਕਿਨਿ ਪਾਯਾ ॥੧੧॥ (13-11-7)

ਗੁਰਮੁਖ ਸੁਖਫਲ ਪ੍ਰੇਮ ਰਸ ਅਵਿਗਤ ਗਤ ਭਾਈ॥ (13-12-1)
ਪਾਰਾਵਾਰ ਅਪਾਰ ਹੈ ਕੋ ਆਇ ਨ ਜਾਈ॥ (13-12-2)
ਆਦਿ ਅੰਤ ਪਰਜੰਤ ਨਾਹਿ ਪਰਮਾਦ ਵਡਾਈ॥ (13-12-3)
ਹਾਥ ਨ ਪਾਇ ਅਥਾਹ ਥੀਂ ਅਸਗਾਹ ਸਮਾਈ॥ (13-12-4)
ਪਿਰਮ ਪਿਆਲੇ ਬੂੰਦ ਇਕ ਕਿਨ ਕੀਮਤ ਪਾਈ॥ (13-12-5)
ਅਗਮਹੁ ਅਗਮ ਅਗਾਧ ਬੋਧ ਗੁਰੁ ਅਲਖ ਲਖਾਈ ॥੧੨॥ (13-12-6)

ਗੁਰਮੁਖ ਸੁਖਫਲ ਪ੍ਰੇਮਰਸ ਤਿਲ ਅਲਖ ਅਲੇਖੈ॥ (13-13-1)
ਲਖ ਚਉਰਾਸੀਹ ਜੂਨਿ ਵਿਚ ਜੀਅਜੰਤ ਵਿਸੇਖੈ॥ (13-13-2)
ਸਭਨਾਂ ਦੀ ਰੋਮਾਵਲੀ ਬਹੁ ਬਿਧ ਬਹੁ ਰੇਖੈ॥ (13-13-3)
ਰੋਮ ਰੋਮ ਲਖ ਲਖੱ ਸਿਰ ਮੁਹ ਲਖ ਸਰੇਖੈ॥ (13-13-4)
ਲਖ ਲਖ ਮੁਹਿ ਮੁਹਿ ਜੀਭ ਕਰ ਗੁਣਬੋਲੈ ਦੇਖੈ॥ (13-13-5)
ਸੰਖ ਅਸੰਖ ਇਕੀਹ ਵੀਹ ਸਮਸਰ ਨ ਨਿਮੇਖੈ ॥੧੩॥ (13-13-6)

ਗੁਰਮੁਖ ਸੁਖਫਲ ਪ੍ਰੇਮ ਰਸ ਹੋਇ ਗੁਰਸਿਖ ਮੇਲਾ॥ (13-14-1)
ਸ਼ਬਦ ਸੁਰਤ ਪਰਚਾਇਕੈ ਨਿਤ ਨੇਹੁ ਨਵੇਲਾ॥ (13-14-2)
ਵੀਹ ਇਕੀਹ ਚੜਾਉ ਚੜ੍ਹ ਸਿਖ ਗੁਰ ਗੁਰ ਚੇਲਾ॥ (13-14-3)
ਅਪਿਉ ਪੀਐ ਅਜਰ ਜਰੈ ਗੁਰ ਸੇਵ ਸੁਹੇਲਾ॥ (13-14-4)
ਜੀਵੰਦਿਆਂ ਮਰ ਚਲਨਾ ਹਾਰ ਜਿਣੈ ਵਹੇਲਾ॥ (13-14-5)
ਸਿਲ ਅਲੂਣੀ ਚਟਣੀ ਲਖ ਅੰਮ੍ਰਿਤ ਪੇਲਾ ॥੧੪॥ (13-14-6)

ਪਾਣੀ ਕਾਠ ਨ ਡੋਬਈ ਪਾਲੈ ਦੀ ਲਜੈ॥ (13-15-1)
ਸਿਰ ਕਲਵਤ ਧਰਾਇਕੈ ਸਿਰ ਚੜ੍ਹਿਆ ਭਜੈ॥ (13-15-2)
ਲੋਹੇ ਜੜੀਏ ਬੋਹਿਥਾ ਭਾਰ ਭਰੇ ਨ ਤਜੈ॥ (13-15-3)
ਪੇਟ ਅੰਦਰ ਅਗ ਰਖਕੇ ਤਿਸ ਪੜਦਾ ਕਜੈ॥ (13-15-4)
ਅਗਰੈ ਡੋਬੈ ਜਾਣਕੈ ਨਿਰਮੋਲਕ ਧਜੈ॥ (13-15-5)
ਗੁਰਮੁਖ ਮਾਰਗ ਚਲਣਾ ਛਡ ਖਬੇ ਸਜੈ ॥੧੫॥ (13-15-6)

ਖਾਣਉ ਕਢ ਕਧ ਆਣਦੇ ਨਿਰਮੋਲਕ ਹੀਰਾ॥ (13-16-1)
ਜਉਹਰੀਆਂ ਹਥ ਆਂਵਦਾ ਉਇ ਗਹਿਰ ਗੰਭੀਰਾ॥ (13-16-2)
ਮਜਲਸ ਅੰਦਰ ਦੇਖਦੇ ਪਾਤਸ਼ਾਹ ਵਜੀਰਾ॥ (13-16-3)
ਮੁਲ ਕਰਨ ਅਜ਼ਮਾਇਕੈ ਸ਼ਾਹਾਂ ਮਨ ਧੀਰਾ॥ (13-16-4)
ਅਹਿਰਣ ਉਤੇ ਰਖਕੈ ਘਨ ਘਾਉ ਸਰੀਰਾ॥ (13-16-5)
ਵਿਰਲਾ ਹੀ ਠਹਿਰਾਂਵਦਾ ਦਰਗਹ ਗੁਰ ਪੀਰਾ॥੧੬॥ (13-16-6)

ਤਰ ਡੁਬੈ ਡੁੱਬਾ ਤਰੈ ਪੀ ਪਿਰਮ ਪਿਆਲਾ॥ (13-17-1)
ਜਿਣਹਾਰੈ ਹਾਰੈ ਜਿਣੈ ਏਹ ਗੁਰਮੁਖ ਚਾਲਾ॥ (13-17-2)
ਮਾਰਗ ਖੰਡੇ ਧਾਰ ਹੈ ਭਵਜਲ ਭਰ ਨਾਲਾ॥ (13-17-3)

ਵਾਲਹੁੰ ਨਿਕਾ ਆਖੀਐ ਗੁਰ ਪੰਥ ਨਿਰਾਲਾ॥ (13-17-4)
ਹਉਮੈਂ ਬੱਜਰ ਭਾਰ ਹੈ ਦੁਰਮਤਿ ਦੁਰਾਲਾ॥ (13-17-5)
ਗੁਰਮਤਿ ਆਪ ਗਵਾਇਕੈ ਸਿਖ ਜਾਇ ਸੁਖਾਲਾ ॥੧੭॥ (13-17-6)

ਧਰਤਿ ਆਪ ਵੜ ਬੀਉ ਹੋਇ ਜੜ੍ਹ ਅੰਦਰ ਜੰਮੈ॥ (13-18-1)
ਹੋਇ ਬਰੂਟਾ ਚੁਹਚੁਹਾ ਮੂਲ ਡਾਲ ਧਰੰਮੈ॥ (13-18-2)
ਬਿਰਖ ਅਕਾਰ ਬਿਥਾਰ ਕਰ ਬਹੁ ਜਟਾ ਪਲੰਮੈ॥ (13-18-3)
ਜਟਾ ਲਟਾ ਮਿਲ ਧਰਤਿ ਵਿਚ ਜੋਇ ਮੂਲ ਅਗੰਮੈ॥ (13-18-4)
ਛਾਂਵ ਘਣੀ ਪੱਤ ਸੋਹਣੇ ਫਲ ਲਖ ਲਖੰਮੈ॥ (13-18-5)
ਫਲ ਫਲ ਅੰਦਰ ਬੀਜ ਬਹੁ ਗੁਰਸਿਕ ਮਰੰਮੈ ॥੧੮॥ (13-18-6)

ਇਕ ਸਿਖ ਦੁਇ ਸਾਧ ਸੰਗ ਪੰਜੀ ਪਰਮੇਸ਼ੁਰ॥ (13-19-1)
ਨਉ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸ਼ੁਰ॥ (13-19-2)
ਵੀਹ ਇਕੀਹ ਅਸੰਖ ਸੰਖ ਮੁਕਤੇ ਮੁਕਤੇਸ਼ੁਰ॥ (13-19-3)
ਨਗਰ ਨਗਰ ਸੈ ਸਹੰਸ ਸਿਖ ਦੇਸ ਦੇਸ ਲਖੇਸ਼ੁਰ॥ (13-19-4)
ਇਕਦੂੰ ਬਿਰਖਹੁੰ ਲਖ ਫਲ ਫਲ ਬੀਅ ਲੁਮੇਸ਼ੁਰ॥ (13-19-5)
ਭੋਗ ਭੁਗਤ ਰਾਜੇਸੁਰਾ ਜੋਗ ਜੁਗਤਿ ਜੋਗੇਸ਼ੁਰ ॥੧੯॥ (13-19-6)

ਪੀਰ ਮੁਰੀਦਾਂ ਪਿਰਹੜੀ ਵਨਜਾਰੇ ਸ਼ਾਹੈ॥ (13-20-1)
ਸਉਦਾ ਇਕਤ ਹੱਟ ਹੈ ਸੈਂਸਾਰ ਵਿਸਾਹੈ॥ (13-20-2)
ਕੋਈ ਵੇਚੈ ਕਉਡੀਆਂ ਕੋ ਦੰਮ ਉਗਾਹੈ॥ (13-20-3)
ਕੋਈ ਰੁਪੱਯੇ ਵਿਕਨੇ ਸੁਨਈਯੇ ਕੋ ਡਾਹੈ॥ (13-20-4)
ਕੋਈ ਰਤਨ ਵਣੰਜਦਾ ਕਰ ਸਿਫਤ ਸਲਾਹੈ॥ (13-20-5)
ਵਣਜ ਸਪੱਤਾ ਸ਼ਾਹ ਨਾਲ ਵੇਸਾਹੁ ਨਿਬਾਹੈ ॥੨੦॥ (13-20-6)

ਸਉਦਾ ਇਕਤ ਹੱਟ ਹੈ ਸ਼ਾਹ ਸਤਿਗੁਰ ਪੂਰਾ॥ (13-21-1)
ਅਉਗੁਣ ਲੈ ਗੁਣ ਵਿੱਕਣੇ ਵਚਨੈ ਦਾ ਸੂਰਾ॥ (13-21-2)
ਸਫਲ ਕਰੇ ਸਿੰਮਲ ਬਿਰਖ ਸੋਵਰਨ ਮਨੂਰਾ॥ (13-21-3)
ਵਾਸ ਸੁਵਾਸ ਨਿਵਾਸ ਕਰ ਕਾਉਂ ਹੰਸ ਨ ਊਰਾ॥ (13-21-4)
ਘੁਘੂ ਸੁਝ ਸੁਝਾਇੰਦਾ ਸੰਤ ਮੋਤੀ ਚੂਰਾ॥ (13-21-5)
ਵੇਦ ਕਤੇਬਹੁੰ ਬਾਹਰਾ ਗੁਰ ਸ਼ਬਦ ਹਜੂਰਾ ॥੨੧॥ (13-21-6)

ਲਖ ਉਪਮਾਂ ਉਪਮਾਂ ਕਰੈ ਉਪਮਾਂ ਨ ਵਖਾਣੈ॥ (13-22-1)
ਲਖ ਮਹਿਮਾਂ ਮਹਿਮਾਂ ਕਰੈ ਮਹਿਮਾਂ ਹੈਰਾਣੈ॥ (13-22-2)
ਲਖ ਮਹਾਤਮ ਮਹਾਤਮਾ ਨ ਮਹਾਤਮ ਜਾਣੈ॥ (13-22-3)
ਖ ਉਸਤਤ ਉਸਤਤ ਕਰੈ ਉਸਤਤ ਨ ਸਿਵਾਣੈ॥ (13-22-4)
ਆਦਿ ਪੁਰਖ ਆਦੇਸ ਹੈ ਮੈਂ ਮਾਣ ਨਿਮਾਣੈ ॥੨੨॥ (13-22-5)

ਲਖ ਮਤਿ ਲਖ ਬੁਧ ਸੁਧ ਲਖ ਲਖ ਚਤੁਰਾਈ॥ (13-23-1)
ਲਖ ਲਖ ਉਕਤ ਸਿਆਣਪਾਂ ਲਖ ਸੁਰਤ ਸਮਾਈ॥ (13-23-2)

ਲਖ ਗਿਆਨ ਧਿਆਨ ਲਖ ਲਖ ਸਿਮਰਣ ਰਾਈ॥ (13-23-3)
ਲਖ ਵਿਦਜਾ ਲਖ ਇਸਟ ਜਪ ਤੰਤ ਮੰਤ ਕਮਾਈ॥ (13-23-4)
ਲਖ ਭੁਗਤ ਲਖ ਲਖ ਭਗਤ ਲਖ ਮੁਕਤ ਮਿਲਾਈ॥ (13-23-5)
ਜਿਉਂ ਤਾਰੇ ਦਿਹੁ ਉੱਗਵੈ ਆਨ੍ਹੇਰ ਗਵਾਈ॥ (13-23-6)
ਗੁਰਮੁਖ ਸੁਖਫਲ ਅਗਮ ਹੈ ਹੋਇ ਪਿਰਮ ਸਖਾਈ ॥੨੩॥ (13-23-7)

ਲਖ ਅਚਰਜ ਅਚਰਜ ਹੋਇ ਅਚਰਜ ਹੈਰਾਣਾ॥ (13-24-1)
ਵਿਸਮ ਹੋਇ ਵਿਸਮਾਦ ਲਖ ਲਖ ਚੋਜ ਵਿਡਾਣਾ॥ (13-24-2)
ਲਖ ਅਦਭੁਤ ਪਰਮਦ ਭੁਤੀ ਪਰਮਟ ਭੁਤ ਭਾਣਾ॥ (13-24-3)
ਅਵਗਤਿ ਗਤਿ ਅਗਾਧ ਬੋਧ ਅਪਰੰਪਰ ਬਾਣਾ॥ (13-24-4)
ਅਕਥ ਕਥਾ ਅਜਪਾ ਜਪਣ ਨੇਤਿ ਨੇਤਿ ਵਖਾਣਾ॥ (13-24-5)
ਆਦਿ ਪੁਰਖ ਆਦੇਸ ਹੈ ਕੁਦਰਤਿ ਕੁਰਬਾਣਾ ॥੨੪॥ (13-24-6)

ਪਾਰਬ੍ਰਹਮ ਪੂਰਣ ਬ੍ਰਹਮ ਗੁਰ ਨਾਨਕ ਦੇਉ॥ (13-25-1)
ਗੁਰ ਅੰਗਦ ਗੁਰ ਅੰਗ ਤੇ ਸਚ ਸ਼ਬਦ ਸਮੇਉ॥ (13-25-2)
ਅਮਰਾ ਪਦ ਗੁਰੁ ਅੰਗਦਹੁੰ ਅਤਿ ਅਲਖ ਅਭੇਉ॥ (13-25-3)
ਗੁਰ ਅਮਰਹੁੰ ਗੁਰੁ ਰਾਮਦਾਸ ਗਤਿ ਅਛਲ ਛਲੇਉ॥ (13-25-4)
ਰਾਮਦਾਸ ਅਰਜਨ ਗੁਰੂ ਅਬਿਚਲ ਅਰਖੇਉ॥ (13-25-5)
ਹਰਿਗੋਵਿੰਦ ਗੋਵਿੰਦ ਗੁਰੁ ਕਾਰਣ ਕਰਣੇਉ ॥੨੫॥੧੩॥ (13-25-6)

Vaar 14

ੴ ਸਤਿਗੁਰਪ੍ਰਸਾਦਿ॥ (14-1-1)

ਸਤਿਗੁਰ ਸਚਾ ਨਾਉਂ ਗੁਰਮੁਖ ਜਾਣੀਐ॥ (14-1-2)
ਸਾਧ ਸੰਗਤਿ ਸਚ ਨਾਉਂ ਸ਼ਬਦ ਵਖਾਣੀਐ॥ (14-1-3)
ਦਰਗਹ ਸਚ ਨਿਆਉਂ ਜਲ ਦੁਧ ਛਾਣੀਐ॥ (14-1-4)
ਗੁਰ ਸਰਣੀ ਅਸਰਾਉ ਸੇਵ ਕਮਾਣੀਐ॥ (14-1-5)
ਸ਼ਬਦ ਸੁਰਤਿ ਸੁਣ ਜਾਉ ਅੰਦਰ ਆਣੀਐ॥ (14-1-6)
ਤਿਸ ਕੁਰਬਾਨੀ ਜਾਉਂ ਮਾਣ ਨਿਮਾਣੀਐ ੧॥ (14-1-7)

ਚਾਰ ਵਰਨ ਗੁਰੁ ਸਿਖ ਸੰਗਤਿ ਆਵਣਾ॥ (14-2-1)
ਗੁਰਮੁਖ ਮਾਰਗ ਵਿਖ ਅੰਤ ਨ ਪਾਵਣਾ॥ (14-2-2)
ਤੁਲ ਨ ਅੰਮ੍ਰਿਤ ਇਖ ਕੀਰਤਨ ਗਾਵਣਾ॥ (14-2-3)
ਚਾਰ ਪਦਾਰਥ ਭਿਖ ਭਿਖਾਰੀ ਪਾਵਣਾ॥ (14-2-4)
ਲੇਖ ਅਲੇਖ ਅਲਿਖ ਸ਼ਬਦ ਕਮਾਵਣਾ॥ (14-2-5)
ਸੁਝਨਿ ਭੂਹ ਭਵਿਖ ਨ ਆਪ ਜਣਾਵਣਾ ॥੨॥ (14-2-6)

ਆਦਿ ਪੁਰਖ ਆਦੇਸ਼ ਅਲਖ ਲਖਾਇਆ॥ (14-3-1)
ਅਨਹਦ ਸ਼ਬਦ ਅਵੇਸ਼ ਅਘੜ ਘੜਾਇਆ॥ (14-3-2)
ਸਾਧ ਸੰਗਤਿ ਪਰਵੇਸ਼ ਅਪਿਉ ਪੀਆਇਆ॥ (14-3-3)
ਗੁਰ ਪੂਰੇ ਉਪਦੇਸ਼ ਸਚ ਦ੍ਰਿੜ੍ਹਾਇਆ॥ (14-3-4)
ਗੁਰਮੁਖ ਭੂਪਤਿ ਭੇਸ ਨ ਵਿਆਪੈ ਮਾਇਆ॥ (14-3-5)
ਬ੍ਰਹਮੇ ਬਿਸ਼ਨ ਮਹੇਸ਼ ਨ ਦਰਸ਼ਨ ਪਾਇਆ ॥੩॥ (14-3-6)

ਬਿਸ਼ਨੂ ਦਸ ਅਵਤਾਰ ਨਾਵ ਗਣਾਇਆ॥ (14-4-1)
ਕਰ ਕਰ ਅਸੁਰ ਸੰਘਾਰ ਵਾਦ ਵਧਾਇਆ॥ (14-4-2)
ਬ੍ਰਹਮੈ ਵੇਦ ਵੀਚਾਰ ਆਖ ਸੁਣਾਇਆ॥ (14-4-3)
ਮਨ ਅੰਦਰ ਅਹੰਕਾਰ ਜਗਤ ਉਪਾਇਆ॥ (14-4-4)
ਮਹਾਂਦਿਉ ਲਾਇ ਤਾਰ ਤਾਮਸ ਤਾਇਆ॥ (14-4-5)
ਨਾਰਦ ਮੁਨ ਅਖਾਇ ਗਲ ਸੁਣਿਆਇਆ ॥੪॥ (14-4-6)

ਲਾਇ ਤਬਾਰੀ ਖਾਇ ਚੁਗਲ ਸਦਾਇਆ॥ (14-5-1)
ਸਨਕਾਦਿਕ ਦਰ ਜਾਇ ਤਾਮਸ ਆਇਆ॥ (14-5-2)
ਦਸ ਅਵਤਾਰ ਕਰਾਇ ਜਨਮ ਗਲਾਇਆ॥ (14-5-3)
ਜਿਨ ਸੁਖ ਜਣਿਆ ਮਾਇ ਦੁਖ ਸਹਾਇਆ॥ (14-5-4)
ਗੁਰਮੁਖ ਸੁਖ ਫਲ ਖਾਇ ਅਜਰ ਜਰਾਇਆ ॥੫॥ (14-5-5)

ਧਰਤੀ ਨੀਵੀਂ ਹੋਇ ਚਰਨ ਚਿਤ ਲਾਇਆ॥ (14-6-1)
ਚਰਣ ਕਵਲ ਰਸ ਭੋਇ ਆਪ ਗਵਾਇਆ॥ (14-6-2)

ਚਰਣ ਰੇਣੁ ਤੇਹੁ ਲੋਇ ਇਛ ਇਛਆਇਆ॥ (14-6-3)
ਧੀਰਜ ਧਰਮ ਸਮੋਇ ਸੰਤੋਖ ਸਮਾਇਆ॥ (14-6-4)
ਜੀਵਣ ਜਗਤ ਪਰੋਇ ਰਿਜ਼ਕ ਪੁਜਾਇਆ॥ (14-6-5)
ਮੰਨੈ ਹੁਕਮ ਰਜਾਇ ਗੁਰਮੁਖਿ ਜਾਇਆ ॥੬॥ (14-6-6)

ਪਾਣੀ ਧਰਤੀ ਵਿਚ ਧਰਤਿ ਵਿਚ ਪਾਣੀਐ॥ (14-7-1)
ਨੀਚਹੁੰ ਨੀਚ ਨਹਿਚ ਨਿਰਮਲ ਜਾਣੀਐ॥ (14-7-2)
ਸਹਿੰਦਾ ਬਾਹਲੀ ਖਿਚ ਨਿਵੈ ਨਵਾਣੀਐ॥ (14-7-3)
ਮਨਮੇਲੀ ਘੁਲਘਿਚ ਸਭ ਰੰਗ ਮਾਣੀਐ॥ (14-7-4)
ਵਿਚਰੇ ਨਾਹਿ ਵਰਿਚ ਦਰ ਪਰਵਾਣੀਐ॥ (14-7-5)
ਪਰਉਪਕਾਰ ਸਰਿਚ ਭਗਤਿ ਨੀਸਾਣੀਐ ॥੭॥ (14-7-6)

ਧਰਤੀ ਉੱਤੇ ਰੁਖ ਸਿਰ ਤਲਵਾਇਆ॥ (14-8-1)
ਆਪ ਸਹੰਦੇ ਦੁਖ ਜਗ ਵਰਸਾਇਆ॥ (14-8-2)
ਫਲ ਦੇ ਲਾਹਨ ਭੁਖ ਵਟ ਵਗਾਇਆ॥ (14-8-3)
ਛਾਂਵ ਘਣੀ ਬਹੁ ਸੁਖ ਮਨ ਪਰਚਾਇਆ॥ (14-8-4)
ਵਢਨ ਆਇ ਮਨੁਖ ਆਪ ਤਛਾਇਆ॥ (14-8-5)
ਵਿਰਲੇ ਹੀ ਸਨਮੁਖ ਭਾਣਾ ਭਾਇਆ ॥੮॥ (14-8-6)

ਰੁਖਹੁੰ ਘਰ ਛਾਵਾਇ ਥੰਮ ਥੰਮ੍ਹਾਇਆ॥ (14-9-1)
ਸਿਰ ਕਰਵਤ ਧਰਾਇ ਦੇੜ ਘੜਾਇਆ॥ (14-9-2)
ਲੋਹੇ ਨਾਲ ਜੜਾਇ ਪੂਰ ਤਰਾਇਆ॥ (14-9-3)
ਲਖ ਲਹਿਰ ਦਰੀਆਇ ਪਾਰ ਲੰਘਾਇਆ॥ (14-9-4)
ਗੁਰ ਸਿਖਾਂ ਭੈ ਭਾਇ ਸ਼ਬਦ ਕਮਾਇਆ॥ (14-9-5)
ਇਕਸ ਪਿਛੈ ਲਾਇ ਲਖ ਛਡਾਇਆ ॥੯॥ (14-9-6)

ਘਾਣੀ ਤਿਲ ਪੀੜਾਇ ਤੇਲ ਕਢਾਇਆ॥ (14-10-1)
ਦੀਵਾ ਤੇਲ ਜਲਾਇ ਅਨ੍ਹੇਰ ਗਵਾਇਆ॥ (14-10-2)
ਮਸੁ ਮਸਵਾਣੀ ਪਾਇ ਸ਼ਬਦ ਲਿਖਾਇਆ॥ (14-10-3)
ਸੁਣ ਸਿਖ ਲਿਖ ਲਿਖਾਇ ਅਲੇਖ ਸੁਣਾਇਆ॥ (14-10-4)
ਗੁਰਮੁਖ ਆਪ ਗਵਾਇ ਸ਼ਬਦ ਕਮਾਇਆ॥ (14-10-5)
ਗਿਆਨ ਅੰਜਨ ਲਿਵਲਾਇ ਸਹਜਿ ਸਮਾਇਆ ॥੧੦॥ (14-10-6)

ਦੁਧ ਦੇਇ ਖੜ ਖਾਇ ਨ ਆਪ ਗਣਾਇਆ॥ (14-11-1)
ਦੁਧਹੁੰ ਦਹੀਂ ਜਮਾਇ ਘਿਉ ਨਿਪਜਾਇਆ॥ (14-11-2)
ਗੋਹਾ ਮੂਤ ਲਿੰਬਾਇ ਪੂਜ ਕਰਾਇਆ॥ (14-11-3)
ਛਤੀਹ ਅੰਮ੍ਰਿਤ ਖਾਇ ਕੁਚੀਲ ਕਰਾਇਆ॥ (14-11-4)
ਸਾਧ ਸੰਗਤ ਚਲ ਜਾਇ ਸਤਿਗੁਰ ਧਿਆਇਆ॥ (14-11-5)
ਸਫਲ ਜਨਮ ਜਗ ਆਇ ਸੁਖ ਫਲ ਪਾਇਆ ॥੧੧॥ (14-11-6)

ਦੁਖ ਸਹੈ ਕਾਪਾਹਿ ਭਾਣਾ ਭਾਇਆ॥ (14-12-1)
ਵੇਲਣ ਵੇਲ ਵਲਾਇ ਤੁੰਬ ਤੁੰਬਾਇਆ॥ (14-12-2)
ਪਿੰਞਨ ਪਿੰਞ ਫਿਰਾਇ ਸੂਤ ਕਤਾਇਆ॥ (14-12-3)
ਨਲੀਂ ਜੁਲਾਹੇ ਵਾਹਿ ਚੀਰ ਵੁਣਾਇਆ॥ (14-12-4)
ਖੁੰਬ ਚੜ੍ਹਾਇਨਿ ਬਾਹਿ ਨੀਰਿ ਧੁਵਾਇਆ॥ (14-12-5)
ਪੈਨ੍ਹਿ ਸ਼ਾਹ ਪਾਤਿਸ਼ਾਹ ਸਭਾ ਸੁਹਾਇਆ॥੧੨॥ (14-12-6)

ਜਾਣ ਮਜੀਠੈ ਰੰਗ ਆਪ ਪੀਹਾਇਆ॥ (14-13-1)
ਕਦੈ ਨ ਛਡੈ ਸੰਗ ਬਣਤ ਬਣਾਇਆ॥ (14-13-2)
ਕਟ ਕਮਾਦ ਨਿਸੰਗ ਆਪ ਪੀੜਾਇਆ॥ (14-13-3)
ਕਰੈ ਨ ਮਨਰਸ ਭੰਗ ਅਮਿਉ ਚੁਆਇਆ॥ (14-13-4)
ਗੁੜ ਸ਼ਕਰ ਖੰਡ ਅਚੰਗ ਭੋਗ ਭੁਗਾਇਆ॥ (14-13-5)
ਸਾਧ ਨ ਮੋੜਨ ਅੰਗ ਜਗ ਪਰਚਾਇਆ ॥੧੩॥ (14-13-6)

ਲੋਹਾ ਅਹਿਰਣ ਪਾਇ ਤਾਵਣ ਤਾਇਆ॥ (14-14-1)
ਘਣ ਅਹਿਰਣ ਹਣਵਾਇ ਦੁਖ ਸਹਾਇਆ॥ (14-14-2)
ਆਰਸੀਆਂ ਘੜਵਾਇ ਮੁਲ ਕਰਾਇਆ॥ (14-14-3)
ਖਹੁਰੀ ਸਾਣ ਦਰਾਇ ਅੰਗ ਹਛਾਇਆ॥ (14-14-4)
ਪੈਰਾਂ ਹੇਠ ਰਖਾਇ ਸਿਕਲ ਕਰਾਇਆ॥ (14-14-5)
ਗੁਰਮੁਖ ਆਪਿ ਗਵਾਇ ਆਪ ਦਿਖਾਇਆ॥੧੪॥ (14-14-6)

ਚੰਗਾ ਰੁਕ ਵਢਾਇ ਰਬਾਬ ਘੜਾਇਆ॥ (14-15-1)
ਛੇਲੀ ਹੋਇ ਕੁਹਾਇ ਮਾਸ ਵੰਡਾਇਆ॥ (14-15-2)
ਆਂਦ੍ਰਹੁ ਤਾਰ ਬਣਾਇ ਚੰਮ ਮੜਾਇਆ॥ (14-15-3)
ਸਾਧ ਸੰਗਤਿ ਵਿਚ ਆਇ ਨਾਦ ਵਜਾਇਆ॥ (14-15-4)
ਰਾਗ ਰੰਗ ਉਪਜਾਇ ਸ਼ਬਦ ਸੁਣਾਇਆ॥ (14-15-5)
ਸਤਿਗੁਰ ਪੁਰਖ ਧਿਆਇ ਸਹਜ ਸਮਾਇਆ ॥੧੫॥ (14-15-6)

ਚੰਨਣ ਰੁਖ ਉਪਾਇ ਵਣ ਖੰਡ ਚਖਿਆ॥ (14-16-1)
ਪਵਣ ਗਵਣ ਕਰਜਾਇ ਅਲਖ ਨ ਲਖਿਆ॥ (14-16-2)
ਵਾਸੂ ਬਿਰਖ ਬੁਹਾਇ ਸਚ ਪਰਖਿਆ॥ (14-16-3)
ਸਭੇ ਵਰਨ ਗਵਾਇ ਭਖ ਅਭਖਿਆ॥ (14-16-4)
ਸਾਧ ਸੰਗਤਿ ਭੈ ਭਾਇ ਅਮਿਓ ਪੀ ਚਖਿਆ॥ (14-16-5)
ਗੁਰਮੁਖ ਸਹਜਿ ਸੁਭਾਇ ਪ੍ਰੇਮ ਪ੍ਰਤਖਿਆ ॥੧੬॥ (14-16-6)

ਗੁਰ ਸਿਖਾਂ ਗੁਰ ਸਿਖ ਸੇਵ ਕਮਾਵਣੀ॥ (14-17-1)
ਚਾਰ ਪਦਾਰਥ ਭਿਖ ਫਕੀਰਾਂ ਪਾਵਣੀ॥ (14-17-2)
ਲੇਖ ਅਲੇਖ ਅਲਖ ਬਾਣੀ ਗਾਵਣੀ॥ (14-17-3)
ਭਾਇ ਭਗਤ ਰਸ ਬਿਖ ਅਮਿਉ ਚੁਆਵਣੀ॥ (14-17-4)
ਤੁਲ ਨ ਭੂਤਭਵਿਖ ਨ ਕੀਮਤ ਪਾਵਣੀ॥ (14-17-5)

ਗੁਰਮੁਖ ਮਾਰਗ ਵਿਖ ਲਵੈ ਨ ਲਾਵਣੀ॥੧੭॥ (14-17-6)

ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ॥ (14-18-1)
ਲਖ ਸੁਰਗ ਸਿਰਤਾਜ ਗਲਾ ਪੀਹਾਵਣੀ॥ (14-18-2)
ਰਿਧ ਸਿਧ ਨਿਧ ਲਖ ਸਾਜ ਚੁਲ ਝਕਾਵਣੀ॥ (14-18-3)
ਸਾਧ ਗਰੀਬ ਨਿਵਾਜ ਗਰੀਬੀ ਆਵਣੀ॥ (14-18-4)
ਅਨਹਦ ਸ਼ਬਦ ਅਗਾਜਬਾਣੀ ਗਾਵਣੀ ॥੧੮॥ (14-18-5)

ਹੋਮ ਜਗ ਲਖ ਭੋਗ ਚਣੇ ਚਬਾਵਣੀ॥ (14-19-1)
ਤੀਰਥ ਪੁਰਬ ਸੰਜੋਗ ਪੂਰ ਧੁਹਾਵਣੀ॥ (14-19-2)
ਗਜਾਨ ਧਜਾਨ ਲਖ ਜੋਗ ਸ਼ਬਦ ਸੁਹਾਵਣੀ॥ (14-19-3)
ਰਹੈ ਨ ਸਹਸਾ ਸੋਗ ਝਾਤੀ ਪਾਵਣੀ॥ (14-19-4)
ਭਉਜਲ ਵਿਚ ਅਰੋਗ ਨ ਲਹਿਰ ਡਰਾਵਣੀ॥ (14-19-5)
ਲੰਘ ਸੰਜੋਗ ਵਿਜੋਗ ਗੁਰਮਤਿ ਆਵਣੀ ॥੧੯॥ (14-19-6)

ਧਰਤੀ ਬੀਉ ਬੀਜਾਇ ਸਹਸ ਫਲਾਇਆ॥ (14-20-1)
ਗੁਰਸਿਖ ਮੁਖ ਪਵਾਇ ਨ ਲੇਖ ਲਿਖਾਇਆ॥ (14-20-2)
ਧਰਤੀ ਦੇਇ ਫਲਾਇ ਜੋਈ ਫਲ ਪਾਇਆ॥ (14-20-3)
ਗੁਰਸਿਖ ਮੁਖ ਸਮਾਇ ਸਭ ਫਲ ਲਾਇਆ॥ (14-20-4)
ਬੀਜੇ ਬਾਝ ਨ ਖਾਇ ਨ ਧਰਤਿ ਜਮਾਇਆ॥ (14-20-5)
ਗੁਰਮੁਖ ਚਿਤ ਵਸਾਇ ਇਛ ਪੁਜਾਇਆ ॥੨੦॥੧੪॥ (14-20-6)

Vaar 15

ੴ ਸਤਿਗੁਰਪ੍ਰਸਾਦਿ॥ (15-1-1)

ਸਤਿਗੁਰ ਸਚਾ ਪਾਤਸ਼ਾਹ ਕੂੜੇ ਬਾਦਸ਼ਾਹ ਦੁਨੀਆਵੇ॥ (15-1-2)
ਸਤਿਗੁਰ ਨਾਥਾਂ ਨਾਥ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ॥ (15-1-3)
ਸਤਿਗੁਰ ਸਚ ਦਾਤਾਰ ਹੈ ਹੋਰ ਦਾਤੇ ਫਿਰਦੇ ਪਾਛਾਵੇ॥ (15-1-4)
ਸਤਿਗੁਰ ਕਰਤਾ ਪੁਰਖ ਹੈ ਕਰ ਕਰਤੂਤ ਨ ਨਾਵ੍ਹਨ ਨਾਵੇ॥ (15-1-5)
ਸਤਿਗੁਰ ਸਚਾ ਸ਼ਾਹ ਹੈ ਹੋਰ ਸ਼ਾਹ ਵੇਸਾਹ ਉਚਾਵੇ॥ (15-1-6)
ਸਤਿਗੁਰ ਸਚਾ ਵੈਦ ਹੈ ਹੋਰ ਵੈਦ ਸਭ ਕੈਦ ਕੁੜਾਵੇ॥ (15-1-7)
ਵਿਣ ਸਤਿਗੁਰ ਸਭ ਨਿਗੋਸਾਵੇ ॥੧॥ (15-1-8)

ਸਤਿਗੁਰ ਤੀਰਥ ਜਾਣੀਐ ਅਠਿਸਠਿ ਤੀਰਥ ਸਰਣੀ ਆਏ॥ (15-2-1)
ਸਤਿਗੁਰ ਦੇਉ ਅਭੇਉ ਹੈ ਹੋਰ ਦੇਵ ਗੁਰ ਸੇਵ ਤਰਾਏ॥ (15-2-2)
ਸਤਿਗੁਰ ਪਾਰਸ ਪਰਸਿਐ ਲਖ ਪਾਰਸ ਪਾਖਾਕ ਸੁਹਾਏ॥ (15-2-3)
ਸਤਿਗੁਰ ਪੂਰਾ ਪਾਰਜਾਤ ਪਾਰਜਾਤ ਲਖ ਸਫਲ ਧਿਆਏ॥ (15-2-4)
ਸੁਖਸਾਗਰ ਸਤਿਗੁਰ ਪੁਰਖ ਹੈ ਰਤਨ ਪਦਾਰਥ ਸਿਖ ਸੁਣਾਏ॥ (15-2-5)
ਚਿੰਤਾਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ॥ (15-2-6)
ਵਿਣ ਸਤਿਗੁਰ ਸਭ ਦੂਜੈ ਭਾਏ ॥੨॥ (15-2-7)

ਲਖ ਚਉਰਾਸੀਹ ਜੂਨਿ ਵਿਚ ਉਤਮ ਜੂਨਿ ਸੁ ਮਾਣਸ ਦੇਹੀ॥ (15-3-1)
ਅਖੀਂ ਦੇਖੈ ਨਦਰ ਕਰ ਜਿਹਬਾ ਬੋਲੈ ਬਚਨ ਬਿਦੇਹੀ॥ (15-3-2)
ਕੰਨੀ ਸੁਣਦਾ ਸੁਰਤਿ ਕਰ ਵਾਸ ਲਏ ਕਰ ਨਕ ਸਨੇਹੀ॥ (15-3-3)
ਹਥੀਂ ਕਿਰਤ ਕਮਾਵਣੀ ਪੈਰੀਂ ਚਲਨ ਜੋਤਿ ਇਵੇਹੀ॥ (15-3-4)
ਗੁਰਮੁਖ ਜਨਮ ਸਕਾਰਥਾ ਮਨਮੁਖ ਮੂਰਤਿ ਮਤਿ ਕਿਨੇਹੀ॥ (15-3-5)
ਕਰਤਾ ਪੁਰਖ ਵਿਸਾਰਕੈ ਮਾਣਸ ਦੀ ਮਨ ਆਸ ਧਰੇਹੀ॥ (15-3-6)
ਪਸੂ ਪਰੇਤਹੁੰ ਬੁਰੀ ਬੁਰੇਹੀ ॥੩॥ (15-3-7)

ਸਤਿਗੁਰ ਸਾਹਿਬ ਛਡ ਕੈ ਮਨਮੁਖ ਹੋਇ ਬੰਦੇ ਦਾ ਬੰਦਾ॥ (15-4-1)
ਹੁਕਮੀ ਬੰਦਾ ਹੋਇਕੈ ਨਿਤ ਉਠ ਜਾਇ ਸਲਾਮ ਕਰੰਦਾ॥ (15-4-2)
ਅੱਠ ਪਹਿਰ ਹਥ ਜੋੜਕੈ ਹੋਇ ਹਜ਼ੂਰੀ ਖੜਾ ਰਹੰਦਾ॥ (15-4-3)
ਨੀਂਦ ਨ ਭੁਖ ਨ ਸੁਖ ਤਿਸ ਸੂਲੀ ਚੜ੍ਹਿਆ ਰਹੈ ਡਰੰਦਾ॥ (15-4-4)
ਪਾਣੀ ਪਾਲਾ ਧੁਪ ਛਾਉਂ ਸਿਰ ਉਤੇ ਝਲ ਦੁਖ ਸਹੰਦਾ॥ (15-4-5)
ਆਤਸ਼ਬਾਜ਼ੀ ਸਾਰ ਵੇਖ ਰਣ ਵਿਚ ਘਾਇਲ ਹੋਇ ਮਰੰਦਾ॥ (15-4-6)
ਗੁਰੁ ਪੂਰੇ ਵਿਣ ਜੂਨਿ ਭਵੰਦਾ ॥੪॥ (15-4-7)

ਨਾਥਾਂ ਨਾਥ ਨ ਸੇਵਈ ਹੋਇ ਅਨਾਥ ਗੁਰੂ ਬਹੁ ਚੇਲੇ॥ (15-5-1)
ਕੰਨ ਪੜਾਇ ਬਿਭੂਤਿ ਲਾਇ ਖਿੰਥਾ ਖੱਪਰ ਡੰਡਾ ਹੇਲੇ॥ (15-5-2)
ਘਰ ਘਰ ਟੁਕਰ ਮੰਗਦੇ ਸਿੰਙੀ ਨਾਦ ਵਜਾਇਨਿ ਭੇਲੇ॥ (15-5-3)
ਭੁਗਤਿ ਪਿਆਲਾ ਵੰਡੀਐ ਸਿਧ ਸਾਧਿਕ ਸ਼ਿਵਰਾਤੀ ਮੇਲੇ॥ (15-5-4)

ਬਾਰਹ ਪੰਥ ਚਲਾਇੰਦੇ ਬਾਹਰ ਵਾਟੀ ਖਰੇ ਦੁਹੇਲੇ॥ (15-5-5)
ਵਿਣ ਗੁਰ ਸ਼ਬਦ ਨ ਸਿਝਨੀ ਬਾਜੀਗਰ ਕਰ ਬਾਜੀ ਖੇਲੇ॥ (15-5-6)
ਅੰਨ੍ਹੈ ਅੰਨ੍ਹਾ ਖੂਹੇ ਠੇਲੇ ॥੫॥ (15-5-7)

ਸਚ ਦਾਤਾਰ ਵਿਸਾਰ ਕੈ ਮੰਗਤਿਆਂ ਨੋਂ ਮੰਗਣ ਜਾਹੀਂ॥ (15-6-1)
ਢਾਢੀ ਵਾਰਾਂ ਗਾਂਵਦੇ ਵੈਰ ਵਿਰੋਧ ਜੋਧ ਸਾਲਾਹੀਂ॥ (15-6-2)
ਨਾਈ ਗਾਵਨ ਸਦੜੇ ਕਰ ਕਰਤੂਤ ਮੁਏ ਬਦਰਾਹੀਂ॥ (15-6-3)
ਪੜਦੇ ਭਟ ਕਬਿਤ ਕਰ ਕੂੜ ਕੁਸਤ ਮੁਖਹੁੰ ਆਲਾਹੀਂ॥ (15-6-4)
ਹੋਇ ਅਸਰੀਤ ਪਰੋਹਤਾਂ ਪ੍ਰੀਤ ਪ੍ਰੀਤੈ ਵਿਰਤਿ ਮੰਗਾਹੀਂ॥ (15-6-5)
ਛੁਰੀਆਂ ਮਾਰਨ ਪੰਖੀਏ ਹਟ ਹਟ ਮੰਗਦੇ ਭਿਖ ਭਵਾਹੀਂ॥ (15-6-6)
ਗੁਰ ਪੂਰੇ ਵਿਣ ਰੋਵਣ ਧਾਹੀਂ ॥੬॥ (15-6-7)

ਕਰਤਾ ਪੁਰਖ ਨ ਚੇਤਿਓ ਕੀਤੇ ਨੋਂਕਰਤਾ ਕਰ ਜਾਣੈ॥ (15-7-1)
ਨਾਰਿ ਭਤਾਰ ਪਿਆਰ ਕਰ ਪੁਤ ਪੋਤੇ ਪਿਉ ਦਾਦ ਵਖਾਣੈ॥ (15-7-2)
ਧੀਆਂ ਭੈਣਾਂ ਮਾਣ ਕਰ ਤੁਸਨਿ ਰੁਸਨਿ ਸਾਕ ਬਬਾਣੈ॥ (15-7-3)
ਸੀਹਰੁ ਪੀਹਰੁ ਨਾਨਕੇ ਪਰਵਾਰੈ ਸਾਧਾਰ ਧਿਙਾਣੈ॥ (15-7-4)
ਚਜ ਅਚਾਰ ਵੀਚਾਰ ਵਿਚ ਪੰਚਾ ਅੰਦਰ ਪਤਿ ਪਰਵਾਣੈ॥ (15-7-5)
ਅੰਤ ਕਾਲ ਜਮ ਜਾਲ ਵਿਚ ਸਾਥੀ ਕੋਇ ਨ ਹੋਇ ਸਿਵਾਣੈ॥ (15-7-6)
ਗੁਰ ਪੂਰੇ ਵਿਣ ਜਾਇ ਸਮਾਣੇ ॥੭॥ (15-7-7)

ਸਤਿਗੁਰ ਸ਼ਾਹ ਅਥਾਹ ਛਡ ਕੂੜੇ ਸ਼ਾਹ ਕੂੜੇ ਵਣਜਾਰੇ॥ (15-8-1)
ਸਉਦਾਗਰ ਸਉਦਾਗਰੀ ਘੋੜੇ ਵਣਜ ਕਰਨ ਅਤਿ ਭਾਰੇ॥ (15-8-2)
ਰਤਨਾਂ ਪਰਖ ਜਵਾਹਰੀ ਹੀਰੇ ਮਾਨਕ ਵਣਜ ਪਸਾਰੇ॥ (15-8-3)
ਹੋਇ ਸਰਾਫ ਬਜਾਜ਼ ਬਹੁ ਸੁਇਨਾਂ ਰੁਪਾ ਕਪੜ ਭਾਰੇ॥ (15-8-4)
ਕਿਰਸਾਣੀ ਕਿਰਸਾਣ ਕਰ ਬੀਜ ਲੁਣਨ ਬੋਹਲ ਵਿਸਥਾਰੇ॥ (15-8-5)
ਲਾਹਾ ਤੋਟਾ ਵਰ ਸਰਾਪ ਕਰ ਸੰਜੋਗ ਵਿਜੋਗ ਵਿਚਾਰੇ॥ (15-8-6)
ਗੁਰਪੂਰੇ ਵਿਣ ਦੁਕ ਸੈਂਸਾਰੇ ॥੮॥ (15-8-7)

ਸਤਿਗੁਰ ਵੈਦ ਨ ਸੇਵਿਓ ਰੋਗੀ ਵੈਦ ਨ ਰੋਗ ਮਿਟਾਵੈ॥ (15-9-1)
ਕਾਮ ਕ੍ਰੋਧ ਵਿਚ ਲੋਭ ਮੋਹ ਦੁਬਿਧਾ ਕਰ ਕਰ ਧ੍ਰੋਹ ਵਧਾਵੈ॥ (15-9-2)
ਆਧਿ ਬਿਆਧਿ ਉਪਾਧਿ ਵਿਚ ਮਰ ਮਰ ਜੰਮੈ ਦੁਖ ਵਿਹਾਵੈ॥ (15-9-3)
ਆਵੈ ਜਾਇ ਭਵਾਈਐ ਭਵਜਲ ਅੰਦਰ ਪਾਰ ਨ ਪਾਵੈ॥ (15-9-4)
ਆਸਾ ਮਨਸਾ ਮੋਹਣੀ ਤਾਮਸ ਤ੍ਰਿਸ਼ਨਾਂ ਸ਼ਾਂਤਿ ਨ ਆਵੈ॥ (15-9-5)
ਬਲਦੀ ਅੰਦਰ ਤੇਲ ਪਾਇ ਕਿਉਂ ਮਨ ਮੂਰਖ ਅੱਗ ਬੁਝਾਵੈ॥ (15-9-6)
ਗੁਰ ਪੂਰੇ ਵਿਣ ਕਉਣ ਛਡਾਵੈ॥੯॥ (15-9-7)

ਸਤਿਗੁਰ ਤੀਰਥ ਛਡਕੈ ਅਠਸਠਿ ਤੀਰਥ ਨਾਵਣ ਜਾਹੀਂ॥ (15-10-1)
ਬਗਲ ਸਮਾਧ ਲਗਾਇਕੇ ਜਿਉਂ ਜਲ ਜੰਤਾਂ ਘੁਟ ਘੁਟ ਖਾਹੀਂ॥ (15-10-2)
ਹਸਤੀ ਨੀਰ ਨਵਾਲੀਅਨਿ ਬਾਹਰ ਨਿਕਲ ਖੇਹ ਉਡਾਹੀਂ॥ (15-10-3)
ਨਦੀ ਨ ਡੁਬੈ ਤੂੰਬੜੀ ਤੀਰਥ ਵਿਸ ਨਿਵਾਰੈ ਨਾਹੀਂ॥ (15-10-4)

ਪੱਥਰ ਨੀਰ ਪਖਾਲੀਐ ਚਿੱਤ ਕਠੋਰ ਨ ਭਿਜੈ ਕਾਹੀਂ॥ (15-10-5)
ਮਨਮੁਖ ਭਰਮ ਨ ਉਤਰੈ ਭੰਭਲ ਭੂਸੇ ਖਾਇ ਭਵਾਹੀਂ॥ (15-10-6)
ਗੁਰ ਪੂਰੇ ਵਿਣ ਪਾਰ ਨ ਪਾਹੀਂ ॥੧੦॥ (15-10-7)

ਸਤਿਗੁਰ ਪਾਰਸ ਪਰਹਰੈ ਪੱਥਰ ਪਾਰਸ ਢੂੰਢਣ ਜਾਏ॥ (15-11-1)
ਅਸ਼ਟਧਾਤ ਇਕ ਧਾਤ ਕਰ ਲੁਕਦਾ ਫਿਰੇ ਨ ਪ੍ਰਗਟੀ ਆਏ॥ (15-11-2)
ਲੈ ਵਣਵਾਸ ਉਦਾਸ ਹੋਇ ਮਾਇਆ ਧਾਰੀ ਭਰਮ ਭੁਲਾਏ॥ (15-11-3)
ਹਥੀਂ ਕਾਲਖ ਛੁਥਿਆਂ ਅੰਦਰ ਕਾਲਖ ਲੋਭ ਲੁਭਾਏ॥ (15-11-4)
ਰਾਜ ਦੰਡ ਜਿਮ ਪਕੜਿਆ ਜਮਪੁਰ ਭੀ ਜਮ ਦੰਡ ਸਹਾਏ॥ (15-11-5)
ਮਨਮੁਖ ਜਨਮ ਅਕਾਰਥਾ ਦੁਜੈ ਭਾਇ ਕੁਦਾਇ ਹਰਾਏ॥ (15-11-6)
ਗੁਰੁ ਪੂਰੈ ਵਿਣ ਭਰਮ ਨ ਜਾਏ ॥੧੧॥ (15-11-7)

ਪਾਰਜਾਤ ਗੁਰ ਛਡਕੇ ਮੰਗਨ ਕਲਪਤਰੋਂ ਫਲ ਕਚੇ॥ (15-12-1)
ਪਾਰਜਾਤ ਲਖ ਸੁਰਗਸਣ ਆਵਾਗਵਣ ਭਵਣ ਵਿਚ ਪਚੇ॥ (15-12-2)
ਮਰਦੇ ਕਰ ਕਰ ਕਾਮਨਾਂ ਦਿੱਤ ਭਗਤ ਵਿਚ ਰਚ ਵਿਰੱਚੇ॥ (15-12-3)
ਤਾਰੇ ਹੋਇ ਅਗਾਸ਼ ਛੜ੍ਹ ਓੜਕ ਤੁਟ ਤੁਟ ਥਾਂ ਨ ਹਲੱਚੇ॥ (15-12-4)
ਮਾਂ ਪਿਓ ਹੋਇ ਕੇਤੜੇ ਕੇਤੜਿਆਂ ਦੇ ਹੋਇ ਬੱਚੇ॥ (15-12-5)
ਪਾਪ ਪੁੰਨ ਬੀਉ ਬੀਜਦੇ ਦੁਖ ਸੁਖ ਫਲ ਅੰਦਰ ਚਹਮੱਚੇ॥ (15-12-6)
ਗੁਰ ਪੂਰੇ ਵਿਣ ਹਰਿ ਨ ਪਰੱਚੇ ॥੧੨॥ (15-12-7)

ਸੁਖ ਸਾਗਰ ਦੁਖ ਛਡਕੈ ਭਵਜਲ ਅੰਦਰ ਭੰਭਲ ਭੂਸੇ॥ (15-13-1)
ਲਹਿਰੀਂ ਨਾਲ ਪਛਾੜੀਅਨਿ ਹਉਮੈ ਅਗਨੀ ਅੰਦਰ ਲੂਸੈ॥ (15-13-2)
ਜਮ ਦਰ ਬੱਧੇ ਮਾਰੀਅਨਿ ਜਮ ਦੂਤਾਂ ਦੇ ਧੱਕੇ ਧੂਸੇ॥ (15-13-3)
ਗੋਇਲ ਵਾਸਾ ਚਾਰ ਦਿਨ ਨਾਉਂ ਧਰਾਇਨ ਈਸੇ ਮੂਸੇ॥ (15-13-4)
ਘਟ ਨ ਖੋਇ ਅਖਾਇੰਦਾ ਆਪੋ ਧਾਪੀ ਹੈਰ ਤ ਹੂਸੇ॥ (15-13-5)
ਸਾਇਰ ਦੇ ਮਰ ਜੀਵੜੇ ਕਰਨ ਮਜੂਰੀ ਖੇਚਲ ਖੂਸੇ॥ (15-13-6)
ਗੁਰ ਪੂਰੇ ਵਿਣ ਡਾਂਗ ਡੰਗੂਸੇ ॥੧੩॥ (15-13-7)

ਚਿੰਤਾਮਣਿ ਗੁਰੂ ਛਡ ਕੈ ਚਿੰਤਾਮਣਿ ਚਿੰਤਾ ਨ ਗਵਾਏ॥ (15-14-1)
ਚਿਤਵਣੀਆਂ ਲਖ ਰਾਤ ਦਿਹੁ ਤ੍ਰਾਸ ਨ ਤ੍ਰਿਸ਼ਨਾ ਅਗਨ ਬੁਝਾਏ॥ (15-14-2)
ਸੁਇਨਾ ਰੁਪਾ ਅਗਲਾ ਮਾਣਕ ਮੋਤੀ ਅੰਗ ਹੰਢਾਏ॥ (15-14-3)
ਪਾਟ ਪਟੰਬਰ ਪਹਿਨ ਕੈ ਚੋਆ ਚੰਦਨ ਮਹ ਮਹਕਾਏ॥ (15-14-4)
ਹਾਥੀ ਘੋੜੇ ਪਾਖਰੇ ਮਹਲ ਬਗੀਚੇ ਸੁਫਲ ਫਲਾਏ॥ (15-14-5)
ਸੁੰਦਰ ਨਾਰੀ ਸੇਜ ਸੁਖ ਮਾਯਾ ਮੋਹ ਧੋਹ ਲਪਟਾਏ॥ (15-14-6)
ਬਲਦੀ ਅੰਦਰ ਤੇਲ ਜਿਉਂ ਆਸ ਮਨਸਾ ਦੁਖ ਵਿਹਾਏ॥ (15-14-7)
ਗੁਰ ਪੂਰੇ ਵਿਣ ਜਮ ਪੁਰ ਜਾਏ ॥੧੪॥ (15-14-8)

ਲਖ ਤੀਰਥ ਲਖ ਦੇਵਤੇ ਪਾਰਸ ਲਖ ਰਸਾਇਣ ਜਾਣੈ॥ (15-15-1)
ਲਖ ਚਿੰਤਾਮਣਿ ਪਾਰਜਾਤ ਕਾਮਧੇਨ ਲਖ ਅੰਮ੍ਰਿਤ ਆਣੈ॥ (15-15-2)
ਰਤਨਾਂ ਸਣ ਸਾਇਰ ਘਣੇ ਰਿਧ ਸਿਧ ਨਿਧ ਸੋਭਾ ਸੁਲਤਾਣੈ॥ (15-15-3)

ਲਖ ਪਦਾਰਥ ਲਖ ਫਲ ਲਖ ਨਿਧਾਨ ਅੰਦਰ ਫੁਰਮਾਣੈ॥ (15-15-4)
ਲਖ ਸ਼ਾਹ ਪਾਤਿ ਸ਼ਾਹ ਲਖ ਲਖ ਨਾਥ ਅਵਤਾਰ ਸੁਹਾਣੈ॥ (15-15-5)
ਦਾਨੈ ਕੀਮਤਿ ਨ ਪਵੈ ਦਾਤੈ ਕਉਣ ਸੁਮਾਰ ਵਖਾਣੈ॥ (15-15-6)
ਕੁਦਰਤ ਕਾਦਰ ਨੋਂ ਕੁਰਬਾਣੈ ॥੧੫॥ (15-15-7)

ਰਤਨਾਂ ਦੇਖੈ ਸਭ ਕੋ ਰਤਨ ਪਾਰਖੂ ਵਿਰਲਾ ਕੋਈ॥ (15-16-1)
ਰਾਗ ਨਾਦ ਸਭ ਕੋ ਸੁਣੈ ਸ਼ਬਦ ਸੁਰਤਿ ਸਮਝੈ ਵਿਰਲੋਈ॥ (15-16-2)
ਗੁਰਸਿਖ ਰਤਨ ਪਦਾਰਥਾਂ ਸਾਧ ਸੰਗਤ ਮਿਲ ਮਾਲ ਪਰੋਈ॥ (15-16-3)
ਹੀਰੇ ਹੀਰਾ ਬੇਧਿਆ ਸ਼ਬਦ ਸੁਰਤਿ ਮਿਲ ਪਰਚਾ ਹੋਈ॥ (15-16-4)
ਪਾਰਬ੍ਰਹਮ ਪੂਰਨ ਬ੍ਰਹਮ ਗੁਰ ਗੋਵਿੰਦ ਸਿਵਾਣੇ ਸੋਈ॥ (15-16-5)
ਗੁਰਮੁਖ ਸੁਖ ਫਲ ਸਹਜ ਘਰ ਪ੍ਰੇਮ ਪਿਆਲਾ ਜਾਣ ਜਾਣੋਈ॥ (15-16-6)
ਗੁਰੁ ਚੇਲਾ ਚੇਲਾ ਗੁਰੁ ਹੋਈ ॥੧੬॥ (15-16-7)

ਮਾਣਸ ਜਨਮ ਅਮੋਲ ਹੈ ਹੋਇ ਅਮੋਲਿ ਸਾਧ ਸੰਗ ਪਾਏ॥ (15-17-1)
ਅਖੀਂ ਦੁਇ ਨਿਰਮੋਲਕਾ ਸਤਿਗੁਰ ਦਰਸ ਧਯਾਨ ਲਿਵਲਾਏ॥ (15-17-2)
ਮਸਤਕ ਸੀਸ ਅਮੋਲ ਹੈ ਚਰਣ ਸਰਣ ਗੁਰੁ ਧੂੜ ਸੁਹਾਏ॥ (15-17-3)
ਜਿਹਬਾ ਸ੍ਰਵਣ ਅਮੋਲਕਾ ਸ਼ਬਦ ਸੁਰਤਿ ਸੁਣ ਸਮਝ ਸੁਣਾਏ॥ (15-17-4)
ਹਸਤ ਚਰਨ ਨਿਰਮੋਲਕਾ ਗੁਰਮੁਖ ਮਾਰਗ ਸੇਵ ਕਮਾਏ॥ (15-17-5)
ਗੁਰਮੁਖ ਰਿਦਾ ਅਮੋਲ ਹੈ ਅੰਦਰ ਗੁਰੁ ਉਪਦੇਸ਼ ਵਸਾਏ॥ (15-17-6)
ਪਤਿ ਪਰਵਾਣੈ ਤੋਲ ਤੋਲਾਏ ॥੧੭॥ (15-17-7)

ਰਕਤ ਬਿੰਦ ਕਰ ਨਿੰਮਿਆ ਚਿਤ੍ਰ ਚਲਿਤ੍ਰ ਬਚਿਤ੍ਰ ਬਣਾਯਾ॥ (15-18-1)
ਗਰਭ ਕੁੰਡ ਵਿਚ ਰਖਿਆ ਜੀਉ ਪਾਇ ਤਨੁ ਸਾਹ ਸੁਹਾਯਾ॥ (15-18-2)
ਮੂੰਹ ਅਖੀਂ ਤੈ ਨਕ ਕੰਨ ਹਥ ਪੈਰ ਦੰਦ ਵਾਲ ਗਣਾਯਾ॥ (15-18-3)
ਦਿਸ਼ ਸ਼ਬਦ ਗਤ ਸੁਰਤ ਲਿਵ ਰਾਗਰੰਗ ਰਸ ਪਰਸ ਲੁਭਾਯਾ॥ (15-18-4)
ਉਤਮ ਕੁਲ ਉਤਮ ਜਨਮ ਰੋਮ ਰੋਮ ਗੁਣ ਅੰਗ ਸਬਾਯਾ॥ (15-18-5)
ਬਾਲ ਬੁਧਿ ਮੁਹਿੰ ਦੁਧ ਦੇ ਮਲ ਮੂਤਰ ਸੂਤਰ ਵਿਚ ਆਯਾ॥ (15-18-6)
ਹੋਇ ਸਿਆਣਾ ਸਮਝਿਆ ਕਰਤਾ ਛਡ ਕੀਤੇ ਲਪਟਾਯਾ॥ (15-18-7)
ਗੁਰ ਪੂਰੇ ਵਿਣ ਮੋਹਯਾ ਮਾਯਾ ॥੧੮॥ (15-18-8)

ਮਨਮੁਖ ਮਾਨਸ ਦੇਹ ਤੈ ਪਸੂ ਪਰੇਤ ਅਚੇਤ ਚੰਗੇਰੇ॥ (15-19-1)
ਹੋਇ ਸੁਚੇਤ ਅਚੇਤ ਹੋਇ ਮਾਣਸ ਮਾਣਸ ਦੇਵਲ ਹੇਰੇ॥ (15-19-2)
ਪਸੂ ਨ ਮੰਗੇ ਪਸੂ ਤੇ ਪੰਖੇਰੂ ਪੰਖੇਰੂ ਗੇਰੇ॥ (15-19-3)
ਚਉਰਾਸੀ ਲਖ ਜੂਨ ਵਿਚ ਉਤਮ ਮਾਣਸ ਜੂਨਿ ਭਲੇਰੇ॥ (15-19-4)
ਉਤਮ ਮਨ ਬਚ ਕਰਮ ਕਰ ਜਨਮ ਮਰਣ ਭਵਜਲ ਲਖ ਫੇਰੇ॥ (15-19-5)
ਰਾਜਾ ਪਰਜਾ ਹੋਇ ਸੁਖ ਸੁਖ ਵਿਚ ਦੁਖ ਹੋਇ ਭਲੇ ਭਲੇਰੇ॥ (15-19-6)
ਕੁਤਾ ਰਾਜ ਬਹਾਲੀਐ ਚਕੀ ਚਟਣ ਜਾਹਿ ਅਨ੍ਹੇਰੇ॥ (15-19-7)
ਹੁਰ ਪੂਰੇ ਵਿਣ ਗਰਭ ਵਸੇਰੇ ॥੧੯॥ (15-19-8)

ਵਣ ਵਣਵਾਸ ਬਣਾਸਪਤਿ ਚੰਦਨ ਬਾਝ ਨ ਚੰਦਨ ਹੋਈ॥ (15-20-1)

ਪਰਬਤ ਪਰਬਤ ਅਸ਼ਟਧਾਤ ਪਾਰਸ ਬਾਝ ਨ ਕੰਚਨ ਸੋਈ॥ (15-20-2)
ਚਾਰ ਵਰਨ ਛਿਅ ਦਰਸ਼ਨਾ ਸਾਧ ਸੰਗਤਿ ਵਿਣ ਸਾਧ ਨ ਕੋਈ॥ (15-20-3)
ਗੁਰੁ ਉਪਦੇਸ਼ ਅਵੇਸ ਕਰ ਗੁਰਮੁਖ ਸਾਧ ਸੰਗਤ ਜਾਣੋਈ॥ (15-20-4)
ਸ਼ਬਦ ਸੁਰਤ ਲਿਵਲੀਣ ਹੋ ਪ੍ਰੇਮ ਪਿਆਲਾ ਅਪਿਉ ਪੀਓਈ॥ (15-20-5)
ਮਨ ਉਨਮਨ ਤਨ ਦੁਬਲੇ ਦੇਹ ਬਿਦੇਹ ਸਨੇਹੁ ਸਥੋਈ॥ (15-20-6)
ਗੁਰਮੁਖ ਸੁਖਫਲ ਅਲਖ ਲਖੋਈ ॥੨੦॥ (15-20-7)

ਗੁਰਮੁਖ ਸੁਖਫਲ ਸਾਧ ਸੰਗ ਮਾਯਾ ਅੰਦਰ ਕਰਨ ਉਦਾਸੀ॥ (15-21-1)
ਜਿਉਂ ਜਲ ਅੰਦਰ ਕਵਲ ਹੈ ਸੂਰਜ ਧਜਾਨ ਅਗਾਸ ਨਿਵਾਸੀ॥ (15-21-2)
ਚੰਦਨ ਸਪੀਂ ਵੇੜਿਆ ਸੀਤਲ ਸ਼ਾਂਤਿ ਸੁਗੰਧ ਵਿਗਾਸੀ॥ (15-21-3)
ਸਾਧ ਸੰਗਤ ਸੰਸਾਰ ਵਿਚ ਸ਼ਬਦ ਸੁਰਤ ਲਿਵ ਸਹਜ ਬਿਲਾਸੀ॥ (15-21-4)
ਜੋਗ ਜੁਗਤਿ ਭੋਗ ਭਗਤ ਜਿਨ ਜੀਵਣ ਮੁਕਤ ਅਛਲ ਅਬਿਨਾਸੀ॥ (15-21-5)
ਪਾਰ ਬ੍ਰਹਮ ਪੂਰਨ ਬ੍ਰਹਮ ਗੁਰ ਪਰਮੇਸ਼ਰ ਆਸ ਨਿਰਾਸੀ॥ (15-21-6)
ਅਕਥ ਕਥਾ ਅਬਿਗਤਿ ਪਰਗਾਸੀ ॥੨੧॥੧੫॥ (15-21-7)

Vaar 16

ੴ ਸਤਿਗੁਰਪ੍ਰਸਾਦਿ ॥ (16-1-1)

ਸਭਦੂੰ ਨੀਵੀਂ ਧਰਤਿ ਹੋਇ ਦਰਗਹ ਅੰਦਰ ਮਿਲੀ ਵਡਾਈ॥ (16-1-2)
ਕੋਈ ਗੋਡੈ ਵਾਹਿ ਹਲ ਕੋ ਮਲ ਮੂਤ ਕਸੂਤ ਕਰਾਈ॥ (16-1-3)
ਲਿੰਬ ਰਸੋਈ ਕੋ ਕਰੈ ਚੋਆ ਚੰਦਨ ਪੂਜ ਚੜ੍ਹਾਈ॥ (16-1-4)
ਜੇਹਾ ਬੀਜੈ ਸੋ ਲੁਣੈ ਜੇਹਾ ਬੀਉ ਤੇਹੋ ਫਲ ਪਾਈ॥ (16-1-5)
ਗੁਰਮੁਖ ਸੁਖ ਫਲ ਸਹਜ ਘਣ ਆਪ ਗਵਾਇ ਨ ਆਪ ਗਨਾਈ॥ (16-1-6)
ਜਾਗ੍ਰਤ ਸੁਪਨ ਸਖੋਪਤੀ ਉਨਮਨ ਮਗਨ ਰਹੇ ਲਿਵ ਲਾਈ॥ (16-1-7)
ਸਾਧ ਸੰਗਤ ਗੁਰ ਸ਼ਬਦ ਕਮਾਈ ॥੧॥ (16-1-8)

ਧਰਤੀ ਅੰਦਰ ਜਲ ਵਸੇ ਜਲ ਬਹੁਰੰਗੀ ਰਸੀਂ ਮਿਲੰਦਾ॥ (16-2-1)
ਜਿਉਂ ਜਿਉਂ ਕੋਇ ਚਲਾਇੰਦਾ ਨੀਵਾਂ ਹੋਇ ਨੀਵਾਣ ਰਲੰਦਾ॥ (16-2-2)
ਧੁਪੈ ਤਤਾ ਹੋਇਕੈ ਛਾਂਵੈ ਠੰਢਾ ਹੋਇ ਚਹੰਦਾ॥ (16-2-3)
ਨ੍ਹਾਵਣ ਜੀਵਦਿਆਂ ਮੁਇਆਂ ਪੀਤੈ ਸ਼ਾਂਤਿ ਸੰਤੋਖ ਹੋਵੰਦਾ॥ (16-2-4)
ਨਿਰਮਲ ਕਰਦਾ ਮੈਲਿਆਂ ਨੀਵ ਸਰਵਰ ਜਾਇ ਟਿਕੰਦਾ॥ (16-2-5)
ਗੁਰਮੁਖ ਸੁਖ ਫਲ ਭਾਉ ਭਉ ਸਹਜ ਬੈਰਾਗ ਸਦਾ ਵਿਗਸੰਦਾ॥ (16-2-6)
ਪੂਰਣ ਪਰ ਉਪਕਾਰ ਕਰੰਦਾ ॥੨॥ (16-2-7)

ਜਲ ਵਿਚ ਕਵਲ ਅਲਿਪਤ ਹੈ ਸੰਗ ਦੋਖ ਨਿਰਦੋਖ ਰਹੰਦਾ॥ (16-3-1)
ਰਾਤੀ ਭਵਰ ਲੁਭਾਇੰਦਾ ਸੀਤਲ ਹੋਇ ਸੁਗੰਧ ਮਿਲੰਦਾ॥ (16-3-2)
ਭਲਕੇ ਸੂਰਜ ਧਿਆਨ ਧਰ ਪਰਫੁਲਤ ਹੋਇ ਮਿਲੈ ਹਸੰਦਾ॥ (16-3-3)
ਗੁਰਮੁਖ ਸੁਕ ਫਲ ਸਹਜ ਘਰ ਵਰਤਮਾਨ ਅੰਦਰ ਵਰਤੰਦਾ॥ (16-3-4)
ਲੋਕਾਚਾਰੀ ਲੋਕ ਵਿਚ ਵੇਦ ਵੀਚਾਰੀ ਕਰਮ ਕਰੰਦਾ॥ (16-3-5)
ਸਾਵਧਾਨ ਗੁਰ ਗਿਆਨ ਵਿਚ ਜੀਵਨ ਮੁਕਤਿ ਜੁਗਤ ਵਿਚਰੰਦਾ॥ (16-3-6)
ਸਾਧ ਸੰਗਤਿ ਗੁਰ ਸ਼ਬਦ ਵਸੰਦਾ ॥੩॥ (16-3-7)

ਧਰਤੀ ਅੰਦਰ ਬਿਰਖ ਹੋਇ ਪਹਿਲੋਂਦੇ ਜੜ ਪੈਰ ਟਿਕਾਈ॥ (16-4-1)
ਉਪਰ ਝੂਲੈ ਝੱਟਲਾ ਜੰਡੀ ਛਾਉਨ ਸੁ ਥਾਉਂ ਸੁਹਾਈ॥ (16-4-2)
ਪਵਣ ਪਾਣੀ ਪਾਲਾ ਸਹੈ ਸਿਰ ਤਲਵਾਯਾ ਨਿਹਚਲ ਜਾਈ॥ (16-4-3)
ਫਲ ਦੇ ਵਟ ਵਟਾਇਆ ਸਿਰ ਕਲਵਤ ਲੈ ਲੋਹ ਤਰਾਈ॥ (16-4-4)
ਗੁਰਮੁਖ ਜਨਮ ਸਕਾਰਥਾ ਪਰਉਪਕਾਰੀ ਸਹਜਿ ਸੁਭਾਈ॥ (16-4-5)
ਮਿਤ੍ਰ ਨ ਸਤ੍ਰ ਨ ਮੋਹ ਧੋਹ ਸਮਦਰਸੀ ਗੁਰ ਸ਼ਬਦ ਸਮਾਈ॥ (16-4-6)
ਸਾਧ ਸੰਗਤਿ ਗੁਰਮੁਖ ਵਡਿਆਈਂ ॥੪॥ (16-4-7)

ਸਾਗਰ ਅੰਦਰ ਬੋਹਿਥਾ ਵਿਚ ਮੁਹਾਣਾ ਪਰ ਉਪਕਾਰੀ॥ (16-5-1)
ਭਾਰ ਅਥਬਣ ਲਦੀਐ ਲੈ ਵਾਪਾਰ ਚੜ੍ਹਨ ਵਾਪਾਰੀ॥ (16-5-2)
ਸਾਇਰ ਲਹਰ ਨ ਵਯਾਪਈ ਅਤ ਅਸਗਾਹ ਅਥਾਹ ਅਪਾਰੀ॥ (16-5-3)
ਬਾਹਲੇ ਪੂਰ ਲੰਘਾਇਦਾ ਸਹੀ ਸਲਾਮਤਿ ਪਾਰ ਉਤਾਰੀ॥ (16-5-4)

ਗੁਰਮੁਖ ਸੁਖਫਲ ਸਾਧ ਸੰਗ ਭਵਜਲ ਅੰਦਰ ਦੁਤਰ ਤਾਰੀ॥ (16-5-5)
ਜੀਵਨ ਮੁਕਤਿ ਜੁਗਤਿ ਨਿਰੰਕਾਰੀ ॥੫॥ (16-5-6)

ਬਾਵਨ ਚੰਦਨ ਬਿਰਖ ਹੋਇ ਵਣਖੰਡ ਅੰਦਰ ਵਸੈ ਉਜਾੜੀ॥ (16-6-1)
ਪਾਸ ਨਿਵਾਸ ਵਣਾਸਪਤ ਨਿਹਚਲ ਲਾਇ ਉਰਧ ਤਪਤਾੜੀ॥ (16-6-2)
ਪਵਨ ਗਵਨ ਸਨਬੰਧ ਕਰ ਗੰਧ ਸੁਗੰਧ ਉਲਾਸ ਉਘਾੜੀ॥ (16-6-3)
ਅਫਲ ਸਫਲ ਸਮਦਰਸ ਹੋਇ ਕਰੇ ਬਨਸਪਤ ਚੰਦਨ ਵਾੜੀ॥ (16-6-4)
ਗੁਰਮੁਖ ਸੁਖਫਲ ਸਾਧ ਸੰਗ ਪਤਿਤ ਪੁਨੀਤ ਕਰੈ ਦੇਹਾੜੀ॥ (16-6-5)
ਅਉਗਣ ਕੀਤੇ ਗੁਣ ਕਰੇ ਕਚ ਪਕਾਈ ਉਪਰ ਵਾੜੀ॥ (16-6-6)
ਨੀਰ ਨ ਡੋਬੈ ਅੱਗ ਨ ਸਾੜੀ ॥੬॥ (16-6-7)

ਰਾਤ ਅਨ੍ਹੇਰੀ ਅੰਧਕਾਰ ਲਖ ਕਰੋੜ ਚੱਮਕਨ ਤਾਰੇ॥ (16-7-1)
ਘਰ ਘਰ ਦੀਵੈ ਬਾਲੀਅਨ ਪਰਘਰ ਤਕਨ ਚੋਰ ਚਕਾਰੇ॥ (16-7-2)
ਹਟ ਪਟਣ ਘਰ ਬਾਰੀਏ ਦੇ ਦੇ ਤਾਕ ਸਵਣ ਨਰ ਨਾਰੇ॥ (16-7-3)
ਸੂਰਜ ਜੋਤਿ ਉਦੋਤ ਕਰ ਤਾਰੇ ਰਾਤ ਅਨ੍ਹੇਰ ਨਿਵਾਰੇ॥ (16-7-4)
ਬੰਧਨ ਮੁਕਤਿ ਕਰਾਇਦਾ ਨਾਮ ਦਾਨ ਇਸ਼ਨਾਨ ਵੀਚਾਰੇ॥ (16-7-5)
ਗੁਰਮੁਖ ਸੁਖਫਲ ਸਾਧ ਸੰਗ ਪਸੂ ਪਰੇਤ ਪਤਿਤ ਨਿਸਤਾਰੇ॥ (16-7-6)
ਪਰ ਉਪਕਾਰੀ ਗੁਰੂ ਪਿਆਰੇ ॥੭॥ (16-7-7)

ਮਾਨਸਰੋਵਰ ਆਖੀਐ ਉੱਪਰ ਹੰਸ ਸੁਵੰਸ ਵਸੰਦੇ॥ (16-8-1)
ਮੋਤੀ ਮਾਣਕ ਮਾਨਸਰ ਚੁਣ ਚੁਣ ਹੰਸ ਅਮੋਲ ਚੁਗੰਦੇ॥ (16-8-2)
ਖੀਰ ਨੀਰ ਨਿਰਵਾਰਦੇ ਲਹਿਰੀਂ ਅੰਦਰ ਫਿਰਨ ਤਰੰਦੇ॥ (16-8-3)
ਮਾਨਸਰੋਵਰ ਛਡ ਕੈ ਹੋਰਤ ਥਾਇ ਨ ਜਾਇ ਬਹੰਦੇ॥ (16-8-4)
ਗੁਰਮੁਖ ਸੁਖਫਲ ਸਾਧ ਸੰਗ ਪਰਮ ਹੰਸ ਗੁਰ ਸਿਖ ਸੁਹੰਦੇ॥ (16-8-5)
ਇਕ ਮਨ ਇਕ ਧਿਆਇੰਦੇ ਦੂਜੇ ਭਾਇ ਨ ਜਾਇ ਫਿਰੰਦੇ॥ (16-8-6)
ਸ਼ਬਦ ਸੁਰਤਿ ਲਿਵ ਅਲਖ ਲਖੰਦੇ ॥੮॥ (16-8-7)

ਪਾਰਸ ਪਥਰ ਆਖੀਐ ਲੁਕਿਆ ਰਹੇ ਨ ਆਪ ਜਣਾਏ॥ (16-9-1)
ਵਿਰਲਾ ਹੋਇ ਸਿਵਾਣਦਾ ਖੋਜੀ ਖੋਜ ਲਏ ਸੋ ਪਾਏ॥ (16-9-2)
ਪਾਰਸ ਪਰਸ ਅਪਰਸ ਹੋਇ ਅਸ਼ਟਧਾਤ ਇਕ ਧਾਤ ਕਰਾਏ॥ (16-9-3)
ਬਾਰਹ ਵੰਨੀ ਹੋਇਕੈ ਕੰਚਨ ਮੁਲ ਅਮੁਲ ਵਿਕਾਏ॥ (16-9-4)
ਗੁਰਮੁਖ ਸੁਖਫਲ ਸਾਧ ਸੰਗ ਸ਼ਬਦ ਸੁਰਤ ਲਿਵ ਅਘੜ ਘੜਾਏ॥ (16-9-5)
ਚਰਣ ਸਰਣ ਲਿਵਲੀਣ ਹੋਇ ਸੈਂਸਾਰੀ ਨਿਰੰਕਾਰੀ ਭਾਏ॥ (16-9-6)
ਘਰਬਾਰੀ ਹੋਇ ਨਿਜ ਘਰ ਜਾਏ ॥੯॥ (16-9-7)

ਚਿੰਤਾਮਣਿ ਚਿੰਤਾ ਹਰੇ ਕਾਮਧੇਨ ਕਾਮਨਾ ਪੁਜਾਏ॥ (16-10-1)
ਫੁਲ ਫਲ ਦੇਂਦਾ ਪਾਰਜਾਤ ਰਿਧ ਸਿਧ ਨਿਧ ਨਵਨਾਥ ਲੁਭਾਏ॥ (16-10-2)
ਦਸ ਅਵਤਾਰ ਅਕਾਰ ਕਰ ਪੁਰਖਾਰਥ ਕਰ ਨਾਂਵ ਗਣਾਏ॥ (16-10-3)
ਗੁਰਮੁਖ ਸੁਖਫਲ ਸਾਧ ਸੰਗ ਚਾਰ ਪਦਾਰਥ ਸੇਵਾ ਲਾਏ॥ (16-10-4)
ਸ਼ਬਦ ਸੁਰਤ ਲਿਵ ਪ੍ਰੇਮ ਰਸ ਅਕਥ ਕਹਾਣੀ ਕਥਾ ਨ ਜਾਏ॥ (16-10-5)

ਪਾਰਬ੍ਰਹਮ ਪੂਰਨ ਬ੍ਰਹਮ ਭਗਤ ਵਛਲ ਹੋਇ ਅਛਲ ਛਲਾਏ॥ (16-10-6)
ਲੇਖ ਅਲੇਖ ਨ ਕੀਮਤ ਪਾਏ ॥੧੦॥ (16-10-7)

ਇਕ ਕਵਾਉ ਪਸਾਉ ਕਰ ਨਿਰੰਕਾਰ ਆਕਾਰ ਬਣਾਯਾ॥ (16-11-1)
ਤੋਲ ਅਤੋਲ ਨ ਤੋਲੀਐ ਤੁਲ ਨ ਤੁਲਾ ਧਾਰ ਤੋਲਾਯਾ॥ (16-11-2)
ਲੇਖ ਅਲੇਖ ਨ ਲਿਖੀਐ ਅੰਗ ਨ ਅਖਰ ਲੇਖ ਲਖਾਯਾ॥ (16-11-3)
ਮੁਲ ਅਮੁਲ ਨ ਮੋਲੀਐ ਲਖ ਪਦਾਰਥ ਲਵੈ ਨ ਲਾਯਾ॥ (16-11-4)
ਬੋਲ ਅਬੋਲ ਨ ਬੋਲੀਐ ਸੁਣ ਸੁਣ ਆਖਣ ਆਖ ਸੁਣਾਯਾ॥ (16-11-5)
ਅਗਮ ਅਥਾਹ ਅਗਾਧਿ ਬੋਧ ਅੰਤ ਨ ਪਾਰਾਵਾਰ ਨ ਪਾਯਾ॥ (16-11-6)
ਕੁਦਰਤ ਕੀਮ ਨ ਜਾਣੀਅ ਕੇਵਡ ਕਾਦਰ ਕਿਤ ਘਰ ਆਯਾ॥ (16-11-7)
ਗੁਰਮੁਖ ਸੁਖਫਲ ਸਾਧ ਸੰਗ ਸ਼ਬਦ ਸੁਰਤਿ ਲਿਵ ਅਲਖ ਲਖਾਯਾ॥ (16-11-8)
ਪਿਰਮ ਪਿਆਲਾ ਅਜਰ ਜਰਾਯਾ ॥੧੧॥ (16-11-9)

ਸਾਦਹੁੰ ਸ਼ਬਦਹੁੰ ਬਾਹਿਰਾ ਅਕਥ ਕਥਾ ਇਉਂ ਜਿਹਬਾ ਜਾਣੈ॥ (16-12-1)
ਉਸਤਤਿ ਨਿੰਦਾ ਬਾਹਿਰਾ ਕਥਨੀ ਬਦਨੀ ਵਿਚ ਨ ਆਣੈ॥ (16-12-2)
ਗੰਧ ਸਪਰਸ ਅਗੋਚਰਾ ਨਾਸ ਸਾਸ ਹਰਤ ਹੈਰਾਣੈ॥ (16-12-3)
ਵਰਨਹੁੰ ਚਿਹਨਹੁੰ ਬਾਹਰਾ ਦਿਸ਼ਟ ਅਦਿਸ਼ਟ ਧਯਾਨ ਧਿਗਾਣੈ॥ (16-12-4)
ਨਿਰਾਲੰਬ ਅਵਲੰਬ ਵਿਣ ਧਰਤਿ ਅਕਾਸ਼ ਨਿਵਾਸ ਵਿਡਾਣੈ॥ (16-12-5)
ਸਾਧ ਸੰਗਤ ਸਚ ਖੰਡ ਹੈ ਨਿਰੰਕਾਰ ਗੁਰੁ ਸ਼ਬਦ ਸਿਵਾਣੈ॥ (16-12-6)
ਕੁਦਰਤਿ ਕਾਦਰ ਨੋਂ ਕੁਰਬਾਣੈ ॥੧੨॥ (16-12-7)

ਗੁਰਮੁਖ ਪੰਥ ਅਗੰਮ ਹੈ ਜਿਉਂ ਜਲ ਅਮਦਰ ਮੀਨ ਚਲੰਦਾ॥ (16-13-1)
ਗੁਰਮੁਖ ਖੋਜ ਅਲਖ ਹੈ ਜਿਉਂ ਪੰਖੀ ਆਕਾਸ਼ ਉਡੰਦਾ॥ (16-13-2)
ਸਾਧ ਸੰਗਤਿ ਰਹਿਰਾਸ ਹੈ ਹਰਿ ਚੰਦਉਰੀ ਨਗਰ ਵਸੰਦਾ॥ (16-13-3)
ਚਾਰ ਵਰਨ ਤੰਬੋਲ ਰਸ ਪਿਰਮ ਪਿਆਲੈ ਰੰਗ ਚੜੰਦਾ॥ (16-13-4)
ਸ਼ਬਦ ਸੁਰਤਿ ਲਿਵਲੀਨ ਹੋਇ ਚੰਦਨਵਾਸ ਨਿਵਾਸ ਕਰੰਦਾ॥ (16-13-5)
ਗਯਾਨ ਧਿਯਾਨ ਸਿਮਰਨ ਜੁਗਤਿ ਕੂੰਜ ਕੁਕਰਮ ਹੰਸਵੰਸ ਵਧੰਦਾ॥ (16-13-6)
ਗੁਰਮੁਖ ਸੁਖਫਲ ਅਲਖ ਲਖੰਦਾ ॥੧੩॥ (16-13-7)

ਬ੍ਰਹਮਾਦਿਕ ਵੇਦਾਂ ਸਣੇ ਨੇਤਿ ਨੇਤਿ ਕਰ ਭੇਦ ਨ ਪਾਯਾ॥ (16-14-1)
ਮਹਾਦੇਵ ਅਵਧੂਤ ਹੋਏ ਨਮੋ ਨਮੋ ਕਰ ਧਯਾਨ ਨ ਆਯਾ॥ (16-14-2)
ਦਸ ਅਵਤਾਰ ਅਕਾਰ ਕਰ ਏਕੰਕਾਰ ਨ ਅਲਖ ਲਖਾਯਾ॥ (16-14-3)
ਰਿਧ ਸਿਧ ਨਿਧ ਲੈ ਨਾਥਨਉਂ ਆਦਿ ਪੁਰਖ ਆਦੇਸ਼ ਕਰਾਯਾ॥ (16-14-4)
ਸਹਸਨਾਂਵ ਲੇ ਸਹਸ ਮੁਖ ਸਿਮਰਨ ਸੰਖ ਨ ਨਾਉਂ ਧਿਆਯਾ॥ (16-14-5)
ਲੋਮਸ ਤਪਕਰ ਸਾਧਨਾ ਹਉਮੈ ਸਾਧਿ ਨ ਸਾਧੁ ਸਦਾਯਾ॥ (16-14-6)
ਚਿਰਜੀਵਣ ਬਹੁਹੰਢਣਾ ਗੁਰਮੁਖ ਸੁਖਫਲ ਅਲਖ ਚਖਾਯਾ॥ (16-14-7)
ਕੁਦਰਤਿ ਅੰਦਰ ਭਰਮ ਭੁਲਾਯਾ ॥੧੪॥ (16-14-8)

ਗੁਰਮੁਖ ਸੁਖਫਲ ਸਾਧ ਸੰਗ ਭਗਤ ਵਛਲ ਹੋਇ ਵਸਗਤਿ ਆਯਾ॥ (16-15-1)
ਕਾਰਣ ਕਰਤੇ ਵਸ ਹੈ ਸਾਧ ਸੰਗਤ ਵਿਚ ਕਰੇ ਕਰਾਯਾ॥ (16-15-2)

ਪਾਰਬ੍ਰਹਮ ਪੂਰਨ ਬ੍ਰਹਮ ਸਾਧ ਸੰਗਤਿ ਵਿਚ ਭਾਣਾ ਭਾਯਾ॥ (16-15-3)
ਰੋਮ ਰੋਮ ਵਿਚ ਰਖਿਓਨ ਕਰ ਬ੍ਰਹਮੰਡ ਕਰੋੜ ਸਮਾਯਾ॥ (16-15-4)
ਬੀਅਹੁੰਕਰ ਬਿਸਥਾਰ ਵਡ ਫਲ ਅੰਦਰ ਫਿਰ ਬੀਉ ਵਸਾਯਾ॥ (16-15-5)
ਅਪਿਉ ਪੀਵਣ ਅਜਰਜਰਣ ਆਪ ਗਵਾਇ ਨ ਆਪ ਜਣਾਯਾ॥ (16-15-6)
ਨਿਰੰਜਨ ਵਿਚ ਨਿਰੰਜਨ ਪਾਯਾ ॥੧੫॥ (16-15-7)

ਮਹਿਮਾਂ ਮਹਿ ਮਹਿਕਾਰ ਵਿਚ ਮਹਿਮਾ ਲਖ ਨ ਮਹਿਮਾ ਜਾਣੈ॥ (16-16-1)
ਲਖ ਮਹਾਤਮ ਮਹਾਤਮਾਂ ਤਿਲ ਨ ਮਹਾਤਮ ਆਖ ਵਖਾਣੈ॥ (16-16-2)
ਉਸਤਤਿ ਵਿਚ ਲਖ ਉਸਤਤੀਂ ਪਲ ਉਸਤਤਿ ਅੰਦਰ ਹੈਰਾਣੈ॥ (16-16-3)
ਅਵਰਜ ਵਿਚ ਲਖ ਅਚਰਜਾ ਅਚਰਜ ਅਚਰਜ ਚੋਜ ਵਿਡਾਣੈ॥ (16-16-4)
ਵਿਸਮਾਦੀ ਵਿਸਮਾਦ ਲੱਖ ਵਿਸਮਾਦਹੁੰ ਵਿਸਮਾਦ ਵਖਾਣੈ॥ (16-16-5)
ਅਬ ਗਤਿ ਗਤਿ ਅਤ ਅਗਮ ਹੈ ਅਕਥ ਕਥਾ ਆਖਾਣ ਵਖਾਣੈ॥ (16-16-6)
ਲਖ ਪਰਵਾਣ ਪਰੈ ਪਰਵਾਣੈ ॥੧੬॥ (16-16-7)

ਅਗਮਹੁੰ ਅਗਮ ਅਗੰਮ ਹੈ ਅਗਮਹੁੰ ਅਤ ਅਗਮ ਸੁਣਾਏ॥ (16-17-1)
ਅਗਮਹੁੰ ਅਲਖ ਅਲਖ ਹੈ ਅਲਖ ਅਲਖ ਲਖ ਅਲਖ ਧਯਾਏ॥ (16-17-2)
ਅਪਰੰਪਰ ਅਪਰੰਪਰੇਹੁੰ ਅਪਰੰਪਰ ਅਪਰੰਪਰ ਭਾਏ॥ (16-17-3)
ਆਗੋਚਰ ਆਗੋਚਰਹੁੰ ਆਗੋਚਰ ਆਗੋਚਰ ਜਾਏ॥ (16-17-4)
ਪਾਰਬ੍ਰਹਮ ਪੂਰਨ ਬ੍ਰਹਮ ਸਾਧ ਸੰਗਤਿ ਆਗਾਧਿ ਅਲਾਏ॥ (16-17-5)
ਗੁਰਮੁਖ ਸੁਖਫਲ ਪ੍ਰੇਮ ਰਸ ਭਗਤ ਵਛਲ ਹੋ ਅਛਲ ਛਲਾਏ॥ (16-17-6)
ਵੀਹ ਇਕੀਹ ਚੜ੍ਹਾਉ ਚੜ੍ਹਾਏ ॥੧੭॥ (16-17-7)

ਪਾਰਬ੍ਰਹਮ ਪੂਰਨ ਬ੍ਰਹਮ ਨਿਰੰਕਾਰ ਆਕਾਰ ਬਨਾਯਾ॥ (16-18-1)
ਅਬਗਤਗਤ ਅਗਾਧ ਬੋਧ ਗੁਰ ਮੂਰਤ ਹੁਇ ਅਲਖ ਲਖਾਯਾ॥ (16-18-2)
ਸਾਧ ਸੰਗਤਿ ਸਚਖੰਡ ਵਿਚ ਭਗਤਵਛਲ ਹੋ ਅਛਲ ਛਲਾਯਾ॥ (16-18-3)
ਚਾਰਵਰਨ ਇਕ ਵਰਨ ਹੋਇ ਆਦਿ ਪੁਰਖ ਆਦੇਸ਼ ਕਰਾਯਾ॥ (16-18-4)
ਧਯਾਨ ਮੂਲ ਦਰਸ਼ਨ ਗੁਰੂ ਛਿਅ ਦਰਸ਼ਨ ਦਰਸ਼ਨ ਵਿਚ ਆਯਾ॥ (16-18-5)
ਆਪੇ ਆਪ ਨ ਆਪ ਜਣਾਯਾ ॥੧੮॥ (16-18-6)

ਚਰਨ ਕਵਲ ਸਰਨਾਗਤੀ ਸਾਧ ਸੰਗਤ ਮਿਲ ਗੁਰਸਿਖ ਆਏ॥ (16-19-1)
ਅੰਮ੍ਰਿਤ ਦ੍ਰਿਸ਼ਟ ਨਿਹਾਲ ਕਰ ਦਿਬ ਦ੍ਰਿਸ਼ਟਦੇ ਪੈਰੀਂ ਪਾਏ॥ (16-19-2)
ਚਰਣਰੇਣ ਮਸਤਕਿ ਤਿਲਕ ਭਰਮ ਕਰਮ ਦਾ ਲੇਖ ਮਿਟਾਏ॥ (16-19-3)
ਚਰਣੋਦਕ ਲੈ ਆਚਮਨ ਹਉਮੈਂ ਦੁਬਿਧਾ ਰੋਗ ਗਵਾਏ॥ (16-19-4)
ਪੈਰੀਂ ਪੈ ਪਾਖਾਕ ਹੋਇ ਜੀਵਨ ਮੁਕਤਿ ਸਹਿਜ ਘਰ ਆਏ॥ (16-19-5)
ਚਰਣ ਕਵਲ ਵਿਚ ਭਵਰ ਹੋਇ ਸੁਖਸੰਪਟ ਮਕਰੰਦ ਲੁਭਾਏ॥ (16-19-6)
ਪੂਜ ਮੂਲ ਸਤਿਗੁਰੁ ਚਰਣ ਦੁਤੀਆ ਨਾਸਤ ਲਵੇ ਨ ਲਾਏ॥ (16-19-7)
ਗੁਰਮੁਖ ਸੁਖਫਲ ਗੁਰ ਸਰਣਾਏ ॥੧੯॥ (16-19-8)

ਸ਼ਾਸਤਰ ਸਿਮ੍ਰਿਤ ਵੇਦ ਲਖ ਮਹਾ ਭਾਰਥ ਰਾਮਾਯਣ ਮੇਲੇ॥ (16-20-1)
ਸਾਰ ਗੀਤਾ ਲਖ ਭਾਗਵਤ ਜੋਤਕ ਵੈਦ ਚਲੰਤੀ ਖੇਲੇ॥ (16-20-2)

ਚਉਦਹ ਵਿਦਯਾ ਸਾਅੰਗੀਤ ਬ੍ਰਹਮੇ ਬਿਸਨ ਮਹੇਸੁਰ ਭੇਲੇ॥ (16-20-3)
ਸਨਕਾਦਿਕ ਲਖ ਨਾਰਦਾ ਸੁਕ ਬਿਆਸ ਲਖ ਸੇਖ ਨਵੇਲੇ॥ (16-20-4)
ਗਯਾਨ ਧਯਾਨ ਸਿਮਰਨ ਘਣੇ ਦਰਸ਼ਨ ਵਰਨ ਗੁਰੂ ਬਹੁਚੇਲੇ॥ (16-20-5)
ਪੂਰਾ ਸਤਿਗੁਰੁ ਗੁਰਾਂ ਗੁਰ ਮੰਤ੍ਰ ਮੂਲ ਗੁਰ ਬਚਨ ਸੁਹੇਲੇ॥ (16-20-6)
ਅਕਥ ਕਥਾ ਗੁਰ ਸ਼ਬਦ ਹੈ ਨੇਤਿ ਨੇਤਿ ਨਮੁ ਨਮੋ ਸਕੇਲੇ॥ (16-20-7)
ਗੁਰਮੁਖ ਸੁਖਫਲ ਅੰਮ੍ਰਿਤ ਵੇਲੇ ॥੨੦॥ (16-20-8)

ਚਾਰ ਪਦਾਰਥ ਆਖੀਅਨਿ ਲਖ ਪਦਾਰਥ ਹੁਕਮੀ ਬੰਦੇ॥ (16-21-1)
ਰਿਧਿ ਸਿਧਿ ਨਿਧਿ ਲਖ ਸੇਵਕੀਂ ਕਾਮਧੇਨ ਲਖ ਵਗ ਚਰੰਦੇ॥ (16-21-2)
ਲਖ ਪਾਰਸ ਪਥਰੋਲੀਆਂ ਪਾਰਜਾਤ ਲਖ ਬਾਗ ਫਲੰਦੇ॥ (16-21-3)
ਚਿਤਵਣ ਲਖ ਚਿੰਤਾਮਣੀ ਲਖ ਰਸਾਇਣ ਕਰਦੇ ਛੰਦੇ॥ (16-21-4)
ਲਖ ਰਤਨ ਰਤਨਾਗਰਾਂ ਸਭ ਨਿਧਾਨ ਸਭ ਫਲ ਸਿਮਰੰਦੇ॥ (16-21-5)
ਲਖ ਭਗਤੀ ਲਖ ਭਗਤ ਹੋਇ ਕਰਾਮਾਤ ਪਰਚੇ ਪਰਚੰਦੇ॥ (16-21-6)
ਸ਼ਬਦ ਸੁਰਤ ਲਿਵ ਸਾਧ ਸੰਗ ਪ੍ਰੇਮ ਪਿਆਲਾ ਅਜਰ ਜਰੰਦੇ॥ (16-21-7)
ਗੁਰ ਕਿਰਪਾ ਸਤਸੰਗ ਮਿਲੰਦੇ ॥੨੧॥੧੬॥ (16-21-8)

Vaar 17

ੴ ਸਤਿਗੁਰਪ੍ਰਸਾਦਿ ॥ (17-1-1)

ਸਾਗਰ ਅਗਮ ਅਥਾਹ ਮਥ ਚਉਦਹ ਰਤਨ ਅਮੋਲ ਕਢਾਏ॥ (17-1-2)
ਸਸੀਅਰ ਸਾਰੰਗ ਧਨੁਖ ਮਦ ਕੌਸ ਕ ਲਛ ਧਨੰਤਰ ਪਾਏ॥ (17-1-3)
ਆਰੰਭਾ ਕਾਮਧੇਨੁ ਲੈ ਪਾਰਜਾਤ ਅਸ ਅਮਿਉ ਪੀਆਏ॥ (17-1-4)
ਐਰਾਪ ਗਜ ਸੰਖ ਬਿਖ ਦੇਵ ਦਾਨ ਮਿਲ ਵੰਡ ਦਿਵਾਏ॥ (17-1-5)
ਮਾਣਕ ਮੋਤੀ ਹੀਰਿਆਂ ਬਹੁ ਮੁਲੇ ਸਭ ਕੋ ਵਰਸਾਏ॥ (17-1-6)
ਸੰਖ ਸਮੁੰਦਹੁ ਸਖਣਾ ਧਾਹਾਂ ਦੇ ਦੇ ਰੋਇ ਸੁਣਾਏ॥ (17-1-7)
ਸਾਧ ਸੰਗਤ ਗੁਰ ਸ਼ਬਦ ਸੁਣ ਗੁਰ ਉਪਦੇਸ਼ ਨ ਰਿਦੇ ਵਸਾਏ॥ (17-1-8)
ਨਿਹਫਲ ਅਹਿਲਾ ਜਨਮ ਗਵਾਏ ॥੧॥ (17-1-9)

ਨਿਰਮਲ ਨੀਰ ਸੁਹਾਵਣਾ ਸੁਭਰ ਸਰਵਰ ਕਵਲ ਫੁਲੰਦੇ॥ (17-2-1)
ਰੂਪ ਅਨੂਪ ਸਰੂਪ ਅਤਿ ਗੰਧਸੁਗੰਧ ਹੋਇ ਮਹਕੰਦੇ॥ (17-2-2)
ਭਵਰਾ ਵਾਸਾ ਮੰਝ ਵਣ ਖੋਜਹਿੰ ਏਕੋ ਖੋਜ ਲਹੰਦੇ॥ (17-2-3)
ਲੋਭ ਲੁਭਤ ਮਕਰੰਦ ਰਸ ਦੂਰ ਦਿਸੰਤਰ ਆਇ ਮਿਲੰਦੇ॥ (17-2-4)
ਸੂਰਜ ਸਗਨ ਉਦੋਤ ਹੋਇ ਸਰਵਰ ਕਵਲ ਧਿਆਨ ਧਰੰਦੇ॥ (17-2-5)
ਡਡੂ ਚਿਕੜ ਵਾਸ ਹੈ ਕਵਲ ਸਿਵਾਨ ਨ ਮਾਣ ਸਕੰਦੇ॥ (17-2-6)
ਸਾਧ ਸੰਗਤ ਗੁਰ ਸ਼ਬਦ ਸੁਣ ਗੁਰ ਉਪਦੇਸ਼ ਰਹਿਤ ਨ ਰਹੰਦੇ॥ (17-2-7)
ਮਸਤਕ ਭਾਗ ਜਿਨ੍ਹਾਂ ਦੇ ਮੰਦੇ ॥੨॥ (17-2-8)

ਤੀਰਥ ਪੁਰਬ ਸੰਜੋਗ ਲੋਗ ਚਹੁੰ ਕੁੰਟਾ ਦੇ ਆਇ ਜੁੜੰਦੇ॥ (17-3-1)
ਚਾਰ ਵਰਨ ਛਿਅ ਦਰਸ਼ਨਾ ਨਾਮ ਦਾਨ ਇਸ਼ਨਾਨ ਕਰੰਦੇ॥ (17-3-2)
ਜਪ ਤਪ ਸੰਜਮ ਹੋਮ ਜਗ ਵਰਤ ਨੇਮ ਕਰ ਦੇਵ ਸੁਣੰਦੇ॥ (17-3-3)
ਗਿਆਨ ਧਿਆਨ ਸਿਮਰਨ ਜੁਗਤ ਦੇਵੀ ਦੇਵ ਸਥਾਨ ਪੁਜੰਦੇ॥ (17-3-4)
ਬਗਾਂ ਬਗੇ ਕਪੜੇ ਕਰ ਸਮਾਧਿ ਅਪਰਾਧਿ ਨਿਵੰਦੇ॥ (17-3-5)
ਸਾਧ ਸੰਗਤ ਗੁਰਸ਼ਬਦ ਸੁਣ ਗੁਰਮੁਖ ਪੰਥ ਨ ਚਾਲ ਚਲੰਦੇ॥ (17-3-6)
ਕਪਟ ਸਨੇਹੀ ਫਲ ਨ ਲਹੰਦੇ ॥੩॥ (17-3-7)

ਸਾਵਣ ਵਣ ਹਰੀਆਵਲੇ ਵੁਠੇ ਸੁਕੈ ਅੱਕ ਜਵਾਹਾ॥ (17-4-1)
ਤ੍ਰਿਪਤਿਬਬੀਹੇ ਸ੍ਵਾਂਤਿ ਬੂੰਦ ਸਿੱਪ ਅੰਦਰ ਮੋਤੀ ਓਮਾਹਾ॥ (17-4-2)
ਕਦਲੀ ਵਣਹੁੰ ਕਪੂਰ ਹੋਇ ਕੱਲਰ ਕਵਲ ਨ ਹੋਇ ਸਮਾਹਾ॥ (17-4-3)
ਬਿਸੀਅਰ ਮੁਹ ਕਾਲਕੂਟ ਹੋਇ ਧਾਤ ਸੁਪਾਤ੍ਰ ਕੁਪਾਤ੍ਰ ਦੁਰਾਹਾ॥ (17-4-4)
ਸਾਧ ਸੰਗਤਿ ਗੁਰੁ ਸ਼ਬਦ ਸੁਣ ਸ਼ਾਂਤਿ ਨ ਆਵੈ ਉਭੇ ਸਾਹਾ॥ (17-4-5)
ਗੁਰਮੁਖ ਸੁਖਫਲ ਪਿਰਮਰਸ ਮਨਮੁਖ ਬਦਰਾਹੀ ਬਦਰਾਹਾ॥ (17-4-6)
ਮਨਮੁਖ ਟੋਟਾ ਗੁਰਮੁਖ ਲਾਹਾ ॥੪॥ (17-4-7)

ਵਣ ਵਣ ਵਿਚ ਵਣਾਸਪਤਿ ਇਕੋ ਧਰਤੀ ਇਕੋ ਪਾਣੀ॥ (17-5-1)
ਰੰਗ ਬਰੰਗੀ ਫੁਲ ਫਲ ਸਾਦ ਸੁਗੰਧ ਸਨਬੰਧ ਵਿਡਾਣੀ॥ (17-5-2)

ਉੱਚਾ ਸਿੰਮਲ ਝਾਟਲਾ ਨਿਹਫਲ ਚੀਲ ਚੜ੍ਹੇ ਅਸਮਾਣੀ॥ (17-5-3)
ਜਲਦਾ ਵਾਂਸ ਵਢਾਈਐ ਵੰਝਲੀਆਂ ਵੱਜਨ ਬੇਬਾਣੀ॥ (17-5-4)
ਚੰਦਨ ਵਾਸ ਵਣਾਸਪਤਿ ਵਾਂਸ ਰਹੈ ਨਿਰਗੰਧ ਰਵਾਣੀ॥ (17-5-5)
ਸਾਧ ਸੰਗਤਿ ਗੁਰ ਸ਼ਬਦ ਸੁਣ ਰਿਦੈ ਨ ਵਸੈ ਅਭਾਗ ਪਰਾਣੀ॥ (17-5-6)
ਹਉਮੈਂ ਅੰਦਰ ਭਰਮ ਭੁਲਾਣੀ ॥੫॥ (17-5-7)

ਸੂਰਜ ਜੋਤ ਉਦੋਤ ਕਰ ਚਾਨਣ ਕਰੈ ਅਨ੍ਹੇਰ ਗਵਾਏ॥ (17-6-1)
ਕਿਰਤ ਵਿਰਤ ਜਗ ਵਰਤਮਾਨ ਸਭਨਾਂ ਬੰਧਨ ਮੁਕਤ ਕਰਾਏ॥ (17-6-2)
ਪਸੁ ਪੰਖੀ ਮਿਰਗਾਵਲੀ ਭਾਖਿਆ ਭਾਉ ਅਲਾਉ ਸੁਣਾਏ॥ (17-6-3)
ਬਾਗੀ ਬੁਰਗੂ ਸਿੰਙੀਆਂ ਨਾਦ ਬਾਦ ਨੀਸਾਣ ਸੁਣਾਏ॥ (17-6-4)
ਘੁਘੂ ਸੁਝ ਨ ਸੁਝਈ ਜਾਇ ਉਜਾੜੀਂ ਝੱਤ ਵਲਾਏ॥ (17-6-5)
ਸਾਧ ਸੰਗਤ ਗੁਰਸ਼ਬਦ ਸੁਣ ਭਾਉਭਗਤ ਮਨ ਭਉ ਨ ਵਸਾਏ॥ (17-6-6)
ਮਨਮੁਖ ਬਿਰਥਾ ਜਨਮ ਗਵਾਏ ॥੬॥ (17-6-7)

ਚੰਦ ਚਕੋਰ ਪਰੀਤਿ ਹੈ ਜਗਮਗ ਜੋਤਿ ਉਦੋਤ ਕਰੰਦਾ॥ (17-7-1)
ਕ੍ਰਿਖ ਬ੍ਰਿਖਹੁਇ ਸਫਲ ਫਲ ਸੀਤਲ ਸੀਤ ਅਮਿਉ ਵਰਸੰਦਾ॥ (17-7-2)
ਨਾਰਿ ਭਤਾਰ ਪਿਆਰ ਕਰ ਸਿਹਜਾ ਭੋਗ ਸੰਜੋਗ ਵਣੰਦਾ॥ (17-7-3)
ਸਭਨਾਂ ਰਾਤ ਮਿਲਾਵੜਾ ਚਕਵੀ ਚਕਵਾ ਮਿਲ ਵਿਛੜੰਦਾ॥ (17-7-4)
ਸਾਧ ਸੰਗਤਿ ਗੁਰਸ਼ਬਦ ਸੁਣ ਕਪਟ ਸਨੇਹ ਨ ਥੇਹ ਲਹੰਦਾ॥ (17-7-5)
ਮਜਲਸ ਆਵੇ ਲਸਣ ਖਾਇ ਗੰਧੀ ਵਾਸੁ ਮਚਾਏ ਗੰਧਾ॥ (17-7-6)
ਦੂਜਾ ਭਾਉ ਮੰਦੀ ਹੂੰ ਮੰਦਾ ॥੭॥ (17-7-7)

ਖਟ ਰਸ ਮਿਠ ਰਸ ਮੇਲਕੈ ਛਤੀ ਭੋਜਨ ਹੋਨ ਰਸੋਈ॥ (17-8-1)
ਜੇਵਣਹਾਰ ਜਿਵਾਲੀਐ ਚਾਰ ਵਰਨ ਛਿਅ ਦਰਸ਼ਨ ਲੋਈ॥ (17-8-2)
ਤ੍ਰਿਪਤਿ ਭਗਤਿ ਕਹਿ ਹੋਇ ਜਿਸ ਜਿਹਬਾ ਸਾਉਸਿਵਾਣੈ ਸੋਈ॥ (17-8-3)
ਕੜਛੀ ਸਾਉ ਨ ਸੰਭਲੈ ਛਤੀਹ ਬਿੰਜਨ ਵਿਚ ਸੰਜੋਈ॥ (17-8-4)
ਰਤੀ ਰਤਕ ਨਾਰ ਲੈ ਰਤਨਾਂ ਅੰਦਰ ਹਾਰ ਪਰੋਈ॥ (17-8-5)
ਸਾਧ ਸੰਗਤ ਗੁਰਸ਼ਬਦ ਸੁਣ ਗੁਰ ਉਪਦੇਸ਼ ਅਵੇਸ ਨ ਹੋਈ॥ (17-8-6)
ਕਪਟ ਸਨੇਹ ਨ ਦਰਗਹ ਢੋਈ ॥੮॥ (17-8-7)

ਨਦੀਆਂ ਨਾਲੇ ਵਾਹੜੇ ਗੰਗ ਸੰਗ ਮਿਲ ਗੰਗ ਹੁਵੰਦੇ॥ (17-9-1)
ਅਠ ਸਠ ਤੀਰਥ ਸੇਂਵਦੇ ਦੇਵੀ ਦੇਵਾ ਸੇਵ ਕਰੰਦੇ॥ (17-9-2)
ਲੋਕ ਦੇਵ ਗੁਣ ਗਿਆਨ ਵਿਚ ਪਤਿਤ ਉਧਾਰਣ ਨਾਂਉ ਸੁਣੰਦੇ॥ (17-9-3)
ਹਸਤੀ ਨੀਰ ਨਵਾਲੀਅਨਿ ਬਾਹਰਿ ਨਿਕਲ ਛਾਰ ਛਰੰਦੇ॥ (17-9-4)
ਸਾਧ ਸੰਗ ਗੁਰ ਸ਼ਬਦ ਸੁਣ ਗੁਰੁ ਉਪਦੇਸ਼ ਨ ਚਿਤ ਧਰੰਦੇ॥ (17-9-5)
ਤੁੰਮੇ ਅੰਮ੍ਰਿਤ ਸੰਜੀਐ ਬੀਜੈ ਅੰਮ੍ਰਿਤ ਫਲ ਨ ਫਲੰਦੇ॥ (17-9-6)
ਕਪਟ ਸਨੇਹ ਨ ਥੇਹ ਪੁਜੰਦੇ ॥੯॥ (17-9-7)

ਰਾਜੇ ਦੇ ਸਉ ਰਾਣੀਆਂ ਸੇਜੈ ਆਵੈ ਵਾਰੋ ਵਾਰੀ॥ (17-10-1)
ਸੱਭੇ ਹੀ ਪਟਰਾਣੀਆਂ ਰਾਜੇ ਇਕ ਦੂੰ ਇਕ ਪਿਆਰੀ॥ (17-10-2)

ਸਭਨਾ ਰਾਜਾ ਰਾਵਣਾ ਸੁੰਦਰ ਮੰਦਰ ਸੇਜ ਸਵਾਰਿ॥ (17-10-3)
ਸੰਤਤ ਸਭਨਾ ਰਾਣੀਆਂ ਇਕ ਅਧ ਕਾ ਸੰਢ ਵਿਚਾਰੀ॥ (17-10-4)
ਦੋਸ ਨ ਰਾਜੇ ਰਾਣੀਐ ਪੂਰਬ ਲਿਖਤ ਨ ਮਿਟੇ ਲਿਖਾਰੀ॥ (17-10-5)
ਸਾਧ ਸੰਗਤ ਗੁਰੁ ਸ਼ਬਦ ਸੁਣ ਗੁਰੁ ਉਪਦੇਸ਼ ਨ ਮਨ ਉਰਧਾਰੀ॥ (17-10-6)
ਕਰਮ ਹੀਣ ਦੁਰਮਤਿ ਹਿਤਕਾਰੀ ॥੧੦॥ (17-10-7)

ਅਸ਼ਟ ਧਾਤ ਇਕ ਧਾਤ ਹੋਇ ਸਭ ਕੋ ਕੰਚਨ ਆਖ ਵਖਾਣੈ॥ (17-11-1)
ਰੂਪ ਅਨੂਪ ਸਰੂਪ ਹੋਇ ਮੁਲ ਅਮੁਲ ਪੰਚ ਪਰਵਾਣੈ॥ (17-11-2)
ਪਥਰ ਪਾਰਸ ਪਰਸੀਐ ਪਾਰਸ ਹੋਇ ਨ ਕੁਲ ਅਭਮਾਣੈ॥ (17-11-3)
ਪਾਣੀ ਅੰਦਰ ਸਦੀਐ ਤੜਭੜ ਡੁਬੈ ਭਾਰ ਭੁਲਾਣੈ॥ (17-11-4)
ਚਿਤ ਕਠੋਰ ਨ ਭਿਜਈ ਰਹੈ ਨਿਕੋਰ ਘੜੇ ਭੰਨ ਜਾਣੈ॥ (17-11-5)
ਅਗੀਂ ਅੰਦਰ ਫੁਟ ਜਾਇ ਅਹਿਰਣ ਘਨ ਅੰਦਰ ਹੈਰਾਣੈ॥ (17-11-6)
ਸਾਧ ਸੰਗਤ ਗੁਰੁ ਸ਼ਬਦ ਸੁਣ ਗੁਰ ਉਪਦੇਸ਼ ਨ ਅੰਦਰ ਆਣੈ॥ (17-11-7)
ਕਪਟ ਸਨੇਹ ਨ ਹੋਇ ਧਿਙਾਣੈ ॥੧੧॥ (17-11-8)

ਮਾਣਕ ਮੋਤੀ ਮਾਨਸਰ ਨਿਹਚਲ ਨੀਰ ਸੁਥਾਉਂ ਸੁਹੰਦਾ॥ (17-12-1)
ਹੰਸ ਵੰਸ ਨਿਹਚਲ ਮਤੀ ਸੰਗਤਿ ਪੰਗਤਿ ਸਾਥ ਬਹੰਦਾ॥ (17-12-2)
ਮਾਣਕ ਮੋਤੀ ਚੋਗ ਚੁਗ ਮਾਣ ਮਹੱਤ ਅਨੰਦ ਵਧੰਦਾ॥ (17-12-3)
ਕਾਉਂ ਨਿਥਾਉਂ ਨਿਨਾਉ ਹੈ ਹੰਸਾਂ ਵਿਚ ਉਦਾਸ ਹੋਵੰਦਾ॥ (17-12-4)
ਭਖ ਅਭਖ ਅਭਖ ਭਖ ਵਣ ਵਣ ਅੰਦਰ ਭਰਮ ਭਵੰਦਾ॥ (17-12-5)
ਸਾਧ ਸੰਗਤ ਗੁਰੁ ਸ਼ਬਦ ਸੁਣ ਤਨ ਅੰਦਰ ਮਨ ਥਿਰ ਨ ਰਹੰਦਾ॥ (17-12-6)
ਬਜਰ ਕਪਾਟ ਨ ਖੁਲੈ ਜੰਦਾ ॥੧੨॥ (17-12-7)

ਰੋਗੀ ਮਾਣਸ ਹੋਇਕੈ ਫਿਰਦਾ ਬਾਹਲੇ ਵੈਦ ਪੁਛੰਦਾ॥ (17-13-1)
ਕਚੇ ਵੈਦ ਨ ਜਾਣਨੀ ਵੇਦਨ ਦਾਰੂ ਰੋਗੀ ਸੰਦਾ॥ (17-13-2)
ਹੋਰੋ ਦਾਰੂ ਰੋਗ ਹੋਰ ਹੋਇ ਪਚਾਇੜ ਦੁਖ ਸਹੰਦਾ॥ (17-13-3)
ਆਵੈ ਵੈਦ ਸੁਵੈਦ ਘਰਿ ਦਾਰੂ ਦਸ ਰੋਗ ਲਾਹੰਦਾ॥ (17-13-4)
ਸੰਜਮ ਰਹੈ ਨ ਖਾਇ ਪਥ ਖੱਟਾ ਮਿਠਾ ਸਾਉ ਚਖੰਦਾ॥ (17-13-5)
ਦੋਸ ਨ ਦਾਰੂ ਵੈਦ ਨੋਂ ਵਿਣ ਸੰਜਮ ਨਿਤ ਰੋਗ ਵਧੰਦਾ॥ (17-13-6)
ਕਪਟ ਸਨੇਹੀ ਹੋਇਕੈ ਸਾਧ ਸੰਗਤਿ ਵਿਚ ਆਇ ਬਹੰਦਾ॥ (17-13-7)
ਦੁਰਮਤਿ ਦੂਜੈ ਭਾਇ ਪਚੰਦਾ ॥੧੩॥ (17-13-8)

ਚੋਆ ਚੰਦਨ ਮੇਦ ਲੈ ਮੇਲ ਕਪੂਰ ਕਥੂਰੀ ਸੰਦਾ॥ (17-14-1)
ਸਭ ਸੁਗੰਧ ਰਲਾਇਕੈ ਗੁਰ ਗਾਂਧੀ ਅਰਗਜਾ ਕਰੰਦਾ॥ (17-14-2)
ਮਜਲਸ ਆਵੇ ਸਾਹਿਬਾ ਗੁਣ ਅੰਦਰ ਹੋਇ ਗੁਣ ਮਹਕੰਦਾ॥ (17-14-3)
ਗਦਹਾ ਦੇਹੀ ਖਉਲੀਐ ਸਾਰ ਨ ਜਾਣੈ ਨਰਕ ਭਵੰਦਾ॥ (17-14-4)
ਸਾਧ ਸੰਗਤਿ ਗੁਰਸ਼ਬਦ ਸੁਣ ਭਾਉ ਭਗਤ ਹਿਰਦੇ ਨ ਧਰੰਦਾ॥ (17-14-5)
ਅੰਨਾਂ ਅਖੀਂ ਹੋਵਈ ਬੋਲਾ ਕੰਨੀ ਸੁਣ ਨ ਸੁਣੰਦਾ॥ (17-14-6)
ਬਧਾ ਚਟੀ ਜਾਇ ਭਰੰਦਾ ॥੧੪॥ (17-14-7)

ਧੋਤੇ ਹੋਵਨ ਉਜਲੇ ਪਾਟ ਪਟੰਬਰ ਖਰੇ ਅਮੋਲੇ॥ (17-15-1)
ਰੰਗ ਬਰੰਗੀ ਰੰਗੀਅਨਿ ਸਭੇ ਰੰਗ ਸੁਰੰਗ ਅਡੋਲੇ॥ (17-15-2)
ਸਾਹਿਬ ਲੈ ਲੈ ਪਹਿਨ ਦੇ ਰੂਪ ਰੰਗ ਰਸਵਸ ਨਿਕੋਲੇ॥ (17-15-3)
ਸੋਭਾਵੰਤ ਸੁਹਾਵਣੇ ਚਜ ਅਚਾਰ ਸੀਂਗਾਰ ਵਿਚੋਲੇ॥ (17-15-4)
ਕਾਲਾ ਕੰਬਲ ਉਜਲਾ ਹੋਇ ਨ ਧੋਤੇ ਰੰਗ ਨਿਰੋਲੇ॥ (17-15-5)
ਸਾਧ ਸੰਗਤਿ ਗੁਰ ਸ਼ਬਦ ਸੁਣ ਝਾਕੈ ਅੰਦਰ ਨੀਰ ਵਿਰੋਲੇ॥ (17-15-6)
ਕਪਟ ਸਨੇਹੀ ਉਜੜ ਖੋਲੇ ॥੧੫॥ (17-15-7)

ਖੇਤੇ ਅੰਦਰ ਜੰਮਕੈ ਸਭਦੂੰ ਉਤਮ ਹੋਇ ਵਿਖਾਲੇ॥ (17-16-1)
ਬੂਟ ਵਡਾ ਕਰ ਫੈਲਦਾ ਹੋਇ ਚੁਹ ਚਹਾ ਆਪ ਸਮਾਲੇ॥ (17-16-2)
ਖੇਤ ਸਫਲ ਹੋਇ ਲਾਵਣੀ ਛੁਟਨ ਤਿਲ ਬੂਆੜ ਨਿਰਾਲੇ॥ (17-16-3)
ਨਿਹਫਲ ਸਾਰੇ ਖੇਤ ਵਿਚ ਜਿਉਂ ਸਰਵਾੜ ਕਮਾਦ ਵਿਚਾਲੇ॥ (17-16-4)
ਸਾਧ ਸੰਗਤ ਗੁਰ ਸ਼ਬਦ ਸੁਣ ਕਪਟ ਸਨੇਹ ਕਰਨ ਬੇਤਾਲੇ॥ (17-16-5)
ਨਿਹਫਲ ਜਨਮ ਅਕਾਰਥਾ ਹਲਤ ਪਲਤ ਹੋਵਹਿ ਮੁਹਕਾਲੇ॥ (17-16-6)
ਜਮਪੁਰ ਜਮ ਜੰਦਾਰ ਹਵਾਲੇ ॥੧੬॥ (17-16-7)

ਉਜਲ ਕੈਹਾਂ ਚਿਲਕਣਾ ਥਾਲੀ ਜੇਵਣ ਜੂਠੀ ਹੋਵੈ॥ (17-17-1)
ਜੂਠਿ ਸੁਆਹੂੰ ਮਾਂਜੀਐ ਗੰਗਾ ਜਲ ਅੰਦਰ ਲੈ ਧੋਵੈ॥ (17-17-2)
ਬਾਹਰਿ ਸੁਚਾ ਧੋਤਿਆਂ ਅੰਦਰ ਕਾਲਖ ਅੰਤ ਵਿਗੋਵੈ॥ (17-17-3)
ਮਨ ਜੂਠੇ ਤਨ ਜੂਠ ਹੈ ਥੁਕ ਪਵੈ ਮੂੰਹਿ ਵਜੇ ਰੋਵੈ॥ (17-17-4)
ਸਾਧ ਸੰਗਤਿ ਗੁਰ ਸ਼ਬਦ ਸੁਣ ਕਪਟ ਸਨੇਹੀ ਗੱਲਾਂ ਗੋਵੈ॥ (17-17-5)
ਗਲੀਂ ਤ੍ਰਿਪਤਿ ਨ ਹੋਵਈ ਖੰਡ ਖੰਡ ਕਰ ਸਾਉ ਨ ਭੋਵੈ॥ (17-17-6)
ਮਖਣ ਖਾਇ ਨ ਨੀਰ ਵਿਲੋਵੈ ॥੧੭॥ (17-17-7)

ਰੁਖਾਂ ਵਿਚ ਕੁਰੁਖ ਹਨ ਦੋਵੇਂ ਅਰੰਡ ਕਨੇਰ ਦੁਆਲੇ॥ (17-18-1)
ਅਰੰਡ ਫਲੈ ਅਰਡੋਲੀਆਂ ਫਲ ਅੰਦਰ ਬੀ ਚਿਤ ਮਿਤਾਲੇ॥ (17-18-2)
ਨਿਬਹੈ ਨਾਹੀਂ ਨਿਜੜਾ ਹਰ ਵਰਿਆਈ ਹੋਇ ਉਚਾਲੇ॥ (17-18-3)
ਕਲੀਆਂ ਪਵਨ ਕਨੇਰ ਨੋਂ ਦੁਰਮਤਿ ਵਿਚ ਦੁਰਗੰਧ ਦਿਖਾਲੇ॥ (17-18-4)
ਬਾਹਰ ਲਾਲ ਗੁਲਾਲ ਹੋਇ ਅੰਦਰ ਚਿਟਾ ਦੁਬਿਧਾ ਨਾਲੇ॥ (17-18-5)
ਸਾਧ ਸੰਗਤ ਗੁਰ ਸ਼ਬਦ ਸੁਣ ਗਣਤੀ ਵਿਚ ਭਵੈ ਭਰ ਨਾਲੇ॥ (17-18-6)
ਕਪਟ ਸਨੇਹ ਖੇਹ ਮੁਹਿ ਕਾਲੇ ॥੧੮॥ (17-18-7)

ਵਣ ਵਿਚ ਫਲੈ ਵਣਾਸਪਤਿ ਬਹੁ ਰਸ ਗੰਧ ਸੁਗੰਧ ਸੁਹੰਦੇ॥ (17-19-1)
ਅੰਬ ਸਦਾ ਫਲ ਸੋਹਿਨੇ ਆੜੂ ਸੇਬ ਅਨਾਰ ਫਲੰਦੇ॥ (17-19-2)
ਦਾਖ ਬਿਜਉਰੀ ਜਾਮਣੂ ਖਿਰਣੀ ਤੂਤ ਖਜੂਰ ਅਨੰਦੇ॥ (17-19-3)
ਪੀਲੂੰ ਪੇਂਝੂ ਬੇਰ ਬਹੁ ਕੇਲੇ ਤੇ ਅਖਰੋਟ ਬਣੰਦੇ॥ (17-19-4)
ਮੂਲ ਨ ਭਾਵਨ ਅੱਕ ਟਿਡ ਅੰਮ੍ਰਿਤ ਫਲ ਤਜ ਅਕ ਵਸੰਦੇ॥ (17-19-5)
ਜੇ ਥਣ ਜੋਕ ਲਵਾਈਐ ਦੁਧ ਨ ਪੀਐ ਲੋਹੂ ਗੰਦੇ॥ (17-19-6)
ਸਾਧ ਸੰਗਤਿ ਗੁਰ ਸ਼ਬਦ ਸੁਣ ਗਣਤੀ ਅੰਦਰ ਝਾਕ ਝਖੰਦੇ॥ (17-19-7)
ਕਪਟ ਸਨੇਹ ਨ ਥੇਹ ਚੜ੍ਹੰਦੇ ॥੧੯॥ (17-19-8)

ਡੱਡੂ ਬਗੁਲੇ ਸੰਖ ਲਖ ਅਕ ਜਵਾਹੇਂ ਬਿਸੀਅਰ ਕਾਲੇ॥ (17-20-1)
ਸਿੰਬਲ ਘੁਘੂ ਚਕਵੀਆਂ ਕੜਛ ਹਸਤ ਲਖ ਸੰਢੀ ਨਾਲੇ॥ (17-20-2)
ਪੱਥਰ ਕਾਂਵ ਰੋਗੀ ਘਣੇ ਗਦਹਾ ਕਾਲੇ ਕੰਬਲ ਭਾਲੇ॥ (17-20-3)
ਕੈਹੈ ਤਿਲ ਬੂਆੜ ਲਖ ਅਕ ਟਿਡ ਅਰੰਡ ਤੁੰਮੇ ਚਿਤਰਾਲੇ॥ (17-20-4)
ਕਲੀ ਕਨੇਰ ਵਖਾਣੀਐ ਸਬ ਅਵਗੁਣ ਮੈਂ ਤਨ ਭੀਹਾਲੇ॥ (17-20-5)
ਸਾਧ ਸੰਗਤਿ ਗੁਰ ਸ਼ਬਦ ਸੁਣ ਗੁਰ ਉਪਦੇਸ਼ ਨ ਰਿਦੇ ਸਮ੍ਹਾਲੇ॥ (17-20-6)
ਧ੍ਰਿਗ ਜੀਵਣ ਬੇਮੁਖ ਬੇਤਾਲੇ ॥੨੦॥ (17-20-7)

ਲਖ ਨਿੰਦਕ ਲਖ ਬੇਮੁਖਾਂ ਦੂਤ ਦੁਸ਼ਟ ਲਖ ਲੂਣ ਹਰਾਮੀ॥ (17-21-1)
ਸ੍ਵਾਮ ਧ੍ਰੋਹੀ ਅਕਿਰਤਘਣ ਚੋਰ ਜਾਰ ਲਖ ਲਖ ਪਹਿਨਾਮੀ॥ (17-21-2)
ਬਾਮ੍ਹਣ ਗਾਈਂ ਵੰਸ ਘਾਤ ਲਾਇਤਬਾਰ ਹਜ਼ਾਰ ਅਸਾਮੀ॥ (17-21-3)
ਕੂੜਿਆਰ ਗੁਰੁ ਗੋਪ ਲਖ ਗੁਨਹਗਾਰ ਲਖ ਲਖ ਬਦਨਾਮੀ॥ (17-21-4)
ਅਪਰਾਧੀ ਬਹੁ ਪਤਿਤ ਲਖ ਅਵਗੁਣਿਆਰ ਖੁਆਰ ਖੁਨਾਮੀ॥ (17-21-5)
ਲਖ ਲਿਬਾਸੀ ਦਗਾ ਬਾਜ਼ ਲਖ ਸ਼ੈਤਾਨ ਸਲਾਮ ਸਲਾਮੀ॥ (17-21-6)
ਤੂੰ ਵੇਖਹਿ ਹਉ ਮੁਕਰਾਂ ਹਉਂ ਕਪਟੀ ਤੂੰ ਅੰਤਰਜਾਮੀ॥ (17-21-7)
ਪਤਿਤ ਉਧਾਰਣ ਬਿਰਦ ਸੁਆਮੀ ॥੨੧॥੧੭॥ (17-21-8)

Vaar 18

ੴ ਸਤਿਗੁਰਪ੍ਰਸਾਦਿ॥ (18-1-1)

ਇਕ ਕਵਾਉ ਪਸਾਉ ਕਰ ਓਅੰਕਾਰ ਅਨੇਕ ਅਕਾਰਾ॥ (18-1-2)
ਪਉਣ ਪਾਣੀ ਬੈਸੰਤਰੋ ਧਰਤਿ ਅਗਾਸ ਨਿਵਾਸ ਵਿਥਾਰਾ॥ (18-1-3)
ਜਲ ਥਲ ਤਰਵਰ ਪਰਬਤਾਂ ਜੀਅ ਤੰਤ ਆਗਣਤ ਅਪਾਰਾ॥ (18-1-4)
ਇਕ ਵਰਭੰਡ ਅਖੰਡ ਹੈ ਲਖ ਵਰਭੰਡ ਪਲਕ ਪਰਵਾਰਾ॥ (18-1-5)
ਕੁਦਰਤਿ ਕੀਮ ਨ ਜਾਣੀਐ ਕੇਵਡ ਕਾਦਰ ਸਿਰਜਣਹਾਰਾ॥ (18-1-6)
ਅੰਤ ਬਿਅੰਤ ਨ ਪਾਰਾਵਾਰਾ ॥੧॥ (18-1-7)

ਕੇਵਡ ਵਡਾ ਆਖੀਐ ਵਡੇ ਦੀ ਵਡੀ ਵਡਿਆਈ॥ (18-2-1)
ਵਡੀ ਹੂੰ ਵਡਾ ਵਖਾਣੀਐ ਸੁਣ ਸੁਣ ਆਖਨ ਆਖ ਸੁਣਾਈ॥ (18-2-2)
ਰੋਮ ਰੋਮ ਵਿਚ ਰਖਿਓਨ ਕਰ ਵਰਭੰਡ ਕਰੋੜ ਸਮਾਈ॥ (18-2-3)
ਇਕ ਕਵਾਉ ਪਸਾਉ ਜਿਸ ਤੋਲਿ ਅਤੋਲ ਨ ਤੁਲ ਤੁਲਾਈ॥ (18-2-4)
ਵੇਦ ਕਤੇਬਹੁੰ ਬਾਹਰਾ ਅਕਥ ਕਹਾਣੀ ਕਥੀ ਨ ਜਾਈ॥ (18-2-5)
ਅਬਗਤਿ ਗਤ ਕਿਵ ਅਲਖ ਲਖਾਈ ॥੨॥ (18-2-6)

ਜੀਉ ਪਾਇ ਤਨੁ ਸਾਜਿਆ ਮੂੰਹ ਅੱਖੀਂ ਨਕ ਕੰਨ ਸਵਾਰੇ॥ (18-3-1)
ਹਥ ਪੈਰ ਦੇ ਦਾਤ ਕਰ ਸ਼ਬਦ ਸੁਰਤਿ ਸੁਭ ਦਿਸ਼ਟ ਦੁਆਰੇ॥ (18-3-2)
ਕਿਰਤ ਵਿਰਤ ਪਰਕਿਰਤ ਬਹੁ ਸਾਸ ਗਿਰਾਸ ਨਿਵਾਸ ਸੰਜਾਰੇ॥ (18-3-3)
ਰਾਗ ਰੰਗ ਰਸ ਪਰਸ ਦੇ ਗੰਧ ਸੁਗੰਧ ਸੰਧ ਪਰਕਾਰੇ॥ (18-3-4)
ਛਾਦਨ ਭੋਜਨ ਬੁਧਿ ਬਲ ਟੇਕ ਬਿਬੇਕ ਵੀਚਾਰ ਵੀਚਾਰੇ॥ (18-3-5)
ਦਾਤੈ ਕੀਮਤਿ ਨਾ ਪਵੈ ਬੇਸ਼ੁਮਾਰ ਦਾਤਾਰ ਪਿਆਰੇ॥ (18-3-6)
ਲੇਖ ਅਲੇਖ ਅਸੰਖ ਅਪਾਰ ॥੩॥ (18-3-7)

ਪੰਜ ਤਤ ਪਰਵਾਣ ਕਰ ਖਾਣੀਂ ਚਾਰ ਜਗਤ ਉਪਾਯਾ॥ (18-4-1)
ਲਖ ਚਉਰਾਸੀ ਜੂਨਿ ਵਿਚ ਆਵਾ ਗਵਣ ਚਲਿਤ ਵਰਤਾਯਾ॥ (18-4-2)
ਇਕਸ ਇਕਸ ਜੂਨਿ ਵਿਚ ਜੀਅਜੰਤ ਅਣਗਣਤ ਵਧਾਇਆ॥ (18-4-3)
ਲੇਖੇ ਅੰਦਰ ਸਭ ਕੋ ਸਭਨਾਂ ਮਸਤਕ ਲੇਖ ਲਿਖਾਯਾ॥ (18-4-4)
ਲੇਖੈ ਸਾਸ ਗਿਰਾਸ ਦੇ ਲੇਖ ਲਿਖਾਰੀ ਅੰਤ ਨ ਪਾਯਾ॥ (18-4-5)
ਆਪ ਅਲਖ ਨ ਅਲਖ ਲਖਾਯਾ ॥੪॥ (18-4-6)

ਭੈ ਵਿਚ ਧਰਤਿ ਅਗਾਸ ਹੈ ਨਿਰਾਧਾਰ ਭੈ ਭਾਰ ਧਰਾਯਾ॥ (18-5-1)
ਪਉਣ ਪਾਣੀ ਬੈਸੰਤਰੋ ਭੈ ਵਿਚ ਰਖੈ ਮੇਲ ਮਿਲਾਯਾ॥ (18-5-2)
ਪਾਣੀ ਅੰਦਰ ਧਰਤਿ ਧਰ ਵਿਣ ਥੰਮਾਂ ਆਗਾਸ ਰਹਾਯਾ॥ (18-5-3)
ਕਾਠੈ ਅੰਦਰ ਅਗਨਿ ਧਰ ਕਰ ਪਰਫੁਲਤ ਸੁਫਲ ਫਲਾਯਾ॥ (18-5-4)
ਨਵੀਂ ਦੁਆਰੀਂ ਪਵਣ ਧਰ ਭੈ ਵਿਚ ਸੂਰਜ ਚੰਦ ਚਲਾਯਾ॥ (18-5-5)
ਨਿਰਭਉ ਆਪ ਨਿਰੰਜਨ ਰਾਯਾ ॥੫॥ (18-5-6)

ਲਖ ਅਸਮਾਣ ਉਚਾਣ ਚੜ੍ਹ ਉੱਚਾ ਹੋਇ ਨ ਅੰਬੜ ਸਕੈ॥ (18-6-1)
ਉਚੀ ਹੂੰ ਉੱਚਾ ਘਣਾ ਥਾਉਂ ਗਿਰਾਉਂ ਨ ਨਾਉਂ ਅਥਕੈ॥ (18-6-2)
ਲਖ ਪਾਤਾਲ ਨੀਵਾਣ ਜਾਇ ਨੀਵਾਂ ਹੋਇ ਨ ਨੀਵੇਂ ਤਕੈ॥ (18-6-3)
ਪੂਰਬ ਪੱਛਮ ਉਤਰਾਧਿ ਦਖਨ ਫੇਰ ਚਉਫੇਰ ਨ ਢਕੈ॥ (18-6-4)
ਓੜਕ ਮੂਲ ਨ ਲਭਈ ਓਪਤ ਪਰਲਉ ਅਖਿ ਫਰਕੈ॥ (18-6-5)
ਫੁਲਾਂ ਅੰਦਰ ਵਾਸ ਮਹਕੈ ॥੬॥ (18-6-6)

ਓਅੰਕਾਰ ਅਕਾਰ ਕਰ ਥਿਤ ਨ ਵਾਰ ਨ ਮਾਹੁ ਜਣਾਯਾ॥ (18-7-1)
ਨਿਰੰਕਾਰ ਅਕਾਰ ਵਿਣ ਏਕੰਕਾਰ ਨ ਅਲਖ ਲਖਾਯਾ॥ (18-7-2)
ਆਪੇ ਆਪ ਉਪਾਇਕੈ ਆਪੇ ਅਪਣਾ ਨਾਉਂ ਧਰਾਯਾ॥ (18-7-3)
ਆਦਿ ਪੁਰਖ ਅਦੇਸ ਹੈ ਹੈਭੀ ਹੋਸੀ ਹੋਂਦਾ ਆਯਾ॥ (18-7-4)
ਆਦਿ ਨ ਅੰਤ ਬਿਅੰਤ ਹੈ ਆਪੇ ਆਪ ਨ ਆਪ ਗਣਾਯਾ॥ (18-7-5)
ਆਪੇ ਆਪ ਉਪਾਇ ਸਮਾਯਾ ॥੭॥ (18-7-6)

ਰੋਮ ਰੋਮ ਵਿਚ ਰਖਿਓਨ ਕਰ ਵਰਭੰਡ ਕਰੋੜ ਸਮਾਈ॥ (18-8-1)
ਕੇਵਡ ਵਡਾ ਆਖੀਐ ਕਿਤ ਘਰ ਵਸੈ ਕੇਵਡ ਜਾਈ॥ (18-8-2)
ਇਕਕਵਾਉ ਅਮਾਉ ਹੈ ਲਖ ਦਰੀਆਉ ਨ ਕੀਮਤਿ ਪਾਈ॥ (18-8-3)
ਪਰਵਦਗਾਰ ਅਪਾਰ ਹੈ ਪਾਰਾਵਾਰ ਨ ਅਲਖ ਲਖਾਈ॥ (18-8-4)
ਏਵਡ ਵਡਾ ਹੋਇਕੈ ਕਿਥੇ ਰਹਿਆ ਆਪ ਲੁਕਾਈ॥ (18-8-5)
ਸੁਰ ਨਰ ਨਾਥ ਰਹੈ ਲਿਵਲਾਈ ॥੮॥ (18-8-6)

ਲਖ ਦਰਿਯਾਉ ਕਵਾਉ ਵਿਚ ਅਤਿ ਅਸਗਾਹ ਅਥਾਹ ਵਹੰਦੇ॥ (18-9-1)
ਆਦਿ ਨ ਅੰਤ ਬਿਅੰਤ ਹੈ ਅਗਮ ਅਗੋਚਰ ਫੇਰ ਫਿਰੰਦੇ॥ (18-9-2)
ਅਲਖ ਅਪਾਰ ਵਖਾਣੀਐ ਪਾਰਾਵਾਰ ਨ ਪਾਰ ਲਹੰਦੇ॥ (18-9-3)
ਲਹਿਰ ਤਰੰਗ ਨਿਸੰਗ ਲਖ ਸਾਗਰ ਸੰਗਮ ਰੰਗ ਰਵੰਦੇ॥ (18-9-4)
ਰਤਨ ਪਦਾਰਥ ਲਖ ਲਖ ਮੁਲ ਅਮੁਲ ਨ ਤੁਲ ਤੁਲੰਦੇ॥ (18-9-5)
ਸਦਕੇ ਸਿਰਜਣ ਹਾਰ ਸਿਰੰਦੇ ॥੯॥ (18-9-6)

ਪਰਵਦਗਾਰ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ॥ (18-10-1)
ਰਾਜ਼ਕ ਰਿਜ਼ਕ ਸੰਬਾਹਦਾ ਸਭਨਾ ਦਾਤ ਕਰੇ ਅਣਮੰਗੀ॥ (18-10-2)
ਕਿਸੈ ਜਿਵੇਹਾ ਨਾਹਿ ਕੋ ਦੁਬਿਧਾ ਅੰਦਰ ਮੰਦੀ ਚੰਗੀ॥ (18-10-3)
ਪਾਰਬ੍ਰਹਮ ਨਿਰਲੇਪ ਹੈ ਪੂਰਨ ਬ੍ਰਹਮ ਸਦਾ ਸਹਲੰਗੀ॥ (18-10-4)
ਵਰਨਾ ਚਿਹਨਾ ਬਾਹਿਰਾ ਸਭਨਾ ਅੰਦਰ ਹੈ ਸਰਬੰਗੀ॥ (18-10-5)
ਪਉਣ ਪਾਣੀ ਬੈਸੰਤਰ ਸੰਗੀ ॥੧੦॥ (18-10-6)

ਓਅੰਕਾਰ ਅਕਾਰ ਕਰ ਮਖੀ ਇਕ ਉਪਾਈ ਮਾਯਾ॥ (18-11-1)
ਤਿੰਨ ਲੋਅ ਚੌਦਾਂ ਭਵਨ ਜਲ ਥਲ ਮਹੀਅਲ ਛਲ ਕਰ ਛਾਯਾ॥ (18-11-2)
ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ ਦਸ ਅਵਤਾਰ ਬਜ਼ਾਰ ਨਚਾਯਾ॥ (18-11-3)
ਜਤੀ ਸਤੀ ਸੰਤੋਖੀਆਂ ਸਿਧ ਨਥ ਬਹੁ ਪੰਥ ਭਵਾਯਾ॥ (18-11-4)
ਕਾਮ ਕਰੋਧ ਵਿਰੋਧ ਵਿਚ ਲੋਭ ਮੋਹ ਕਰ ਧ੍ਰੋਹ ਲੜਾਯਾ॥ (18-11-5)

ਹਉਮੈ ਅੰਦਰ ਸਭਕੋ ਸੇਰਹੁੰ ਘਟ ਨ ਕਿਨੈ ਅਖਾਯਾ॥ (18-11-6)
ਕਾਰਣ ਕਰਤੇ ਆਪ ਲੁਕਾਯਾ ॥੧੧॥ (18-11-7)

ਪਾਤਿਸ਼ਾਹਾਂ ਪਤਿਸ਼ਾਹ ਹੈ ਅਬਿਚਲ ਰਾਜ ਵਡੀ ਵਡਿਆਈ॥ (18-12-1)
ਕੇਵਡ ਤਖਤ ਵਖਾਣੀਐ ਕੇਵਡ ਮਹਲ ਕੇਵਡ ਦਰਗਾਹੀ॥ (18-12-2)
ਕੇਵਡ ਸਿਫਤ ਸਲਾਹੀਐ ਕੇਵਡ ਮਾਲ ਮੁਲਖ ਅਵਗਾਹੀ॥ (18-12-3)
ਕੇਵਡ ਮਾਣ ਮਹਤ ਹੈ ਕੇਵਡ ਲਸਕਰ ਸੇਵ ਸਿਪਾਹੀ॥ (18-12-4)
ਹੁਕਮੈ ਅੰਦਰ ਸਭ ਕੋ ਕੇਵਡ ਹੁਕਮ ਨ ਬੇਪਰਵਾਹੀ॥ (18-12-5)
ਹੋਰਸ ਪੁਛ ਨ ਮਤਾ ਨਿਬਾਹੀ ॥੧੨॥ (18-12-6)

ਲਖ ਲਖ ਬ੍ਰਹਮੈ ਵੇਦ ਪੜ੍ਹ ਇਕਸ ਅਖਰ ਭੇਦ ਨ ਜਾਤਾ॥ (18-13-1)
ਜੋਗ ਧਿਆਨ ਮਹੇਸ਼ ਲਖ ਰੂਪ ਨ ਰੇਖ ਨ ਭੇਖ ਪਛਾਤਾ॥ (18-13-2)
ਲਖ ਅਵਤਾਰ ਅਕਾਰ ਕਰ ਤਿਲ ਵੀਚਾਰ ਨ ਬਿਸ਼ਨ ਪਛਾਤਾ॥ (18-13-3)
ਲਖ ਲਖ ਨਉਤਨ ਨਾਉਂ ਲੈ ਲਖ ਲਖ ਸ਼ੇਖ ਵਿਸ਼ੇਖ ਨ ਤਾਤਾ॥ (18-13-4)
ਚਿਰ ਜੀਵਨ ਬਹੁ ਹੰਢਣੇ ਦਰਸਨ ਪੰਥ ਨ ਸਬਦ ਸਿਞਾਤਾ॥ (18-13-5)
ਦਾਤ ਲੁਭਾਇ ਵਿਸਾਰਨ ਦਾਤਾ ॥੧੩॥ (18-13-6)

ਨਿਰੰਕਾਰ ਆਕਰਕਰ ਗੁਰ ਮੂਰਤਿ ਹੋਇ ਧਿਆਨ ਧਰਾਯਾ॥ (18-14-1)
ਚਾਰ ਵਰਨ ਗੁਰਸਿਖ ਕਰ ਸਾਧ ਸੰਗਤ ਸਚ ਖੰਡ ਵਸਾਯਾ॥ (18-14-2)
ਵੇਦ ਕਤੇਬਹੁੰ ਬਾਹਰਾ ਅਕਥ ਕਥਾ ਗੁਰ ਸਬਦ ਸੁਣਾਯਾ॥ (18-14-3)
ਵੀਹਾਂ ਅੰਦਰ ਵਰਤਮਾਨ ਗੁਰਮੁਖ ਹੋਇ ਅਕੀਹ ਲਖਾਯਾ॥ (18-14-4)
ਮਾਯਾ ਵਿਚ ਉਦਾਸ ਕਰ ਨਾਮ ਦਾਨ ਇਸ਼ਨਾਨ ਦ੍ਰਿੜਾਯਾ॥ (18-14-5)
ਬਾਰਹ ਪੰਥ ਇਕਤ੍ਰ ਕਰ ਗੁਰਮੁਖ ਗਾਡੀ ਰਾਹ ਚਲਾਯਾ॥ (18-14-6)
ਪਤਿ ਪਉੜੀ ਚੜ ਨਿਜ ਘਰ ਆਯਾ ॥੧੪॥ (18-14-7)

ਗੁਰਮੁਖ ਮਾਰਗ ਪੈਰ ਧਰ ਦੁਬਿਧਾ ਵਾਟ ਕੁਵਾਟ ਨ ਧਾਯਾ॥ (18-15-1)
ਸਤਿਗੁਰ ਦਰਸ਼ਨ ਦੇਖਕੇ ਮਰਦਾ ਜਾਂਦਾ ਨਦਰ ਨ ਆਯਾ॥ (18-15-2)
ਕੰਨੀ ਸਤਿਗੁਰ ਸ਼ਬਦ ਸੁਣ ਅਨਹਦ ਰੁਣ ਝੁਣਕਾਰ ਸੁਣਾਯਾ॥ (18-15-3)
ਸਤਿਗੁਰ ਸਰਣੀ ਆਇਕੈ ਨਿਹਚਲ ਸਾਧੂ ਸੰਗ ਮਿਲਾਯਾ॥ (18-15-4)
ਚਰਨ ਕਵਲ ਮਕਰੰਦ ਰਸ ਸੁਖ ਸੰਪਟ ਵਿਚ ਸਹਜ ਸਮਾਯਾ॥ (18-15-5)
ਪਿਰਮ ਪਿਆਲਾ ਅਪਿਓ ਪਿਆਯਾ ॥੧੫॥ (18-15-6)

ਸਾਧ ਸੰਗਤਿ ਕਰ ਸਾਧਨਾ ਪਿਰਮ ਪਿਆਲਾ ਅੱਜਰ ਜਰਣਾ॥ (18-16-1)
ਪੈਰੀ ਪੈ ਪਾਖਾਕ ਹੋਇ ਆਪ ਗਵਾਇ ਜੀਵੰਦਿਆਂ ਮਰਣਾ॥ (18-16-2)
ਜੀਵਨ ਮੁਕਤਿ ਵਖਾਣੀਐ ਮਰ ਮਰ ਜੀਵਨ ਡੁਬ ਡੁਬ ਤਰਣਾ॥ (18-16-3)
ਸ਼ਬਦ ਸੁਰਤ ਲਿਵਲੀਣ ਹੋਇ ਅਪਿਓ ਪੀਅਣਭੈਔਚਰ ਚਰਣਾ॥ (18-16-4)
ਅਨਹਦ ਨਾਦ ਅਵੇਸ ਕਰ ਅੰਮ੍ਰਿਤ ਬਾਣੀ ਨਿਝਰ ਝਰਣਾ॥ (18-16-5)
ਕਰਨ ਕਾਰਨ ਸਮ੍ਰਥ ਹੋਇ ਕਾਰਨ ਕਰਣ ਨ ਕਾਰਣ ਕਰਣਾ॥ (18-16-6)
ਪਤਿਤ ਉਧਾਰਣ ਅਸਰਣ ਸਰਣਾ ॥੧੬॥ (18-16-7)

ਗੁਰਮੁਖ ਭੈ ਵਿਚ ਜੰਮਣਾ ਭੈ ਵਿਚ ਰਹਿਣਾ ਭੈ ਵਿਚ ਚਲਣਾ॥ (18-17-1)
ਸਾਧ ਸੰਗਤ ਭੈ ਭਾਇ ਵਿਚ ਭਗ ਵਛਲ ਕਰ ਅਛਲ ਛਲਣਾ॥ (18-17-2)
ਜਲ ਵਿਚ ਕੌਲ ਅਲਿਪ ਹੋਇ ਆਸ ਨਿਰਾਸ ਵਲੇਵੇ ਵਲਣਾ॥ (18-17-3)
ਅਹਿਰਣ ਘਣ ਹੀਰੇ ਜੁਗ ਗੁਰਮਤ ਨਿਹਚਲ ਅਟਲ ਨ ਟਲਣਾ॥ (18-17-4)
ਪਰ ਉਪਕਾਰ ਵੀਚਾਰ ਵਿਚ ਜੀਅ ਦਯਾ ਮੋਮ ਵਾਂਗੀ ਢਲਣਾ॥ (18-17-5)
ਚਾਰ ਵਰਨ ਤੰਬੋਲ ਰਸ ਆਪ ਗਵਾਇ ਰਲਾਯਾ ਰਲਣਾ॥ (18-17-6)
ਵੱਟੀ ਤੇਲ ਦੀਵਾ ਹੋਇ ਬਲਣਾ ॥੧੭॥ (18-17-7)

ਸਤ ਸੰਤੋਖ ਦਇਆ ਧਰਮ ਅਰਥ ਕਰੋੜ ਨ ਓੜਕ ਜਾਣੈ॥ (18-18-1)
ਚਾਰ ਪਦਾਰਥ ਆਖੀਅਨਿ ਹੋਇ ਲਖੂਣ ਨ ਪਲ ਪਰਵਾਣੈ॥ (18-18-2)
ਰਿਧੀ ਸਿਧੀ ਲਖ ਲਖ ਨਿਧਾਨ ਲਖ ਤਿਲ ਨ ਤੁਲਾਣੈ॥ (18-18-3)
ਦਰਸ਼ਨ ਦਿਸ਼ਟਸੰਜੋਗ ਲਖ ਸ਼ਬਦ ਸੁਰਤਿ ਲਿਵਲਖ ਹੈਰਾਣੈ॥ (18-18-4)
ਗਿਆਨ ਧਿਆਨ ਸਿਮਰਨ ਅਸੰਖ ਭਗਤ ਜੁਗਤ ਲਖ ਨੇਤ ਵਖਾਣੈ॥ (18-18-5)
ਪਿਰਮ ਪਿਆਲਾ ਸਹਜ ਘਰ ਗੁਰਮੁਖ ਸੁਖਫਲ ਚੋਜ ਵਿਡਾਣੈ॥ (18-18-6)
ਮਤ ਬੁਧਿ ਸੁਧਿ ਲੱਖ ਮੇਲ ਮਿਲਾਣੈ ॥੧੮॥ (18-18-7)

ਜਪ ਤਪ ਸੰਜਮ ਲੱਖ ਲੱਖ ਹੋਮ ਜਗ ਨਈਵੇਦ ਕਰੋੜੀ॥ (18-19-1)
ਵਰਤ ਨੇਮ ਸੰਜਮ ਘਣੇ ਕਰਮ ਧਰਮ ਲਖ ਤੰਦ ਮਰੋੜੀ॥ (18-19-2)
ਤੀਰਥ ਪੁਰਬ ਸੰਜੋਗ ਲਖ ਪੁੰਨ ਦਾਨ ਉਪਕਾਰਨ ਓੜੀ॥ (18-19-3)
ਦੇਵੀ ਦੇਵ ਸਰੇਵਣੇ ਵਰ ਸਰਾਪ ਲਖ ਜੋੜ ਵਿਛੋੜੀ॥ (18-19-4)
ਦਰਸ਼ਨ ਵਰਨ ਅਵਰਣ ਲਖ ਪੂਜਾ ਅਰਚਾ ਬੰਧਨ ਤੋੜੀ॥ (18-19-5)
ਲੋਕ ਵੇਦ ਗੁਣ ਗਿਆਨ ਲਖ ਜੋਗ ਭੋਗ ਲਖ ਝਾੜ ਪਛੋੜੀ॥ (18-19-6)
ਸਚਹੁੰ ਓਰੈ ਸਭ ਕਿਹੁ ਲਖ ਸਿਆਣਪ ਸਭਾ ਥੋੜੀ॥ (18-19-7)
ਉਪਰ ਸਚ ਅਚਾਰ ਚਮੋੜੀ ॥੧੯॥ (18-19-8)

ਸਤਿਗੁਰ ਸਚਾ ਪਾਤਿਸ਼ਾਹ ਸਾਧ ਸੰਗਤਿ ਸਚੁ ਤਖਤ ਸੁਹੇਲਾ॥ (18-20-1)
ਸਚ ਸ਼ਬਦ ਟਕਸਾਲ ਸਚ ਅਸ਼ਟਧਾਤ ਇਕ ਪਾਰਸ ਮੇਲਾ॥ (18-20-2)
ਸਚਾ ਅਬਿਚਲ ਰਾਜ ਹੈ ਸਚ ਮਹਲ ਨਵਹਾਣ ਨਵੇਲਾ॥ (18-20-3)
ਸਚਾ ਹੁਕਮ ਵਰਤਦਾ ਸਚਾ ਅਮਰ ਸਚੋ ਰਸ ਕੇਲਾ॥ (18-20-4)
ਸਚੀ ਸਿਫਤ ਸਲਾਹ ਸਚ ਸਚ ਸਲਾਹਣ ਅੰਮ੍ਰਿਤ ਵੇਲਾ॥ (18-20-5)
ਸਚਾ ਗੁਰਮੁਖ ਪੰਥ ਹੈ ਸਚ ਉਪਦੇਸ਼ ਨ ਗਰਬ ਗਹੇਲਾ॥ (18-20-6)
ਆਸਾ ਵਿਚ ਨਿਰਾਸ ਗਤਿ ਸੱਚਾ ਖੇਲ ਮੇਲ ਸਚੁ ਖੇਲਾ॥ (18-20-7)
ਗੁਰਮੁਖ ਸਿਖ ਗੁਰੂ ਗੁਰ ਚੇਲਾ ॥੨੦॥ (18-20-8)

ਗੁਰਮੁਖ ਹਉਮੈ ਪਰਹਰੈ ਮਨ ਭਾਵੈ ਖਸਮੈ ਦਾ ਭਾਣਾ॥ (18-21-1)
ਪੈਰੀਂ ਪੈ ਪਾਖਾਕ ਹੋਇ ਦਰਗਹ ਪਾਵੈ ਮਾਣ ਨਿਮਾਣਾ॥ (18-21-2)
ਵਰਤਮਾਨ ਵਿਚ ਵਰਤਦਾ ਹੋਵਣਹਾਰ ਸੋਈ ਪਰਵਾਣਾ॥ (18-21-3)
ਕਾਰਣ ਕਰਤਾ ਜੋ ਕਰੈ ਸਿਰ ਧਰ ਮੰਨ ਕਰੈ ਸ਼ੁਕਰਾਣਾ॥ (18-21-4)
ਰਾਜੀ ਹੋਇ ਰਜ਼ਾਇ ਵਿਚ ਦੁਨੀਆ ਅੰਦਰ ਜਿਉਂ ਮਿਹਮਾਣਾ॥ (18-21-5)
ਵਿਸਮਾਦੀ ਵਿਸਮਾਦ ਵਿਚ ਕੁਦਰਤ ਕਾਦਰ ਨੋਂ ਕੁਰਬਾਣਾ॥ (18-21-6)

ਲੇਪ ਅਲੇਪ ਸਦਾ ਨਿਰਬਾਣਾ ॥੨੧॥ (18-21-7)

ਹੁਕਮੈ ਬੰਦਾ ਹੋਇਕੈ ਸਾਹਿਬ ਦੇ ਹੁਕਮੈ ਵਿਚ ਰਹਿਣਾ॥ (18-22-1)
ਹੁਲਵਕਮੈ ਅੰਦਰ ਸਭਕੋ ਸਭਨਾਂ ਅਵਟਣ ਹੈ ਸਹਿਣਾ॥ (18-22-2)
ਦਿਲ ਦਰਯਾਉ ਸਮਾਉ ਕਰ ਗਰਬ ਗਵਾਇ ਗ੍ਰੀਬੀ ਵਹਿਣਾ॥ (18-22-3)
ਵੀਹ ਇਕੀਹ ਉਲੰਘਕੈ ਸਾਧ ਸੰਗਤਿ ਸਿੰਘਾਸਣ ਬਹਿਣਾ॥ (18-22-4)
ਸ਼ਬਦ ਸੁਰਤ ਲਿਵਲੀਣ ਹੋਇ ਅਨਭਉ ਅਘੜ ਅੜਾਏ ਗਹਿਣਾ॥ (18-22-5)
ਸਿਦਕ ਸਬੂਰੀ ਸਾਬਤਾ ਸ਼ਾਕਰ ਸ਼ੁਕਰ ਨ ਦੇਣਾ ਲਹਿਣਾ॥ (18-22-6)
ਨੀਰ ਨ ਡੁਬਣ ਅਹ ਨ ਦਹਿਣਾ ॥੨੨॥ (18-22-7)

ਮਿਹਰ ਮੁਹਬਤ ਆਸ਼ਕੀ ਇਸ਼ਕ ਮੁਸ਼ਕ ਕਿਉਂ ਲੁਕੈ ਲੁਕਾਯਾ॥ (18-23-1)
ਚੰਦਨ ਵਾਸ ਵਣਾਸਪਤ ਹੋਇ ਸੁਗੰਧ ਨ ਆਪ ਗਣਾਯਾ॥ (18-23-2)
ਨਦੀਆਂ ਨਾਲੇ ਗੰਗ ਮਿਲ ਹੋਇ ਪਵਿਤ ਨ ਆਖ ਸੁਣਾਯਾ॥ (18-23-3)
ਹੀਰੇ ਹੀਰਾ ਬੇਧਿਆ ਅਣੀ ਕਣੀ ਹੋਇ ਰਿਦੈ ਸਮਾਯਾ॥ (18-23-4)
ਸਾਧ ਸੰਗਤਿ ਮਿਲ ਸਾਧ ਹੋਇ ਪਾਰਸ ਮਿਲ ਪਾਰਸ ਹੁਇ ਆਯਾ॥ (18-23-5)
ਨੇਹਚਲ ਨੇਹਚਲ ਗੁਰਮਤੀ ਭਗਤ ਵਛਲ ਹੁਇ ਅਛਲ ਛਲਾਯਾ॥ (18-23-6)
ਗੁਰਮੁਖ ਸੁਖਫਲ ਅਲਖ ਲਖਾਯਾ ॥੨੩॥੧੮॥ (18-23-7)

Vaar 19

ੴ ਸਤਿਗੁਰਪ੍ਰਸਾਦਿ ॥ (19-1-1)

ਗੁਰਮੁਖ ਏਕੰਕਾਰ ਆਪ ਉਪਾਇਆ॥ (19-1-2)
ਓਅੰਕਾਰ ਆਕਾਰ ਪਰਗਟੀ ਆਇਆ॥ (19-1-3)
ਪੰਚ ਤੱਤ ਵਿਸਥਾਰ ਚਲਿਤ ਰਚਾਇਆ॥ (19-1-4)
ਥਾਣੀ ਬਾਣੀ ਚਾਰ ਜਗਤ ਉਪਾਇਆ॥ (19-1-5)
ਕੁਦਰਤ ਅਗਮ ਅਪਾਰਅੰਤ ਨ ਪਾਇਆ॥ (19-1-6)
ਸਚ ਨਾਉਂ ਕਰਤਾਰ ਸਚ ਸਮਾਇਆ ॥੧॥ (19-1-7)

ਲਖ ਚੋਰਾਸੀਹ ਜੂਨਿ ਫੇਰ ਫਿਰਾਇਆ॥ (19-2-1)
ਮਾਨਸ ਜਨਮ ਦੁਲੰਭ ਕਰਮੀ ਪਾਇਆ॥ (19-2-2)
ਉੱਤਮ ਗੁਰਮੁਖ ਪੰਥ ਆਪ ਗਵਾਇਆ॥ (19-2-3)
ਸਾਧ ਸੰਗਤ ਰਹਿਰਾਸ ਪੈਰੀਂ ਪਾਇਆ॥ (19-2-4)
ਨਾਮੁ ਦਾਨ ਇਸ਼ਨਾਨ ਸਚੁ ਦਿੜਾਇਆ॥ (19-2-5)
ਸ਼ਬਦ ਸੁਰਤਿ ਲਿਵਲੀਣ ਭਾਣਾ ਭਾਇਆ ॥੨॥ (19-2-6)

ਗੁਰਮੁਖ ਸੁਘੜ ਸੁਜਾਣ ਗੁਰ ਸਮਝਾਇਆ॥ (19-3-1)
ਮਿਹਮਾਣੀ ਮਿਹਮਾਣ ਮਜਲਸ ਆਇਆ॥ (19-3-2)
ਖਾਵਾਲੇ ਸੋ ਖਾਣ ਪੀਐ ਪੀਆਇਆ॥ (19-3-3)
ਕਰੈ ਨ ਗਰਬ ਗੁਮਾਨਹਸੈ ਹਸਾਇਆ॥ (19-3-4)
ਪਾਹੁਨੜਾ ਪਰਵਾਣ ਕਾਜ ਸੁਹਾਇਆ॥ (19-3-5)
ਮਜਲਸ ਕਰ ਹੈਰਾਨ ਉਠ ਸਿਧਾਇਆ ॥੩॥ (19-3-6)

ਗੋਇਲੜਾ ਦਿਨ ਚਾਰ ਗੁਰਮੁਖ ਜਾਣੀਐ॥ (19-4-1)
ਮੰਝੀ ਲੈ ਮਿਹਰਵਾਨ ਚੋਜ ਵਿਡਾਣੀਐ॥ (19-4-2)
ਵਰਸੈ ਨਿਝਰਧਾਰ ਅੰਮ੍ਰਿਤ ਵਾਣੀਐ॥ (19-4-3)
ਵੰਝਲੀਆਂ ਝੀਂਗਾਰਮਜਲਸ ਮਾਣੀਐ॥ (19-4-4)
ਗਾਵਨ ਮਾਝ ਮਲਾਰ ਸੁਘੜ ਸੁਜਾਣੀਐ॥ (19-4-5)
ਹਉਮੈ ਗਰਬ ਨਿਵਾਰ ਮਨ ਵਸ ਜਾਣੀਐ॥ (19-4-6)
ਗੁਰਮੁਖ ਸ਼ਬਦ ਵਿਚਾਰਸਚ ਸਿਵਾਣੀਐ ॥੪॥ (19-4-7)

ਵਾਟ ਵਟਾਊ ਰਾਤ ਸਰਾਈਂ ਵਸਿਆ॥ (19-5-1)
ਉਠ ਚਲਿਆ ਪਰਭਾਤ ਮਾਰਗ ਦਸਿਆ॥ (19-5-2)
ਨਾਹਿ ਪਰਾਈ ਤਾਤ ਨ ਚਿਤ ਰਹਸਿਆ॥ (19-5-3)
ਮੁਏ ਨ ਪੁਛੈ ਜਾਤ ਵਿਵਾਹਿ ਨ ਹਸਿਆ॥ (19-5-4)
ਦਾਤਾ ਕਰੈ ਜੁ ਦਾਤ ਨ ਭੁਖਾ ਤਸਿਆ॥ (19-5-5)
ਗੁਰਮੁਖ ਸਿਮਰਣ ਵਾਤ ਕਵਲ ਵਿਗਸਿਆ ॥੫॥ (19-5-6)

ਦੀਵਾਲੀ ਦੀ ਰਾਤ ਦੀਵੇ ਬਾਲੀਅਨਿ॥ (19-6-1)
ਤਾਰੇ ਜਾਤ ਸਨਾਤ ਅੰਬਰ ਭਾਲੀਅਨਿ॥ (19-6-2)
ਫੁਲਾਂ ਦੀ ਬਾਗਾਤ ਚੁਣ ਚੁਣ ਚਾਲੀਅਨਿ॥ (19-6-3)
ਤੀਰਥਿ ਜਾਤੀ ਜਾਤ ਨੈਣ ਨਿਹਾਲੀਅਨਿ॥ (19-6-4)
ਹਰਿ ਚੰਦੁਰੀ ਝਾਤ ਵਸਾਇ ਉਚਾਲੀਅਨਿ॥ (19-6-5)
ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨਿ ॥੬॥ (19-6-6)

ਗੁਰਮੁਖ ਮਨ ਪਰਗਾਸ ਗੁਰੂ ਉਪਦੇਸਿਆ॥ (19-7-1)
ਪੇਈਅੜੈ ਘਰ ਵਾਸੁ ਮਿਟੇ ਅੰਦੇਸਿਆ॥ (19-7-2)
ਆਵਾ ਵਿਚ ਨਿਰਾਸ ਗਿਆਨ ਅਵੇਸਿਆ॥ (19-7-3)
ਸਾਧ ਸੰਗਤਿ ਰਹਿਰਾਸ ਸ਼ਬਦ ਸੰਦੇਸਿਆ॥ (19-7-4)
ਗੁਰਮੁਖ ਦਾਸਨਿ ਦਾਸ ਮਤਿ ਪਰਵੇਸਿਆ॥ (19-7-5)
ਸਿਮਰਣ ਸਾਸ ਗਿਰਾਸ ਦੇਸ ਵਿਦੇਸਿਆ ॥੭॥ (19-7-6)

ਨਦੀ ਨਾਵ ਸੰਜੋਗ ਮੇਲ ਮਿਲਾਇਆ॥ (19-8-1)
ਸੁਹਣੇ ਅੰਦਰਿ ਭੋਗ ਰਾਜ ਕਮਾਇਆ॥ (19-8-2)
ਕਦੇ ਹਰਖ ਕਦੇ ਸੋਗ ਤਰਵਰ ਛਾਇਆ॥ (19-8-3)
ਕਟੈ ਹਉਮੈਂ ਰੋਗ ਨ ਆਪਿ ਗਣਾਇਆ॥ (19-8-4)
ਘਰ ਹੀ ਅੰਦਰ ਜੋਗ ਗੁਰਮੁਖ ਪਾਇਆ॥ (19-8-5)
ਹੋਵਣ ਹਾਰ ਸੁ ਹੋਗ ਗੁਰ ਸਮਝਾਇਆ ॥੮॥ (19-8-6)

ਗੁਰਮੁਖ ਸਾਧੂ ਸੰਗ ਚਲਣ ਜਾਣਿਆ॥ (19-9-1)
ਚੇਤ ਬਸੰਤ ਸੁ ਰੰਗ ਸਭ ਰੰਗ ਮਾਣਿਆ॥ (19-9-2)
ਸਾਵਣ ਲਹਰ ਤਰੰਗ ਨੀਰ ਨਿਵਾਣਿਆ॥ (19-9-3)
ਸਜਣ ਮੇਲ ਸੁ ਢੰਗ ਚੋਜ ਵਿਡਾਣਿਆ॥ (19-9-4)
ਗੁਰਮੁਖ ਪੰਥ ਨਿਪੰਗ ਦਰ ਖਰਵਾਣਿਆ॥ (19-9-5)
ਗੁਰਮਤਿ ਮੇਲ ਅਭੰਗ ਸਤਿ ਸੁਹਾਣਿਆ ॥੯॥ (19-9-6)

ਗੁਰਮੁਖ ਸਫਲ ਜਨੰਮ ਜਗ ਵਿਚ ਆਇਆ॥ (19-10-1)
ਗੁਰਮਤਿ ਪੂਰ ਕਰੰਮ ਆਪ ਗਵਾਇਆ॥ (19-10-2)
ਭਾਉ ਭਗਤਿ ਕਰ ਕੰਮ ਸੁਖਫਲ ਪਾਇਆ॥ (19-10-3)
ਗੁਰ ਉਪਦੇਸ਼ ਅਗੰਮ ਰਿਦ ਵਸਾਇਆ॥ (19-10-4)
ਧੀਰਜ ਧੁਜਾ ਧਰੰਮ ਸਹਿਜ ਸੁਭਾਇਆ॥ (19-10-5)
ਸਹੈ ਨ ਦੁਖ ਸਹੰਮ ਭਾਣਾ ਭਾਇਆ ॥੧੦॥ (19-10-6)

ਗੁਰਮੁਖ ਦੁਰਲਭ ਦੇਹ ਅਉਸਰ ਜਾਣਦੇ॥ (19-11-1)
ਸਾਧ ਸੰਗਤ ਅਸਨੇਹ ਸਭ ਰੰਗ ਮਾਣਦੇ॥ (19-11-2)
ਸ਼ਬਦ ਸੁਰਤਿ ਲਿਵ ਲੇਹ ਆਖ ਅਖਾਣਦੇ॥ (19-11-3)
ਦੇਹੀ ਵਿਚ ਬਿਦੇਹ ਸਚ ਸਿਵਾਣਦੇ॥ (19-11-4)
ਦੁਬਿਧਾ ਓਹ ਨ ਏਹ ਇਕ ਪਛਾਣਦੇ॥ (19-11-5)

ਚਾਰ ਦਿਹਾੜੇ ਥੇਹ ਮਨ ਵਿਚ ਆਣਦੇ ॥੧੧॥ (19-11-6)

ਗੁਰਮੁਖ ਪਰ ਉਪਕਾਰੀ ਵਿਰਲਾ ਆਇਆ॥ (19-12-1)
ਗੁਰਮੁਖ ਸੁਖ ਫਲ ਪਾਇ ਆਪ ਗਵਾਇਆ॥ (19-12-2)
ਗੁਰਮੁਖ ਸਾਖੀ ਸ਼ਬਦ ਸਿਖ ਸੁਣਾਇਆ॥ (19-12-3)
ਗੁਰਮੁਖ ਸ਼ਬਦ ਵੀਚਾਰ ਸੱਚ ਕਮਾਇਆ॥ (19-12-4)
ਸਚ ਰਿਦੈ ਮੁਹਿ ਸਚ ਸਚ ਸੁਹਾਇਆ॥ (19-12-5)
ਗੁਰਮੁਖ ਜਨਮ ਸਵਾਰ ਜਗਤ ਤਰਾਇਆ ॥੧੨॥ (19-12-6)

ਗੁਰਮੁਖ ਆਪ ਗਵਾਇ ਆਪ ਪਛਾਣਿਆ॥ (19-13-1)
ਗੁਰਮੁਖ ਸਤ ਸੰਤੋਖ ਸਹਿਜ ਸਮਾਣਿਆ॥ (19-13-2)
ਗੁਰਮੁਖ ਧੀਰਜ ਧਰਮ ਦਇਆ ਸੁਖ ਮਾਣਿਆ॥ (19-13-3)
ਗੁਰਮੁਖ ਅਰਥ ਵੀਚਾਰ ਸ਼ਬਦ ਵਖਾਣਿਆ॥ (19-13-4)
ਗੁਰਮੁਖ ਹੋਂਦੇ ਤਾਣ ਰਹੇ ਨਿਤਾਣਿਆ॥ (19-13-5)
ਗੁਰਮੁਖ ਦਰਗਹ ਮਾਣ ਹੋਇ ਨਿਮਾਣਿਆ ॥੧੩॥ (19-13-6)

ਗੁਰਮੁਖ ਜਨਮ ਸਵਾਰ ਦਰਗਹ ਚਲਿਆ॥ (19-14-1)
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥ (19-14-2)
ਗੁਰਮੁਖ ਭੋਜਨ ਭਾਉ ਚਾਉ ਅਲਲਿਆ॥ (19-14-3)
ਗੁਰਮੁਖ ਨਿਹਚਲ ਚਿਤ ਨ ਹਲੈ ਹਲਿਆ॥ (19-14-4)
ਗੁਰਮੁਖ ਸਚ ਅਲਾਉ ਭਲੀ ਹੂੰ ਭਲਿਆ॥ (19-14-5)
ਗੁਰਮੁਖ ਸਦੇ ਜਾਨ ਆਵਨ ਘਲਿਆ ॥੧੪॥ (19-14-6)

ਗੁਰਮੁਖ ਸਾਧ ਅਸਾਧ ਸਾਧ ਵਖਾਣੀਐ॥ (19-15-1)
ਗੁਰਮੁਖ ਬੁਧਿ ਬਿਬੇਕ ਬਿਬੇਕੀ ਜਾਣੀਐ॥ (19-15-2)
ਗੁਰਮੁਖ ਭਾਉ ਭਗਤਿ ਭਗਤ ਪਛਾਣੀਐ॥ (19-15-3)
ਗੁਰਮੁਖ ਬ੍ਰਹਮ ਗਿਆਨ ਗਿਆਨੀ ਬਾਣੀਐ॥ (19-15-4)
ਗੁਰਮੁਖ ਪੂਰਣ ਮਤਿ ਸ਼ਬਦ ਨੀਸਾਣੀਐ॥ (19-15-5)
ਗੁਰਮੁਖ ਪਉੜੀ ਪਤਿ ਪਿਰਮ ਰਸ ਮਾਣੀਐ ॥੧੫॥ (19-15-6)

ਸਚ ਨਾਉਂ ਕਰਤਾਰ ਗੁਰਮੁਖ ਪਾਈਐ॥ (19-16-1)
ਗੁਰਮੁਖ ਓਅੰਕਾਰ ਸ਼ਬਦ ਧਿਆਈਐ॥ (19-16-2)
ਗੁਰਮੁਖ ਸ਼ਬਦ ਵੀਚਾਰ ਸ਼ਬਦ ਲਿਵ ਲਾਈਐ॥ (19-16-3)
ਗੁਰਮੁਖ ਸਚ ਅਚਾਰ ਸਚ ਕਮਾਈਐ॥ (19-16-4)
ਗੁਰਮੁਖ ਮੋਖ ਦੁਆਰ ਸਹਜ ਸਮਾਈਐ॥ (19-16-5)
ਗੁਰਮੁਖ ਨਾਮ ਅਧਾਰ ਨ ਪਛੋਤਾਈਐ ॥੧੬॥ (19-16-6)

ਗੁਰਮੁਖ ਪਾਰਸ ਪਰਸ ਪਾਰਸ ਹੋਈਐ॥ (19-17-1)
ਗੁਰਮੁਖ ਹੋਇ ਅਪਰਸ ਦਰਸ ਅਲੋਈਐ॥ (19-17-2)
ਗੁਰਮੁਖ ਬ੍ਰਹਮ ਧਿਆਨ ਦੁਬਿਧਾ ਖੋਈਐ॥ (19-17-3)

ਗੁਰਮੁਖ ਪਰ ਧਨ ਰੂਪ ਨਿੰਦ ਨ ਗੋਈਐ॥ (19-17-4)
ਗੁਰਮੁਖ ਅੰਮ੍ਰਿਤ ਨਾਉ ਸ਼ਬਦ ਵਿਲੋਈਐ॥ (19-17-5)
ਗੁਰਮੁਖ ਹਸਦਾ ਜਾਇ ਅੰਤ ਨ ਰੋਈਐ ॥੧੭॥ (19-17-6)

ਗੁਰਮੁਖ ਪੰਡਿਤ ਹੋਇ ਜਗ ਪਰਬੋਧੀਐ॥ (19-18-1)
ਗੁਰਮੁਖ ਸਤ ਸੰਤੋਖ ਨ ਕਾਮ ਵਿਰੋਧੀਐ॥ (19-18-2)
ਗੁਰਮੁਖ ਆਪ ਗਵਾਇ ਅੰਦਰ ਸੋਧੀਐ॥ (19-18-3)
ਗੁਰਮੁਖ ਹੈ ਨਿਰਵੈਰ ਨ ਵੈਰ ਵਿਰੋਧੀਐ॥ (19-18-4)
ਚਹੁੰ ਵਰਨਾ ਉਪਦੇਸ ਸਹਿਜ ਸਮੋਧੀਐ॥ (19-18-5)
ਧੰਨ ਜਣੇਂਦੀ ਮਾਉਂ ਜੋਧਾ ਜੋਧੀਐ ॥੧੮॥ (19-18-6)

ਗੁਰਮੁਖ ਸਤਿਗੁਰ ਵਾਹ ਸ਼ਬਦ ਸਲਾਹੀਐ॥ (19-19-1)
ਗੁਰਮੁਖ ਸਿਫਤ ਸਲਾਹ ਸਚੀ ਪਾਤਿਸ਼ਾਹੀਐ॥ (19-19-2)
ਗੁਰਮੁਖ ਸਚ ਸਨਾਹਦਾਤ ਇਲਾਹੀਐ॥ (19-19-3)
ਗੁਰਮੁਖ ਗਾਡੀ ਰਾਹ ਸਚ ਨਿਬਾਹੀਅ॥ (19-19-4)
ਗੁਰਮੁਖ ਮਤਿ ਅਗਾਹ ਨ ਗਹਣ ਗਹਾਈਐ॥ (19-19-5)
ਗੁਰਮੁਖ ਬੇਪਰਵਾਹ ਨ ਬੇਪਰਵਾਹੀਐ ॥੧੯॥ (19-19-6)

ਗੁਰਮੁਖ ਪੂਰਾ ਤੋਲ ਨ ਤੋਲਣ ਤੋਲੀਐ॥ (19-20-1)
ਗੁਰਮੁਖ ਪੂਰਾ ਬੋਲ ਨ ਬੋਲਨ ਬੋਲੀਐ॥ (19-20-2)
ਗੁਰਮੁਖ ਮਤਿ ਅਡੋਲ ਨ ਡੋਲਣ ਡੋਲੀਐ॥ (19-20-3)
ਗੁਰਮੁਖ ਪਿਰਮ ਅਮੋਲ ਨ ਮੋਲਣ ਮੋਲੀਐ॥ (19-20-4)
ਗੁਰਮੁਖ ਪੰਥ ਨਿਰੋਲ ਨ ਰੋਲਣ ਰੋਲੀਐ॥ (19-20-5)
ਗੁਰਮੁਖ ਸ਼ਬਦ ਅਲੋਲ ਪੀ ਅੰਮ੍ਰਿਤ ਝੋਲੀਐ ॥੨੦॥ (19-20-6)

ਗੁਰਮੁਖ ਸੁਖਫਲ ਪਾਇ ਸਭ ਫਲ ਪਾਇਆ॥ (19-21-1)
ਰੰਗ ਸੁਰੰਗ ਚੜ੍ਹਾਇ ਸਭ ਰੰਗ ਲਾਇਆ॥ (19-21-2)
ਗੰਧ ਸੁਗੰਧ ਸਮਾਇ ਬੋਹਿ ਬੋਹਾਇਆ॥ (19-21-3)
ਅੰਮ੍ਰਿਤ ਰਸ ਤ੍ਰਿਪਤਾਇ ਸਭ ਰਸ ਆਇਆ॥ (19-21-4)
ਸ਼ਬਦ ਸੁਰਤਿ ਲਿਵਲਾਇ ਅਨਹਦ ਵਾਇਆ॥ (19-21-5)
ਨਿਜ ਘਰ ਨਿਹਚਲ ਜਾਇ ਨ ਦਹਦਿਸ ਧਾਇਆ ॥੨੧॥੧੯॥ (19-21-6)

Vaar 20

ੴ ਸਤਿਗੁਰਪ੍ਰਸਾਦਿ ॥ (20-1-1)

ਸਤਿਗੁਰ ਨਾਨਕ ਦੇਉ ਆਪ ਉਪਾਇਆ॥ (20-1-2)
ਗੁਰ ਅੰਦਰ ਗੁਰਸਿਖੁ ਬਬਾਣੈ ਆਇਆ॥ (20-1-3)
ਗੁਰਸਿਖੁ ਹੈ ਗੁਰ ਅਮਰ ਸਤਿਗੁਰ ਭਾਇਆ॥ (20-1-4)
ਰਾਮਦਾਸੁ ਗੁਰਸਿਖੁ ਗੁਰੁ ਸਦਵਾਇਆ॥ (20-1-5)
ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ॥ (20-1-6)
ਗੁਰਸਿਖੁ ਹਰ ਗੋਵਿੰਦ ਨ ਲੁਕੈ ਲੁਕਾਇਆ ॥੧॥ (20-1-7)

ਗੁਰਮੁਖਿ ਪਾਰਸੁ ਹੋਇ ਪੂਜ ਕਰਾਇਆ॥ (20-2-1)
ਅਸਟ ਧਾਤ ਇਕ ਧਾਤ ਜੋਤਿ ਜਗਾਇਆ॥ (20-2-2)
ਬਾਵਨ ਚੰਦਨ ਹੋਇ ਬਿਰਖ ਬੋਹਾਇਆ॥ (20-2-3)
ਗੁਰਸਿਖੁ ਸਿਖੁ ਗੁਰ ਹੋਇ ਅਚਰਜੁ ਦਿਖਾਇਆ॥ (20-2-4)
ਜੋਤੀ ਜੋਤਿ ਜਗਾਇ ਦੀਪੁ ਦੀਪਾਇਆ॥ (20-2-5)
ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ ॥੨॥ (20-2-6)

ਗੁਰਮੁਖਿ ਸੁਖ ਫਲੁ ਜਨਮੁ ਸਤਿਗੁਰੁ ਪਾਇਆ॥ (20-3-1)
ਗੁਰਮੁਖਿ ਪੂਰ ਕਰੰਮੁ ਸਰਣੀ ਆਇਆ॥ (20-3-2)
ਸਤਿਗੁਰ ਪੈਰੀ ਪਾਇ ਨਾਉਂ ਦਿੜ੍ਹਾਇਆ॥ (20-3-3)
ਘਰ ਹੀ ਵਿਚਿ ਉਦਾਸੁ ਨ ਵਿਆਪੈ ਮਾਇਆ॥ (20-3-4)
ਗੁਰ ਉਪਦੇਸੁ ਕਮਾਇ ਅਲਖ ਲਖਾਇਆ॥ (20-3-5)
ਗੁਰਮੁਖਿ ਜੀਵਨ ਮੁਕਤੁ ਆਪ ਗਵਾਇਆ ॥੩॥ (20-3-6)

ਗੁਰਮੁਖਿ ਆਪੁ ਗਵਾਇ ਨ ਆਪ ਗਣਾਇਆ॥ (20-4-1)
ਦੂਜਾ ਭਾਉ ਮਿਟਾਇ ਇਕੁ ਧਿਆਇਆ॥ (20-4-2)
ਗੁਰ ਪਰਮੇਸਰੁ ਜਾਣਿ ਸਬਦੁ ਕਮਾਇਆ॥ (20-4-3)
ਗੁਰਮੁਖਿ ਕਾਰ ਕਮਾਇ ਸੁਖ ਫਲੁ ਪਾਇਆ॥ (20-4-4)
ਪਿਰਮ ਪਿਆਲਾ ਪਾਇ ਅਜਰੁ ਜਰਾਇਆ ॥੪॥ (20-4-5)

ਅੰਮ੍ਰਿਤ ਵੇਲੇ ਉਠਿ ਜਾਗ ਜਗਾਇਆ॥ (20-5-1)
ਗੁਰਮੁਖਿ ਤੀਰਥ ਨਾਇ ਭਰਮ ਗਵਾਇਆ॥ (20-5-2)
ਗੁਰਮੁਖਿ ਮੰਤੁ ਸਮ੍ਹਾਲਿ ਜਪੁ ਜਪਾਇਆ॥ (20-5-3)
ਗੁਰਮੁਖਿ ਨਿਹਚਲੁ ਹੋਇ ਇਕ ਮਨਿ ਧਿਆਇਆ॥ (20-5-4)
ਮਥੈ ਟਿਕਾ ਲਾਲੁ ਨੀਸਾਣੁ ਸੁਹਾਇਆ॥ (20-5-5)
ਪੈਰੀ ਪੈ ਗੁਰ ਸਿਖ ਪੈਰੀ ਪਾਇਆ ॥੫॥ (20-5-6)

ਪੈਰੀ ਪੈ ਗੁਰਸਿਖ ਪੈਰ ਧੁਆਇਆ॥ (20-6-1)
ਅੰਮ੍ਰਿਤ ਵਾਣੀ ਚਖਿ ਮਨੁ ਵਸਿ ਆਇਆ॥ (20-6-2)

ਪਾਣੀ ਪਖਾ ਪੀਹਿ ਭਠੁ ਝੁਕਾਇਆ॥ (20-6-3)
ਗੁਰਬਾਣੀ ਸੁਣਿ ਸਿਖਿ ਲਿਖਿ ਲਿਖਾਇਆ॥ (20-6-4)
ਨਾਮੁ ਦਾਨੁ ਇਸਨਾਨੁ ਕਰਮ ਕਮਾਇਆ॥ (20-6-5)
ਨਿਵ ਚਲਣੁ ਮਿਠ ਬੋਲ ਘਾਲਿ ਖਵਾਇਆ ॥੬॥ (20-6-6)

ਗੁਰਸਿਖਾਂ ਗੁਰਸਿਖ ਮੇਲਿ ਮਿਲਾਇਆ॥ (20-7-1)
ਭਾਇ ਭਗਤਿ ਗੁਰਪੁਰਬ ਕਰੈ ਕਰਾਇਆ॥ (20-7-2)
ਗੁਰਸਿਖ ਦੇਵੀ ਦੇਵ ਜਠੇਰੇ ਭਾਇਆ॥ (20-7-3)
ਗੁਰਸਿਖ ਮਾਂ ਪਿਉ ਵੀਰ ਕੁਟੰਬ ਸਬਾਇਆ॥ (20-7-4)
ਗੁਰਸਿਖ ਖੇਤੀ ਵਣਜੁ ਲਾਹਾ ਪਾਇਆ॥ (20-7-5)
ਹੰਸ ਵੰਸ ਗੁਰਸਿਖ ਗੁਰਸਿਖ ਜਾਇਆ ॥੭॥ (20-7-6)

ਸਜਾ ਖਬਾ ਸਉਣੁ ਨ ਮੰਨਿ ਵਸਾਇਆ॥ (20-8-1)
ਨਾਰਿ ਪੁਰਖ ਨੋ ਵੇਖਿ ਨ ਪੈਰੁ ਹਟਾਇਆ॥ (20-8-2)
ਭਾਖ ਸੁਭਾਖ ਵੀਚਾਰਿ ਨ ਛਿਕ ਮਨਾਇਆ॥ (20-8-3)
ਦੇਵੀ ਦੇਵ ਨ ਸੇਵਿ ਨ ਪੂਜ ਕਰਾਇਆ॥ (20-8-4)
ਭੰਭਲ ਭੂਸੇ ਖਾਇ ਨ ਮਨੁ ਭਰਮਾਇਆ॥ (20-8-5)
ਗੁਰਸਿਖ ਸਚਾ ਖੇਤੁ ਬੀਜ ਫਲਾਇਆ ॥੮॥ (20-8-6)

ਕਿਰਤਿ ਵਿਰਤਿ ਮਨੁ ਧਰਮੁ ਸਚੁ ਦਿੜਾਇਆ॥ (20-9-1)
ਸਚੁ ਨਾਉ ਕਰਤਾਰੁ ਆਪੁ ਉਪਾਇਆ॥ (20-9-2)
ਸਤਿਗੁਰ ਪੁਰਖੁ ਦਇਆਲੁ ਦਇਆ ਕਰਿ ਆਇਆ॥ (20-9-3)
ਨਿਰੰਕਾਰ ਆਕਾਰੁ ਸਬਦੁ ਸੁਣਾਇਆ॥ (20-9-4)
ਸਾਧ ਸੰਗਤਿ ਸਚੁ ਖੰਡ ਥੇਹੁ ਵਸਾਇਆ॥ (20-9-5)
ਸਚਾ ਤਖਤੁ ਬਣਾਇ ਸਲਾਮੁ ਕਰਾਇਆ ॥੯॥ (20-9-6)

ਗੁਰਸਿਖਾ ਗੁਰਸਿਖ ਸੇਵਾ ਲਾਇਆ॥ (20-10-1)
ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ॥ (20-10-2)
ਤਪੜੁ ਝਾੜਿ ਵਿਛਾਇ ਧੂੜੀ ਨਾਇਆ॥ (20-10-3)
ਕੋਰੇ ਮਟ ਅਣਾਇ ਨੀਰੁ ਭਰਾਇਆ॥ (20-10-4)
ਆਣਿ ਮਹਾ ਪਰਸਾਦੁ ਵੰਡਿ ਖੁਆਇਆ ॥੧੦॥ (20-10-5)

ਹੋਇ ਬਿਰਖ ਸੰਸਾਰੁ ਸਿਰ ਤਲਵਾਇਆ॥ (20-11-1)
ਨਿਹਚਲੁ ਹੋਇ ਨਿਵਾਸੁ ਸੀਸੁ ਨਿਵਾਇਆ॥ (20-11-2)
ਹੋਇ ਸੁਫਲ ਫਲੁ ਸਫਲੁ ਵਟ ਸਹਾਇਆ॥ (20-11-3)
ਸਿਰਿ ਕਰਵਤੁ ਧਰਾਇ ਜਹਾਜੁ ਬਣਾਇਆ॥ (20-11-4)
ਪਾਣੀ ਦੇ ਸਿਰਿ ਵਾਟ ਰਾਹੁ ਚਲਾਇਆ॥ (20-11-5)
ਸਿਰਿ ਕਰਵਤੁ ਧਰਾਇ ਸੀਸ ਚੜਾਇਆ ॥੧੧॥ (20-11-6)

ਲੋਹੇ ਤਛਿ ਤਛਾਇ ਲੋਹਿ ਜੜਾਇਆ॥ (20-12-1)

ਲੋਹਾ ਸੀਸੁ ਚੜਾਇ ਨੀਰਿ ਤਰਾਇਆ॥ (20-12-2)
ਆਪਨੜਾ ਪੁਤੁ ਪਾਲਿ ਨ ਨੀਰਿ ਡੁਬਾਇਆ॥ (20-12-3)
ਅਗਰੈ ਡੋਬੈ ਜਾਣਿ ਡੋਬਿ ਤਰਾਇਆ॥ (20-12-4)
ਗੁਣ ਕੀਤੇ ਗੁਣ ਹੋਇ ਜਗੁ ਪਤੀਆਇਆ॥ (20-12-5)
ਅਵਗੁਣ ਸਹਿ ਗੁਣੁ ਕਰੈ ਘੋਲਿ ਘੁਮਾਇਆ ॥੧੨॥ (20-12-6)

ਮੰਨੈ ਸਤਿਗੁਰ ਹੁਕਮੁ ਹੁਕਮਿ ਮਨਾਇਆ॥ (20-13-1)
ਭਾਣਾ ਮੰਨੈ ਹੁਕਮਿ ਗੁਰ ਫੁਰਮਾਇਆ॥ (20-13-2)
ਪਿਰਮ ਪਿਆਲਾ ਪੀਵਿ ਅਲਖੁ ਲਖਾਇਆ॥ (20-13-3)
ਗੁਰਮੁਖਿ ਅਲਖੁ ਲਖਾਇ ਨ ਅਲਖੁ ਲਖਾਇਆ॥ (20-13-4)
ਗੁਰਮੁਖਿ ਆਪੁ ਗਵਾਇ ਨ ਆਪੁ ਗਣਾਇਆ॥ (20-13-5)
ਗੁਰਮੁਖਿ ਸੁਖ ਫਲੁ ਪਾਇ ਬੀਜ ਫਲਾਇਆ ॥੧੩॥ (20-13-6)

ਸਤਿਗੁਰ ਦਰਸਨੁ ਦੇਖਿ ਧਿਆਨ ਧਰਾਇਆ॥ (20-14-1)
ਸਤਿਗੁਰ ਸਬਦੁ ਵੀਚਾਰਿ ਗਿਆਨੁ ਕਮਾਇਆ॥ (20-14-2)
ਚਰਣ ਕਵਲ ਗੁਰ ਮੰਤੁ ਚਿਤਿ ਵਸਾਇਆ॥ (20-14-3)
ਸਤਿਗੁਰ ਸੇਵ ਕਮਾਇ ਸੇਵ ਕਰਾਇਆ॥ (20-14-4)
ਗੁਰ ਚੇਲਾ ਪਰਚਾਇ ਜਗ ਪਰਚਾਇਆ॥ (20-14-5)
ਗੁਰਮੁਖਿ ਪੰਥੁ ਚਲਾਇ ਨਿਜ ਘਰਿ ਛਾਇਆ ॥੧੪॥ (20-14-6)

ਜੋਗ ਜੁਗਤਿ ਗੁਰਸਿਖ ਗੁਰ ਸਮਝਾਇਆ॥ (20-15-1)
ਆਸਾ ਵਿਚਿ ਨਿਰਾਸਿ ਨਿਰਾਸੁ ਵਲਾਇਆ॥ (20-15-2)
ਥੋੜਾ ਪਾਣੀ ਅੰਨੁ ਖਾਇ ਪੀਆਇਆ॥ (20-15-3)
ਥੋੜਾ ਬੋਲਣ ਬੋਲਿ ਨ ਝਖਿ ਝਖਾਇਆ॥ (20-15-4)
ਥੋੜੀ ਰਾਤੀ ਨੀਦ ਨ ਮੋਹਿ ਫਹਾਇਆ॥ (20-15-5)
ਸੁਹਣੇ ਅੰਦਰਿ ਜਾਇ ਨ ਲੋਭ ਲੁਭਾਇਆ ॥੧੫॥ (20-15-6)

ਮੁੰਦ੍ਰਾ ਗੁਰ ਉਪਦੇਸੁ ਮੰਤ੍ਰ ਸੁਣਾਇਆ॥ (20-16-1)
ਖਿੰਥਾ ਖਿਮਾ ਸਿਵਾਇ ਝੋਲੀ ਪਤਿ ਮਾਇਆ॥ (20-16-2)
ਪੈਰੀ ਪੈ ਪਾਖਾਕ ਬਿਭੂਤ ਬਣਾਇਆ॥ (20-16-3)
ਪਿਰਮ ਪਿਆਲਾ ਪਤ ਭੋਜਨੁ ਭਾਇਆ॥ (20-16-4)
ਡੰਡਾ ਗਿਆਨ ਵਿਚਾਰੁ ਦੂਤ ਸਧਾਇਆ॥ (20-16-5)
ਸਹਜ ਗੁਫਾ ਸਤਿਸੰਗੁ ਸਮਾਧਿ ਸਮਾਇਆ ॥੧੬॥ (20-16-6)

ਸਿੰਙੀ ਸੁਰਤਿ ਵਿਸੇਖੁ ਸਬਦੁ ਵਜਾਇਆ॥ (20-17-1)
ਗੁਰਮੁਖਿ ਆਈ ਪੰਥੁ ਨਿਜ ਘਰੁ ਪਾਇਆ॥ (20-17-2)
ਆਦਿ ਪੁਰਖੁ ਆਦੇਸੁ ਅਲਖੁ ਲਖਾਇਆ॥ (20-17-3)
ਗੁਰ ਚੇਲੇ ਰਹਰਾਸਿ ਮਨੁ ਪਰਚਾਇਆ॥ (20-17-4)
ਵੀਹ ਇਕੀਹ ਚੜ੍ਹਾਇ ਸਬਦੁ ਮਿਲਾਇਆ ॥੧੭॥ (20-17-5)

ਗੁਰ ਸਿਖ ਸੁਣਿ ਗੁਰਸਿਖ ਸਿਖੁ ਸਦਾਇਆ॥ (20-18-1)
ਗੁਰਸਿਖੀ ਗੁਰਸਿਖ ਸਿਖ ਸੁਣਾਇਆ॥ (20-18-2)
ਗੁਰ ਸਿਖ ਸੁਣਿ ਕਰਿ ਭਾਉ ਮੰਨਿ ਵਸਾਇਆ॥ (20-18-3)
ਗੁਰਸਿਖਾ ਗੁਰ ਸਿਖ ਗੁਰਸਿਖ ਭਾਇਆ॥ (20-18-4)
ਗੁਰ ਸਿਖ ਗੁਰਸਿਖ ਸੰਗੁ ਮੇਲਿ ਮਿਲਾਇਆ॥ (20-18-5)
ਚਉਪੜਿ ਸੋਲਹ ਸਾਰ ਜੁਗ ਜਿਣਿ ਆਇਆ ॥੧੮॥ (20-18-6)

ਸਤਰੰਜ ਬਾਜੀ ਖੇਲੁ ਬਿਸਾਤਿ ਬਣਾਇਆ॥ (20-19-1)
ਹਾਥੀ ਘੋੜੇ ਰਥ ਪਿਆਦੇ ਆਇਆ॥ (20-19-2)
ਹੁਇ ਪਤਿਸਾਹ ਵਜੀਰ ਦੁਇ ਦਲ ਛਾਇਆ॥ (20-19-3)
ਹੋਇ ਗਡਾਵਡਿ ਜੋਧ ਜੁਧੁ ਮਚਾਇਆ॥ (20-19-4)
ਗੁਰਮੁਖਿ ਚਾਲ ਚਲਾਇ ਹਾਲ ਪੁਜਾਇਆ॥ (20-19-5)
ਪਾਇਕ ਹੋਇ ਵਜੀਰੁ ਗੁਰਿ ਪਹੁਚਾਇਆ ॥੧੯॥ (20-19-6)

ਭੈ ਵਿਚਿ ਨਿਮਣਿ ਨਿਮਿ ਭੈ ਵਿਚਿ ਜਾਇਆ॥ (20-20-1)
ਭੈ ਵਿਚਿ ਗੁਰਮੁਖਿ ਪੰਥਿ ਸਰਣੀ ਆਇਆ॥ (20-20-2)
ਭੈ ਵਿਚਿ ਸੰਗਤਿ ਸਾਧ ਸਬਦੁ ਕਮਾਇਆ॥ (20-20-3)
ਭੈ ਵਿਚਿ ਜੀਵਨੁ ਮੁਕਤਿ ਭਾਣਾ ਭਾਇਆ॥ (20-20-4)
ਭੈ ਵਿਚਿ ਜਨਮੁ ਵਸਾਰਿ ਸਹਜਿ ਸਮਾਇਆ॥ (20-20-5)
ਭੈ ਵਿਚਿ ਨਿਜ ਘਰਿ ਜਾਇ ਜਾਇ ਪੂਰਾ ਪਾਇਆ ॥੨੦॥ (20-20-6)

ਗੁਰ ਪਰਮੇਸਰੁ ਜਾਇ ਸਰਣੀ ਆਇਆ॥ (20-21-1)
ਗੁਰ ਚਰਣੀ ਚਿਤੁ ਲਾਇ ਨ ਚਲੈ ਚਲਾਇਆ॥ (20-21-2)
ਗੁਰਮਤਿ ਨਿਹਚਲੁ ਹੋਇ ਨਿਜ ਪਦ ਪਾਇਆ॥ (20-21-3)
ਗੁਰਮੁਖਿ ਕਾਰ ਕਮਾਇ ਭਾਣਾ ਭਾਇਆ॥ (20-21-4)
ਗੁਰਮੁਖਿ ਆਪੁ ਗਵਾਇ ਸਚਿ ਸਮਾਇਆ॥ (20-21-5)
ਸਫਲੁ ਜਨਮੁ ਜਗਿ ਆਇ ਜਗਤੁ ਤਰਾਇਆ ॥੨੧॥੨੦॥ (20-21-6)

Vaar 21

ੴ ਸਤਿਗੁਰਪ੍ਰਸਾਦਿ॥ (21-1-1)

ਪਾਤਿਸਾਹਾ ਪਾਤਿਸਾਹੁ ਸਤਿ ਸੁਹਾਣੀਐ॥ (21-1-2)
ਵਡਾ ਬੇ ਪਰਵਾਹ ਅੰਤੁ ਨ ਜਾਣੀਐ॥ (21-1-3)
ਲਉਬਾਲੀ ਦਰਗਹ ਆਖਿ ਵਖਾਣੀਐ॥ (21-1-4)
ਕੁਦਰਤ ਅਗਮੁ ਅਥਾਹੁ ਚੋਜ ਵਿਡਾਣੀਐ॥ (21-1-5)
ਸਚੀ ਸਿਫਤਿ ਸਲਾਹ ਅਕਥ ਕਹਾਣੀਐ॥ (21-1-6)
ਸਤਿਗੁਰ ਸਚੇ ਵਾਹੁ ਸਦ ਕੁਰਬਾਣੀਐ ॥੧॥ (21-1-7)

ਬ੍ਰਹਮੇ ਬਿਸਨ ਮਹੇਸ ਲਖ ਧਿਆਇਦੇ॥ (21-2-1)
ਨਾਰਦ ਸਾਰਦ ਸੇਸ ਕੀਰਤਿ ਗਾਇਦੇ॥ (21-2-2)
ਗਣ ਗੰਧਰਬ ਗਣੇਸ ਨਾਦ ਵਜਾਇਦੇ॥ (21-2-3)
ਛਿਅ ਦਰਸਨ ਕਰਿ ਵੇਸ ਸਾਂਗ ਬਣਾਇਦੇ॥ (21-2-4)
ਗੁਰ ਚੇਲੇ ਉਪਦੇਸ ਕਰਮ ਕਮਾਇਦੇ॥ (21-2-5)
ਆਦਿ ਪੁਰਖੁ ਆਦੇਸੁ ਪਾਰੁ ਨ ਪਾਇਦੇ ॥੨॥ (21-2-6)

ਪੀਰ ਪੈਕੰਬਰ ਹੋਇ ਕਰਦੇ ਬੰਦਗੀ॥ (21-3-1)
ਸੇਖ ਮਸਾਇਕ ਹੋਇ ਕਰਿ ਮੁਹਛੰਦਗੀ॥ (21-3-2)
ਗਉਸ ਕੁਤਬ ਕਈ ਲੋਇ ਦਰ ਬਖਸੰਦਗੀ॥ (21-3-3)
ਦਰ ਦਰਵੇਸ ਖਲੋਇ ਮਸਤ ਮਸੰਦਗੀ॥ (21-3-4)
ਵਲੀ-ਉਲਹ ਸੁਣਿ ਸੋਇ ਕਰਨਿ ਪਸੰਦਗੀ॥ (21-3-5)
ਦਰਗਹ ਵਿਰਲਾ ਕੋਇ ਬਖਤ ਬਿਲੰਦਗੀ ॥੩॥ (21-3-6)

ਸੁਣਿ ਆਖਾਣਿ ਵਖਾਣੁ ਆਖਿ ਵਖਾਣਿਆ॥ (21-4-1)
ਹਿੰਦੂ ਮੁਸਲਮਾਣੁ ਨ ਸਚੁ ਸਿਞਾਣਿਆ॥ (21-4-2)
ਦਰਗਹ ਪਤਿ ਪਰਵਾਣੁ ਮਾਣੁ ਨਿਮਾਣਿਆ॥ (21-4-3)
ਵੇਦ ਕਤੇਬ ਕੁਰਾਣੁ ਨ ਅਖਰ ਜਾਣਿਆ॥ (21-4-4)
ਦੀਨ ਦੁਨੀ ਹੈਰਾਣੁ ਚੋਜ ਵਿਡਾਣਿਆ॥ (21-4-5)
ਕਾਦਰ ਨੋ ਕੁਰਬਾਣੁ ਕੁਦਰਤਿ ਮਾਣਿਆ ॥੪॥ (21-4-6)

ਲਖ ਲਖ ਰੂਪ ਸਰੂਪ ਅਨੂਪ ਸਿਧਾਵਹੀ॥ (21-5-1)
ਰੰਗ ਬਿਰੰਗ ਸੁਰੰਗ ਤਰੰਗ ਬਣਾਵਹੀ॥ (21-5-2)
ਰਾਗ ਨਾਦ ਵਿਸਮਾਦ ਗੁਣ ਨਿਧਿ ਗਾਵਹੀ॥ (21-5-3)
ਰਸ ਕਸ ਲਖ ਸੁਆਦ ਚਖਿ ਚਖਾਵਹੀ॥ (21-5-4)
ਗੰਧ ਸੁਗੰਧ ਕਰੋੜਿ ਮਹਿ ਮਹਕਾਵਈ॥ (21-5-5)
ਗੈਰ ਮਹਲਿ ਸੁਲਤਾਨ ਮਹਲੁ ਨ ਪਾਵਹੀ ॥੫॥ (21-5-6)

ਸਿਵ ਸਕਤੀ ਦਾ ਮੇਲੁ ਦੁਬਿਧਾ ਹੋਵਈ॥ (21-6-1)

ਤ੍ਰੈ ਗੁਣ ਮਾਇਆ ਖੇਲੁ ਭਰਿ ਭਰਿ ਧੋਵਈ॥ (21-6-2)
ਚਾਰਿ ਪਦਾਰਥ ਭੇਲੁ ਹਾਰ ਪਰੋਵਈ॥ (21-6-3)
ਪੰਜਿ ਤਤ ਪਰਵੇਲ ਅੰਤਿ ਵਿਗੋਵਈ॥ (21-6-4)
ਛਿਅ ਰੁਤਿ ਬਾਰਹ ਮਾਹ ਹਸਿ ਹਸਿ ਰੋਵਈ॥ (21-6-5)
ਰਿਧਿ ਸਿਧਿ ਨਵ ਨਿਧਿ ਨੀਦ ਨ ਸੋਵਈ ॥੬॥ (21-6-6)

ਸਹਸ ਸਿਆਣਪ ਲਖ ਕੰਮਿ ਨ ਆਵਹੀ॥ (21-7-1)
ਗਿਆਨ ਧਿਆਨ ਉਨਮਾਨੁ ਅੰਤੁ ਨਾ ਪਾਵਹੀ॥ (21-7-2)
ਲਖ ਸਸੀਅਰ ਲਖ ਭਾਨੁ ਅਹਿਨਿਸਿ ਧਜਾਵਹੀ॥ (21-7-3)
ਲਖ ਪਰਕਿਰਤਿ ਪਰਾਣ ਕਰਮ ਕਮਾਵਹੀ॥ (21-7-4)
ਲਖ ਲਖ ਗਰਬ ਗੁਮਾਨ ਲੱਜ ਲਜਾਵਹੀ॥ (21-7-5)
ਲਖ ਲਖ ਦੀਨ ਈਮਾਨ ਤਾੜੀ ਲਾਵਹੀਂ॥ (21-7-6)
ਭਾਉ ਭਗਤਿ ਭਗਵਾਨ ਸਚਿ ਸਮਾਵਹੀ ॥੭॥ (21-7-7)

ਲਖ ਪੀਰ ਪਤਿਸਾਹ ਪਰਚੇ ਲਾਵਹੀ॥ (21-8-1)
ਜੋਗ ਭੋਗ ਲਖ ਰਾਹ ਸੰਗਿ ਚਲਾਵਹੀ॥ (21-8-2)
ਦੀਨ ਦੁਨੀ ਅਸਗਾਹ ਹਾਥਿ ਨ ਪਾਵਹੀ॥ (21-8-3)
ਕਟਕ ਮੁਰੀਦ ਪਨਾਹ ਸੇਵ ਕਮਾਵਹੀ॥ (21-8-4)
ਅੰਤੁ ਨ ਸਿਫਤਿ ਸਲਾਹ ਆਖਿ ਸੁਣਾਵਹੀ॥ (21-8-5)
ਲਉਬਾਲੀ ਦਰਗਾਹ ਖੜੇ ਧਿਆਵਹੀ ॥੮॥ (21-8-6)

ਲਖ ਸਾਹਿਬਿ ਸਿਰਦਾਰ ਆਵਣ ਜਾਵਣੇ॥ (21-9-1)
ਲਖ ਵਡੇ ਦਰਬਾਰ ਬਣਤ ਬਣਾਵਣੇ॥ (21-9-2)
ਦਰਬ ਭਰੇ ਭੰਡਾਰ ਗਣਤ ਗਣਾਵਣੇ॥ (21-9-3)
ਪਰਵਾਰੈ ਸਾਧਾਰ ਬਿਰਦ ਸਦਾਵਣੇ॥ (21-9-4)
ਲੋਭ ਮੋਹ ਅਹੰਕਾਰ ਧੋਹ ਕਮਾਵਣੇ॥ (21-9-5)
ਕਰਦੇ ਚਾਰੁ ਵੀਚਾਰਿ ਦਹਦਿਸਿ ਧਾਵਣੇ॥ (21-9-6)
ਲਖ ਲਖ ਬੁਜਰਕਵਾਰ ਮਨ ਪਰਚਾਵਣੇ ॥੯॥ (21-9-7)

ਲਖ ਦਾਤੇ ਦਾਤਾਰ ਮੰਗਿ ਮੰਗਿ ਦੇਵਹੀ॥ (21-10-1)
ਅਉਤਰਿ ਲਖ ਅਵਤਾਰ ਕਾਰ ਕਰੇਵਹੀ॥ (21-10-2)
ਅੰਤੁ ਨ ਪਾਰਾਵਾਰੁ ਖੇਵਟ ਖੇਵਹੀ॥ (21-10-3)
ਵੀਚਾਰੀ ਵਿਚਾਰਿ ਭੇਤੁ ਨ ਦੇਵਹੀ॥ (21-10-4)
ਕਰਤੂਤੀ ਆਵਾਰਿ ਕਰਿ ਜਸੁ ਲੇਵਹੀ॥ (21-10-5)
ਲਖ ਲਖ ਜੇਵਣਹਾਰ ਜੇਵਣ ਜੇਵਹੀ॥ (21-10-6)
ਲਖ ਦਰਗਹ ਦਰਬਾਰ ਸੇਵਕ ਸੇਵਹੀ ॥੧੦॥ (21-10-7)

ਸੂਰ ਵੀਰ ਵਰੀਆਮ ਜੋਰੁ ਜਣਾਵਹੀ॥ (21-11-1)
ਸੁਣਿ ਸੁਣਿ ਸੁਰਤ ਲਖ ਆਖਿ ਸੁਣਾਵਹੀ॥ (21-11-2)
ਖੋਜੀ ਖੋਜਨਿ ਖੋਜਿ ਦਹਿ ਦਿਸਿ ਧਾਵਹੀ॥ (21-11-3)

ਚਿਰ ਜੀਵੈ ਲਖ ਹੋਇ ਨ ਓੜਕੁ ਪਾਵਹੀ॥ (21-11-4)
ਖਰੇ ਸਿਆਣੈ ਹੋਇ ਨ ਮਨੁ ਸਮੁਚਾਵਹੀ॥ (21-11-5)
ਲਉਬਾਲੀ ਦਰਗਾਹ ਚੋਟਾਂ ਖਾਵਹੀ ॥੧੧॥ (21-11-6)

ਹਿਕਮਤਿ ਲਖ ਹਕੀਮ ਚਲਤ ਬਣਾਵਹੀ॥ (21-12-1)
ਆਕਲ ਹੋਇ ਫਹੀਮ ਮਤੇ ਮਤਾਵਹੀ॥ (21-12-2)
ਗਾਫਲ ਹੋਇ ਗਨੀਮ ਵਾਦ ਵਧਾਵਹੀ॥ (21-12-3)
ਲੜਿ ਲੜਿ ਕਰਨਿ ਮੁਹੀਮ ਆਪੁ ਜਣਾਵਹੀ॥ (21-12-4)
ਹੋਇ ਜਦੀਦ ਕਦੀਮ ਨ ਖੁਦੀ ਮਿਟਾਵਹੀ॥ (21-12-5)
ਸਾਬਰੁ ਹੋਇ ਹਲੀਮ ਆਪੁ ਗਵਾਵਹੀ ॥੧੨॥ (21-12-6)

ਲਖ ਲਖ ਪੀਰ ਮੁਰੀਦ ਮੇਲ ਮਿਲਾਵਹੀ॥ (21-13-1)
ਸੁਹਦੇ ਲਖ ਸਹੀਦ ਜਾਰਤ ਲਾਵਹੀ॥ (21-13-2)
ਲਖ ਰੋਜੇ ਲਖ ਈਦ ਨਿਵਾਜ ਕਰਾਵਹੀ॥ (21-13-3)
ਕਰਿ ਕਰਿ ਗੁਫਤ ਸੁਨੀਦ ਮਨ ਪਰਚਾਵਹੀ॥ (21-13-4)
ਹੁਜਰੇ ਕੁਲਫ ਕਲੀਦ ਜੁਹਦ ਕਮਾਵਹੀ॥ (21-13-5)
ਦਰਿ ਦਰਵੇਸ ਰਸੀਦ ਆਪੁ ਜਣਾਵਹੀ ॥੧੩॥ (21-13-6)

ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ॥ (21-14-1)
ਵਡੇ ਦੁਨੀਆਦਾਰ ਨਾਉ ਗਣਾਵਣੇ॥ (21-14-2)
ਕਰਿ ਗੜ ਕੋਟ ਹਜਾਰ ਰਾਜ ਕਮਾਵਣੇ॥ (21-14-3)
ਲਖ ਲਖ ਮਨਸਬਦਾਰ ਵਜਹ ਵਧਾਵਣੇ॥ (21-14-4)
ਪੂਰ ਭਰੇ ਅਹੰਕਾਰ ਆਵਨ ਜਾਵਣੇ॥ (21-14-5)
ਤਿਤੁ ਸਚੇ ਦਰਬਾਰ ਖਰੇ ਡਰਾਵਣੇ ॥੧੪॥ (21-14-6)

ਤੀਰਥ ਲਖ ਕਰੋੜਿ ਪੁਰਬੀ ਨਾਵਣਾ॥ (21-15-1)
ਦੇਵੀ ਦੇਵ ਸਥਾਨ ਸੇਵ ਕਰਾਵਣਾ॥ (21-15-2)
ਜਪ ਤਪ ਸੰਜਮ ਲਖ ਸਾਧਿ ਸਧਾਵਣਾ॥ (21-15-3)
ਹੋਮ ਜਗ ਨਈਵੇਦ ਭੋਗ ਲਗਾਵਣਾ॥ (21-15-4)
ਵਰਤ ਨੇਮ ਲਖ ਦਾਨ ਕਰਮ ਕਮਾਵਣਾ॥ (21-15-5)
ਲਉਬਾਲੀ ਦਰਗਾਹ ਪਖੰਡ ਨ ਜਾਵਣਾ ॥੧੫॥ (21-15-6)

ਪੋਪਲੀਆਂ ਭਰਨਾਲਿ ਲਖ ਤਰੰਦੀਆਂ॥ (21-16-1)
ਓੜਕ ਓੜਕ ਭਾਲਿ ਸੁਧਿ ਨ ਲਹੰਦੀਆਂ॥ (21-16-2)
ਅਨਲ ਮਨਲ ਕਰਿ ਖਿਆਲ ਉਮਗਿ ਉਡੰਦੀਆਂ॥ (21-16-3)
ਉਛਲਿ ਕਰਨਿ ਉਛਾਲ ਨ ਉਭਿ ਚੜ੍ਹੰਦੀਆਂ॥ (21-16-4)
ਲਖ ਅਗਾਸ ਪਤਾਲ ਕਰਿ ਮੁਹਛੰਦੀਆਂ॥ (21-16-5)
ਦਰਗਹ ਇਕ ਰਵਾਲ ਬੰਦੇ ਬੰਦੀਆਂ ॥੧੬॥ (21-16-6)

ਤ੍ਰੈ ਗੁਣ ਮਾਇਆ ਖੇਲੁ ਕਰਿ ਦੇਖਾਲਿਆ॥ (21-17-1)

ਖਾਣੀ ਬਾਣੀ ਚਾਰਿ ਚਲਤੁ ਉਠਾਲਿਆ॥ (21-17-2)
ਪੰਜਿ ਤਤ ਉਤਪਤਿ ਬੰਧਿ ਬਹਾਲਿਆ॥ (21-17-3)
ਛਿਅ ਰੁਤਿ ਬਾਰਹ ਮਾਹ ਸਿਰਜਿ ਸਮ੍ਹਾਲਿਆ॥ (21-17-4)
ਅਹਿਨਿਸਿ ਸੂਰਜ ਚੰਦੁ ਦੀਵੇ ਬਾਲਿਆ॥ (21-17-5)
ਇਕੁ ਕਵਾਉ ਪਸਾਉ ਨਦਰਿ ਨਿਹਾਲਿਆ ॥੧੭॥ (21-17-6)

ਕੁਦਰਤਿ ਇਕੁ ਕਵਾਉ ਥਾਪ ਉਥਾਪਦਾ॥ (21-18-1)
ਤਿਦੂ ਲਖ ਦਰੀਆਉ ਨ ਓੜਕੁ ਜਾਪਦਾ॥ (21-18-2)
ਲਖ ਬ੍ਰਹਮੰਡ ਸਮਾਉ ਨ ਲਹਰਿ ਵਿਆਪਦਾ॥ (21-18-3)
ਕਰਿ ਕਰਿ ਵੇਖੈ ਚਾਉ ਲਖ ਪਰਤਾਪਦਾ॥ (21-18-4)
ਕਉਣੁ ਕਰੈ ਅਰਥਾਉ ਵਰ ਨ ਸਰਾਪ ਦਾ॥ (21-18-5)
ਲਹੈ ਨ ਪਛੋਤਾਉ ਪੁੰਨੁ ਨ ਪਾਪ ਦਾ ॥੧੮॥ (21-18-6)

ਕੁਦਰਤਿ ਅਗਮੁ ਅਥਾਹੁ ਅੰਤੁ ਨ ਪਾਈਐ॥ (21-19-1)
ਕਾਦਰੁ ਬੇਪਰਵਾਹੁ ਕਿਨ ਪਰਚਾਈਐ॥ (21-19-2)
ਕੇਵਡੁ ਹੈ ਦਰਗਾਹ ਆਖਿ ਸੁਣਾਈਐ॥ (21-19-3)
ਕੋਇ ਨ ਦਸੈ ਰਾਹੁ ਕਿਤੁ ਬਿਧਿ ਜਾਈਐ॥ (21-19-4)
ਕੇਵਡੁ ਸਿਫਤਿ ਸਲਾਹ ਕਿਉ ਕਰਿ ਧਿਆਈਐ॥ (21-19-5)
ਅਬਿਗਤਿ ਗਤਿ ਅਸਗਾਹੁ ਨ ਅਲਖੁ ਲਖਾਈਐ ॥੧੯॥ (21-19-6)

ਆਦਿ ਪੁਰਖੁ ਪਰਮਾਦਿ ਅਚਰਜੁ ਆਖੀਐ॥ (21-20-1)
ਆਦਿ ਅਨੀਲੁ ਅਨਾਦਿ ਸਬਦੁ ਨ ਸਾਖੀਐ॥ (21-20-2)
ਵਰਤੈ ਆਦਿ ਜੁਗਾਦਿ ਨ ਗਲੀ ਗਾਖੀਐ॥ (21-20-3)
ਭਗਤਿ ਵਛਲੁ ਅਛਲਾਦਿ ਸਹਜਿ ਸੁਭਾਖੀਐ॥ (21-20-4)
ਉਨਮਨਿ ਅਨਹਦਿ ਨਾਦਿ ਲਿਵ ਅਭਿਲਾਖੀਐ॥ (21-20-5)
ਵਿਸਮਾਦੈ ਵਿਸਮਾਦ ਪੂਰਨ ਪਾਖੀਐ॥ (21-20-6)
ਪੂਰੈ ਗੁਰ ਪਰਸਾਦਿ ਕੇਵਲ ਕਾਖੀਐ ॥੨੦॥੨੧॥ (21-20-7)

Vaar 22

ੴ ਸਤਿਗੁਰ ਪ੍ਰਸਾਦਿ ॥ (22-1-1)

ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ॥ (22-1-2)
ਹੋਆ ਏਕੰਕਾਰੁ ਆਪੁ ਉਪਾਇਆ॥ (22-1-3)
ਓਅੰਕਾਰਿ ਅਕਾਰੁ ਚਲਿਤੁ ਰਚਾਇਆ॥ (22-1-4)
ਸਚੁ ਨਾਉ ਕਰਤਾਰੁ ਬਿਰਦੁ ਸਦਾਇਆ॥ (22-1-5)
ਸਚਾ ਪਰਵਦਗਾਰੁ ਤ੍ਰੈ ਗੁਣ ਮਾਇਆ॥ (22-1-6)
ਸਿਰਠੀ ਸਿਰਜਣਹਾਰੁ ਲੇਖੁ ਲਿਖਾਇਆ॥ (22-1-7)
ਸਭਸੈ ਦੇ ਆਧਾਰੁ ਨ ਤੋਲਿ ਤੁਲਾਇਆ॥ (22-1-8)
ਲਖਿਆ ਥਿਤਿ ਨ ਵਾਰੁ ਨ ਮਾਹੁ ਜਣਾਇਆ॥ (22-1-9)
ਵੇਦ ਕਤੇਬ ਵੀਚਾਰੁ ਨ ਆਖਿ ਸੁਣਾਇਆ ॥੧॥ (22-1-10)

ਨਿਰਾਲੰਬੁ ਨਿਰਬਾਣੁ ਬਾਣੁ ਚਲਾਇਆ॥ (22-2-1)
ਉਡੈ ਹੰਸ ਉਚਾਣ ਕਿਨਿ ਪਹੁਚਾਇਆ॥ (22-2-2)
ਖੰਭੀ ਚੋਜ ਵਿਡਾਣੁ ਆਣਿ ਮਿਲਾਇਆ॥ (22-2-3)
ਧ੍ਰੂ ਚੜਿਆ ਅਸਮਾਣਿ ਨ ਟਲੈ ਟਲਾਇਆ॥ (22-2-4)
ਦਰਗਹ ਪਤਿ ਪਰਵਾਣੁ ਗੁਰਮੁਖਿ ਧਿਆਇਆ ॥੨॥ (22-2-5)

ਓੜਕੁ ਓੜਕੁ ਭਾਲਿ ਨ ਓੜਕੁ ਪਾਇਆ॥ (22-3-1)
ਓੜਕੁ ਭਾਲਣਿ ਗਏ ਸਿ ਫੇਰ ਨ ਆਇਆ॥ (22-3-2)
ਓੜਕੁ ਲਖ ਕਰੋੜਿ ਭਰਮਿ ਭੁਲਾਇਆ॥ (22-3-3)
ਆਦੁ ਵਡਾ ਵਿਸਮਾਦੁ ਨ ਅੰਤ ਸੁਣਾਇਆ॥ (22-3-4)
ਹਾਥਿ ਨ ਪਾਰਾਵਾਰੁ ਲਹਰੀ ਛਾਇਆ॥ (22-3-5)
ਇਕੁ ਕਵਾਉ ਪਸਾਉ ਨ ਅਲਖੁ ਲਖਾਇਆ॥ (22-3-6)
ਕਾਦਰੁ ਨੋ ਕੁਰਬਾਣੁ ਕੁਦਰਤਿ ਮਾਇਆ॥ (22-3-7)
ਆਪੇ ਜਾਣੈ ਆਪੁ ਗੁਰਿ ਸਮਝਾਇਆ ॥੩॥ (22-3-8)

ਸਚਾ ਸਿਰਜਣਿਹਾਰੁ ਸਚਿ ਸਮਾਇਆ॥ (22-4-1)
ਸਚਹੁ ਪਉਣੁ ਉਪਾਇ ਘਟਿ ਘਟਿ ਛਾਇਆ॥ (22-4-2)
ਪਵਣਹੁ ਪਾਣੀ ਸਾਜਿ ਸੀਸੁ ਨਿਵਾਇਆ॥ (22-4-3)
ਤੁਲਹਾ ਧਰਤਿ ਬਣਾਇ ਨੀਰ ਤਰਾਇਆ॥ (22-4-4)
ਨੀਰਹੁ ਉਪਜੀ ਅਗਿ ਵਣਖੰਡ ਛਾਇਆ॥ (22-4-5)
ਅਗੀ ਹੋਦੀ ਬਿਰਖੁ ਸੁਫਲ ਫਲਾਇਆ॥ (22-4-6)
ਪਉਣ ਪਾਣੀ ਬੈਸੰਤਰੁ ਮੇਲਿ ਮਿਲਾਇਆ॥ (22-4-7)
ਆਦਿ ਪੁਰਖੁ ਆਦੇਸੁ ਖੇਲ ਰਚਾਇਆ ॥੪॥ (22-4-8)

ਕੇਵਡੁ ਆਖਾ ਸਚੁ ਸਚੇ ਭਾਇਆ॥ (22-5-1)
ਕੇਵਡੁ ਹੋਆ ਪਉਣੁ ਫਿਰੈ ਚਉਵਾਇਆ॥ (22-5-2)

ਚੰਦਣ ਵਾਸੁ ਨਿਵਾਸੁ ਬਿਰਖ ਬੋਹਾਇਆ॥ (22-5-3)
ਖਹਿ ਖਹਿ ਵੰਸੁ ਗਵਾਇ ਵਾਂਸੁ ਜਲਾਇਆ॥ (22-5-4)
ਸਿਵ ਸਕਤੀ ਸਹਲੰਗੁ ਅੰਗੁ ਜਣਾਇਆ॥ (22-5-5)
ਕੋਇਲ ਕਾਉ ਨਿਆਉ ਬਚਨ ਸੁਣਾਇਆ॥ (22-5-6)
ਖਾਣੀ ਬਾਣੀ ਚਾਰਿ ਸਾਹ ਗਣਾਇਆ॥ (22-5-7)
ਪੰਜਿ ਸਬਦ ਪਰਵਾਣੁ ਨੀਸਾਣੁ ਬਜਾਇਆ ॥੫॥ (22-5-8)

ਰਾਗ ਨਾਦ ਸੰਬਾਦ ਗਿਆਨੁ ਚੇਤਾਇਆ॥ (22-6-1)
ਨਉ ਦਰਵਾਜੇ ਸਾਧਿ ਸਾਧੁ ਸਦਾਇਆ॥ (22-6-2)
ਵੀਹ ਇਕੀਹ ਉਲੰਘਿ ਨਿਜ ਘਰਿ ਆਇਆ॥ (22-6-3)
ਪੂਰਕ ਕੁੰਭਕ ਰੇਚਕ ਤ੍ਰਾਟਕ ਧਾਇਆ॥ (22-6-4)
ਨਿਉਲੀ ਕਰਮ ਭੁਯੰਗੁ ਆਸਣ ਲਾਇਆ॥ (22-6-5)
ਇੜਾ ਪਿੰਗੁਲਾ ਝਾਗ ਸੁਖਮਨਿ ਛਾਇਆ॥ (22-6-6)
ਖੇਚਰ ਭੂਚਰ ਚਾਚਰ ਸਾਧਿ ਸਧਾਇਆ॥ (22-6-7)
ਸਾਧ ਅਗੋਚਰ ਖੇਲੁ ਉਨਮਨਿ ਆਇਆ ॥੬॥ (22-6-8)

ਤ੍ਰੈ ਸਤੁ ਅੰਗੁਲ ਲੈ ਮਨੁ ਪਵਣੁ ਮਿਲਾਇਆ॥ (22-7-1)
ਸੋਹੰ ਸਹਜਿ ਸੁਭਾਇ ਅਲਖ ਲਖਾਇਆ॥ (22-7-2)
ਨਿਝਰਿ ਧਾਰਿ ਚੁਆਇ ਅਪਿਉ ਪੀਆਇਆ॥ (22-7-3)
ਅਨਹਦ ਧੁਨਿ ਲਿਵ ਲਾਇ ਨਾਦ ਵਜਾਇਆ॥ (22-7-4)
ਅਜਪਾ ਜਾਪੁ ਜਪਾਇ ਸੁੰਨ ਸਮਾਇਆ॥ (22-7-5)
ਸੁੰਨਿ ਸਮਾਧਿ ਸਮਾਇ ਆਪੁ ਗਵਾਇਆ॥ (22-7-6)
ਗੁਰਮੁਖਿ ਪਿਰਮੁ ਚਖਾਇ ਨਿਜ ਘਰੁ ਛਾਇਆ॥ (22-7-7)
ਗੁਰਸਿਖਿ ਸੰਧਿ ਮਿਲਾਇ ਪੂਰਾ ਪਾਇਆ ॥੭॥ (22-7-8)

ਜੋਤੀ ਜੋਤਿ ਜਗਾਇ ਦੀਵਾ ਬਾਲਿਆ॥ (22-8-1)
ਚੰਦਨ ਵਾਸੁ ਨਿਵਾਸੁ ਵਣਾਸਪਤਿ ਫਾਲਿਆ॥ (22-8-2)
ਸਲਲੈ ਸਲਲਿ ਸੰਜੋਗੁ ਤ੍ਰਿਬੇਣੀ ਚਾਲਿਆ॥ (22-8-3)
ਪਵਣੈ ਪਵਣੁ ਸਮਾਇ ਅਨਹਦੁ ਭਾਲਿਆ॥ (22-8-4)
ਹੀਰੈ ਹੀਰਾ ਬੇਧਿ ਪਰੋਇ ਦਿਖਾਲਿਆ॥ (22-8-5)
ਪਥਰੁ ਪਾਰਸੁ ਹੋਇ ਪਾਰਸੁ ਪਾਲਿਆ॥ (22-8-6)
ਅਨਲ ਪੰਖਿ ਪੁਤੁ ਹੋਇ ਪਿਤਾ ਸਮ੍ਹਾਲਿਆ॥ (22-8-7)
ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ ॥੮॥ (22-8-8)

ਕੇਵਡੁ ਇਕੁ ਕਵਾਉ ਪਸਾਉ ਕਰਾਇਆ॥ (22-9-1)
ਕੇਵਡੁ ਕੰਡਾ ਤੋਲੁ ਤੋਲਿ ਤੁਲਾਇਆ॥ (22-9-2)
ਕਰਿ ਬ੍ਰਹਮੰਡ ਕਰੋੜਿ ਕਵਾਉ ਵਧਾਇਆ॥ (22-9-3)
ਲਖ ਲਖ ਧਰਤਿ ਅਗਾਸਿ ਅਧਰ ਧਰਾਇਆ॥ (22-9-4)
ਪਉਣੁ ਪਾਣੀ ਬੈਸੰਤਰੁ ਲਖ ਉਪਾਇਆ॥ (22-9-5)
ਲਖ ਚਉਰਾਸੀਹ ਜੋਨਿ ਖੇਲੁ ਰਚਾਇਆ॥ (22-9-6)

ਜੋਨਿ ਜੋਨਿ ਜੀਅ ਜੰਤ ਅੰਤ ਨ ਪਾਇਆ॥ (22-9-7)
ਸਿਰਿ ਸਿਰਿ ਲੇਖੁ ਲਿਖਾਇ ਅਲੇਖ ਧਿਆਇਆ ॥੯॥ (22-9-8)

ਸਤਿਗੁਰ ਸਚਾ ਨਾਉ ਆਖਿ ਸੁਣਾਇਆ॥ (22-10-1)
ਗੁਰ ਮੂਰਤਿ ਸਚੁ ਥਾਉ ਧਿਆਨੁ ਧਰਾਇਆ॥ (22-10-2)
ਸਾਧਸੰਗਤਿ ਅਸਰਾਉ ਸਚਿ ਸੁਹਾਇਆ॥ (22-10-3)
ਦਰਗਹ ਸਚੁ ਨਿਆਉ ਹੁਕਮੁ ਚਲਾਇਆ॥ (22-10-4)
ਗੁਰਮੁਖਿ ਸਚੁ ਗਿਰਾਉ ਸਬਦ ਵਸਾਇਆ॥ (22-10-5)
ਮਿਟਿਆ ਗਰਬੁ ਗੁਆਉ ਗਰੀਬੀ ਛਾਇਆ॥ (22-10-6)
ਗੁਰਮਤਿ ਸਚੁ ਹਿਆਉ ਅਜਰੁ ਜਰਾਇਆ॥ (22-10-7)
ਤਿਸੁ ਬਲਿਹਾਰੈ ਜਾਉ ਸੁ ਭਾਣਾ ਭਾਇਆ ॥੧੦॥ (22-10-8)

ਸਚੀ ਖਸਮ ਰਜਾਇ ਭਾਣਾ ਭਾਵਣਾ॥ (22-11-1)
ਸਤਿਗੁਰ ਪੈਰੀ ਪਾਇ ਆਪੁ ਗੁਵਾਵਣਾ॥ (22-11-2)
ਗੁਰ ਚੇਲਾ ਪਰਚਾਇ ਮਨੁ ਪਤੀਆਵਣਾ॥ (22-11-3)
ਗੁਰਮੁਖਿ ਸਹਜਿ ਸੁਭਾਇ ਨ ਅਲਖ ਲਖਾਵਣਾ॥ (22-11-4)
ਗੁਰਸਿਖ ਤਿਲ ਨ ਤਮਾਇ ਕਾਰ ਕਮਾਵਣਾ॥ (22-11-5)
ਸਬਦ ਸੁਰਤਿ ਲਿਵ ਲਾਇ ਹੁਕਮੁ ਮਨਾਵਣਾ॥ (22-11-6)
ਵੀਹ ਇਕੀਹ ਲੰਘਾਇ ਨਿਜ ਘਰਿ ਜਾਵਣਾ॥ (22-11-7)
ਗੁਰਮੁਖਿ ਸੁਖ ਫਲ ਪਾਇ ਸਹਜਿ ਸਮਾਵਣਾ ॥੧੧॥ (22-11-8)

ਇਕੁ ਗੁਰੂ ਇਕੁ ਸਿਖੁ ਗੁਰਮੁਖਿ ਜਾਣਿਆ॥ (22-12-1)
ਗੁਰ ਚੇਲਾ ਗੁਰ ਸਿਖੁ ਸਚਿ ਸਮਾਣਿਆ॥ (22-12-2)
ਸੋ ਸਤਿਗੁਰ ਸੋ ਸਿਖੁ ਸਬਦੁ ਵਖਾਣਿਆ॥ (22-12-3)
ਅਚਰਜ ਭੂਰ ਭਵਿਖ ਸਚੁ ਸੁਹਾਣਿਆ॥ (22-12-4)
ਲੇਖੁ ਅਲੇਖੁ ਅਲਿਖੁ ਮਾਣੁ ਨਿਮਾਣਿਆ॥ (22-12-5)
ਸਮਸਰਿ ਅੰਮ੍ਰਿਤੁ ਵਿਖੁ ਨ ਆਵਣ ਜਾਣਿਆ॥ (22-12-6)
ਨੀਸਾਣਾ ਹੋਇ ਲਿਖੁ ਹਦ ਨੀਸਾਣਿਆ॥ (22-12-7)
ਗੁਰ ਸਿਖਹੁ ਗੁਰ ਸਿਖੁ ਹੋਇ ਹੈਰਾਣਿਆ ॥੧੨॥ (22-12-8)

ਪਿਰਮ ਪਿਆਲਾ ਪੂਰਿ ਅਪਿਓ ਪੀਆਵਣਾ॥ (22-13-1)
ਮਹਰਮੁ ਹਕੁ ਹਜੂਰਿ ਅਲਖੁ ਲਖਾਵਣਾ॥ (22-13-2)
ਘਟ ਅਵਘਟ ਭਰਪੂਰਿ ਰਿਦੈ ਸਮਾਵਣਾ॥ (22-13-3)
ਬੀਅਹੁ ਹੋਇ ਅੰਗੂਰੁ ਸੁਫਲਿ ਸਮਾਵਣਾ॥ (22-13-4)
ਬਾਵਨ ਹੋਇ ਠਰੂਰ ਮਹਿ ਮਹਿਕਾਵਣਾ॥ (22-13-5)
ਚੰਦਨ ਚੰਦ ਕਪੂਰ ਮੇਲਿ ਮਿਲਾਵਣਾ॥ (22-13-6)
ਸਸੀਅਰ ਅੰਦਰਿ ਸੂਰ ਤਪਤਿ ਬੁਝਾਵਣਾ॥ (22-13-7)
ਚਰਣ ਕਵਲ ਦੀ ਧੂਰਿ ਮਸਤਕਿ ਲਾਵਣਾ॥ (22-13-8)
ਕਾਰਣ ਲਖ ਅੰਕੂਰ ਕਰਣੁ ਕਰਾਵਣਾ॥ (22-13-9)
ਵਜਨਿ ਅਨਹਦ ਤੂਰ ਜੋਤਿ ਜਗਾਵਣਾ ॥੧੩॥ (22-13-10)

ਇਕੁ ਕਵਾਉ ਅਤੋਲੁ ਕੁਦਰਤਿ ਜਾਣੀਐ॥ (22-14-1)
ਓਅੰਕਾਰੁ ਅਬੋਲੁ ਚੋਜ ਵਿਡਾਣੀਐ॥ (22-14-2)
ਲਖ ਦਰੀਆਵ ਅਲੋਲੁ ਪਾਣੀ ਆਣੀਐ॥ (22-14-3)
ਹੀਰੇ ਲਾਲ ਅਮੋਲੁ ਗੁਰਸਿਖ ਜਾਣੀਐ॥ (22-14-4)
ਗੁਰਮਤਿ ਅਚਲ ਅਡੋਲ ਪਤਿ ਪਰਵਾਣੀਐ॥ (22-14-5)
ਗੁਰਮੁਖਿ ਪੰਥੁ ਨਿਰੋਲੁ ਸਚੁ ਸੁਹਾਣੀਐ॥ (22-14-6)
ਸਾਇਰ ਲਖ ਢੰਢੋਲ ਸਬਦੁ ਨੀਸਾਣੀਐ॥ (22-14-7)
ਚਰਣ ਕਵਲ ਰਜ ਘੋਲਿ ਅੰਮ੍ਰਿਤ ਵਾਣੀਐ॥ (22-14-8)
ਗੁਰਮੁਖਿ ਪੀਤਾ ਰਜਿ ਅਕਥ ਕਹਾਣੀਐ ॥੧੪॥ (22-14-9)

ਕਾਦਰੁ ਨੋ ਕੁਰਬਾਣੁ ਕੀਮ ਨ ਜਾਣੀਐ॥ (22-15-1)
ਕੇਵਡ ਵਡਾ ਹਾਣੁ ਆਖਿ ਵਖਾਣੀਐ॥ (22-15-2)
ਕੇਵਡੁ ਆਖਾ ਤਾਣੁ ਮਾਣੁ ਨਿਮਾਣੀਐ॥ (22-15-3)
ਲਖ ਜਿਮੀ ਅਸਮਾਣੁ ਤਿਲੁ ਨ ਤੁਲਾਣੀਐ॥ (22-15-4)
ਕੁਦਰਤਿ ਲਖ ਜਹਾਨੁ ਹੋਇ ਹੈਰਾਣੀਐ॥ (22-15-5)
ਸੁਲਤਾਨਾ ਸੁਲਤਾਨ ਹੁਕਮੁ ਨੀਸਾਣੀਐ॥ (22-15-6)
ਲਖ ਸਾਇਰ ਨੈਸਾਣ ਬੂੰਦ ਸਮਾਣੀਐ॥ (22-15-7)
ਕੂੜ ਅਖਾਣ ਵਖਾਣ ਅਕਥ ਕਹਾਣੀਐ ॥੧੫॥ (22-15-8)

ਚਲਣੁ ਹੁਕਮੁ ਰਜਾਇ ਗੁਰਮੁਖਿ ਜਾਣਿਆ॥ (22-16-1)
ਗੁਰਮੁਖਿ ਪੰਥਿ ਚਲਾਇ ਚਲਣੁ ਭਾਣਿਆ॥ (22-16-2)
ਸਿਦਕੁ ਸਬੂਰੀ ਪਾਇ ਕਰਿ ਸਕਿਰਾਣਿਆ॥ (22-16-3)
ਗੁਰਮੁਖਿ ਅਲਖੁ ਲਖਾਇ ਚੋਜ ਵਿਡਾਣਿਆ॥ (22-16-4)
ਵਰਤਣ ਬਾਲ ਸੁਭਾਇ ਆਦਿ ਵਖਾਣਿਆ॥ (22-16-5)
ਸਾਧਸੰਗਤਿ ਲਿਵ ਲਾਇ ਸਚੁ ਸੁਹਾਣਿਆ॥ (22-16-6)
ਜੀਵਨ ਮੁਕਤਿ ਕਰਾਇ ਸਬਦੁ ਸਿਵਾਣਿਆ॥ (22-16-7)
ਗੁਰਮੁਖਿ ਆਪੁ ਗਵਾਇ ਆਪੁ ਪਛਾਣਿਆ ॥੧੬॥ (22-16-8)

ਅਬਿਗਤਿ ਗਤਿ ਅਸਗਾਹ ਆਖਿ ਵਖਾਣੀਐ॥ (22-17-1)
ਗਹਿਰ ਗੰਭੀਰ ਅਥਾਹ ਹਾਥਿ ਨ ਆਣੀਐ॥ (22-17-2)
ਬੂੰਦ ਲਖ ਪਰਵਾਹ ਹੁਲੜ ਵਾਣੀਐ॥ (22-17-3)
ਗੁਰਮੁਖਿ ਸਿਫਤਿ ਸਲਾਹ ਅਕਥ ਕਹਾਣੀਐ॥ (22-17-4)
ਪਾਰਾਵਾਰੁ ਨ ਰਾਹੁ ਬਿਅੰਤੁ ਸੁਹਾਣੀਐ॥ (22-17-5)
ਲਉਬਾਲੀ ਦਰਗਾਹ ਨ ਆਵਣ ਜਾਣੀਐ॥ (22-17-6)
ਵਡਾ ਵੇਪਰਵਾਹੁ ਤਾਣੁ ਨਿਤਾਣੀਐ॥ (22-17-7)
ਸਤਿਗੁਰ ਸਚੇ ਵਾਹੁ ਹੋਇ ਹੈਰਾਣੀਐ ॥੧੭॥ (22-17-8)

ਸਾਧਸੰਗਤਿ ਸਚ ਖੰਡੁ ਗੁਰਮੁਖਿ ਜਾਈਐ॥ (22-18-1)
ਸਚੁ ਨਾਉ ਬਲਵੰਡੁ ਗੁਰਮੁਖਿ ਧਿਆਈਐ॥ (22-18-2)

ਪਰਮ ਜੋਤਿ ਪਰਚੰਡੁ ਜੁਗਤਿ ਜਗਾਈਐ॥ (22-18-3)
ਸੋਧਿ ਡਿਠਾ ਬ੍ਰਹਮੰਡੁ ਲਵੈ ਨ ਲਾਈਐ॥ (22-18-4)
ਤਿਸੁ ਨਾਹੀ ਜਮ ਡੰਡੁ ਸਰਣਿ ਸਮਾਈਐ॥ (22-18-5)
ਘੋਰ ਪਾਪ ਕਰਿ ਖੰਡੁ ਨਰਕਿ ਨ ਪਾਈਐ॥ (22-18-6)
ਚਾਵਲ ਅੰਦਰਿ ਵੰਡੁ ਉਬਰਿ ਜਾਈਐ॥ (22-18-7)
ਸਚਹੁ ਸਚੁ ਅਖੰਡੁ ਕੂੜੁ ਛੁਡਾਈਐ ॥੧੮॥ (22-18-8)

ਗੁਰਸਿਖਾ ਸਾਬਾਸ ਜਨਮੁ ਸਵਾਰਿਆ॥ (22-19-1)
ਗੁਰਸਿਖਾਂ ਰਹਰਾਸਿ ਗੁਰੂ ਪਿਆਰਿਆ॥ (22-19-2)
ਗੁਰਮੁਖਿ ਸਾਸਿ ਗਿਰਾਸਿ ਨਾਉ ਚਿਤਾਰਿਆ॥ (22-19-3)
ਮਾਇਆ ਵਿਚਿ ਉਦਾਸੁ ਗਰਬੁ ਨਿਵਾਰਿਆ॥ (22-19-4)
ਗੁਰਮੁਖਿ ਦਾਸਨਿ ਦਾਸ ਸੇਵ ਸੁਚਾਰਿਆ॥ (22-19-5)
ਵਰਤਨਿ ਆਸ ਨਿਰਾਸ ਸਬਦੁ ਵੀਚਾਰਿਆ॥ (22-19-6)
ਗੁਰਮੁਖਿ ਸਹਜਿ ਨਿਵਾਸੁ ਮਨ ਹਠ ਮਾਰਿਆ॥ (22-19-7)
ਗੁਰਮੁਖਿ ਮਨਿ ਪਰਗਾਸੁ ਪਤਿਤ ਉਧਾਰਿਆ ॥੧੯॥ (22-19-8)

ਗੁਰਸਿਖਾ ਜੈਕਾਰੁ ਸਤਿਗੁਰ ਪਾਇਆ॥ (22-20-1)
ਪਰਵਾਰੈ ਸਾਧਾਰੁ ਸਬਦੁ ਕਮਾਇਆ॥ (22-20-2)
ਗੁਰਮੁਖਿ ਸਚੁ ਆਚਾਰੁ ਭਾਣਾ ਭਾਇਆ॥ (22-20-3)
ਗੁਰਮੁਖਿ ਮੋਖ ਦੁਆਰੁ ਆਪ ਗਵਾਇਆ॥ (22-20-4)
ਗੁਰਮੁਖਿ ਪਰਉਪਕਾਰ ਮਨੁ ਸਮਝਾਇਆ॥ (22-20-5)
ਗੁਰਮੁਖਿ ਸਚੁ ਆਧਾਰੁ ਸਚਿ ਸਮਾਇਆ॥ (22-20-6)
ਗੁਰਮੁਖਾ ਲੋਕਾਰੁ ਲੇਪੁ ਨ ਲਾਇਆ॥ (22-20-7)
ਗੁਰਮੁਖਿ ਏਕੰਕਾਰੁ ਅਲਖੁ ਲਖਾਇਆ ॥੨੦॥ (22-20-8)

ਗੁਰਮੁਖਿ ਸਸੀਅਰ ਜੋਤਿ ਅੰਮ੍ਰਿਤ ਵਰਸਣਾ॥ (22-21-1)
ਅਸਟ ਧਾਤੁ ਇਕ ਧਾਤੁ ਪਾਰਸੁ ਪਰਸਣਾ॥ (22-21-2)
ਚੰਦਨ ਵਾਸੁ ਨਿਵਾਸੁ ਬਿਰਖ ਸੁਦਰਸਣਾ॥ (22-21-3)
ਗੰਗ ਤਰੰਗ ਮਿਲਾਪੁ ਨਦੀਆਂ ਸਰਸਣਾ॥ (22-21-4)
ਮਾਨ ਸਰੋਵਰ ਹੰਸ ਨ ਤ੍ਰਿਸਨਾ ਤਰਸਣਾ॥ (22-21-5)
ਪਰਮ ਹੰਸ ਗੁਰਸਿਖ ਦਰਸ ਅਦਰਸਣਾ॥ (22-21-6)
ਚਰਣ ਸਰਣ ਗੁਰਦੇਵ ਪਰਸ ਅਪਰਸਣਾ॥ (22-21-7)
ਸਾਧਸੰਗਤਿ ਸਚ ਖੰਡੁ ਅਮਰ ਨ ਮਰਸਣਾ ॥੨੧॥੨੨॥ (22-21-8)

Vaar 23

ੴ ਸਤਿਗੁਰਪ੍ਰਸਾਦਿ॥ (23-1-1)

ਸਤਿ ਰੂਪ ਗੁਰੁ ਦਰਸਨੋ ਪੂਰਨ ਬ੍ਰਹਮੁ ਅਚਰਜੁ ਦਿਖਾਇਆ॥ (23-1-2)
ਸਤਿ ਨਾਮੁ ਕਰਤਾ ਪੁਰਖੁ ਪਾਰਬ੍ਰਹਮੁ ਪਰਮੇਸਰੁ ਧਿਆਇਆ॥ (23-1-3)
ਸਤਿਗੁਰ ਸਬਦ ਗਿਆਨੁ ਸਚੁ ਅਨਹਦ ਧੁਨਿ ਵਿਸਮਾਦੁ ਸੁਣਾਇਆ॥ (23-1-4)
ਗੁਰਮੁਖਿ ਪੰਥੁ ਚਲਾਇਓਨੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ॥ (23-1-5)
ਗੁਰ ਸਿਖੁ ਦੇ ਗੁਰਸਿਖ ਕਰਿ ਸਾਧਸੰਗਤਿ ਸਚੁ ਖੰਡੁ ਵਸਾਇਆ॥ (23-1-6)
ਸਚੁ ਰਾਸ ਰਹਰਾਸਿ ਦੇ ਸਤਿਗੁਰ ਗੁਰਸਿਖ ਪੈਰੀ ਪਾਇਆ॥ (23-1-7)
ਚਰਣ ਕਵਲ ਪਰਤਾਪੁ ਜਣਾਇਆ ॥੧॥ (23-1-8)

ਤੀਰਥ ਨ੍ਹਾਤੈ ਪਾਪ ਜਾਨਿ ਪਤਿਤ ਉਧਾਰਣ ਨਾਉਂ ਧਰਾਇਆ॥ (23-2-1)
ਤੀਰਥ ਹੋਨ ਸਕਾਰਥੇ ਸਾਧ ਜਨਾਂ ਦਾ ਦਰਸਨ ਪਾਇਆ॥ (23-2-2)
ਸਾਧ ਹੋਏ ਮਨ ਸਾਧਿ ਕੈ ਚਰਣ ਕਵਲ ਗੁਰ ਚਿਤਿ ਵਸਾਇਆ॥ (23-2-3)
ਉਪਮਾ ਸਾਧ ਅਗਾਧਿ ਬੋਧ ਕੋਟ ਮਧੇ ਕੋ ਸਾਧੁ ਸੁਣਾਇਆ॥ (23-2-4)
ਗੁਰਸਿਖ ਸਾਧ ਅਸੰਖ ਜਗਿ ਧਰਮਸਾਲ ਥਾਇ ਥਾਇ ਸੁਹਾਇਆ॥ (23-2-5)
ਪੈਰੀ ਪੈ ਪੈਰ ਧੋਵਣੇ ਚਰਣੋਦਕੁ ਲੈ ਪੈਰੁ ਪੁਜਾਇਆ॥ (23-2-6)
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥੨॥ (23-2-7)

ਪੰਜਿ ਤਤ ਉਤਪਤਿ ਕਰਿ ਗੁਰਮੁਖਿ ਧਰਤੀ ਆਪੁ ਗਵਾਇਆ॥ (23-3-1)
ਚਰਣ ਕਵਲ ਸਰਣਾਗਤੀ ਸਭ ਨਿਧਾਨ ਸਭੇ ਫਲ ਪਾਇਆ॥ (23-3-2)
ਲੋਕ ਵੇਦ ਗੁਰ ਗਿਆਨ ਵਿਚਿ ਸਾਧੂ ਧੂੜਿ ਜਗਤ ਤਰਾਇਆ॥ (23-3-3)
ਪਤਿਤ ਪੁਨੀਤ ਕਰਾਇ ਕੈ ਪਾਵਨ ਪੁਰਖ ਪਵਿਤ੍ਰ ਕਰਾਇਆ॥ (23-3-4)
ਚਰਣੋਦਕ ਮਹਿਮਾ ਅਮਿਤ ਸੇਖ ਸਹਸ ਮੁਖਿ ਅੰਤੁ ਨ ਪਾਇਆ॥ (23-3-5)
ਧੂੜੀ ਲੇਖੁ ਮਿਟਾਇਆ ਚਰਣੋਦਕ ਮਨੁ ਵਸਗਤਿ ਆਇਆ॥ (23-3-6)
ਪੈਰੀ ਪੈ ਜਗੁ ਚਰਨੀ ਲਾਇਆ ॥੩॥ (23-3-7)

ਚਰਣੋਦਕੁ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ॥ (23-4-1)
ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ॥ (23-4-2)
ਤਿਹੁ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜ੍ਹਾਈ॥ (23-4-3)
ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ॥ (23-4-4)
ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ॥ (23-4-5)
ਸਾਧੂ ਧੂੜਿ ਦੁਲੰਭ ਹੈ ਸਾਧਸੰਗਤਿ ਸਤਿਗੁਰੁ ਸਰਣਾਈ॥ (23-4-6)
ਚਰਨ ਕਵਲ ਦਲ ਕੀਮ ਨ ਪਾਈ ॥੪॥ (23-4-7)

ਚਰਣ ਸਰਣਿ ਜਿਸੁ ਲਖਮੀ ਲਖ ਕਲਾ ਹੋਇ ਲਖੀ ਨ ਜਾਈ॥ (23-5-1)
ਰਿਧਿ ਸਿਧਿ ਨਿਧਿ ਸਭ ਗੋਲੀਆਂ ਸਾਧਿਕ ਸਿਧ ਰਹੇ ਲਪਟਾਈ॥ (23-5-2)
ਚਾਰਿ ਵਰਨ ਛਿਅ ਦਰਸਨਾਂ ਜਤੀ ਸਤੀ ਨਉ ਨਾਥ ਨਿਵਾਈ॥ (23-5-3)
ਤਿੰਨ ਲੋਅ ਚੌਦਹ ਭਵਨ ਜਲਿ ਥਲਿ ਮਹੀਅਲ ਛਲੁ ਕਰਿ ਛਾਈ॥ (23-5-4)

ਕਵਲਾ ਸਣੁ ਕਵਲਾਪਤੀ ਸਾਧਸੰਗਤਿ ਸਰਣਾਗਤਿ ਆਈ॥ (23-5-5)
ਪੈਰੀ ਪੈ ਪੈ ਖਾਕ ਹੋਇ ਆਪੁ ਗਵਾਇ ਨ ਆਪੁ ਗਵਾਈ॥ (23-5-6)
ਗੁਰਮੁਖਿ ਸੁਖਫਲੁ ਵਡੀ ਵਡਿਆਈ ॥੫॥ (23-5-7)

ਬਾਵਨ ਰੂਪੀ ਹੋਇ ਕੈ ਬਲਿ ਛਲਿ ਅਛਲਿ ਆਪੁ ਛਲਾਇਆ॥ (23-6-1)
ਕਰੌਂ ਅਢਾਈ ਧਰਤਿ ਮੰਗਿ ਪਿਛੌਂ ਦੇ ਵਡ ਪਿੰਡੁ ਵਧਾਇਆ॥ (23-6-2)
ਦੁਇ ਕਰੁਵਾ ਕਰਿ ਤਿੰਨਿ ਲੋਅ ਬਲਿ ਰਾਜੇ ਫਿਰਿ ਮਗਰੁ ਮਿਣਾਇਆ॥ (23-6-3)
ਸੁਰਗਹੁ ਚੰਗਾ ਜਾਣਿ ਕੈ ਰਾਜੁ ਪਤਾਲ ਲੋਕ ਦਾ ਪਾਇਆ॥ (23-6-4)
ਬ੍ਰਹਮਾ ਬਿਸਨੁ ਮਹੇਸ ਤ੍ਰੈ ਭਗਤਿ ਵਛਲ ਦਰਵਾਨ ਸਦਾਇਆ॥ (23-6-5)
ਬਾਵਨ ਲਖ ਸੁ ਪਾਵਨਾ ਸਾਧਸੰਗਤਿ ਰਜ ਇਛ ਇਛਾਇਆ॥ (23-6-6)
ਸਾਧਸੰਗਤਿ ਗੁਰ ਚਰਨ ਧਿਆਇਆ ॥੬॥ (23-6-7)

ਸਹਸ ਬਾਹੁ ਜਮਦਗਨਿ ਘਰਿ ਹੋਇ ਪਰਾਹੁਣੁ ਚਾਰੀ ਆਇਆ॥ (23-7-1)
ਕਾਮਧੇਨੁ ਲੋਭਾਇ ਕੈ ਜਮਦਗਨੈ ਦਾ ਸਿਰੁ ਵਢਵਾਇਆ॥ (23-7-2)
ਪਿਟਦੀ ਸੁਣਿ ਕੈ ਰੇਣੁਕਾ ਪਰਸਰਾਮ ਧਾਈ ਕਰਿ ਧਾਇਆ॥ (23-7-3)
ਇਕੀਹ ਵਾਰ ਕਰੋਧ ਕਰਿ ਖਤ੍ਰੀ ਮਾਰਿ ਨਿਖਤ੍ਰ ਗਵਾਇਆ॥ (23-7-4)
ਚਰਣ ਸਰਣਿ ਫੜਿ ਉਬਰੇ ਦੂਜੈ ਕਿਸੈ ਨ ਖੜਗੁ ਉਚਾਇਆ॥ (23-7-5)
ਹਉਮੈ ਮਾਰਿ ਨ ਸਕੀਆ ਚਿਰੰਜੀਵ ਹੁਇ ਆਪੁ ਜਣਾਇਆ॥ (23-7-6)
ਚਰਣ ਕਵਲ ਮਕਰੰਦੁ ਨ ਪਾਇਆ ॥੭॥ (23-7-7)

ਰੰਗ ਮਹਲ ਰੰਗ ਰੰਗ ਵਿਚਿ ਦਸਰਥੁ ਕਉਸਲਿਆ ਰਲੀਆਲੇ॥ (23-8-1)
ਮਤਾ ਮਤਾਇਨਿ ਆਪ ਵਿਚਿ ਚਾਇ ਚਈਲੇ ਖਰੇ ਸੁਖਾਲੇ॥ (23-8-2)
ਘਰਿ ਅਸਾੜੈ ਪੁਤੁ ਹੋਇ ਨਾਉ ਕਿ ਧਰੀਐ ਬਾਲਕ ਬਾਲੇ॥ (23-8-3)
ਰਾਮ ਚੰਦੁ ਨਾਉ ਲੈਂਦਿਆਂ ਤਿੰਨਿ ਹਤਿਆ ਤੇ ਹੋਇ ਨਿਰਾਲੇ॥ (23-8-4)
ਰਾਮ ਰਾਜ ਪਰਵਾਣ ਜਗਿ ਸਤ ਸੰਤੋਖ ਧਰਮ ਰਖਵਾਲੇ॥ (23-8-5)
ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ॥ (23-8-6)
ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ॥ (23-8-7)
ਸਾਧਸੰਗਤਿ ਪਗ ਧੂੜਿ ਨਿਹਾਲੇ ॥੮॥ (23-8-8)

ਕਿਸਨ ਲੈਆ ਅਵਤਾਰੁ ਜਗਿ ਮਹਮਾ ਦਸਮ ਸਕੰਧੁ ਵਖਾਣੈ॥ (23-9-1)
ਲੀਲਾ ਚਲਤ ਅਚਰਜ ਕਰਿ ਜੋਗੁ ਭੋਗੁ ਰਸ ਰਲੀਆ ਮਾਣੈ॥ (23-9-2)
ਮਹਾ ਭਾਰਥੁ ਕਰਵਾਇਓਨੁ ਕੈਰੋ ਪਾਡੋ ਕਰਿ ਹੈਰਾਣੈ॥ (23-9-3)
ਇੰਦ੍ਰਾਦਿਕ ਬ੍ਰਹਮਾਦਿਕਾ ਮਹਿਮਾ ਮਿਤਿ ਮਿਰਜਾਦ ਨ ਜਾਣੈ॥ (23-9-4)
ਮਿਲੀਆ ਟਹਲਾ ਵੰਡਿ ਕੈ ਜਗਿ ਰਾਜਸੂ ਰਾਜੇ ਰਾਣੈ॥ (23-9-5)
ਮੰਗ ਲਈ ਹਰਿ ਟਹਲ ਏਹ ਪੈਰ ਧੋਇ ਚਰਣੋਦਕੁ ਮਾਣੈ॥ (23-9-6)
ਸਾਧਸੰਗਤਿ ਗੁਰ ਸਬਦੁ ਸਿਞਾਣੈ ॥੯॥ (23-9-7)

ਮਛ ਰੂਪ ਅਵਤਾਰੁ ਧਰਿ ਪੁਰਖਾਰਥੁ ਕਰਿ ਵੇਦ ਉਧਾਰੇ॥ (23-10-1)
ਕਛੁ ਰੂਪ ਹੁਇ ਅਵਤਰੇ ਸਾਗਰੁ ਮਥਿ ਜਗਿ ਰਤਨ ਪਸਾਰੇ॥ (23-10-2)
ਤੀਜਾ ਕਰਿ ਬੈਰਾਹ ਰੂਪੁ ਧਰਤਿ ਉਧਾਰੀ ਦੈਤ ਸੰਘਾਰੇ॥ (23-10-3)

ਚਉਥਾ ਕਰਿ ਨਰਸਿੰਘ ਰੂਪੁ ਅਸੁਰੁ ਮਾਰਿ ਪ੍ਰਹਿਲਾਦਿ ਉਬਾਰੇ॥ (23-10-4)
ਇਕਸੈ ਹੀ ਬ੍ਰਹਮੰਡ ਵਿਚਿ ਦਸ ਅਵਤਾਰ ਲਏ ਅਹੰਕਾਰੇ॥ (23-10-5)
ਕਰਿ ਬ੍ਰਹਮੰਡ ਕਰੋੜਿ ਜਿਨਿ ਲੂੰਅ ਲੂੰਅ ਅੰਦਰਿ ਸੰਜਾਰੇ॥ (23-10-6)
ਲਖ ਕਰੋੜਿ ਇਵੇਹਿਆ ਓਅੰਕਾਰ ਅਕਾਰ ਸਵਾਰੇ॥ (23-10-7)
ਚਰਣ ਕਮਲ ਗੁਰ ਅਗਮ ਅਪਾਰੇ ॥੧੦॥ (23-10-8)

ਸਾਸਤ੍ਰ ਵੇਦ ਪੁਰਾਣ ਸਭ ਸੁਣਿ ਸੁਣਿ ਆਖਣੁ ਆਖ ਸੁਣਾਵਹਿ॥ (23-11-1)
ਰਾਗ ਨਾਦ ਸੰਗਤਿ ਲਖ ਅਨਹਦ ਧੁਨਿ ਸੁਣਿ ਸੁਣਿ ਗੁਣ ਗਾਵਹਿ॥ (23-11-2)
ਸੇਖ ਨਾਗ ਲਖ ਲੋਮਸਾ ਅਬਿਗਤਿ ਗਤਿ ਅੰਦਰਿ ਲਿਵ ਲਾਵਹਿ॥ (23-11-3)
ਬ੍ਰਹਮੇ ਬਿਸਨੁ ਮਹੇਸ ਲਖ ਗਿਆਨੁ ਧਿਆਨੁ ਤਿਲੁ ਅੰਤੁ ਨ ਪਾਵਹਿ॥ (23-11-4)
ਦੇਵੀ ਦੇਵ ਸਰੇਵਦੇ ਅਲਖ ਅਭੇਵ ਨ ਸੇਵ ਪੁਜਾਵਹਿ॥ (23-11-5)
ਗੋਰਖ ਨਾਥ ਮਛੰਦ੍ਰ ਲਖ ਸਾਧਿਕ ਸਿਧਿ ਨੇਤ ਕਰਿ ਧਿਆਵਹਿ॥ (23-11-6)
ਚਰਨ ਕਮਲ ਗੁਰੁ ਅਗਮ ਅਲਾਵਹਿ ॥੧੧॥ (23-11-7)

ਮਥੈ ਤਿਵੜੀ ਬਾਮਣੈ ਸਉਹੇ ਆਏ ਮਸਲਤਿ ਫੇਰੀ॥ (23-12-1)
ਸਿਰੁ ਉਚਾ ਅਹੰਕਾਰ ਕਰਿ ਵਲ ਦੇ ਪਗ ਵਲਾਏ ਡੇਰੀ॥ (23-12-2)
ਅਖੀਂ ਮੂਲਿ ਨ ਪੂਜੀਅਨਿ ਕਰਿ ਕਰਿ ਵੇਖਨਿ ਮੇਰੀ ਤੇਰੀ॥ (23-12-3)
ਨਕੁ ਨ ਕੋਈ ਪੂਜਦਾ ਖਾਇ ਮਰੋੜੀ ਮਣੀ ਘਨੇਰੀ॥ (23-12-4)
ਉਚੇ ਕੰਨ ਨ ਪੂਜੀਅਨਿ ਉਸਤਤਿ ਨਿੰਦਾ ਭਲੀ ਭਲੇਰੀ॥ (23-12-5)
ਬੋਲਹੁ ਜੀਭ ਨ ਪੂਜੀਐ ਰਸ ਕਸ ਬਹੁ ਚਖੀ ਦੰਦਿ ਘੇਰੀ॥ (23-12-6)
ਨੀਵੇਂ ਚਰਣ ਪੂਜ ਹਥ ਕੇਰੀ ॥੧੨॥ (23-12-7)

ਹਸਤਿ ਅਖਾਜੁ ਗੁਮਾਨ ਕਰਿ ਸੀਹੁ ਸਤਾਣਾ ਕੋਇ ਨ ਖਾਈ॥ (23-13-1)
ਹੋਇ ਨਿਮਾਣੀ ਬਕਰੀ ਦੀਨ ਦੁਨੀ ਵਡਿਆਈ ਪਾਈ॥ (23-13-2)
ਮਰਣੈ ਪਰਣੈ ਮੰਨੀਐ ਜਗਿ ਭੋਗਿ ਪਰਵਾਣੁ ਕਰਾਈ॥ (23-13-3)
ਮਾਸੁ ਪਵਿਤ੍ਰੁ ਗ੍ਰਿਹਸਤ ਨੋ ਆਂਦਹੁ ਤਾਰ ਵੀਚਾਰਿ ਵਜਾਈ॥ (23-13-4)
ਚਮੜੇ ਦੀਆਂ ਕਰਿ ਜੁਤੀਆ ਸਾਧੂ ਚਰਣ ਸਰਣਿ ਲਿਵ ਲਾਈ॥ (23-13-5)
ਤੂਰ ਪਖਾਵਜ ਮੜੀਦੇ ਕੀਰਤਨੁ ਸਾਧਸੰਗਤਿ ਸੁਖਦਾਈ॥ (23-13-6)
ਸਾਧਸੰਗਤਿ ਸਤਿਗੁਰ ਸਰਣਾਈ ॥੧੩॥ (23-13-7)

ਸਭ ਸਰੀਰ ਸਕਾਰਥੇ ਅਤਿ ਅਪਵਿਤ੍ਰੁ ਸੁ ਮਾਣਸ ਦੇਹੀ॥ (23-14-1)
ਬਹੁ ਬਿੰਜਨ ਮਿਸਟਾਨ ਪਾਨ ਹੁਇ ਮਲ ਮੂਤ੍ਰ ਕੁਸੂਤ੍ਰ ਇਵੇਹੀ॥ (23-14-2)
ਪਾਟ ਪਟੰਬਰ ਵਿਗੜਦੇ ਪਾਨ ਕਪੂਰ ਕੁਸੰਗ ਸਨੇਹੀ॥ (23-14-3)
ਚੋਆ ਚੰਦਨੁ ਅਰਗਜਾ ਹੁਇ ਦੁਰਗੰਧ ਸੁਗੰਧ ਹੁਰੇਹੀ॥ (23-14-4)
ਰਾਜੇ ਰਾਜ ਕਮਾਂਵਦੇ ਪਾਤਿਸਾਹ ਖਹਿ ਮੁਏ ਸਭੇ ਹੀ॥ (23-14-5)
ਸਾਧਸੰਗਤਿ ਗੁਰੁ ਸਰਣਿ ਵਿਣੁ ਨਿਹਫਲੁ ਮਾਣਸ ਦੇਹ ਇਵੇਹੀ॥ (23-14-6)
ਚਰਨ ਸਰਣਿ ਮਸਕੀਨੀ ਜੇਹੀ ॥੧੪॥ (23-14-7)

ਗੁਰਮੁਖਿ ਸੁਖ ਫਲੁ ਪਾਇਆ ਸਾਧਸੰਗਤਿ ਗੁਰ ਸਰਣੀ ਆਏ॥ (23-15-1)
ਧ੍ਰੂ ਪ੍ਰਹਿਲਾਦੁ ਵਖਾਣੀਅਨਿ ਅੰਬਰੀਕੁ ਬਲਿ ਭਗਤਿ ਸਬਾਏ॥ (23-15-2)

ਜਨਕਾਦਿਕ ਜੈਦੇਉ ਜਗਿ ਬਾਲਮੀਕੁ ਸਤਿਸੰਗਿ ਤਰਾਏ॥ (23-15-3)
ਬੇਣੁ ਤਿਲੋਚਨੁ ਨਾਮਦੇਉ ਧੰਨਾ ਸਧਨਾ ਭਗਤ ਸਦਾਏ॥ (23-15-4)
ਭਗਤੁ ਕਬੀਰੁ ਵਖਾਣੀਐ ਜਨ ਰਵਿਦਾਸੁ ਬਿਦਰ ਗੁਰੁ ਭਾਏ॥ (23-15-5)
ਜਾਤਿ ਅਜਾਤਿ ਸਨਾਤਿ ਵਿਚਿ ਗੁਰਮੁਖਿ ਚਰਣ ਕਵਲ ਚਿਤੁ ਲਾਏ॥ (23-15-6)
ਹਉਮੈ ਮਾਰੀ ਪ੍ਰਗਟੀ ਆਏ ॥੧੫॥ (23-15-7)

ਲੋਕ ਵੇਦ ਸੁਣਿ ਆਖਦਾ ਸੁਣਿ ਸੁਣਿ ਗਿਆਨੀ ਗਿਆਨੁ ਵਖਾਣੈ॥ (23-16-1)
ਸੁਰਗ ਲੋਕ ਸਣੁ ਮਾਤ ਲੋਕ ਸੁਣਿ ਸੁਣਿ ਸਾਤ ਪਤਾਲੁ ਨ ਜਾਣੈ॥ (23-16-2)
ਭੂਤ ਭਵਿਖ ਨ ਵਰਤਮਾਨ ਆਦਿ ਮਧਿ ਅੰਤ ਹੋਏ ਹੈਰਾਣੈ॥ (23-16-3)
ਉਤਮ ਮਧਮ ਨੀਚ ਹੋਇ ਸਮਝਿ ਨ ਸਕਣਿ ਚੋਜ ਵਿਡਾਣੈ॥ (23-16-4)
ਰਜ ਗੁਣ ਤਮ ਗੁਣ ਆਖੀਐ ਸਤਿ ਗੁਣ ਸੁਣ ਆਖਾਣ ਵਖਾਣੈ॥ (23-16-5)
ਮਨ ਬਚ ਕਰਮ ਸਿ ਭਰਮਦੇ ਸਾਧ ਸੰਗਤਿ ਸਤਿਗੁਰ ਨ ਸਿਵਾਣੈ॥ (23-16-6)
ਫਕੜੁ ਹਿੰਦੂ ਮੁਸਲਮਾਣੈ ॥੧੬॥ (23-16-7)

ਸਤਿਜੁਗਿ ਇਕੁ ਵਿਗਾੜਦਾ ਤਿਸੁ ਪਿਛੈ ਫੜਿ ਦੇਸੁ ਪੀੜਾਏ॥ (23-17-1)
ਤ੍ਰੇਤੈ ਨਗਰੀ ਵਗਲੀਐ ਦੁਆਪੁਰਿ ਵੰਸੁ ਨਰਕਿ ਸਹਮਾਏ॥ (23-17-2)
ਜੋ ਫੇੜੈ ਸੋ ਫੜੀਦਾ ਕਲਿਜੁਗਿ ਸਚਾ ਨਿਆਉ ਕਰਾਏ॥ (23-17-3)
ਸਤਿਜੁਗ ਸਤੁ ਤ੍ਰੇਤੈ ਜੁਗਾ ਦੁਆਪੁਰਿ ਪੂਜਾ ਚਾਰਿ ਦਿੜਾਏ॥ (23-17-4)
ਕਲਿਜੁਗਿ ਨਾਉ ਅਰਾਧਣਾ ਹੋਰ ਕਰਮ ਕਰਿ ਮੁਕਤਿ ਨ ਪਾਏ॥ (23-17-5)
ਜੁਗਿ ਜੁਗਿ ਲੁਣੀਐ ਬੀਜਿਆ ਪਾਪੁ ਪੁੰਨੁ ਕਰਿ ਦੁਖ ਸੁਖ ਪਾਏ॥ (23-17-6)
ਕਲਿਜੁਗਿ ਚਿਤਵੈ ਪੁੰਨ ਫਲ ਪਾਪਹੁ ਲੇਪੁ ਅਧਰਮ ਕਮਾਏ॥ (23-17-7)
ਗੁਰਮੁਖਿ ਸੁਖਿਫਲੁ ਆਪੁ ਗਵਾਏ ॥੧੭॥ (23-17-8)

ਸਤਜੁਗ ਦਾ ਅਨਿਆਉ ਵੇਖਿ ਧਉਲ ਧਰਮੁ ਹੋਆ ਉਡੀਣਾ॥ (23-18-1)
ਸੁਰਪਤਿ ਨਰਪਤਿ ਚਕ੍ਰਵੈ ਰਖਿ ਨ ਹੰਘਨਿ ਬਲ ਮਤਿ ਹੀਣਾ॥ (23-18-2)
ਤ੍ਰੇਤੇ ਖਿਸਿਆ ਪੈਰੁ ਇਕੁ ਹੋਮ ਜਗ ਜਗੁ ਥਾਪਿ ਪਤੀਣਾ॥ (23-18-3)
ਦੁਆਪੁਰਿ ਦੁਇ ਪਗ ਧਰਮ ਦੇ ਪੂਜਾ ਚਾਰ ਪਖੰਡੁ ਅਲੀਣਾ॥ (23-18-4)
ਕਲਿਜੁਗ ਰਹਿਆ ਪੈਰ ਇਕੁ ਹੋਇ ਨਿਮਾਣਾ ਧਰਮ ਅਧੀਣਾ॥ (23-18-5)
ਮਾਣੁ ਨਿਮਾਣੈ ਸਤਿਗੁਰੂ ਸਾਧਸੰਗਤਿ ਪਰਗਟ ਪਰਬੀਣਾ॥ (23-18-6)
ਗੁਰਮੁਖ ਧਰਮ ਸਪੂਰਣੁ ਰੀਣਾ ॥੧੮॥ (23-18-7)

ਚਾਰਿ ਵਰਨਿ ਇਕ ਵਰਨਿ ਕਰਿ ਵਰਨ ਅਵਰਨ ਸਾਧਸੰਗੁ ਜਾਪੈ॥ (23-19-1)
ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਥਾਪੈ॥ (23-19-2)
ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ॥ (23-19-3)
ਵੇਦ ਕਤੇਬਹੁ ਬਾਹਰਾ ਅਨਹਦ ਸਬਦੁ ਅਗੰਮ ਅਲਾਪੈ॥ (23-19-4)
ਪੈਰੀ ਪੈ ਪਾ ਖਾਕ ਹੋਇ ਗੁਰਸਿਖਾ ਰਹਰਾਸਿ ਪਛਾਪੈ॥ (23-19-5)
ਮਾਇਆ ਵਿਚਿ ਉਦਾਸੁ ਕਰਿ ਆਪੁ ਗਵਾਏ ਜਪੈ ਅਜਾਪੈ॥ (23-19-6)
ਲੰਘ ਨਿਕਥੈ ਵਰੈ ਸਰਾਪੈ ॥੧੯॥ (23-19-7)

ਮਿਲਦੇ ਮੁਸਲਮਾਨ ਦੁਇ ਮਿਲਿ ਮਿਲਿ ਸਲਾਮਾਲੇਕੀ॥ (23-20-1)

ਜੋਗੀ ਕਰਨਿ ਅਦੇਸ ਮਿਲਿ ਆਦਿ ਪੁਰਖੁ ਆਦੇਸੁ ਵਿਸੇਖੀ॥ (23-20-2)
ਸੰਨਿਆਸੀ ਕਰਿ ਓਨਮੋ ਓਨਮ ਨਾਰਾਇਣ ਬਹੁ ਭੇਖੀ॥ (23-20-3)
ਬਾਮ੍ਹਣ ਨੋ ਕਰਿ ਨਮਸਕਾਰ ਕਰਿ ਆਸੀਰ ਵਚਨ ਮੁਹੁ ਦੇਖੀ॥ (23-20-4)
ਪੈਰੀ ਪਵਣਾ ਸਤਿਗੁਰੂ ਗੁਰ ਸਿਖਾ ਰਹਿਰਾਸ ਸਰੇਖੀ॥ (23-20-5)
ਰਾਜਾ ਰੰਕ ਬਰਾਬਰੀ ਬਾਲਕ ਬਿਰਧਿ ਨ ਭੇਦੁ ਨਿਮੇਖੀ॥ (23-20-6)
ਚੰਦਨ ਭਗਤਾ ਰੂਪ ਨ ਰੇਖੀ ॥੨੦॥ (23-20-7)

ਨੀਚਹੁ ਨੀਚ ਸਦਾਵਣਾ ਗੁਰ ਉਪਦੇਸੁ ਕਮਾਵੈ ਕੋਈ॥ (23-21-1)
ਤ੍ਰੈ ਵੀਹਾਂ ਦੇ ਦੰਮ ਲੈ ਇਕੁ ਰੁਪਈਆ ਹੋਛਾ ਹੋਈ॥ (23-21-2)
ਦਸੀ ਰੁਪਯੀਂ ਲਈਦਾ ਇਕ ਸੁਨਈਆ ਹਉਲਾ ਸੋਈ॥ (23-21-3)
ਸਹਸ ਸੁਨਈਏ ਮੁਲੁ ਕਰਿ ਲੱਯੈ ਹੀਰਾ ਹਾਰ ਪਰੋਈ॥ (23-21-4)
ਪੈਰੀ ਪੈ ਪਾਖਾਕ ਹੋਇ ਮਨ ਬਚ ਕਰਮ ਭਰਮ ਭਉ ਖੋਈ॥ (23-21-5)
ਹੋਇ ਪੰਚਾਇਣ ਪੰਜਿ ਮਾਰ ਬਾਹਰਿ ਜਾਂਦਾ ਰਖਿ ਸਗੋਈ॥ (23-21-6)
ਬੋਲ ਅਬੋਲ ਸਾਧ ਜਨ ਓੱਈ ॥੨੧॥੨੩॥ (23-21-7)

Vaar 24

ਨਾਰਾਇਣ ਨਿਜ ਰੂਪਿ ਧਰਿ ਨਾਥਾ ਨਾਥ ਸਨਾਥ ਕਰਾਇਆ॥ (24-1-1)
ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰੁ ਬਣਾਇਆ॥ (24-1-2)
ਕਰਤਾ ਪੁਰਖੁ ਵਖਾਣੀਐ ਕਾਰਣੁ ਕਰਣੁ ਬਿਰਦੁ ਬਿਰਦਾਇਆ॥ (24-1-3)
ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖੁ ਲਖਾਇਆ॥ (24-1-4)
ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਮਕ ਦੇਉ ਜਪਾਇਆ॥ (24-1-5)
ਧਰਮਸਾਲ ਕਰਤਾਰ ਪੁਰੁ ਸਾਧਸੰਗਤਿ ਸਚ ਖੰਡੁ ਵਸਾਇਆ॥ (24-1-6)
ਵਾਹਿਗੁਰੂ ਗੁਰ ਸਬਦੁ ਸੁਣਾਇਆ ॥੧॥ (24-1-7)

ਨਿਹਚਲ ਨੀਉ ਧਰਾਈਓਨੁ ਸਾਧਸੰਗਤਿ ਸਚ ਖੰਡ ਸਮੇਉ॥ (24-2-1)
ਗੁਰਮੁਖਿ ਪੰਥੁ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਮੇਉ॥ (24-2-2)
ਸਚਿ ਸਬਦਿ ਆਰਾਧੀਐ ਅਗਮ ਅਗੋਚਰੁ ਅਲਖ ਅਭੇਉ॥ (24-2-3)
ਚਹੁ ਵਰਨਾਂ ਉਪਦੇਸਦਾ ਛਿਅ ਦਰਸਨ ਸਭਿ ਸੇਵਕ ਸੇਉ॥ (24-2-4)
ਮਿਠਾ ਬੋਲਣੁ ਨਿਵ ਚਲਣੁ ਗੁਰਮੁਖਿ ਭਾਉ ਭਗਤਿ ਅਰਥੇਉ॥ (24-2-5)
ਆਦਿ ਪੁਰਖੁ ਆਦੇਸੁ ਹੈ ਅਬਿਨਾਸੀ ਅਤਿ ਅਛਲ ਅਛੇਉ॥ (24-2-6)
ਜਗਤੁ ਗੁਰੂ ਗੁਰੁ ਨਾਨਕ ਦੇਉ ॥੨॥ (24-2-7)

ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ॥ (24-3-1)
ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹੁ ਮੁਹਾਬਾ॥ (24-3-2)
ਬੇਸੁਮਾਰੁ ਨਿਰੰਕਾਰੁ ਹੈ ਅਲਖ ਅਪਾਰੁ ਸਲਾਹ ਸਿਵਾਬਾ॥ (24-3-3)
ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ॥ (24-3-4)
ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ॥ (24-3-5)
ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ॥ (24-3-6)
ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ॥ (24-3-7)
ਜਾਹਰ ਪੀਰ ਜਗਤੁ ਗੁਰੁ ਬਾਬਾ ॥੩॥ (24-3-8)

ਗੰਗ ਬਨਾਰਸ ਹਿੰਦੂਆਂ ਮੁਸਲਮਾਣਾਂ ਮਕਾ ਕਾਬਾ॥ (24-4-1)
ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ॥ (24-4-2)
ਭਗਤਿ ਵਛਲੁ ਹੋਇ ਆਇਆ ਪਤਿਤ ਉਧਾਰਣੁ ਅਜਬੁ ਅਜਾਬਾ॥ (24-4-3)
ਚਾਰਿ ਵਰਨ ਇਕ ਵਰਨ ਹੋਇ ਸਾਧਸੰਗਤਿ ਮਿਲਿ ਹੋਇ ਤਰਾਬਾ॥ (24-4-4)
ਚੰਦਨੁ ਵਾਸੁ ਵਣਾਸਪਤਿ ਅਵਲਿ ਦੋਮ ਨ ਸੇਮ ਖਰਾਬਾ॥ (24-4-5)
ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ॥ (24-4-6)
ਜਾਹਰ ਪੀਰੁ ਜਗਤੁ ਗੁਰ ਬਾਬਾ ॥੪॥ (24-4-7)

ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ॥ (24-5-1)
ਗਹਿਰ ਗੰਭੀਰੁ ਗਹੀਰੁ ਗੁਣੁ ਗੁਰਮੁਖਿ ਗੁਰੁ ਗੋਬਿੰਦੁ ਸਦਾਇਆ॥ (24-5-2)
ਦੁਖ ਸੁਖ ਦਾਤਾ ਦੇਣਿਹਾਰੁ ਦੁਖ ਸੁਖ ਸਮਸਰਿ ਲੇਪੁ ਨ ਲਾਇਆ॥ (24-5-3)
ਗੁਰ ਚੇਲਾ ਚੇਲਾ ਗੁਰੂ ਚੇਲੇ ਪਰਚਾ ਪਰਚਾਇਆ॥ (24-5-4)
ਬਿਰਖਹੁ ਫਲੁ ਫਲ ਤੇ ਬਿਰਖੁ ਪਿਉ ਪੁਤਹੁ ਪੁਤੁ ਪਿਉ ਪਤੀਆਇਆ॥ (24-5-5)

ਪਾਰਬ੍ਰਹਮੁ ਪੂਰਨੁ ਬ੍ਰਹਮੁ ਸਬਦੁ ਸੁਰਤਿ ਲਿਵ ਅਲਖ ਲਖਾਇਆ॥ (24-5-6)
ਬਾਬਾਣੇ ਗੁਰ ਅੰਗਦੁ ਆਇਆ ॥੫॥ (24-5-7)

ਪਾਰਸੁ ਹੋਆ ਪਾਰਸਹੁ ਸਤਿਗੁਰ ਪਰਚੇ ਸਤਿਗੁਰੁ ਕਹਣਾ॥ (24-6-1)
ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤ ਵਿਚਿ ਰਹਣਾ॥ (24-6-2)
ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ॥ (24-6-3)
ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਸਮਹਣਾ॥ (24-6-4)
ਅਪਿਉ ਪੀਅਣ ਨਿਝਣੁ ਅਜਰੁ ਜਟਣੁ ਅਸੀਅਣੁ ਸਹਣਾ॥ (24-6-5)
ਸਚੁ ਸਮਾਣਾ ਸਚੁ ਵਿਚਿ ਗਾਡੀ ਰਾਹੁ ਸਾਧਸੰਗਿ ਵਹਣਾ॥ (24-6-6)
ਬਾਬਾਣੈ ਘਰਿ ਚਾਨਣੁ ਲਹਣਾ ॥੬॥ (24-6-7)

ਸਬਦੈ ਸਬਦੁ ਮਿਲਾਇਆ ਗੁਰਮੁਖਿ ਅਘੜੁ ਘੜਾਏ ਗਹਣਾ॥ (24-7-1)
ਭਾਇ ਭਗਤਿ ਭੈ ਚਲਣਾ ਆਪੁ ਗਣਾਇ ਨ ਖਲਹਲੁ ਖਹਣਾ॥ (24-7-2)
ਦੀਨ ਦੁਨੀ ਦੀ ਸਾਹਿਬੀ ਗੁਰਮੁਖਿ ਗੋਸ ਨਸੀਨੀ ਬਹਣਾ॥ (24-7-3)
ਕਾਰਣ ਕਰਣ ਸਮਰਥ ਹੈ ਹੋਇ ਅਛਲੁ ਛਲ ਅੰਦਰਿ ਛਹਣਾ॥ (24-7-4)
ਸਤੁ ਸੰਤੋਖੁ ਦਇਆ ਧਰਮ ਅਰਥ ਵੀਚਾਰਿ ਸਹਜਿ ਘਰਿ ਘਹਣਾ॥ (24-7-5)
ਕਾਮ ਕ੍ਰੋਧੁ ਵਿਰੋਧੁ ਛਡਿ ਲੋਭ ਮੋਹੁ ਅਹੰਕਾਰਹੁ ਤਹਣਾ॥ (24-7-6)
ਪੁਤੁ ਸਪੁਤੁ ਬਬਾਣੇ ਲਹਣਾ ॥੭॥ (24-7-7)

ਗੁਰੁ ਅੰਗਦੁ ਗੁਰੁ ਅੰਗੁਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ॥ (24-8-1)
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ॥ (24-8-2)
ਹੀਰੈ ਹੀਰਾ ਬੇਧਿਆ ਛਲੁ ਕਰਿ ਅਛੂਲੀ ਅਛਲੁ ਛਲਿਆ॥ (24-8-3)
ਕੋਇ ਬੁਝਿ ਨ ਹੰਘਈ ਪਾਣੀ ਅੰਦਰਿ ਪਾਣੀ ਰਲਿਆ॥ (24-8-4)
ਸਚਾ ਸਚੁ ਸੁਹਾਵੜਾ ਸਚੁ ਅੰਦਰਿ ਸਚੁ ਸਚਹੁ ਢਲਿਆ॥ (24-8-5)
ਨਿਹਚਲੁ ਸਚਾ ਤਖਤੁ ਹੈ ਅਬਿਚਲ ਰਾਜ ਨ ਹਲੈ ਹਲਿਆ॥ (24-8-6)
ਸਚ ਸਬਦੁ ਗੁਰਿ ਸਉਪਿਆ ਸਚ ਟਕਸਾਲਹੁ ਸਿਕਾ ਚਲਿਆ॥ (24-8-7)
ਸਿਧ ਨਾਥ ਅਵਤਾਰ ਸਭ ਹਥ ਜੋੜਿ ਕੈ ਹੋਏ ਖਲਿਆ॥ (24-8-8)
ਸਚਾ ਹੁਕਮੁ ਸੁ ਅਟਲੁ ਨ ਟਲਿਆ ॥੮॥ (24-8-9)

ਅਛਲੁ ਅਛੇਦੁ ਅਭੇਦੁ ਹੈ ਭਗਤਿ ਵਛਲ ਹੋਇ ਅਛਲ ਛਲਾਇਆ॥ (24-9-1)
ਮਹਿਮਾ ਮਿਤਿ ਮਿਰਜਾਦ ਲੰਘਿ ਪਰਮਿਤਿ ਪਾਰਾਵਾਰੁ ਨ ਪਾਇਆ॥ (24-9-2)
ਰਹਰਾਸੀ ਰਹਰਾਸਿ ਹੈ ਪੈਰੀ ਪੈ ਜਗੁ ਪੈਰੀ ਪਾਇਆ॥ (24-9-3)
ਗੁਰਮੁਖਿ ਸੁਖਫਲੁ ਅਮਰਪਦੁ ਅੰਮ੍ਰਿਤ ਬ੍ਰਿਖਿ ਅੰਮ੍ਰਿਤਫਲ ਲਾਇਆ॥ (24-9-4)
ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਉਪਾਇ ਸਮਾਇਆ॥ (24-9-5)
ਵਰਤਮਾਨ ਵੀਹਿ ਵਿਸਵੇ ਹੋਇ ਇਕੀਹ ਸਹਜਿ ਘਰਿ ਆਇਆ॥ (24-9-6)
ਸਚਾ ਅਮਰੁ ਅਮਰਿ ਵਰਤਾਇਆ ॥੯॥ (24-9-7)

ਸਬਦੁ ਸੁਰਤਿ ਪਰਚਾਇ ਕੈ ਚੇਲੇ ਤੇ ਗੁਰੁ ਗੁਰੁ ਤੇ ਚੇਲਾ॥ (24-10-1)
ਵਾਣਾ ਤਾਣਾ ਆਖੀਐ ਸੂਤੁ ਇਕੁ ਹੁਇ ਕਪੜੁ ਮੇਲਾ॥ (24-10-2)
ਦੁਧਹੁ ਦਹੀ ਵਖਾਣੀਐ ਦਹੀਅਹੁ ਮਖਣੁ ਕਾਜੁ ਸੁਹੇਲਾ॥ (24-10-3)

ਮਿਸਰੀ ਖੰਡੁ ਘਿਉ ਮੇਲਿ ਕਰਿ ਅਤਿ ਵਿਸਮਾਦੁ ਸਾਦ ਰਸ ਕੇਲਾ॥ (24-10-4)
ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗ ਸੁਹੇਲਾ॥ (24-10-5)
ਪੋਤਾ ਪਰਵਾਣੀਕੁ ਨਵੇਲਾ ॥੧੦॥ (24-10-6)

ਤਿਲਿ ਮਿਲਿ ਫੁਲ ਅਮੁਲ ਜਿਉ ਗੁਰਸਿਖ ਸੰਧਿ ਸੁਗੰਧ ਫੁਲੇਲਾ॥ (24-11-1)
ਖਾਸਾ ਮਲਮਲਿ ਸਿਰੀਸਾਫੁ ਸਾਹ ਕਪਾਹ ਚਲਤ ਬਹੁ ਖੇਲਾ॥ (24-11-2)
ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ॥ (24-11-3)
ਦੁਨੀਆ ਕੂੜੀ ਸਾਹਿਬੀ ਸਚ ਮਣੀ ਸਚ ਗਰਬਿ ਗਹੇਲਾ॥ (24-11-4)
ਦੇਵੀ ਦੇਵ ਦੁੜਾਇਅਨੁ ਜਿਉ ਮਿਰਗਾਵਲਿ ਦੇਖਿ ਬਘੇਲਾ॥ (24-11-5)
ਹੁਕਮਿ ਰਜਾਈ ਚਲਣਾ ਪਿਛੇ ਲਗੇ ਨਕਿ ਨਕੇਲਾ॥ (24-11-6)
ਗੁਰਮੁਖਿ ਸਚਾ ਅਮਰਿ ਸੁਹੇਲਾ ॥੧੧॥ (24-11-7)

ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ॥ (24-12-1)
ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ॥ (24-12-2)
ਖੋਲਿ ਖਜਾਨਾ ਸਬਦੁ ਦਾ ਸਾਧਸੰਗਤਿ ਸਚੁ ਮੇਲਿ ਮਿਲਾਇਆ॥ (24-12-3)
ਗੁਰ ਚੇਲਾ ਪਰਵਾਣੁ ਕਰਿ ਚਾਰਿ ਵਰਨ ਲੈ ਪੈਰੀ ਪਾਇਆ॥ (24-12-4)
ਗੁਰਮੁਖਿ ਇਕੁ ਧਿਆਈਐ ਦੁਰਮਤਿ ਦੂਜਾ ਭਾਉ ਮਿਟਾਇਆ॥ (24-12-5)
ਕੁਲਾ ਧਰਮ ਗੁਰਸਿਖ ਸਭ ਮਾਇਆ ਵਿਚਿ ਉਦਾਸੁ ਰਹਾਇਆ॥ (24-12-6)
ਪੂਰੇ ਪੂਰਾ ਥਾਟੁ ਬਣਾਇਆ ॥੧੨॥ (24-12-7)

ਆਦਿ ਪੁਰਖੁ ਆਦੇਸੁ ਕਰਿ ਆਦਿ ਜੁਗਾਦਿ ਸਬਦ ਵਰਤਾਇਆ॥ (24-13-1)
ਨਾਮੁ ਦਾਨੁ ਇਸਨਾਨੁ ਦਿੜੁ ਗੁਰੁ ਸਿਖ ਦੇ ਸੈਂਸਾਰੁ ਤਰਾਇਆ॥ (24-13-2)
ਕਲੀਕਾਲ ਇਕ ਪੈਰ ਹੁਇ ਚਾਰ ਚਰਨ ਕਰਿ ਧਰਮੁ ਧਰਾਇਆ॥ (24-13-3)
ਭਲਾ ਭਲਾ ਭਲਿਆਈਅਹੁ ਪਿਉ ਦਾਦੇ ਦਾ ਰਾਹੁ ਚਲਾਇਆ॥ (24-13-4)
ਅਗਮ ਅਗੋਚਰ ਗਹਣ ਗਤਿ ਸਬਦ ਸੁਰਤਿ ਲਿਵ ਅਲਖੁ ਲਖਾਇਆ॥ (24-13-5)
ਅਪਰੰਪਰ ਆਗਾਧਿ ਬੋਧਿ ਪਰਮਿਤਿ ਪਾਰਾਵਾਰ ਨ ਪਾਇਆ॥ (24-13-6)
ਆਪੇ ਆਪਿ ਨ ਆਪੁ ਜਣਾਇਆ ॥੧੩॥ (24-13-7)

ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗ ਵਰਤੈ ਵਰਤਾਰਾ॥ (24-14-1)
ਮਨਸਾ ਵਾਚਾ ਕਰਮਣਾ ਮਰਮੁ ਨ ਜਾਪੈ ਅਪਰ ਅਪਾਰਾ॥ (24-14-2)
ਦਾਤਾ ਭੁਗਤਾ ਦੈਆ ਦਾਨਿ ਦੇਵਸਥਲੁ ਸਤਿਸੰਗੁ ਉਧਾਰਾ॥ (24-14-3)
ਸਹਜ ਸਮਾਧਿ ਅਗਾਧਿ ਬੋਧਿ ਸਤਿਗੁਰੁ ਸਚਾ ਸਵਾਰਣਹਾਰਾ॥ (24-14-4)
ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ॥ (24-14-5)
ਸਬਦ ਸੁਰਤਿ ਗੁਰ ਸਿਖੁ ਹੋਇ ਅਨਹਦ ਬਾਣੀ ਨਿਝਰਧਾਰਾ॥ (24-14-6)
ਤਖਤੁ ਬਖਤੁ ਪਰਗਟੁ ਪਾਹਾਰਾ ॥੧੪॥ (24-14-7)

ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ॥ (24-15-1)
ਗੁਰਮਤਿ ਜਾਗਿ ਜਗਾਇਦਾ ਕਲਿਜੁਗ ਅੰਦਰਿ ਕੌੜ ਸੋਤਾ॥ (24-15-2)
ਦੀਨ ਦੁਨੀ ਦਾ ਥੰਮੁ ਹੁਇ ਭਾਰੁ ਅਥਰਬਣ ਥੰਮ੍ਹਿ ਖਲੋਤਾ॥ (24-15-3)
ਭਉਜਲੁ ਭਉ ਨ ਵਿਆਪਈ ਗੁਰ ਬੋਹਿਥ ਚੜਿ ਖਾਇ ਨ ਗੋਤਾ॥ (24-15-4)

ਅਵਗੁਣ ਲੈ ਗੁਣ ਵਿਕਣੈ ਗੁਰ ਹਟ ਨਾਲੈ ਵਣਜ ਸਓਤਾ॥ (24-15-5)
ਮਿਲਿਆ ਮੂਲਿ ਨ ਵਿਛੁੜੈ ਰਤਨ ਪਦਾਰਥ ਹਾਰੁ ਪਰੋਤਾ॥ (24-15-6)
ਮੈਲਾ ਕਦੇ ਨ ਹੋਵਈ ਗੁਰ ਸਰਵਰਿ ਨਿਰਮਲ ਜਲ ਧੋਤਾ॥ (24-15-7)
ਬਾਬਾਣੈ ਕੁਲਿ ਕਵਲੁ ਅਛੋਤਾ ॥੧੫॥ (24-15-8)

ਗੁਰਮੁਖਿ ਮੇਲਾ ਸਚ ਦਾ ਸਚਿ ਮਿਲੈ ਸਚਿਆਰ ਸੰਜੋਗੀ॥ (24-16-1)
ਘਰਬਾਰੀ ਪਰਵਾਰ ਵਿਚਿ ਭੋਗ ਭੁਗਤਿ ਰਾਜੇ ਰਸੁ ਭੋਗੀ॥ (24-16-2)
ਆਸਾ ਵਿਚਿ ਨਿਰਾਸ ਹੁਇ ਜੋਗ ਜੁਗਤਿ ਜੋਗੀਸਰੁ ਜੋਗੀ॥ (24-16-3)
ਦੇਦਾ ਰਹੈ ਨ ਮੰਗੀਐ ਮਰੈ ਨ ਹੋਇ ਵਿਜੋਗ ਵਿਜੋਗੀ॥ (24-16-4)
ਆਧਿ ਬਿਆਧਿ ਉਪਾਧਿ ਹੈ ਵਾਇ ਪਿਤ ਕਫੁ ਰੋਗ ਅਰੋਗੀ॥ (24-16-5)
ਦੁਖੁ ਸੁਖੁ ਸਮਸਰਿ ਗੁਰਮਤੀ ਸੰਪੈ ਹਰਖ ਨ ਅਪਦਾ ਸੋਗੀ॥ (24-16-6)
ਦੇਹ ਬਿਦੇਹੀ ਲੋਗ ਅਲੋਗੀ ॥੧੬॥ (24-16-7)

ਸਭਨਾ ਸਾਹਿਬੁ ਇਕੁ ਹੈ ਦੂਜੀ ਜਾਇ ਨ ਹੋਇ ਨ ਹੋਗੀ॥ (24-17-1)
ਸਹਜ ਸਰੋਵਰਿ ਪਰਮਹੰਸੁ ਗੁਰਮਤਿ ਮੋਤੀ ਮਾਣਕ ਚੋਗੀ॥ (24-17-2)
ਖੀਰ ਨੀਰ ਜਿਉ ਕੂੜੁ ਸਚੁ ਤਜਣੁ ਭਜਣੁ ਗੁਰ ਗਿਆਨ ਅਧੋਗੀ॥ (24-17-3)
ਇਕ ਮਨਿ ਇਕੁ ਅਰਾਧਨਾ ਪਰਿਹਰਿ ਦੂਜਾ ਭਾਉ ਦਰੋਗੀ॥ (24-17-4)
ਸਬਦਸੁਰਤਿ ਲਿਵ ਸਾਧਸੰਗਿ ਸਹਜਿ ਸਮਾਧਿ ਅਗਾਧਿ ਘਰੋਗੀ॥ (24-17-5)
ਜੰਮਣੁ ਮਰਣਹੁ ਬਾਹਰੇ ਪਰਉਪਕਾਰ ਪਰਮਪਰ ਜੋਗੀ॥ (24-17-6)
ਰਾਮਦਾਸ ਗੁਰ ਅਮਰ ਸਮੋਗੀ ॥੧੭॥ (24-17-7)

ਅਲਖ ਨਿਰੰਜਨੁ ਆਖੀਐ ਅਕਲ ਅਜੋਨਿ ਅਕਾਲ ਅਪਾਰਾ॥ (24-18-1)
ਰਵਿ ਸਸਿ ਜੋਤਿ ਉਦੋਤਿ ਲੰਘਿ ਪਰਮ ਜੋਤਿ ਪਰਮੇਸਰੁ ਪਿਆਰਾ॥ (24-18-2)
ਜਗ ਮਗ ਜੋਤਿ ਨਿਰੰਤਰੀ ਜਗ ਜੀਵਨ ਜਗ ਜੈ ਜੈ ਕਾਰਾ॥ (24-18-3)
ਨਮਸਕਾਰ ਸੰਸਾਰ ਵਿਚਿ ਆਦਿ ਪੁਰਖ ਆਦੇਸੁ ਉਧਾਰਾ॥ (24-18-4)
ਚਾਰਿ ਵਰਨ ਛਿਅ ਦਰਸਨਾਂ ਗੁਰਮੁਖਿ ਮਾਰਗਿ ਸਚੁ ਅਚਾਰਾ॥ (24-18-5)
ਨਾਮੁ ਦਾਨੁ ਇਸਨਾਨੁ ਦਿੜਿ ਗੁਰਮੁਖਿ ਭਾਇ ਭਗਤਿ ਨਿਸਤਾਰਾ॥ (24-18-6)
ਗੁਰੂ ਅਰਜਨੁ ਸਚੁ ਸਿਰਜਣਹਾਰਾ ॥੧੮॥ (24-18-7)

ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕ ਅਜਰਾਵਰ ਨਤਾ॥ (24-19-1)
ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ॥ (24-19-2)
ਗੁਰਬਾਣੀ ਭੰਡਾਰੁ ਭਰਿ ਕੀਰਤਨ ਕਥਾ ਰਹੈ ਰੰਗ ਰਤਾ॥ (24-19-3)
ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ॥ (24-19-4)
ਸਾਧਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ॥ (24-19-5)
ਸਚੁ ਨੀਸਾਣੁ ਦੀਬਾਣੁ ਸਚੁ ਤਾਣੁ ਸਚੁ ਮਾਣ ਮਹਤਾ॥ (24-19-6)
ਅਬਚਲੁ ਰਾਜੁ ਹੋਆ ਸਣਖਤਾ ॥੧੯॥ (24-19-7)

ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ॥ (24-20-1)
ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ॥ (24-20-2)
ਗੁਰਮੁਖਿ ਛਤ੍ਰ ਨਿਰੰਜਨੀ ਪੂਰਨ ਬ੍ਰਹਮ ਪਰਮਪਦ ਪਤਾ॥ (24-20-3)

ਵੇਦ ਕਤੇਬ ਅਗੋਚਰਾ ਗੁਰਮੁਖਿ ਸਬਦੁ ਸਾਧ ਸੰਗੁ ਸਤਾ॥ (24-20-4)
ਮਾਇਆ ਵਿਚਿ ਉਦਾਸੁ ਕਰਿ ਗੁਰ ਸਿਖ ਜਨਕ ਅਸੰਖ ਭਗਤਾ॥ (24-20-5)
ਕੁਦਰਤਿ ਕੀਮ ਨ ਜਾਣੀਐ ਅਕਥ ਕਥਾ ਅਬਿਗਤ ਅਬਿਗਤਾ॥ (24-20-6)
ਗੁਰਮੁਖਿ ਸੁਖ ਫਲੁ ਸਹਜ ਜੁਗਤਾ ॥੨੦॥ (24-20-7)

ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ॥ (24-21-1)
ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ॥ (24-21-2)
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ॥ (24-21-3)
ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ॥ (24-21-4)
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ॥ (24-21-5)
ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ॥ (24-21-6)
ਗੁਰ ਸਿਖ ਲੈ ਗੁਰ ਸਿਖੁ ਚਲੰਦਾ ॥੨੧॥ (24-21-7)

ਹੰਸਹੁ ਹੰਸ ਗਿਆਨ ਕਰਿ ਦੁਧੈ ਵਿਚਹੁ ਕਢੈ ਪਾਣੀ॥ (24-22-1)
ਕਛਹੁ ਕਛੁ ਧਿਆਨਿ ਧਰਿ ਲਹਰਿ ਨ ਵਿਆਪੈ ਘੁੰਮਣਵਾਣੀ॥ (24-22-2)
ਕੂੰਜਹੁ ਕੂੰਜੁ ਵਖਾਣੀਐ ਸਿਮਰਣੁ ਕਰਿ ਉਡੈ ਅਸਮਾਣੀ॥ (24-22-3)
ਗੁਰ ਪਰਚੈ ਗੁਰ ਜਾਣੀਐ ਗਿਆਨਿ ਧਿਆਨਿ ਸਿਮਰਣਿ ਗੁਰਬਾਣੀ॥ (24-22-4)
ਗੁਰ ਸਿਖ ਲੈ ਗੁਰਸਿਖ ਹੋਣਿ ਸਾਧਸੰਗਤਿ ਜਗ ਅੰਦਰਿ ਜਾਣੀ॥ (24-22-5)
ਪੈਰੀ ਪੈ ਪਾਖਾਕ ਹੋਇ ਗਰਬੁ ਨਿਵਾਰਿ ਗਰੀਬੀ ਆਣੀ॥ (24-22-6)
ਪੀ ਚਰਣੋਦਕੁ ਅੰਮ੍ਰਿਤਿ ਵਾਣੀ ॥੨੨॥ (24-22-7)

ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ॥ (24-23-1)
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ॥ (24-23-2)
ਸਬਦ ਸੁਰਤਿ ਲਿਵ ਮਿਰਗ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ॥ (24-23-3)
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ॥ (24-23-4)
ਗੁਰਮੁਖਿ ਸੁਖਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ॥ (24-23-5)
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥ (24-23-6)

ਪਾਰਬ੍ਰਹਮੁ ਪੂਰਨ ਬ੍ਰਹਮਿ ਸਤਿਗੁਰ ਆਪੇ ਆਪੁ ਉਪਾਇਆ॥ (24-24-1)
ਗੁਰੁ ਗੋਬਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ॥ (24-24-2)
ਪੁਤੁ ਪਿਅਹੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ॥ (24-24-3)
ਬਿਰਖਹੁ ਫਲੁ ਫਲ ਤੇ ਬਿਰਖੁ ਆਚਰਜਹੁ ਆਚਰਜੁ ਸੁਹਾਇਆ॥ (24-24-4)
ਨਦੀ ਕਿਨਾਰੇ ਆਖੀਅਨਿ ਪੁਛੇ ਪਾਰਵਾਰੁ ਨ ਪਾਇਆ॥ (24-24-5)
ਹੋਰਨਿ ਅਲਖੁ ਨ ਲਖੀਐ ਗੁਰੁ ਚੇਲੇ ਮਿਲਿ ਅਲਖੁ ਲਖਾਇਆ॥ (24-24-6)
ਹਰਿ ਗੋਵਿੰਦੁ ਗੁਰੂ ਗੁਰੁ ਭਾਇਆ ॥੨੪॥ (24-24-7)

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ॥ (24-25-1)
ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ॥ (24-25-2)
ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ॥ (24-25-3)
ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ॥ (24-25-4)

ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ॥ (24-25-5)
ਹਰਿਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ॥ (24-25-6)
ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ॥ (24-25-7)
ਪੈਰੀ ਪਾਇ ਸਭ ਜਗਤੁ ਤਰਾਇਆ ॥੨੫॥੨੪॥ (24-25-8)

Vaar 25

ੴ ਸਤਿਗੁਰਪ੍ਰਸਾਦਿ ॥ (25-1-1)

ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸੁ ਕਰਾਇਆ॥ (25-1-2)
ਏਕੰਕਾਰ ਅਕਾਰੁ ਕਰਿ ਗੁਰੁ ਗੋਵਿੰਦੁ ਨਾਉ ਸਦਵਾਇਆ॥ (25-1-3)
ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰਗੁਣ ਸਰਗੁਣ ਅਲਖੁ ਲਖਾਇਆ॥ (25-1-4)
ਸਾਧਸੰਗਤਿ ਆਰਾਧਿਆ ਭਗਤਿ ਵਛਲੁ ਹੋਇ ਅਛਲੁ ਛਲਾਇਆ॥ (25-1-5)
ਓਅੰਕਾਰ ਅਕਾਰ ਕਰਿ ਇਕੁ ਕਵਾਉ ਪਸਾਉ ਪਸਾਇਆ॥ (25-1-6)
ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡੁ ਕਰੋੜਿ ਸਮਾਇਆ॥ (25-1-7)
ਸਾਧ ਜਨਾ ਗੁਰ ਚਰਨ ਧਿਆਇਆ ॥੧॥ (25-1-8)

ਗੁਰਮੁਖਿ ਮਾਰਗਿ ਪੈਰੁ ਧਰਿ ਦਹਿਦਿਸਿ ਬਾਰਹਵਾਟ ਨ ਧਾਇਆ॥ (25-2-1)
ਗੁਰ ਮੂਰਤਿ ਗੁਰ ਧਿਆਨੁ ਧਰਿ ਘਟਿ ਘਟਿ ਪੂਰਨ ਬ੍ਰਹਮੁ ਦਿਖਾਇਆ॥ (25-2-2)
ਸ਼ਬਦ ਸੁਰਤਿ ਉਪਦੇਸੁ ਲਿਵ ਪਾਰਬ੍ਰਹਮ ਗੁਰ ਗਿਆਨੁ ਜਣਾਇਆ॥ (25-2-3)
ਸਿਲਾ ਅਲੂਣੀ ਚਟਣੀ ਚਰਣ ਕਵਲ ਚਰਣੋਦਕੁ ਪਿਆਇਆ॥ (25-2-4)
ਗੁਰਮਤਿ ਨਿਹਚਲੁ ਚਿਤੁਕਰਿ ਸੁਖਸੰਪਟ ਵਿਚਿ ਨਿਜ ਘਰੁ ਛਾਇਆ॥ (25-2-5)
ਪਰ ਤਨ ਪਰ ਧਨ ਪਰਹਰੇ ਪਾਰਸਿ ਪਰਸਿ ਅਪਰਸੁ ਰਹਾਇਆ॥ (25-2-6)
ਸਾਧ ਅਸਾਧਿ ਸਾਧ ਸੰਗਿ ਆਇਆ ॥੨॥ (25-2-7)

ਜਿਉ ਵੜ ਬੀਉ ਸਜੀਉ ਹੋਇ ਕਰਿ ਵਿਸਥਾਰੁ ਬਿਰਖੁ ਉਪਜਾਇਆ॥ (25-3-1)
ਬਿਰਖਹੁ ਹੋਇ ਸਹੰਸ ਫਲ ਫਲ ਫਲ ਵਿਚਿ ਬਹੁ ਬੀਅ ਸਮਾਇਆ॥ (25-3-2)
ਦੁਤੀਆ ਚੰਦੁ ਅਗਾਸ ਜਿਉ ਆਦਿ ਪੁਰਖ ਆਦੇਸੁ ਕਰਾਇਆ॥ (25-3-3)
ਤਾਰੇ ਮੰਡਲੁ ਸੰਤ ਜਨ ਧਰਮਸਾਲ ਸਚ ਖੰਡ ਵਸਾਇਆ॥ (25-3-4)
ਪੈਰੀ ਪੈ ਪਾਖਾਕ ਹੋਇ ਆਪੁ ਗਵਾਇ ਨ ਆਪੁ ਜਣਾਇਆ॥ (25-3-5)
ਗੁਰਮੁਖਿ ਸੁਖ ਫਲੁ ਧ੍ਰੂ ਜਿਵੈ ਨਿਹਚਲ ਵਾਸੁ ਅਗਾਸੁ ਚੜ੍ਹਾਇਆ॥ (25-3-6)
ਸਭ ਤਾਰੇ ਚਉਫੇਰ ਫਿਰਾਇਆ ॥੩॥ (25-3-7)

ਨਾਮਾ ਛੀਂਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵ ਲਾਈ॥ (25-4-1)
ਖਤ੍ਰੀ ਬ੍ਰਾਹਮਣ ਦੇਹੁਰੈ ਉਤਮ ਜਾਤਿ ਕਰਨਿ ਵਡਿਆਈ॥ (25-4-2)
ਨਾਮਾ ਪਕੜਿ ਉਠਾਲਿਆ ਬਹਿ ਪਛਵਾੜੈ ਹਰਿ ਗੁਣ ਗਾਈ॥ (25-4-3)
ਭਗਤ ਵਛਲੁ ਆਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ॥ (25-4-4)
ਦਰਗਹ ਮਾਣੁ ਨਿਮਾਣਿਆ ਸਾਧਸੰਗਤਿ ਸਤਿਗੁਰ ਸਰਣਾਈ॥ (25-4-5)
ਉਤਮੁ ਪਦਵੀ ਨੀਚ ਜਾਤਿ ਚਾਰੇ ਵਰਣ ਪਏ ਪਗਿ ਆਈ॥ (25-4-6)
ਜਿਉ ਨੀਵਾਨਿ ਨੀਰੁ ਚਲਿ ਜਾਈ ॥੪॥ (25-4-7)

ਅਸੁਰ ਭਭੀਖਣੁ ਭਗਤੁ ਹੈ ਬਿਦਰੁ ਸੁ ਵਿਖਲੀ ਪਤ ਸਰਣਾਈ॥ (25-5-1)
ਧੰਨਾ ਜਟੁ ਵਖਾਣੀਐ ਸਧਨਾ ਜਾਤਿ ਅਜਾਤਿ ਕਸਾਈ॥ (25-5-2)
ਭਗਤੁ ਕਬੀਰੁ ਜੁਲਾਹੜਾ ਨਾਮਾ ਛੀਂਬਾ ਹਰਿ ਗੁਣ ਗਾਈ॥ (25-5-3)
ਕੁਲਿ ਰਵਿਦਾਸੁ ਚਮਾਰੁ ਹੈ ਸੈਣੁ ਸਨਾਤੀ ਅੰਦਰਿ ਨਾਈ॥ (25-5-4)

ਕੋਇਲ ਪਾਲੈ ਕਾਵਣੀ ਅੰਤਿ ਮਿਲੈ ਅਪਣੇ ਕੁਲ ਜਾਈ॥ (25-5-5)
ਕਿਸਨੁ ਜਸੋਧਾ ਪਾਲਿਆ ਵਾਸਦੇਵ ਕੁਲ ਕਵਲ ਸਦਾਈ॥ (25-5-6)
ਘਿਅ ਕਵਲ ਸਤਿਗੁਰ ਸਰਣਾਈ ॥੫॥ (25-5-7)

ਡੇਮੂੰ ਖਖਰਿ ਮਿਸਰੀ ਮਖੀ ਮੇਲੁ ਮਖੀਰੁ ਉਪਾਇਆ॥ (25-6-1)
ਪਾਟ ਪਟੰਬਰ ਕੀੜਿਅਹੁ ਕੁਟਿ ਕਟਿ ਸਣੁ ਕਿਰਤਾਸੁ ਬਣਾਇਆ॥ (25-6-2)
ਮਲਮਲ ਹੋਇ ਵੜੇਵਿਅਹੁ ਚਿਕੜਿ ਕਵਲੁ ਭਵਰੁ ਲੋਭਾਇਆ॥ (25-6-3)
ਜਿਉ ਮਣਿ ਕਾਲੇ ਸਪ ਸਿਰਿ ਪਥਰੁ ਹੀਰੇ ਮਾਣਕ ਛਾਇਆ॥ (25-6-4)
ਜਾਣੁ ਕਥੂਰੀ ਮਿਰਗ ਤਨਿ ਨਾਉ ਭਗਉਤੀ ਲੋਹੁ ਘੜਾਇਆ॥ (25-6-5)
ਮੁਸਕੁ ਬਿਲੀਅਹੁ ਮੇਦੁ ਕਰਿ ਮਜਲਸ ਅੰਦਰਿ ਮਹ ਮਹਕਾਇਆ॥ (25-6-6)
ਨੀਚ ਜੋਨਿ ਉਤਮੁ ਫਲੁ ਪਾਇਆ ॥੬॥ (25-6-7)

ਬਲਿ ਪੋਤਾ ਪ੍ਰਹਿਲਾਦ ਦਾ ਇੰਦਰ ਪੁਰੀ ਦੀ ਇਛ ਇਛੰਦਾ॥ (25-7-1)
ਕਰਿ ਸੰਪੂਰਣੁ ਜਗੁ ਸਉ ਇਕ ਇਕੋਤਰੁ ਜਗੁ ਕਰੰਦਾ॥ (25-7-2)
ਬਾਵਨ ਰੂਪੀ ਆਇ ਕੈ ਗਰਬੁ ਨਿਵਾਰਿ ਭਗਤ ਉਧਰੰਦਾ॥ (25-7-3)
ਇੰਦ੍ਰਾਸਣ ਨੋ ਪਰਹਰੈ ਜਾਇ ਪਤਾਲਿ ਸੁ ਹੁਕਮੀ ਬੰਦਾ॥ (25-7-4)
ਬਲਿ ਛਲਿ ਆਪੁ ਛਲਾਇਓਨੁ ਦਰਵਾਜੇ ਦਰਵਾਨ ਹੋਵੰਦਾ॥ (25-7-5)
ਸ੍ਵਾਤਿ ਬੂੰਦ ਲੈ ਸਿਪ ਜਿਉ ਮੋਤੀ ਚੁਭੀ ਮਾਰਿ ਸੁਹੰਦਾ॥ (25-7-6)
ਹੀਰੈ ਹੀਰਾ ਬੇਧਿ ਮਿਲੰਦਾ ॥੭॥ (25-7-7)

ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ॥ (25-8-1)
ਗੁਰਮੁਖਿ ਮਾਰਗਿ ਚਲਣਾ ਇਕਤੁ ਖਡੁ ਸਹੰਸ ਸਮਾਏ॥ (25-8-2)
ਘਿਅ ਸਕਰ ਦੀ ਵਾਸੁ ਲੈ ਜਿਥੈ ਧਰੀ ਤਿਥੈ ਚਲਿ ਜਾਏ॥ (25-8-3)
ਡੁਲੈ ਖੰਡੁ ਜੁ ਰੇਤੁ ਵਿਚਿ ਖੰਡੂ ਦਾਣਾ ਚੁਣਿ ਚੁਣਿ ਖਾਏ॥ (25-8-4)
ਭ੍ਰਿੰਗੀ ਦੇ ਭੈ ਜਾਇ ਮਰਿ ਹੋਵੈ ਭ੍ਰਿੰਗੀ ਮਾਰਿ ਜੀਵਾਏ॥ (25-8-5)
ਅੰਡਾ ਕਛੂ ਕੁੰਜ ਦਾ ਆਸਾ ਵਿਚਿ ਨਿਰਾਸੁ ਵਲਾਏ॥ (25-8-6)
ਗੁਰਮੁਖਿ ਗੁਰਸਿਖੁ ਸੁਖ ਫਲੁ ਪਾਏ ॥੮॥ (25-8-7)

ਸੂਰਜ ਪਾਸਿ ਬਿਆਸੁ ਜਾਇ ਹੋਇ ਭੁਣਹਣਾ ਕੰਨਿ ਸਮਾਣਾ॥ (25-9-1)
ਪੜਿ ਵਿਦਿਆ ਘਰਿ ਆਇਆ ਗੁਰਮੁਖਿ ਬਾਲਮੀਕ ਮਨਿ ਭਾਣਾ॥ (25-9-2)
ਆਦਿ ਬਿਆਸ ਵਖਾਣੀਐ ਕਥਿ ਕਥਿ ਸਾਸਤ੍ਰ ਵੇਦ ਪੁਰਾਣਾ॥ (25-9-3)
ਨਾਰਦਿ ਮੁਨਿ ਉਪਦੇਸਿਆ ਭਗਤਿ ਭਾਗਵਤੁ ਪੜ੍ਹਿ ਪਤੀਆਣਾ॥ (25-9-4)
ਚਉਦਹ ਵਿਦਿਆ ਸੋਧਿ ਕੈ ਪਰਉਪਕਾਰੁ ਅਚਾਰੁ ਸੁਖਾਣਾ॥ (25-9-5)
ਪਰਉਪਕਾਰੀ ਸਾਧਸੰਗੁ ਪਤਿਤ ਉਧਾਰਣੁ ਬਿਰਦੁ ਵਖਾਣਾ॥ (25-9-6)
ਗੁਰਮੁਖਿ ਸੁਖ ਫਲੁ ਪਤਿ ਪਰਵਾਣਾ ॥੯॥ (25-9-7)

ਬਾਰਹ ਵਰ੍ਹੇ ਗਰਭਾਸਿ ਵਸਿ ਜਮਦੇ ਹੀ ਸੁਕਿ ਲਈ ਉਦਾਸੀ॥ (25-10-1)
ਮਾਇਆ ਵਿਚਿ ਅਤੀਤ ਹੋਇ ਮਨ ਹਠ ਬੁਧਿ ਨ ਬੰਦਿ ਖਲਾਸੀ॥ (25-10-2)
ਪਿਆ ਬਿਆਸ ਪਰਬੋਧਿਆ ਗੁਰ ਕਰਿ ਜਨਕ ਸਹਜ ਅਭਿਆਸੀ॥ (25-10-3)
ਤਜਿ ਦੁਰਮਤਿ ਗੁਰਮਤਿ ਲਈ ਸਿਰ ਧਰਿ ਜੂਠਿ ਮਿਲੀ ਸਾਬਾਸੀ॥ (25-10-4)

ਗੁਰ ਉਪਦੇਸੁ ਅਵੇਸੁ ਕਰਿ ਗਰਬਿ ਨਿਵਾਰਿ ਜਗਤਿ ਗੁਰਦਾਸੀ॥ (25-10-5)
ਪੈਰੀ ਪੈ ਪਾ ਖਾਕ ਹੋਇ ਗੁਰਮਤਿ ਭਾਉ ਭਗਤਿ ਪਰਗਾਸੀ॥ (25-10-6)
ਗੁਰਮੁਖਿ ਸੁਖ ਫਲੁ ਸਹਜ ਨਿਵਾਸੀ ॥੧੦॥ (25-10-7)

ਰਾਜ ਜੋਗੁ ਹੈ ਜਨਕ ਦੇ ਵਡਾ ਭਗਤੁ ਕਰਿ ਵੇਦੁ ਵਖਾਣੈ॥ (25-11-1)
ਸਨਕਾਦਿਕ ਨਾਰਦ ਉਦਾਸ ਬਾਲ ਸੁਭਾਇ ਅਤੀਤੁ ਸੁਹਾਣੈ॥ (25-11-2)
ਜੋਗ ਭੋਗ ਲਖ ਲੰਘਿ ਕੈ ਗੁਰਸਿਖ ਸਾਧਸੰਗਤਿ ਨਿਰਬਾਣੈ॥ (25-11-3)
ਆਪੁ ਗਣਾਇ ਵਿਗੁਚਣਾ ਆਪੁ ਗਵਾਏ ਆਪੁ ਸਿਵਾਣੈ॥ (25-11-4)
ਗੁਰਮੁਖਿ ਮਾਰਗਿ ਸਚ ਦਾ ਪੈਰੀ ਪਵਣਾ ਰਾਜੇ ਰਾਣੈ॥ (25-11-5)
ਗਰਬੁ ਗੁਮਾਨੁ ਵਿਸਾਰਿ ਕੈ ਗੁਰਮਤਿ ਰਿਦੈ ਗਰੀਬੀ ਆਣੈ॥ (25-11-6)
ਸਚੀ ਦਰਗਹ ਮਾਣੁ ਨਿਮਾਣੈ ॥੧੧॥ (25-11-7)

ਸਿਰੁ ਉਚਾ ਅਭਿਮਾਨੁ ਵਿਚਿ ਕਾਲਖ ਭਰਿਆ ਕਾਲੇ ਵਾਲਾ॥ (25-12-1)
ਭਰਵਟੇ ਕਾਲਖ ਭਰੇ ਪਿਪਣੀਆ ਕਾਲਖ ਸੂਰਾਲਾ॥ (25-12-2)
ਲੋਇਣ ਕਣਲੇ ਜਾਣੀਅਨਿ ਦਾੜੀ ਮੁਛਾ ਕਰਿ ਮੁਹ ਕਾਲਾ॥ (25-12-3)
ਨਕ ਅੰਦਰਿ ਨਕ ਵਾਲ ਬਹੁ ਲੂੰਇ ਲੂੰਇ ਕਾਲਖ ਬੇਤਾਲਾ॥ (25-12-4)
ਉਚੈ ਅੰਗ ਨ ਪੂਜੀਅਨਿ ਚਰਣ ਧੂੜਿ ਗੁਰਮੁਖਿ ਧਰਮਸਾਲਾ॥ (25-12-5)
ਪੈਰਾ ਨਖ ਮੁਖ ਉਜਲੇ ਭਾਰੁ ਉਚਾਇਨਿ ਦੇਹੁ ਦੁਰਾਲਾ॥ (25-12-6)
ਸਿਰ ਧੋਵਣੁ ਅਪਵਿੱਤ੍ਰ ਹੈ ਗੁਰਮੁਖਿ ਚਰਣੋਗਕ ਜਗਿ ਭਾਲਾ॥ (25-12-7)
ਗੁਰਮੁਖਿ ਸੁਖ ਫਲੁ ਸਹਜੁ ਸੁਖਾਲਾ ॥੧੨॥ (25-12-8)

ਜਲ ਵਿਚਿ ਧਰਤੀ ਧਰਮਸਾਲ ਧਰਤੀ ਅੰਦਰਿ ਨੀਰ ਨਿਵਾਸਾ॥ (25-13-1)
ਚਰਨ ਕਵਲ ਸਰਣਾਗਤੀ ਨਿਹਚਲ ਧੀਰਜੁ ਧਰਮੁ ਸੁਵਾਸਾ॥ (25-13-2)
ਕਿਰਖ ਬਿਰਖ ਕੁਸਮਾਵਲੀ ਬੂਟੀ ਜੜੀ ਘਾਹ ਅਬਿਨਾਸਾ॥ (25-13-3)
ਸਰ ਸਾਇਰ ਗਿਰਿ ਮੇਰੁ ਬਹੁ ਰਤਨ ਪਦਾਰਥ ਭੋਗ ਬਿਲਾਸਾ॥ (25-13-4)
ਦੇਵ ਸਥਲ ਤੀਰਥ ਘਣੇ ਰੰਗ ਰੂਪ ਰਸ ਕਸ ਪਰਗਾਸਾ॥ (25-13-5)
ਗੁਰ ਚੇਲੇ ਰਹਰਾਸਿ ਕਰਿ ਗੁਰਮੁਖਿ ਸਾਧਸੰਗਤਿ ਗੁਣਤਾਸਾ॥ (25-13-6)
ਗੁਰਮੁਖਿ ਸੁਖ ਫਲੁ ਆਸ ਨਿਰਾਸਾ ॥੧੩॥ (25-13-7)

ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਈ॥ (25-14-1)
ਪਾਰਬ੍ਰਹਮੁ ਪੂਰਨ ਬ੍ਰਹਮੁ ਸਤਿ ਪੁਰਖ ਸਤਿਗੁਰੁ ਸੁਖਦਾਈ॥ (25-14-2)
ਚਾਰਿ ਵਰਨ ਗੁਰਸਿਖ ਹੋਇ ਸਾਧਸੰਗਤਿ ਸਤਿਗੁਰ ਸਰਣਾਈ॥ (25-14-3)
ਗਿਆਨ ਧਿਆਨ ਸਿਮਰਣਿ ਸਦਾ ਗੁਰਮੁਖਿ ਸਬਦਿ ਸੁਰਤਿ ਲਿਵ ਲਾਈ॥ (25-14-4)
ਭਾਇ ਭਗਤਿ ਭਉ ਪਿਰਮ ਰਸ ਸਤਿਗੁਰੁ ਮੂਰਤਿ ਰਿਦੇ ਵਸਾਈ॥ (25-14-5)
ਏਵਡੁ ਭਾਰੁ ਉਚਾਇਦੇ ਸਾਧ ਚਰਣ ਪੂਜਾ ਗੁਰ ਭਾਈ॥ (25-14-6)
ਗੁਰਮੁਖਿ ਸੁਖ ਫਲੁ ਕੀਮ ਨ ਪਾਈ ॥੧੪॥ (25-14-7)

ਵਸੈ ਛਹਬਰ ਲਾਇ ਕੈ ਪਰਨਾਲੀ ਹੁਇ ਵੀਹੀ ਆਵੈ॥ (25-15-1)
ਲਖ ਨਾਲੇ ਉਛਲ ਚਲਨਿ ਲਖ ਪਰਵਾਹੀ ਵਾਹ ਵਹਾਵੈ॥ (25-15-2)
ਲਖ ਨਾਲੇ ਲਖ ਵਾਹਿ ਵਹਿ ਨਦੀਆ ਅੰਦਰਿ ਰਲੇ ਰਲਾਵੈ॥ (25-15-3)

ਨਉ ਸੈ ਨਦੀ ਨੜਿੰਨਵੈ ਪੂਰਬਿ ਪਛਮਿ ਹੋਇ ਚਲਾਵੈ॥ (25-15-4)
ਨਦੀਆ ਜਾਇ ਸਮੁੰਦ ਵਿਚਿ ਸਾਗਰ ਸੰਗਮੁ ਹੋਇ ਮਿਲਾਵੈ॥ (25-15-5)
ਸਤਿ ਸਮੁੰਦ ਗੜਾੜ ਮਹਿ ਜਾਇ ਸਮਾਹਿ ਨ ਪੇਟੁ ਭਰਾਵੈ॥ (25-15-6)
ਜਾਇ ਗੜਾੜੁ ਪਤਾਲ ਹੇਠਿ ਹੋਇ ਤਵੇ ਦੀ ਬੂੰਦ ਸਮਾਵੈ॥ (25-15-7)
ਸਿਰ ਪਤਿਸਾਹਾਂ ਲਖ ਲਖ ਇੰਨਣੁ ਜਾਲਿ ਤਵੇ ਨੋ ਤਾਵੈ॥ (25-15-8)
ਮਰਦੇ ਖਹਿ ਖਹਿ ਦੁਨੀਆ ਦਾਵੈ ॥੧੫॥ (25-15-9)

ਇਕਤੁ ਥੇਕੈ ਦੁਇ ਖੜਗੁ ਦੁਇ ਪਤਿਸਾਹ ਨ ਮੁਲਕਿ ਸਮਾਣੈ॥ (25-16-1)
ਵੀਹ ਫਕੀਰ ਮਸੀਤਿ ਵਿਚਿ ਖਿੰਥ ਖਿੰਧੋਲੀ ਹੇਠਿ ਲੁਕਾਣੈ॥ (25-16-2)
ਜੰਗਲ ਅੰਦਰਿ ਸੀਹ ਦੁਇ ਪੋਸਤ ਡੋਡੇ ਖਸਖਸ ਦਾਣੈ॥ (25-16-3)
ਸੂਲੀ ਉਪਰਿ ਖੇਲਣਾ ਸਿਰਿ ਧਰਿ ਛਤ੍ਰ ਬਜਾਰ ਵਿਕਾਣੈ॥ (25-16-4)
ਕੋਲੂ ਅੰਦਰਿ ਪੀੜੀਅਨਿ ਪੋਸਤਿ ਪੀਹਿ ਪਿਆਲੇ ਛਾਣੈ॥ (25-16-5)
ਲਉਬਾਲੀ ਦਰਗਾਹ ਵਿਚਿ ਗਰਬੁ ਗੁਨਾਹੀ ਮਾਣੁ ਨਿਮਾਣੈ॥ (25-16-6)
ਗੁਰਮੁਖਿ ਹੋਂਦੇ ਤਾਣਿ ਨਿਤਾਣੈ ॥੧੬॥ (25-16-7)

ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ॥ (25-17-1)
ਸੀਹੁ ਪੁਛੈ ਵਿਸਮਾਦੁ ਹੋਇ ਇਤੁ ਅਉਸਰਿ ਕਿਤੁ ਰਹਸਿ ਰਹਸੀ॥ (25-17-2)
ਬਿਨਉ ਕਰੇਂਦੀ ਬਕਰੀ ਪੁਤ੍ਰ ਅਸਾਡੇ ਕੀਚਨਿ ਖਸੀ॥ (25-17-3)
ਅਕ ਧਤੂਰਾ ਖਾਧਿਆਂ ਕੁਹਿ ਕੁਹਿ ਖਲ ਉਖਲਿ ਵਿਣਸੀ॥ (25-17-4)
ਮਾਸੁ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ॥ (25-17-5)
ਗਰਬੁ ਗਰੀਬੀ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ॥ (25-17-6)
ਜਗਿ ਆਇਆ ਸਭ ਕੋਇ ਮਰਸੀ ॥੧੭॥ (25-17-7)

ਚਰਣ ਕਵਲ ਰਹਰਾਸਿ ਕਰਿ ਗੁਰਮੁਖਿ ਸਾਧਸੰਗਤਿ ਪਰਗਾਸੀ॥ (25-18-1)
ਪੈਰੀ ਪੈ ਪਾਖਾਕ ਹੋਇ ਲੇਖ ਅਲੇਖ ਅਮਰ ਅਬਿਨਾਸੀ॥ (25-18-2)
ਕਰਿ ਚਰਣੋਦਕੁ ਆਚਮਾਨ ਆਧਿ ਬਿਆਧਿ ਉਪਾਧਿ ਖਲਾਸੀ॥ (25-18-3)
ਗੁਰਮਤਿ ਆਪੁ ਗਵਾਇਆ ਮਾਇਆ ਅੰਦਰਿ ਕਰਨਿ ਉਦਾਸੀ॥ (25-18-4)
ਸਬਦ ਸੁਰਤਿ ਲਿਵਲੀਣੁ ਹੋਇ ਨਿਰੰਕਾਰ ਸਚ ਖੰਡਿ ਨਿਵਾਸੀ॥ (25-18-5)
ਅਬਿਗਤਿ ਗਤਿ ਅਗਾਧਿ ਬੋਧਿ ਅਕਥ ਕਥਾ ਅਚਰਜ ਗੁਰਦਾਸੀ॥ (25-18-6)
ਗੁਰਮੁਖਿ ਸੁਖ ਫਲੁ ਆਸ ਨਿਰਾਸੀ ॥੧੮॥ (25-18-7)

ਸਣ ਵਣ ਵਾੜੀ ਖੇਤੁ ਇਕੁ ਪਰਉਪਕਾਰੁ ਵਿਕਾਰੁ ਜਣਾਵੈ॥ (25-19-1)
ਖਲ ਕਢਾਹਿ ਵਟਾਇ ਸਣ ਰਸਾ ਬੰਧਨੁ ਹੋਇ ਬਨ੍ਹਾਵੈ॥ (25-19-2)
ਖਾਸਾ ਮਲਮਲ ਸਿਰੀਸਾਫੁ ਸੂਤੁ ਕਤਾਇ ਕਪਾਹ ਵੁਣਾਵੈ॥ (25-19-3)
ਲਜਣੁ ਕਜਣੁ ਹੋਇ ਇਕ ਸਾਧੁ ਅਸਾਧੁ ਬਿਰਦੁ ਬਿਰਦਾਵੈ॥ (25-19-4)
ਸੰਗ ਦੋਖ ਨਿਰਦੋਖ ਮੋਖ ਸੰਗ ਸੁਭਾਉ ਨ ਸਾਧੁ ਮਿਟਾਵੈ॥ (25-19-5)
ਤ੍ਰਪੜੁ ਹੋਵੈ ਧਰਮਸਾਲ ਸਾਧਸੰਗਤਿ ਪਗ ਧੂੜਿ ਧੁਮਾਵੈ॥ (25-19-6)
ਕਟਿ ਕੁਟਿ ਸਣ ਕਿਰਤਾਸੁ ਕਰਿ ਹਰਿ ਜਸੁ ਲਿਖਿ ਪੁਰਾਣ ਸੁਣਾਵੈ॥ (25-19-7)
ਪਤਿਤ ਪੁਨੀਤ ਕਰੈ ਜਨ ਭਾਵੈ ॥੧੯॥ (25-19-8)

ਪਥਰ ਚਿਤੁ ਕਠੋਰੁ ਹੈ ਚੂਨਾ ਹੋਵੈ ਅਗੀਂ ਦਧਾ॥ (25-20-1)
ਅਗ ਬੁਝੈ ਜਲੁ ਛਿੜਕਿਐ ਚੂਨਾ ਅਗਿ ਉਠੇ ਅਤਿ ਵਧਾ॥ (25-20-2)
ਪਾਣੀ ਪਾਇ ਵਿਹੁ ਨ ਜਾਇ ਅਗਨਿ ਨ ਛੁਟੈ ਅਵਗੁਨ ਬਧਾ॥ (25-20-3)
ਜੀਭੈ ਉਤੈ ਰਖਿਆ ਛਾਲੇ ਪਵਨਿ ਸੰਗਿ ਦੁਖ ਲਧਾ॥ (25-20-4)
ਪਾਨ ਸੁਪਾਰੀ ਕਥੁ ਮਿਲਿ ਰੰਗੁ ਸੁਰੰਗੁ ਸੰਪੂਰਣੁ ਸਧਾ॥ (25-20-5)
ਸਾਧਸੰਗਤਿ ਮਿਲਿ ਸਾਧੁ ਹੋਇ ਗੁਰਮੁਖਿ ਮਹਾ ਅਸਾਧ ਸਮਧਾ॥ (25-20-6)
ਆਪੁ ਗਵਾਇ ਮਿਲੈ ਪਲੁ ਅਧਾ ॥੨੦॥੨੫॥ (25-20-7)

Vaar 26

ੴ ਸਤਿਗੁਰਪ੍ਰਸਾਦਿ ॥ (26-1-1)

ਸਤਿਗੁਰ ਸਚਾ ਪਾਤਿਸ਼ਾਹੁ ਪਾਤਿਸਾਹਾ ਪਾਤਿਸਾਹੁ ਸਿਰੰਦਾ॥ (26-1-2)
ਸਚੈ ਤਖਤਿ ਨਿਵਾਸੁ ਹੈ ਸਾਧਸੰਗਤਿ ਸਚ ਖੰਡਿ ਵਸੰਦਾ॥ (26-1-3)
ਸਚੁ ਫੁਰਮਾਣੁ ਨੀਸਾਣੁ ਸਚੁ ਸਚਾ ਹੁਕਮੁ ਨ ਮੂਲਿ ਫਿਰੰਦਾ॥ (26-1-4)
ਸਚੁ ਸਬਦੁ ਟਕਸਾਲ ਸਚੁ ਗੁਰ ਤੇ ਗੁਰ ਹੁਇ_ਸਬਦ ਮਿਲੰਦਾ॥ (26-1-5)
ਸਚੀ ਭਗਤਿ ਭੰਡਾਰ ਸਚੁ ਰਾਗ ਰਤਨ ਕੀਰਤਨੁ ਭਾਵੰਦਾ॥ (26-1-6)
ਗੁਰਮੁਖਿ ਸਚਾ ਪੰਥੁ ਹੈ ਸਚੁ ਦੋਹੀ ਸਚੁ ਰਾਜੁ ਕਰੰਦਾ॥ (26-1-7)
ਵੀਹ ਇਕੀਹ ਚੜ੍ਹਾਉ ਚੜ੍ਹੰਦਾ ॥੧॥ (26-1-8)

ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ॥ (26-2-1)
ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥ (26-2-2)
ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ॥ (26-2-3)
ਇਕਦੂ ਹੋਇ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ॥ (26-2-4)
ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨ੍ਹਾ ਨਦਰਿ ਨ ਆਇਆ॥ (26-2-5)
ਸੇਖ ਨਾਗ ਸਿਮਰਣੁ ਕਰੈ ਨਾਵਾ ਅੰਤੁ ਬਿਅੰਤੁ ਨ ਪਾਇਆ॥ (26-2-6)
ਗੁਰਮੁਖਿ ਸਚੁ ਨਾਉ ਮਨਿ ਭਾਇਆ ॥੨॥ (26-2-7)

ਅੰਬਰੁ ਧਰਤਿ ਵਿਛੋੜਿਅਨੁ ਕੁਦਰਤਿ ਕਰਿ ਕਰਤਾਰ ਕਹਾਇਆ॥ (26-3-1)
ਧਰਤੀ ਅੰਦਰਿ ਪਾਣੀਐ ਵਿਣੁ ਥੰਮਾਂ ਆਗਾਸੁ ਰਹਾਇਆ॥ (26-3-2)
ਇੰਨ੍ਹਣ ਅੰਦਰਿ ਅਗਿ ਧਰਿ ਅਹਿਨਿਸਿ ਸੂਰਜੁ ਚੰਦੁ ਉਪਾਇਆ॥ (26-3-3)
ਛਿਅ ਰੁਤਿ ਬਾਰਹ ਮਾਹ ਕਰਿ ਖਾਣੀ ਬਾਣੀ ਚਲਤੁ ਰਚਾਇਆ॥ (26-3-4)
ਮਾਣਸ ਜਨਮੁ ਦੁਲੰਭੁ ਹੈ ਸਫਲੁ ਜਨਮੁ ਗੁਰੁ ਪੂਰਾ ਪਾਇਆ॥ (26-3-5)
ਸਾਧਸੰਗਤਿ ਮਿਲਿ ਸਹਜਿ ਸਮਾਇਆ ॥੩॥ (26-3-6)

ਸਤਿਗੁਰੁ ਸਚੁ ਦਾਤਾਰੁ ਹੈ ਮਾਣਸ ਜਨਮੁ ਅਮੋਲੁ ਦਿਵਾਇਆ॥ (26-4-1)
ਮੂਹੁ ਅਖੀ ਨਕੁ ਕੰਨੁ ਕਰਿ ਹਥ ਪੈਰ ਦੇ ਚਲੈ ਚਲਾਇਆ॥ (26-4-2)
ਭਾਉ ਭਗਤਿ ਉਪਦੇਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ॥ (26-4-3)
ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ॥ (26-4-4)
ਰਾਤਿ ਆਰਤੀ ਸੋਹਿਲਾ ਮਾਇਆ ਵਿਚਿ ਉਦਾਸੁ ਰਹਾਇਆ॥ (26-4-5)
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਇ ਨ ਆਪੁ ਗਣਾਇਆ॥ (26-4-6)
ਚਾਰਿ ਪਦਾਰਥ ਪਿਛੈ ਲਾਇਆ ॥੪॥ (26-4-7)

ਸਤਿਗੁਰੁ ਵਡਾ ਆਖੀਐ ਵਡੇ ਦੀ ਵਡੀ ਵਡਿਆਈ॥ (26-5-1)
ਓਅੰਕਾਰਿ ਅਕਾਰੁ ਕਰਿ ਲਖ ਦਰੀਆਉ ਨ ਕੀਮਤਿ ਪਾਈ॥ (26-5-2)
ਇਕ ਵਰਭੰਡੁ ਅਖੰਡੁ ਹੈ ਜੀਅ ਜੰਤ ਕਰਿ ਰਿਜਕੁ ਦਿਵਾਈ॥ (26-5-3)
ਲੂੰਅ ਲੂੰਅ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਸਮਾਈ॥ (26-5-4)
ਕੇਵਡੁ ਵਡਾ ਆਖੀਐ ਕਵਣ ਥਾਉ ਕਿਸੁ ਪੁਛਾਂ ਜਾਈ॥ (26-5-5)

ਅਪੜਿ ਕੋਇ ਨ ਹੰਘਈ ਸੁਣਿ ਸੁਣਿ ਆਖਣ ਆਖਿ ਸੁਣਾਈ॥ (26-5-6)
ਸਤਿਗੁਰੁ ਮੂਰਤਿ ਪਰਗਟੀ ਆਈ ॥੫॥ (26-5-7)

ਧਿਆਨੁ ਮੂਲੁ ਗੁਰ ਦਰਸਨੋ ਪੂਰਨ ਬ੍ਰਹਮੁ ਜਾਨਿ ਜਾਣੋਈ॥ (26-6-1)
ਪੂਜ ਮੂਲ ਸਤਿਗੁਰੁ ਚਰਣ ਕਰਿ ਗੁਰਦੇਵ ਸੇਵ ਸੁਖ ਹੋਈ॥ (26-6-2)
ਮੰਤ੍ਰ ਮੂਲੁ ਸਤਿਗੁਰੁ ਬਚਨ ਇਕ ਮਨਿ ਹੋਇ ਅਰਾਧੈ ਕੋਈ॥ (26-6-3)
ਮੋਖ ਮੂਲੁ ਕਿਰਪਾ ਗੁਰੂ ਜੀਵਨੁ ਮੁਕਤਿ ਸਾਧ ਸੰਗਿ ਸੋਈ॥ (26-6-4)
ਆਪੁ ਗਣਾਇ ਨ ਪਾਈਐ ਆਪੁ ਗਵਾਇ ਮਿਲੈ ਵਿਰਲੋਈ॥ (26-6-5)
ਆਪੁ ਗਵਾਏ ਆਪ ਹੈ ਸਭ ਕੋ ਆਪਿ ਆਪੇ ਸਭੁ ਕੋਈ॥ (26-6-6)
ਗੁਰੁ ਚੇਲਾ ਚੇਲਾ ਗੁਰੁ ਹੋਈ ॥੬॥ (26-6-7)

ਸਤਿਜੁਗਿ ਪਾਪ ਕਮਾਣਿਆ ਇਕਸ ਪਿਛੈ ਦੇਸੁ ਦੁਖਾਲਾ॥ (26-7-1)
ਤ੍ਰੇਤੈ ਨਗਰੀ ਪੀੜੀਐ ਦੁਆਪੁਰਿ ਪਾਪੁ ਵੰਸੁ ਕੋ ਦਾਲਾ॥ (26-7-2)
ਕਲਿਜੁਗਿ ਬੀਜੈ ਸੋ ਲੁਣੈ ਵਰਤੈ ਧਰਮ ਨਿਆਉ ਸੁਖਾਲਾ॥ (26-7-3)
ਫਲੈ ਕਮਾਣਾ ਤਿਹੁ ਜੁਗੀਂ ਕਲਿਜੁਗਿ ਸਫਲੁ ਧਰਮੁ ਤਤਕਾਲਾ॥ (26-7-4)
ਪਾਪ ਕਮਾਣੈ ਲੇਪੁ ਹੈ ਚਿਤਵੈ ਧਰਮ ਸੁਫਲੁ ਫਲ ਵਾਲਾ॥ (26-7-5)
ਭਾਇ ਭਗਤਿ ਗੁਰਪੁਰਬ ਕਰਿ ਬੀਜਨਿ ਬੀਜੁ ਸਚੀ ਧਰਮਸਾਲਾ॥ (26-7-6)
ਸਫਲ ਮਨੋਰਥ ਪੂਰਣ ਘਾਲਾ ॥੭॥ (26-7-7)

ਸਤਿਜੁਗਿ ਸਤਿ ਤ੍ਰੇਤੈ ਜੁਗਾ ਦੁਆਪੁਰਿ ਪੂਜਾ ਬਹਲੀ ਘਾਲਾ॥ (26-8-1)
ਕਲਿ ਜੁਗਿ ਗੁਰਮੁਖਿ ਨਾਉਂ ਲੈ ਪਾਰਿ ਪਵੈ ਭਵਜਲ ਭਰਨਾਲਾ॥ (26-8-2)
ਚਾਰਿ ਚਰਣ ਸਤਿਜੁਗੈ ਵਿਚਿ ਤ੍ਰੇਤੈ ਚਉਥੈ ਚਰਣ ਉਕਾਲਾ॥ (26-8-3)
ਦੁਆਪੁਰਿ ਹੋਏ ਪੈਰ ਦੁਇ ਇਕਤੈ ਪੈਰ ਧਰੰਮੁ ਦੁਖਾਲਾ॥ (26-8-4)
ਮਾਣੁ ਨਿਮਾਣੈ ਜਾਣਿ ਕੈ ਬਿਨਉ ਕਰੈ ਕਰਿ ਨਦਰਿ ਨਿਹਾਲਾ॥ (26-8-5)
ਗੁਰ ਪੂਰੈ ਪਰਗਾਸੁ ਕਰਿ ਧੀਰਜੁ ਧਰਮ ਸਚੀ ਧਰਮਸਾਲਾ॥ (26-8-6)
ਆਪੇ ਖੇਤੁ ਆਪੇ ਰਖਵਾਲਾ ॥੮॥ (26-8-7)

ਜਿਨ੍ਹਾਂ ਭਾਉ ਤਿਨ ਨਾਹਿ ਭਉ ਮੁਚੁ ਭਉ ਅਗੈ ਨਿਭਵਿਆਹਾ॥ (26-9-1)
ਅਗਿ ਤਤੀ ਜਲ ਸੀਅਲਾ ਨਿਵ ਚਲੈ ਸਿਰੁ ਕਰੈ ਉਤਾਹਾ॥ (26-9-2)
ਭਰਿ ਡੁਬੈ ਖਾਲੀ ਤਰੈ ਵਜਿ ਨ ਵਜੈ ਘੜੈ ਜਿਵਾਹਾ॥ (26-9-3)
ਅੰਬ ਸੁਫਲ ਫਲਿ ਝੁਕਿ ਲਹੈ ਦੁਖ ਫਲੁ ਅਰੰਡੁ ਨ ਨਿਵੈ ਤਲਾਹਾ॥ (26-9-4)
ਮਨੁ ਪੰਖੇਰੂ ਧਾਵਦਾ ਸੰਗਿ ਸੁਭਾਇ ਜਾਇ ਫਲ ਖਾਹਾ॥ (26-9-5)
ਧਰਿ ਤਾਰਾਜੂ ਤੋਲੀਐ ਹਉਲਾ ਭਾਰਾ ਤੋਲੁ ਤੁਲਾਹਾ॥ (26-9-6)
ਜਿਣਿ ਹਾਰੈ ਹਾਰੈ ਜਿਣੈ ਪੈਰਾ ਉਤੇ ਸੀਸੁ ਧਰਾਹਾ॥ (26-9-7)
ਪੈਰੀ ਪੈ ਜਗ ਪੈਰੀ ਪਾਹਾ ॥੯॥ (26-9-8)

ਸਚੁ ਹੁਕਮੁ ਸਚੁ ਲੇਖੁ ਹੈ ਸਚੁ ਕਾਰਣੁ ਕਰਿ ਖੇਲੁ ਰਚਾਇਆ॥ (26-10-1)
ਕਾਰਣੁ ਕਰਤੇ ਵਸਿ ਹੈ ਵਿਰਲੈ ਦਾ ਓਹੁ ਕਰੈ ਕਰਾਇਆ॥ (26-10-2)
ਸੋ ਕਿਹੁ ਹੋਰੁ ਨ ਮੰਗਈ ਖਸਮੈ ਦਾ ਭਾਣਾ ਤਿਸੁ ਭਾਇਆ॥ (26-10-3)
ਖਸਮੈ ਏਵੈ ਭਾਵਦਾ ਭਗਤਿ ਵਛਲੁ ਹੁਇ ਬਿਰਦੁ ਸਦਾਇਆ॥ (26-10-4)

ਸਾਧਸੰਗਤਿ ਗੁਰ ਸਬਦੁ ਲਿਵ ਕਾਰਣੁ ਕਰਤਾ ਕਰਦਾ ਆਇਆ॥ (26-10-5)
ਬਾਲ ਸੁਭਾਇ ਅਤੀਤ ਜਗਿ ਵਰ ਸਰਾਪ ਦਾ ਭਰਮੁ ਚੁਕਾਇਆ॥ (26-10-6)
ਜੇਹਾ ਭਾਉ ਤੇਹੋ ਫਲੁ ਪਾਇਆ ॥੧੦॥ (26-10-7)

ਅਉਗੁਣ ਕੀਤੇ ਗੁਣ ਕਰੈ ਸਹਜਿ ਸੁਭਾਉ ਤਰੋਵਰ ਹੰਦਾ॥ (26-11-1)
ਵਢਣ ਵਾਲਾ ਛਾਉ ਬਹਿ ਚੰਗੇ ਦਾ ਮੰਦਾ ਚਿਤਵੰਦਾ॥ (26-11-2)
ਫਲ ਦੇ ਵਟ ਵਗਾਇਆਂ ਵਢਣ ਵਾਲੇ ਤਾਰਿ ਤਰੰਦਾ॥ (26-11-3)
ਬੇਮੁਖ ਫਲ ਨਾ ਪਾਇਦੇ ਸੇਵਕ ਫਲ ਅਣਗਣਤ ਫਲੰਦਾ॥ (26-11-4)
ਗੁਰਮੁਖਿ ਵਿਰਲਾ ਜਾਣੀਐ ਸੇਵਕੁ ਸੇਵਕ ਸੇਵਕ ਸੰਦਾ॥ (26-11-5)
ਜਗੁ ਜੋਹਾਰੇ ਚੰਦ ਨੋ ਸਾਇਰ ਲਹਰਿ ਅਨੰਦੁ ਵਧੰਦਾ॥ (26-11-6)
ਜੋ ਤੇਰਾ ਜਗੁ ਤਿਸ ਦਾ ਬੰਦਾ ॥੧੧॥ (26-11-7)

ਜਿਉ ਵਿਸਮਾਦੁ ਕਮਾਦੁ ਹੈ ਸਿਰ ਤਲਵਾਇਆ ਹੋਇ ਉਪੰਨਾ॥ (26-12-1)
ਪਹਿਲੇ ਖਲ ਉਕਲਿਕੈ ਟੋਟੇ ਕਰਿ ਕਰਿ ਭੰਨਣਿ ਭੰਨਾ॥ (26-12-2)
ਕੋਲੂ ਪਾਇ ਪੀੜਾਇਆ ਰਸ ਟਟਰਿ ਕਸ ਇੰਨਣ ਵੰਨਾ॥ (26-12-3)
ਦੁਖ ਸੁਖ ਅੰਦਰਿ ਸਬਰੁ ਕਰਿ ਖਾਏ ਅਵਟਣੁ ਜਗ ਧੰਨ ਧੰਨਾ॥ (26-12-4)
ਗੁੜ ਸਕਰੁ ਖੰਡੁ ਮਿਸਰੀ ਗੁਰਮੁਖ ਸੁਖ ਫਲੁ ਸਭ ਰਸ ਬੰਨਾ॥ (26-12-5)
ਪਿਰਮ ਪਿਆਲਾ ਪੀਵਣਾ ਮਰਿ ਮਰਿ ਜੀਵਣੁ ਥੀਵਣੁ ਗੰਨਾ॥ (26-12-6)
ਗੁਰਮੁਖਿ ਬੋਲ ਅਮੋਲ ਰਤੰਨਾ ॥੧੨॥ (26-12-7)

ਗੁਰੁ ਦਰੀਆਉ ਅਮਾਉ ਹੈ ਲਖ ਦਰੀਆਉ ਸਮਾਉ ਕਰੰਦਾ॥ (26-13-1)
ਇਕਸ ਇਕਸ ਦਰੀਆਉ ਵਿਚਿ ਲਖ ਤੀਰਥ ਦਰੀਆਉ ਵਹੰਦਾ॥ (26-13-2)
ਇਕਤੁ ਇਕਤੁ ਵਾਹੜੈ ਕੁਦਰਤਿ ਲਖ ਤਰੰਗ ਉਠੰਦਾ॥ (26-13-3)
ਸਾਇਰ ਸਣੁ ਰਤਨਾਵਲੀ ਚਾਰਿ ਪਦਾਰਥੁ ਮੀਨ ਤਰੰਦਾ॥ (26-13-4)
ਇਕਤੁ ਲਹਿਰ ਨ ਪੁਜਨੀ ਕੁਦਰਤਿ ਅੰਤੁ ਨ ਅੰਤ ਲਹੰਦਾ॥ (26-13-5)
ਪਿਰਮ ਪਿਆਲੇ ਇਕ ਬੂੰਦ ਗੁਰਮੁਖ ਵਿਰਲਾ ਅਜਰੁ ਜਰੰਦਾ॥ (26-13-6)
ਅਲਖ ਲਖਾਇ ਨ ਅਲਖੁ ਲਖੰਦਾ ॥੧੩॥ (26-13-7)

ਬ੍ਰਹਮੇ ਥਕੇ ਬੇਦ ਪੜਿ ਇੰਦ੍ਰ ਇੰਦਾਸਣ ਰਾਜੁ ਕਰੰਦੇ॥ (26-14-1)
ਮਹਾਂਦੇਵ ਅਵਧੂਤ ਹੋਇ ਦਸ ਅਵਤਾਰੀ ਬਿਸਨੁ ਭਵੰਦੇ॥ (26-14-2)
ਸਿਧ ਨਾਥ ਜੋਗੀਸਰਾਂ ਦੇਵੀ ਦੇਵ ਨ ਭੇਵ ਲਹੰਦੇ॥ (26-14-3)
ਤਪੇ ਤਪੀਸੁਰ ਤੀਰਥਾਂ ਜਤੀ ਸਤੀ ਦੇਹ ਦੁਖ ਸਹੰਦੇ॥ (26-14-4)
ਸੇਖ ਨਾਗ ਸਭ ਰਾਗ ਮਿਲਿ ਸਿਮਰਣੁ ਕਰਿ ਨਿਤਿ ਗੁਣ ਗਾਵੰਦੇ॥ (26-14-5)
ਵਡਭਾਗੀ ਗੁਰਸਿਖ ਜਗਿ ਸਬਦੁ ਸੁਰਤਿ ਸਤਸੰਗਿ ਮਿਲੰਦੇ॥ (26-14-6)
ਗੁਰਮੁਖਿ ਸੁਖ ਫਲੁ ਅਲਖੁ ਲਖੰਦੇ ॥੧੪॥ (26-14-7)

ਸਿਰ ਤਲ ਵਾਇਆ ਬਿਰਖੁ ਹੈ ਹੋਇ ਸਹਸ ਫਲ ਸੁਫਲ ਫਲੰਦਾ॥ (26-15-1)
ਨਿਰਮਲੁ ਨੀਰੁ ਵਖਾਣੀਐ ਸਿਰੁ ਨੀਵਾਂ ਨੀਵਾਣਿ ਚਲੰਦਾ॥ (26-15-2)
ਸਿਰੁ ਉਚਾ ਨੀਵੇਂ ਚਰਣ ਗੁਰਮੁਖਿ ਪੈਰੀ ਸੀਸੁ ਪਵੰਦਾ॥ (26-15-3)
ਸਭਦੂ ਨੀਵੀ ਧਰਤਿ ਹੋਇ ਅਨੁ ਧਨੁ ਸਭੁ ਸੈ ਸਾਰੁ ਸਹੰਦਾ॥ (26-15-4)

ਧੰਨੁ ਧਰਤੀ ਓਹੁ ਥਾਉ ਧੰਨੁ ਗੁਰੁ ਸਿਖ ਸਾਧੂ ਪੈਰੁ ਧਰੰਦਾ॥ (26-15-5)
ਚਰਣ ਧੂੜਿ ਪਰਧਾਨ ਕਰਿ ਸੰਤ ਵੇਦ ਜਸੁ ਗਾਵਿ ਸੁਣੰਦਾ॥ (26-15-6)
ਵਡਭਾਗੀ ਪਾਖਾਕ ਲਹੰਦਾ ॥੧੫॥ (26-15-7)

ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਠਾਟੁ ਬਣਾਇਆ॥ (26-16-1)
ਪੂਰੇ ਪੂਰਾ ਤੋਲੁ ਹੈ ਘਟੈ ਨ ਵਧੈ ਘਟਾਇ ਵਧਾਇਆ॥ (26-16-2)
ਪੂਰੇ ਪੂਰੀ ਮਤਿ ਹੈ ਹੋਰ ਸੁ ਪੁਛਿ ਨ ਮਤਾ ਪਕਾਇਆ॥ (26-16-3)
ਪੂਰੇ ਪੂਰਾ ਮੰਤੁ ਹੈ ਪੂਰਾ ਬਚਨੁ ਨ ਟਲੈ ਟਲਾਇਆ॥ (26-16-4)
ਸਭੇ ਇਛਾ ਪੂਰੀਆ ਸਾਧਸੰਗਤਿ ਮਿਲਿ ਪੂਰਾ ਪਾਇਆ॥ (26-16-5)
ਵੀਹ ਇਕੀਹ ਉਲੰਘਿਕੈ ਪਤਿ ਪਉੜੀ ਚੜ੍ਹਿ ਨਿਜ ਘਰਿ ਆਇਆ॥ (26-16-6)
ਪੂਰੇ ਪੂਰਾ ਹੋਇ ਸਮਾਇਆ ॥੧੬॥ (26-16-7)

ਸਿਧ ਸਾਧਿਕ ਮਿਲਿ ਜਾਗਦੇ ਕਰਿ ਸਿਵਰਾਤੀ ਜਾਤੀ ਮੇਲਾ॥ (26-17-1)
ਮਹਾਦੇਉ ਅਉਧੂਤੁ ਹੈ ਕਵਲਾਸਣਿ ਆਸਣਿ ਰਸਕੇਲਾ॥ (26-17-2)
ਗੋਰਖੁ ਜੋਗੀ ਜਾਗਦਾ ਗੁਰਿ ਮਾਛਿੰਦ੍ਰ ਧਰੀ ਸੁ ਧਰੇਲਾ॥ (26-17-3)
ਸਤਿਗੁਰੁ ਜਾਗਿ ਜਗਾਇਦਾ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ॥ (26-17-4)
ਨਿਜ ਘਰਿ ਤਾੜੀ ਲਾਈਅਨੁ ਅਨਹਦ ਸਬਦ ਪਿਰਮ ਰਸ ਖੇਲਾ॥ (26-17-5)
ਆਦਿ ਪੁਰਖ ਆਦੇਸੁ ਹੈ ਅਲਖ ਨਿਰੰਜਨ ਨੇਹੁ ਨਵੇਲਾ॥ (26-17-6)
ਚੇਲੇ ਤੇ ਗੁਰੁ ਗੁਰੁ ਤੇ ਚੇਲਾ ॥੧੭॥ (26-17-7)

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਸੈਸਾਰੀ ਭੰਡਾਰੀ ਰਾਜੇ॥ (26-18-1)
ਚਾਰਿ ਵਰਨ ਘਰਬਾਰੀਆ ਜਾਤਿ ਪਾਤਿ ਮਾਇਆ ਮੁਹਤਾਜੇ॥ (26-18-2)
ਛਿਅ ਦਰਸਨ ਛਿਅ ਸਾਸਤ੍ਰਾ ਪਾਖੰਡਿ ਕਰਮ ਕਰਨਿ ਦੇਵਾਜੇ॥ (26-18-3)
ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਜੇ॥ (26-18-4)
ਦਹਦਿਸਿ ਬਾਰਹ ਵਾਟ ਹੋਇ ਪਰ ਘਰ ਮੰਗਨਿ ਖਾਜ ਅਖਾਜੇ॥ (26-18-5)
ਚਾਰਿ ਵਰਨ ਗੁਰੁ ਸਿਖ ਮਿਲਿ ਸਾਧਸੰਗਤਿ ਵਿਚਿ ਅਨਹਦ ਵਾਜੇ॥ (26-18-6)
ਗੁਰਮੁਖਿ ਵਰਨ ਅਵਰਨ ਹੋਇ ਦਰਸਨੁ ਨਾਉਂ ਪੰਥੁ ਸੁਖ ਸਾਜੇ॥ (26-18-7)
ਸਚੁ ਸਚਾ ਕੂੜਿ ਕੂੜੇ ਪਾਜੇ ॥੧੮॥ (26-18-8)

ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ॥ (26-19-1)
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ॥ (26-19-2)
ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ॥ (26-19-3)
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ॥ (26-19-4)
ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ॥ (26-19-5)
ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ॥ (26-19-6)
ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ॥ (26-19-7)
ਮਾਣੁ ਨਿਮਾਣੇ ਸਦ ਬਲਿਹਾਰੇ ॥੧੯॥ (26-19-8)

ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ॥ (26-20-1)
ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ॥ (26-20-2)

ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ॥ (26-20-3)
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ॥ (26-20-4)
ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ॥ (26-20-5)
ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ॥ (26-20-6)
ਗੁਰਮੁਖਿ ਮਨ ਅਪਤੀਜੁ ਪਤੀਣਾ ॥੨੦॥ (26-20-7)

ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ॥ (26-21-1)
ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਬਾਬੁ ਨਿਵਾਇਆ॥ (26-21-2)
ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ॥ (26-21-3)
ਦੀਨ ਦੁਨੀਆ ਦਾ ਪਾਤਿਸਾਹੁ ਬੇਮੁਹਤਾਜੁ ਰਾਜੁ ਘਰਿ ਆਇਆ॥ (26-21-4)
ਕਾਦਰ ਹੋਇ ਕੁਦਰਤਿ ਕਰੇ ਏਹ ਭੀ ਕੁਦਰਤਿ ਸਾਂਗੁ ਬਣਾਇਆ॥ (26-21-5)
ਇਕਨਾ ਜੋੜਿ ਵਿਛੋੜਿਦਾ ਚਿਰੀ ਵਿਛੁੰਨੇ ਆਣਿ ਮਿਲਾਇਆ॥ (26-21-6)
ਸਾਧਸੰਗਤਿ ਵਿਚਿ ਅਲਖੁ ਲਖਾਇਆ ॥੨੧॥ (26-21-7)

ਸਤਿਗੁਰੁ ਪੂਰਾ ਸਾਹੁ ਹੈ ਤ੍ਰਿਭਵਣ ਜਗੁ ਤਿਸ ਦਾ ਵਣਜਾਰਾ॥ (26-22-1)
ਰਤਨ ਪਦਾਰਥ ਬੇਸੁਮਾਰ ਭਾਉ ਭਗਤਿ ਲਖ ਭਰੇ ਭੰਡਾਰਾ॥ (26-22-2)
ਪਾਰਿਜਾਤ ਲਖ ਬਾਗ ਵਿਚਿ ਕਾਮਧੇਣੁ ਦੇ ਵਗ ਹਜਾਰਾ॥ (26-22-3)
ਲਖਮੀਆਂ ਲਖ ਗੋਲੀਆਂ ਪਾਰਸ ਦੇ ਪਰਬਤੁ ਅਪਾਰਾ॥ (26-22-4)
ਲਖ ਅੰਮ੍ਰਿਤ ਲਖ ਇੰਦ੍ਰ ਲੈ ਹੁਇ ਸਕੈ ਛਿੜਕਨਿ ਦਰਬਾਰਾ॥ (26-22-5)
ਸੂਰਜ ਚੰਦ ਚਰਾਗ ਲਖ ਰਿਧਿ ਸਿਧਿ ਨਿਧਿ ਬੋਹਲ ਅੰਬਾਰਾ॥ (26-22-6)
ਸਭੇ ਵੰਡਿ ਦਿਤੀਓਨੁ ਭਾਉ ਭਗਤਿ ਕਰਿ ਸਚੁ ਪਿਆਰਾ॥ (26-22-7)
ਭਗਤਿ ਵਛਲੁ ਸਤਿਗੁਰੁ ਨਿਰੰਕਾਰਾ ॥੨੨॥ (26-22-8)

ਖੀਰ ਸਮੁੰਦੁ ਵਿਰੋਲਿ ਕੈ ਕਢਿ ਰਤਨ ਚਉਦਹ ਵੰਡਿ ਲੀਤੇ॥ (26-23-1)
ਮਣਿ ਲਖਮੀ ਪਾਰਿਜਾਤ ਸੰਖੁ ਸਾਰੰਗ ਧਣਖੁ ਬਿਸਨੁ ਵਸਿ ਕੀਤੇ॥ (26-23-2)
ਕਾਮਧੇਣੁ ਤੇ ਅਪਛਰਾਂ ਐਰਾਪਤਿ ਇੰਦ੍ਰਾਸਣਿ ਸੀਤੇ॥ (26-23-3)
ਕਾਲਕੂਟ ਤੇ ਅਰਧ ਚੰਦ ਮਹਾਂਦੇਵ ਮਸਤਕਿ ਧਰਿ ਪੀਤੇ॥ (26-23-4)
ਘੋੜਾ ਮਿਲਿਆ ਸੂਰਜੈ ਮਦੁ ਅੰਮ੍ਰਿਤੁ ਦੇਵ ਦਾਨਵ ਰੀਤੇ॥ (26-23-5)
ਕਰੇ ਧਨੰਤਰੁ ਵੈਦਗੀ ਡਸਿਆ ਤੱਛਕਿ ਮਤਿ ਬਿਪਰੀਤੇ॥ (26-23-6)
ਗੁਰ ਉਪਦੇਸੁ ਅਮੋਲਕਾ ਰਤਨ ਪਦਾਰਥ ਨਿਧਿ ਅਗਣੀਤੇ॥ (26-23-7)
ਸਤਿਗੁਰ ਸਿਖਾਂ ਸਚੁ ਪਰੀਤੇ ॥੨੩॥ (26-23-8)

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ॥ (26-24-1)
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ॥ (26-24-2)
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ॥ (26-24-3)
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ॥ (26-24-4)
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ॥ (26-24-5)
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ॥ (26-24-6)
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ॥ (26-24-7)
ਅਜਰੁ ਜਰੈ ਨ ਆਪੁ ਜਣਾਇਆ ॥੨੪॥ (26-24-8)

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ॥ (26-25-1)
ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ॥ (26-25-2)
ਕਵਲੈ ਕੰਡੇ ਜਾਣੀਅਨਿ ਸਿਆਣਾ ਇਕੁ ਕੋਈ ਵਿਚਿ ਫਾਗੈ॥ (26-25-3)
ਜਿਉ ਪਾਰਸੁ ਵਿਚਿ ਪਥਰਾਂ ਮਣਿ ਮਸਤਕਿ ਜਿਉ ਕਾਲੈ ਨਾਗੈ॥ (26-25-4)
ਰਤਨੁ ਸੋਹੈ ਗਲਿ ਪੋਤ ਵਿਚਿ ਮੈਗਲੁ ਬਧਾ ਕਚੈ ਧਾਗੈ॥ (26-25-5)
ਭਾਵ ਭਗਤਿ ਭੁਖ ਜਾਇ ਘਰਿ ਬਿਦਰੁ ਖਵਾਲੈ ਪਿੰਨੀ ਸਾਗੈ॥ (26-25-6)
ਚਰਣ ਕਵਲ ਗੁਰੁ ਸਿਖ ਭਉਰ ਸਾਧਸੰਗਤਿ ਸਹਲੰਗੁ ਸਭਾਗੈ॥ (26-25-7)
ਪਿਰਮ ਪਿਆਲੇ ਦੁਤਰੁ ਝਾਗੈ ॥੨੫॥ (26-25-8)

ਭਵਜਲ ਅੰਦਰਿ ਮਾਨਸਰੁ ਸਤ ਸਮੁੰਦੀ ਗਹਿਰ ਗੰਭੀਰਾ॥ (26-26-1)
ਨਾ ਪਤਣੁ ਨਾ ਪਾਤਣੀ ਪਾਰਾਵਾਰੁ ਨ ਅੰਤੁ ਨ ਚੀਰਾ॥ (26-26-2)
ਨਾ ਬੇੜੀ ਨਾ ਤੁਲਹੜਾ ਵੰਝੀ ਹਾਥਿ ਨ ਧੀਰਕ ਧੀਰਾ॥ (26-26-3)
ਹੋਰੁ ਨ ਕੋਈ ਅਪੜੈ ਹੰਸ ਚੁਗੰਦੇ ਮੋਤੀ ਹੀਰਾ॥ (26-26-4)
ਸਤਿਗੁਰੁ ਸਾਂਗਿ ਵਰਤਦਾ ਪਿੰਡੁ ਵਸਾਇਆ ਫੇਰਿ ਅਹੀਰਾ॥ (26-26-5)
ਚੰਦੁ ਅਮਾਵਸ ਰਾਤਿ ਜਿਉ ਅਲਖੁ ਨ ਲਖੀਐ ਮਛੁਲੀ ਨੀਰਾ॥ (26-26-6)
ਮੁਏ ਮੁਰੀਦ ਗੋਰਿ ਗੁਰ ਪੀਰਾ ॥੨੬॥ (26-26-7)

ਮਛੀ ਦੇ ਪਰਵਾਰ ਵਾਂਗਿ ਜੀਵਣਿ ਮਰਣਿ ਨ ਵਿਸਰੈ ਪਾਣੀ॥ (26-27-1)
ਜਿਉ ਪਰਵਾਰੁ ਪਤੰਗ ਦਾ ਦੀਪਕ ਬਾਝੁ ਨ ਹੋਰ ਸੁ ਜਾਣੀ॥ (26-27-2)
ਜਿਉ ਜਲ ਕਵਲੁ ਪਿਆਰੁ ਹੈ ਭਵਰ ਕਵਲ ਕੁਲ ਪ੍ਰੀਤਿ ਵਖਾਣੀ॥ (26-27-3)
ਬੂੰਦ ਬਬੀਹੇ ਮਿਰਗ ਨਾਦ ਕੋਇਲ ਜਿਉ ਫਲ ਅੰਬਿ ਲੁਭਾਣੀ॥ (26-27-4)
ਮਾਨ ਸਰੋਵਰੁ ਹੰਸੁਲਾ ਓਹੁ ਅਮੋਲਕ ਰਤਨਾ ਖਾਣੀ॥ (26-27-5)
ਚਕਵੀ ਸੂਰਜ ਹੇਤੁ ਹੈ ਚੰਦ ਚਕੋਰੈ ਚੋਜ ਵਿਡਾਣੀ॥ (26-27-6)
ਗੁਰਸਿਖ ਵੰਸੀ ਪਰਮ ਹੰਸ ਸਤਿਗੁਰ ਸਹਜਿ ਸਰੋਵਰੁ ਜਾਣੀ॥ (26-27-7)
ਮੁਰਗਾਈ ਨੀਸਾਣੁ ਨੀਸਾਣੀ ॥੨੭॥ (26-27-8)

ਕਛੂ ਅੰਡਾ ਸੇਂਵਦਾ ਜਲ ਬਾਹਰਿ ਧਰਿ ਧਿਆਨੁ ਧਰੰਦਾ॥ (26-28-1)
ਕੂੰਜ ਕਰੇਂਦੀ ਸਿਮਰਣੋ ਪੂਰਣ ਬਚਾ ਹੋਇ ਉਡੰਦਾ॥ (26-28-2)
ਕੁਕੜੀ ਬਚਾ ਪਾਲਦੀ ਮੁਰਗਾਈ ਨੋ ਜਾਇ ਮਿਲੰਦਾ॥ (26-28-3)
ਕੋਇਲ ਪਾਲੈ ਕਾਵਣੀ ਲੋਹੂ ਲੋਹੂ ਰਲੈ ਰਲੰਦਾ॥ (26-28-4)
ਚਕਵੀ ਅਤੇ ਚਕੋਰ ਕੁਲ ਸਿਵ ਸ਼ਕਤੀ ਮਿਲਿ ਮੇਲੁ ਕਰੰਦਾ॥ (26-28-5)
ਚੰਦ ਸੂਰਜੁ ਸੇ ਜਾਣੀਅਨਿ ਛਿਅ ਰੁਤਿ ਬਾਰਹ ਮਾਹ ਦਿਸੰਦਾ॥ (26-28-6)
ਗੁਰਮੁਖਿ ਮੇਲਾ ਸਚ ਦਾ ਕਵੀਆਂ ਕਵਲ ਭਵਰੁ ਵਿਗਸੰਦਾ॥ (26-28-7)
ਗੁਰਮੁਖਿ ਸੁਖ ਫਲੁ ਅਲਖੁ ਲਖੰਦਾ ॥੨੮॥ (26-28-8)

ਪਾਰਸਵੰਸੀ ਹੋਇ ਕੈ ਸਭਨਾ ਧਾਤੂ ਮੇਲਿ ਮਿਲੰਦਾ॥ (26-29-1)
ਚੰਦਨ ਵਾਸੁ ਸੁਭਾਉ ਹੈ ਅਫਲ ਸਫਲ ਵਿਚਿ ਵਾਸੁ ਧਰੰਦਾ॥ (26-29-2)
ਲਖ ਤਰੰਗੀ ਗੰਗ ਹੋਇ ਨਦੀਆ ਨਾਲੇ ਗੰਗ ਹੋਵੰਦਾ॥ (26-29-3)
ਦਾਵਾ ਦੁਧੁ ਪੀਆਲਿਆ ਪਾਤਿਸਾਹਾ ਕੋਕਾ ਭਾਵੰਦਾ॥ (26-29-4)

ਲੂਣ ਖਾਇ ਪਾਤਿਸਾਹ ਦਾ ਕੋਕਾ ਚਾਕਰ ਹੋਇ ਵਲੰਦਾ॥ (26-29-5)
ਸਤਿਗੁਰ ਵੰਸੀ ਪਰਮ ਹੰਸੁ ਗੁਰੁ ਸਿਖ ਹੰਸ ਵੰਸੁ ਨਿਬਹੰਦਾ॥ (26-29-6)
ਪਿਅ ਦਾਦੇ ਦੇ ਰਾਹਿ ਚਲੰਦਾ ॥੨੯॥ (26-29-7)

ਜਿਉ ਲਖ ਤਾਰੇ ਚਮਕਦੇ ਨੇੜਿ ਨ ਦਿਸੈ ਰਾਤਿ ਅਨੇਰੇ॥ (26-30-1)
ਸੂਰਜੁ ਬਦਲ ਛਾਇਆ ਰਾਤਿ ਨ ਪੁਜੈ ਦਿਹਸੈ ਫੇਰੇ॥ (26-30-2)
ਜੇ ਗੁਰ ਸਾਂਗਿ ਵਰਤਦਾ ਦੁਬਿਧਾ ਚਿਤਿ ਨ ਸਿਖਾਂ ਕੇਰੇ॥ (26-30-3)
ਛਿਅ ਰੁਤੀ ਇਕੁ ਸੁਝੁ ਹੈ ਘੁਘੂ ਸੁਝ ਨ ਸੁਝੈ ਹੇਰੇ॥ (26-30-4)
ਚੰਦਮੁਖੀ ਸੂਰਜਮੁਖੀ ਕਵਲੈ ਭਵਰ ਮਿਲਨਿ ਚਉਫੇਰੇ॥ (26-30-5)
ਸਿਵ ਸਕਤੀ ਨੋ ਲੰਘਿ ਕੈ ਸਾਧਸੰਗਤਿ ਜਾਇ ਮਿਲਨਿ ਸਵੇਰੇ॥ (26-30-6)
ਪੈਰੀ ਪਵਣਾ ਭਲੇ ਭਲੇਰੇ ॥੩੦॥ (26-30-7)

ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ॥ (26-31-1)
ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ॥ (26-31-2)
ਕੁਤਬਾ ਜਾਇ ਪੜਾਇਦਾ ਕਾਜੀ ਮੁਲਾਂ ਕਰੈ ਉਗਾਹੀ॥ (26-31-3)
ਟਕਸਾਲੈ ਸਿਕਾ ਪਵੈ ਹੁਕਮੈ ਵਿਚਿ ਸੁਪੇਦੀ ਸਿਆਹੀ॥ (26-31-4)
ਮਾਲੁ ਮੁਲਕੁ ਅਪਣਾਇਦਾ ਤਖਤ ਬਖਤ ਚੜ੍ਹਿ ਬੇਪਰਵਾਹੀ॥ (26-31-5)
ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ॥ (26-31-6)
ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ॥ (26-31-7)
ਗੁਰਮੁਖਿ ਸੁਖ ਫਲੁ ਦਾਦਿ ਇਲਾਹੀ ॥੩੧॥ (26-31-8)

ਜੇ ਕੋ ਆਪੁ ਗਣਾਇ ਕੈ ਪਾਤਿਸਾਹਾ ਤ ਆਕੀ ਹੋਵੈ॥ (26-32-1)
ਹੁਇ ਕਤਲਾਮੁ ਹਰਾਮਖੋਰੁ ਕਾਠੁ ਨ ਖਫਣੁ ਚਿਤਾ ਨ ਟੋਵੈ॥ (26-32-2)
ਟਕਸਾਲਹੁ ਬਾਹਰਿ ਘੜੈ ਖੋਟੈਹਾਰਾ ਜਨਮੁ ਵਿਗੋਵੈ॥ (26-32-3)
ਲਿਬਾਸੀ ਫੁਰਮਾਣੁ ਲਿਖਿ ਹੋਇ ਨੁਕਸਾਨੀ ਅੰਝੂ ਰੋਵੈ॥ (26-32-4)
ਗਿਦੜ ਦੀ ਕਰਿ ਸਾਹਿਬੀ ਬੋਲਿ ਕੁਬੋਲੁ ਨ ਅਬਿਚਲੁ ਹੋਵੈ॥ (26-32-5)
ਮੁਹਿ ਕਾਲੈ ਗਦਹਿ ਚੜ੍ਹੈ ਰਾਉ ਪੜੇ ਵੀ ਭਰਿਆ ਧੋਵੈ॥ (26-32-6)
ਦੂਜੈ ਭਾਇ ਕੁਥਾਇ ਖਲੋਵੈ ॥੩੨॥ (26-32-7)

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ॥ (26-33-1)
ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ॥ (26-33-2)
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ॥ (26-33-3)
ਮੋਹਣ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ॥ (26-33-4)
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ॥ (26-33-5)
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾਂ ਭਉਕਾਇਆ॥ (26-33-6)
ਚੰਦਨ ਵਾਸੁ ਨ ਵਾਸ ਬੋਹਾਇਆ ॥੩੩॥ (26-33-7)

ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ॥ (26-34-1)
ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ॥ (26-34-2)
ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ॥ (26-34-3)

ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ॥ (26-34-4)
ਰਾਮਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲੁ ਲਾਇਆ॥ (26-34-5)
ਹਰਿ ਗੋਵਿੰਦੁ ਗੁਰੁ ਅਰਜਨਹੁ ਆਦਿ ਪੁਰਖ ਆਦੇਸੁ ਕਰਾਇਆ॥ (26-34-6)
ਸੁਝੈ ਸੁਝ ਨ ਲੁਕੈ ਲੁਕਾਇਆ ॥੩੪॥ (26-34-7)

ਇਕ ਕਵਾਉ ਪਸਾਉ ਕਰਿ ਓਅੰਕਾਰਿ ਕੀਆ ਪਾਸਾਰਾ॥ (26-35-1)
ਕੁਦਰਤਿ ਅਤੁਲ ਨ ਤੋਲੀਐ ਤੁਲਿ ਨ ਤੋਲ ਨ ਤੋਲਣਹਾਰਾ॥ (26-35-2)
ਸਿਰਿ ਸਿਰਿ ਲੇਖੁ ਅਲੇਖ ਦਾ ਦਾਤਿ ਜੋਤਿ ਵਡਿਆਈ ਕਾਰਾ॥ (26-35-3)
ਰਾਗ ਨਾਦ ਅਨਹਦੁ ਧੁਨੀ ਓਅੰਕਾਰ ਨ ਗਾਵਣਹਾਰਾ॥ (26-35-4)
ਖਾਣੀ ਬਾਣੀ ਜੀਅ ਜੰਤੁ ਨਾਵ ਥਾਵ ਅਣਗਣਤ ਅਪਾਰਾ॥ (26-35-5)
ਇਕੁ ਕਵਾਉ ਅਮਾਉ ਹੈ ਕੇਵਡੁ ਵਡਾ ਸਿਰਜਣਹਾਰਾ॥ (26-35-6)
ਸਾਧਸੰਗਤਿ ਸਤਿਗੁਰ ਨਿਰੰਕਾਰਾ ॥੩੫॥੨੬॥ (26-35-7)

Vaar 27

ੴ ਸਤਿਗੁਰਪ੍ਰਸਾਦਿ॥ (27-1-1)

ਲੇਲੈ ਮਜਨੂੰ ਆਸਕੀ ਚਹੁ ਚਕੀ ਜਾਤੀ॥ (27-1-2)
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ॥ (27-1-3)
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ॥ (27-1-4)
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ॥ (27-1-5)
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ॥ (27-1-6)
ਪੀਰ ਮੁਰੀਦਾਂ ਪਿਰਹੜੀ ਗਾਵਨਿ ਪਰਭਾਤੀ ॥੧॥ (27-1-7)

ਅਮਲੀ ਅਮਲੁ ਨ ਛਡਨੀ ਹੁਇ ਬਹਨਿ ਇਕਠੇ॥ (27-2-1)
ਜਿਉ ਜੂਏ ਜੁਆਰੀਆ ਲਗਿ ਦਾਵ ਉਪਠੇ॥ (27-2-2)
ਚੋਰੀ ਚੋਰ ਨ ਪਲਰਹਿਦੁਖ ਸਹਨਿ ਗਰਠੇ॥ (27-2-3)
ਰਹਨਿ ਨ ਗਣਿਕਾ ਵਾੜਿਅਹੁ ਵੇਕਰਮੀ ਲਠੇ॥ (27-2-4)
ਪਾਪੀ ਪਾਪੁ ਕਮਾਵਦੇ ਹੋਇ ਫਿਰਦੇ ਨਠੇ॥ (27-2-5)
ਪੀਰ ਮੁਰੀਦਾਂ ਪਿਰਹੜੀ ਸਭ ਪਾਪ ਪਣਠੇ ॥੨॥ (27-2-6)

ਭਵਰੈ ਵਾਸੁ ਵਿਣਾਸੁ ਹੈ ਫਿਰਦਾ ਫੁਲਵਾੜੀ॥ (27-3-1)
ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ॥ (27-3-2)
ਮਿਰਗ ਨਾਦਿ ਬਿਸਮਾਦੁ ਹੋਇ ਫਿਰਦਾ ਉਜਾੜੀ॥ (27-3-3)
ਕੁੰਡੀ ਫਾਥੇ ਮਛ ਜਿਉ ਰਸਿ ਜੀਭ ਵਿਗਾੜੀ॥ (27-3-4)
ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ॥ (27-3-5)
ਪੀਰ ਮੁਰੀਦਾਂ ਪਿਰਹੜੀ ਲਾਇ ਨਿਜ ਘਰਿ ਤਾੜੀ ॥੩॥ (27-3-6)

ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥ (27-4-1)
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥ (27-4-2)
ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥ (27-4-3)
ਮੋਰ ਬਬੀਹੇ ਬੋਲਦੇ ਪਿਆਰੁ ਵੇਖਿ ਬਦਲ ਕਾਲੇ॥ (27-4-4)
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥ (27-4-5)
ਪੀਰ ਮੁਰੀਦਾਂ ਪਿਰਹੜੀ ਓਹੁ ਨਿਬਹੈ ਨਾਲੇ ॥੪॥ (27-4-6)

ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ॥ (27-5-1)
ਭੁਖੈ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ॥ (27-5-2)
ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤੁ ਭਰਮ ਭੁਲਾਣੀ॥ (27-5-3)
ਊਘੈ ਸਉੜਿ ਪਲੰਘ ਜਿਉ ਸਭਿ ਰੈਣਿ ਵਿਹਾਣੀ॥ (27-5-4)
ਸੁਹਣੇ ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ॥ (27-5-5)
ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ ॥੫॥ (27-5-6)

ਮਾਨ ਸਰੋਵਰ ਹੰਸਲਾ ਖਾਇ ਮਾਣਕ ਮੋਤੀ॥ (27-6-1)

ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ॥ (27-6-2)
ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ॥ (27-6-3)
ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ॥ (27-6-4)
ਨਦੀਆ ਨਾਲੇ ਗੰਗ ਮਿਲਿ ਹੋਨਿ ਛੋਤ ਅਛੋਤੀ॥ (27-6-5)
ਪੀਰ ਮੁਰੀਦਾਂ ਪਿਰਹੜੀ ਇਹ ਖੇਪ ਸਓਤੀ ॥੬॥ (27-6-6)

ਸਾਹੁਰੁ ਪੀਹਰੁ ਪਖ ਤ੍ਰੈ ਘਰ ਨਾਨੇਹਾਲਾ॥ (27-7-1)
ਸਹੁਰਾ ਸਸੁ ਵਖਾਣੀਐ ਸਾਲੀ ਤੈ ਸਾਲਾ॥ (27-7-2)
ਮਾ ਪਿਉ ਭੈਣਾ ਭਾਇਰਾ ਪਰਵਾਰੁ ਦੁਰਾਲਾ॥ (27-7-3)
ਨਾਨਾ ਨਾਨੀ ਮਾਸੀਆ ਮਾਮੇ ਜੰਜਾਲਾ॥ (27-7-4)
ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ॥ (27-7-5)
ਪੀਰ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ ॥੭॥ (27-7-6)

ਵਣਜੁ ਕਰੈ ਵਾਪਾਰੀਆਤਿਤੁ ਲਾਹਾ ਤੋਟਾ॥ (27-8-1)
ਕਿਰਸਾਣੀ ਕਿਰਸਾਣੁ ਕਰਿਹੋਇ ਦੁਬਲਾ ਮੋਟਾ॥ (27-8-2)
ਚਾਕਰੁ ਲਗੈ ਚਾਕਰੀ ਰਣਿ ਖਾਂਦਾ ਚੋਟਾਂ॥ (27-8-3)
ਰਾਜੁ ਜੋਗੁ ਸੰਸਾਰੁ ਵਿਚਿ ਵਣ ਖੰਡ ਗੜ ਕੋਟਾ॥ (27-8-4)
ਅੰਤਿ ਕਾਲਿ ਜਮ ਜਾਲੁ ਪੈ ਪਾਏ ਫਲ ਫੋਟਾ॥ (27-8-5)
ਪੀਰ ਮੁਰੀਦਾਂ ਪਿਰਹੜੀ ਹੁਇ ਕਦੇ ਨ ਤੋਟਾ ॥੮॥ (27-8-6)

ਅਖੀ ਵੇਖ ਨ ਰਜੀਆ ਬਹੁ ਰੰਗ ਤਮਾਸੇ॥ (27-9-1)
ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ॥ (27-9-2)
ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ॥ (27-9-3)
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ॥ (27-9-4)
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ॥ (27-9-5)
ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ ॥੯॥ (27-9-6)

ਧ੍ਰਿਗ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਨੀ॥ (27-10-1)
ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵਾਖੈ ਪਰ ਤਰਣੀ॥ (27-10-2)
ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ॥ (27-10-3)
ਧ੍ਰਿਗ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ॥ (27-10-4)
ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥ (27-10-5)
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥੧੦॥ (27-10-6)

ਹੋਰਤੁ ਰੰਗਿ ਨ ਰਚੀਐ ਸਭੁ ਕੂੜੁ ਦਿਸੰਦਾ॥ (27-11-1)
ਹੋਰਤੁ ਸਾਦਿ ਨ ਲਗੀਐ ਹੋਇ ਵਿਸੁ ਲਗੰਦਾ॥ (27-11-2)
ਹੋਰਤੁ ਰਾਗ ਨ ਰੀਝੀਐਸੁਣਿ ਸੁਖ ਨ ਲਹੰਦਾ॥ (27-11-3)
ਹੋਰੁ ਬੁਰੀ ਕਰਤੂਤਿ ਹੈ ਲਗੈ ਫਲੁ ਮੰਦਾ॥ (27-11-4)
ਹੋਰਤੁ ਪੰਥਿ ਨ ਚਲੀਐ ਠਗੁ ਚੋਰੁ ਮੁਹੰਦਾ॥ (27-11-5)
ਪੀਰ ਮੁਰੀਦਾਂ ਪਿਰਹੜੀ ਸਚੁ ਸਚਿ ਮਿਲੰਦਾ ॥੧੧॥ (27-11-6)

ਦੂਜੀ ਆਸ ਵਿਣਾਸੁ ਹੈ ਪੂਰੀ ਕਿਉ ਹੋਵੈ॥ (27-12-1)
ਦੂਜਾ ਮੋਹ ਸੁ ਧ੍ਰੋਹ ਸਭੁ ਓਹੁ ਅੰਤਿ ਵਿਗੋਵੈ॥ (27-12-2)
ਦੂਜਾ ਕਰਮੁ ਸੁਭਰਮ ਹੈ ਕਰਿ ਅਵਗੁਣ ਰੋਵੈ॥ (27-12-3)
ਦੂਜਾ ਸੰਗੁ ਕੁਢੰਗੁ ਹੈ ਕਿਉ ਭਰਿਆ ਧੋਵੈ॥ (27-12-4)
ਦੂਜਾ ਭਾਉ ਕੁਦਾਉ ਹੈ ਹਾਰ ਜਨਮੁ ਖਲੋਵੈ॥ (27-12-5)
ਪੀਰ ਮੁਰੀਦਾਂ ਪਿਰਹੜੀ ਗੁਣ ਗੁਣੀ ਪਰੋਵੈ ॥੧੨॥ (27-12-6)

ਅਮਿਓ ਦਿਸਟਿ ਕਰਿ ਕਛੁ ਵਾਂਗਿ ਭਵਜਲ ਵਿਚਿ ਰਖੈ॥ (27-13-1)
ਗਿਆਨ ਅੰਸ ਦੇ ਹੰਸ ਵਾਂਗਿ ਬੁਝਿ ਭਖ ਅਭਖੈ॥ (27-13-2)
ਸਿਮਰਣ ਕਰਦੇ ਕੂੰਜ ਵਾਂਗਿ ਉਡਿ ਲਖੈ ਅਲਖੈ॥ (27-13-3)
ਮਾਤਾ ਬਾਲਕ ਹੇਤੁ ਕਰਿ ਓਹੁ ਸਾਉ ਨ ਚਖੈ॥ (27-13-4)
ਸਤਿਗੁਰ ਪੁਰਖ ਦਇਆਲੁ ਹੈ ਗੁਰਸਿਖ ਪਰਖੈ॥ (27-13-5)
ਪੀਰ ਮੁਰੀਦਾਂ ਪਿਰਹੜੀ ਲਖ ਮੁਲੀਅਨਿ ਕਖੈ ॥੧੩॥ (27-13-6)

ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ॥ (27-14-1)
ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ॥ (27-14-2)
ਸਾਧਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ॥ (27-14-3)
ਚਰਣ ਕਵਲ ਵਿਚਿ ਭਵਰੁ ਹੋਇ ਸੁਖ ਰੈਣਿ ਵਿਹਾਵੈ॥ (27-14-4)
ਗੁਰ ਉਪਦੇਸ ਨ ਵਿਸਰੈ ਬਾਬੀਹਾ ਧਿਆਵੈ॥ (27-14-5)
ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨਾ ਸੁਖਾਵੈ ॥੧੪॥ (27-14-6)

ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ॥ (27-15-1)
ਹੋਛਾ ਸਾਹੁ ਨ ਕੀਚਈ ਫਿਰਿ ਪਛੋਤਾਈਐ॥ (27-15-2)
ਸਾਹਿਬੁ ਓਹੁ ਨ ਸੇਵੀਐ ਜਮ ਡੰਡੁ ਸਹਾਈਐ॥ (27-15-3)
ਹਉਮੈ ਰੋਗੁ ਨ ਕਟਈ ਓਹੁ ਵੈਦੁ ਨ ਲਾਈਐ॥ (27-15-4)
ਦੁਰਮਤਿ ਮੈਲੁ ਨ ਉਤਰੈ ਕਿਉਂ ਤੀਰਥਿ ਨਾਈਐ॥ (27-15-5)
ਪੀਰ ਮੁਰੀਦਾਂ ਪਿਰਹੜੀ ਸੁਖ ਸਹਜਿ ਸਮਾਈਐ ॥੧੫॥ (27-15-6)

ਮਾਲੁ ਮੁਲਕੁ ਚਤੁਰੰਗ ਦਲਦੁਨੀਆ ਪਤਿਸਾਹੀ॥ (27-16-1)
ਰਿਧਿ ਸਿਧਿ ਨਿਧਿ ਬਹੁ ਕਰਾਮਾਤਿ ਸਭ ਖਲਕ ਉਮਾਹੀ॥ (27-16-2)
ਚਿਰੁ ਜੀਵਣੁ ਬਹੁ ਹੰਢਣਾ ਗੁਣ ਗਿਆਨ ਉਗਾਹੀ॥ (27-16-3)
ਹੋਰਸੁ ਕਿਸੈ ਨ ਜਾਣਈ ਚਿਤਿ ਬੇਪਰਵਾਹੀ॥ (27-16-4)
ਦਰਗਹ ਢੋਈ ਨ ਲਹੈ ਦੁਬਿਧਾ ਬਦਰਾਹੀ॥ (27-16-5)
ਪੀਰ ਮੁਰੀਦਾਂ ਪਿਰਹੜੀ ਪਰਵਾਣੁ ਸੁ ਘਾਹੀ ॥੧੬॥ (27-16-6)

ਵਿਣੁ ਗੁਰੁ ਹੋਰੁ ਧਿਆਨੁ ਹੈ ਸਭ ਦੂਜਾ ਭਾਉ॥ (27-17-1)
ਵਿਣੁ ਗੁਰੁ ਸਬਦ ਗਿਆਨੁ ਹੈ ਫਿਕਾ ਆਲਾਉ॥ (27-17-2)
ਵਿਣੁ ਗੁਰੁ ਚਰਣਾਂ ਪੂਜਣਾ ਸਭ ਕੂੜਾ ਸੁਆਉ॥ (27-17-3)
ਵਿਣੁ ਗੁਰੁ ਬਚਨੁ ਜੁ ਮੰਨਣਾ ਊਰਾ ਪਰਥਾਉ॥ (27-17-4)

ਸਾਧਸੰਗਤਿ ਵਿਣੁ ਸੰਗ ਹੈ ਸਭ ਕਚਾ ਚਾਉ॥ (27-17-5)
ਪੀਰ ਮੁਰੀਦਾਂ ਪਿਰਹੜੀ ਜਿਣਿ ਜਾਣਨਿ ਦਾਉ ॥੧੭॥ (27-17-6)

ਲਖ ਸਿਆਣਪ ਸੁਰਤਿ ਲਖ ਲਖ ਗੁਣ ਚਤੁਰਾਈ॥ (27-18-1)
ਲਖ ਮਤਿ ਬੁਧਿ ਸੁਧਿ ਗਿਆਨ ਧਿਆਨ ਲਖ ਪਤਿ ਵਡਿਆਈ॥ (27-18-2)
ਲਖ ਜਪ ਤਪ ਲਖ ਸੰਜਮਾਂ ਲਖ ਤੀਰਥ ਨ੍ਹਾਈ॥ (27-18-3)
ਕਰਮ ਧਰਮ ਲਖ ਜੋਗ ਭੋਗ ਲਖ ਪਾਠ ਪੜ੍ਹਾਈ॥ (27-18-4)
ਆਪੁ ਗਣਾਇ ਵਿਗੁਚਣਾ ਓਹੁ ਥਾਇ ਨ ਪਾਈ॥ (27-18-5)
ਪੀਰ ਮੁਰੀਦਾਂ ਪਿਰਹੜੀ ਹੋਇ ਆਪੁ ਗਵਾਈ ॥੧੮॥ (27-18-6)

ਪੈਰੀ ਪੈ ਪਾ ਖਾਕ ਹੋਇ ਝੜਿ ਮਣੀ ਮਨੂਰੀ॥ (27-19-1)
ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ॥ (27-19-2)
ਤ੍ਰਪੜ ਝਾੜ ਵਿਛਾਇੰਦਾ ਚੁਲਿ ਝੋਕਿ ਨ ਝੂਰੀ॥ (27-19-3)
ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ॥ (27-19-4)
ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ॥ (27-19-5)
ਪੀਰ ਮੁਰੀਦਾਂ ਪਿਰਹੜੀ ਗੁਰਮੁਖਿ ਮਤਿ ਪੂਰੀ ॥੧੯॥ (27-19-6)

ਗੁਰ ਸੇਵਾ ਦਾ ਫਲੁ ਘਣਾ ਕਿਨਿ ਕੀਮਤਿ ਹੋਈ॥ (27-20-1)
ਰੰਗੁ ਸੁਰੰਗੁ ਅਚਰਜੁ ਹੈ ਵੇਖਾਲੇ ਸੋਈ॥ (27-20-2)
ਸਾਦੁ ਵਡਾ ਵਿਸਮਾਦੁ ਹੈ ਰਸੁ ਗੁੰਗੇ ਗੋਈ॥ (27-20-3)
ਉਤਭੁਜ ਵਾਸੁ ਨਿਵਾਸੁ ਹੈ ਕਰਿ ਚਲਤੁ ਸਮੋਈ॥ (27-20-4)
ਤੋਲੁ ਅਤੋਲੁ ਅਮੋਲੁ ਹੈ ਜਰੈ ਅਜਰੁ ਕੋਈ॥ (27-20-5)
ਪੀਰ ਮੁਰੀਦਾਂ ਪਿਰਹੜੀ ਜਾਣੈ ਜਾਣੋਈ ॥੨੦॥ (27-20-6)

ਚੰਨਣੁ ਹੋਵੈ ਚੰਨਣਹੁ ਕੋ ਚਲਿਤੁ ਨ ਜਾਣੈ॥ (27-21-1)
ਦੀਵਾ ਬਲਦਾ ਦੀਵਿਅਹੁੰ ਸਮਸਰਿ ਪਰਵਾਣੈ॥ (27-21-2)
ਪਾਣੀ ਰਲਦਾ ਪਾਣੀਐ ਤਿਸੁ ਕੋ ਨ ਸਿਞਾਣੈ॥ (27-21-3)
ਭ੍ਰਿੰਗੀ ਹੋਵੈ ਕੀੜਿਅਹੁ ਕਿਵ ਆਖਿ ਵਖਾਣੈ॥ (27-21-4)
ਸਪੁ ਛੁਡੰਦਾ ਕੁੰਜ ਨੋ ਕਰਿ ਚੋਜ ਵਿਡਾਣੈ॥ (27-21-5)
ਪੀਰ ਮੁਰੀਦਾਂ ਪਿਰਹੜੀ ਹੈਰਾਣੁ ਹੈਰਾਣ ॥੨੧॥ (27-21-6)

ਫੁਲੀ ਵਾਸੁ ਨਿਵਾਸੁ ਹੈ ਕਿਤੁ ਜੁਗਤਿ ਸਮਾਣੀ॥ (27-22-1)
ਫੁਲਾਂ ਅੰਦਰਿ ਜਿਉ ਸਾਦੁ ਬਹੁ ਸਿੰਜੇ ਇਕ ਪਾਣੀ॥ (27-22-2)
ਘਿਉ ਦੁਧੁ ਵਿਚਿ ਵਖਾਣੀਐ ਕੋ ਮਰਮੁ ਨ ਜਾਣੀ॥ (27-22-3)
ਜਿਉ ਬੈਸੰਤਰੁ ਕਾਠ ਵਿਚਿ ਓਹੁ ਅਲਖ ਵਿਡਾਣੀ॥ (27-22-4)
ਗੁਰਮੁਖਿ ਸੰਜਮਿ ਨਿਕਲੈ ਪਰਗਟ ਪਰਵਾਣੀ॥ (27-22-5)
ਪੀਰ ਮੁਰੀਦਾਂ ਪਿਰਹੜੀ ਸੰਗਤਿ ਗੁਰਬਾਣੀ ॥੨੨॥ (27-22-6)

ਦੀਪਕ ਜਲੈ ਪਤੰਗ ਵੰਸੁ ਫਿਰਿ ਦੇਖ ਨ ਹਟੈ॥ (27-23-1)
ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ॥ (27-23-2)

ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦ ਪਲਟੈ॥ (27-23-3)
ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲੁ ਸੰਘਟੈ॥ (27-23-4)
ਗੁਰਮੁਖਿ ਸੁਖਫਲੁ ਪਿਰਮ ਰਸੁ ਬਹੁ ਬੰਧਨ ਕਟੈ॥ (27-23-5)
ਧੰਨੁ ਧੰਨੁ ਗੁਰਸਿੱਖ ਵੰਸੁ ਹੈ ਧੰਨੁ ਗੁਰਮਤਿ ਨਿਧਿ ਖਟੈ ॥੨੩॥੨੭॥ (27-23-6)

Vaar 28

ੴ ਸਤਿਗੁਰਪ੍ਰਸਾਦਿ ॥ (28-1-1)

ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ॥ (28-1-2)
ਆਖਣਿ ਆਖਿ ਨ ਸਕੀਐ ਲੇਖ ਅਲੇਖ ਨ ਜਾਈ ਲਿਖੀ॥ (28-1-3)
ਗੁਰਮੁਖਿ ਪੰਥੁ ਵਖਾਣੀਐ ਅਪੜਿ ਨ ਸਕੈ ਇਕਤੁ ਵਿਖੀ॥ (28-1-4)
ਸਿਲ ਅਲੂਣੀ ਚਟਣੀ ਤੁਲਿ ਨ ਲਖ ਅਮਿਅ ਰਸ ਇਖੀ॥ (28-1-5)
ਗੁਰਮੁਖਿ ਸੁਖ ਫਲੁ ਪਾਇਆ ਭਾਇ ਭਗਤਿ ਵਿਰਲੀ ਜੁ ਬਿਰਖੀ॥ (28-1-6)
ਸਤਿਗੁਰ ਤੁਠੈ ਪਾਈਐ ਸਾਧਸੰਗਤਿ ਗੁਰਮਤਿ ਗੁਰਸਿਖੀ॥ (28-1-7)
ਚਾਰਿ ਪਦਾਰਥ ਭਿਖਕ ਭਿਖੀ ॥੧॥ (28-1-8)

ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰਸਿਖੁ ਮੰਗੈ॥ (28-2-1)
ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰੁ ਸਿਖੁ ਢਾਕੈ ਟੰਗੈ॥ (28-2-2)
ਕਾਮਧੇਨੁ ਲਖ ਲਖਮੀ ਪਹੁੰਚ ਨ ਹੰਘੈ ਢੰਗਿ ਸੁਢੰਗੈ॥ (28-2-3)
ਲਖ ਪਾਰਸ ਲਖ ਪਾਰਿਜਾਤ ਹਥਿ ਨ ਛੁਹਦਾ ਫਲ ਨ ਅਭੰਗੈ॥ (28-2-4)
ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ॥ (28-2-5)
ਪੀਰ ਮੁਰੀਦੀ ਗਾਖੜੀ ਇਕਸ ਅੰਗਿ ਨ ਅੰਗਣਿ ਅੰਗੈ॥ (28-2-6)
ਗੁਰਸਿਖੁ ਦੂਜੇ ਭਾਵਹੁ ਸੰਗੈ ॥੨॥ (28-2-7)

ਗੁਰ ਸਿਖੀ ਦਾ ਸਿਖਣਾ ਨਾਦੁ ਨ ਵੇਦ ਨ ਆਖਿ ਵਖਾਣੈ॥ (28-3-1)
ਗੁਰ ਸਿਖੀ ਦਾ ਲਿਖਣਾ ਲਖ ਨ ਚਿਤ੍ਰ ਗੁਪਤਿ ਲਿਖਿ ਜਾਣੈ॥ (28-3-2)
ਗੁਰ ਸਿਖੀ ਦਾ ਸਿਮਰਣੋਂ ਸੇਖ ਅਸੰਖ ਨ ਰੇਖ ਸਿਞਾਣੈ॥ (28-3-3)
ਗੁਰ ਸਿਖੀ ਦਾ ਵਰਤਮਾਨੁ ਵੀਹ ਇਕੀਹ ਉਲੰਘਿ ਪਛਾਣੈ॥ (28-3-4)
ਗੁਰ ਸਿਖੀ ਦਾ ਬੁਝਣਾ ਗਿਆਨ ਧਿਆਨ ਅੰਦਰਿ ਕਿਵ ਆਣੈ॥ (28-3-5)
ਗੁਰ ਪਰਸਾਦੀ ਸਾਧਸੰਗਿ ਸਬਦ ਸੁਰਤਿ ਹੋਇ ਮਾਣੁ ਨਿਮਾਣੈ॥ (28-3-6)
ਭਾਇ ਭਗਤਿ ਵਿਰਲਾ ਰੰਗੁ ਮਾਣੈ ॥੩॥ (28-3-7)

ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧਸੰਗਤਿ ਦੀ ਸੇਵਾ॥ (28-4-1)
ਦਸ ਅਵਤਾਰ ਨ ਸਿਖਿਆ ਗੀਤਾ ਗੋਸਟਿ ਅਲਖ ਅਭੇਵਾ॥ (28-4-2)
ਵੇਦ ਨ ਜਾਣਨ ਭੇਦ ਕਿਹੁ ਲਿਖਿ ਪੜਿ ਸੁਣਿ ਸਣੁ ਦੇਵੀ ਦੇਵਾ॥ (28-4-3)
ਸਿਧ ਨਾਥ ਨ ਸਮਾਧਿ ਵਿਚਿ ਤੰਤ ਨ ਮੰਤ ਲੰਘਾਇਨਿ ਖੇਵਾ॥ (28-4-4)
ਲਖ ਭਗਤਿ ਜਗਤ ਵਿਚਿ ਲਿਖਿ ਨ ਗਏ ਗੁਰੁ ਸਿਖੀ ਟੇਵਾ॥ (28-4-5)
ਸਿਲਾ ਅਲੂਣੀ ਚਟਣੀ ਸਾਦਿ ਨ ਪੁਜੈ ਲਖ ਲਖ ਮੇਵਾ॥ (28-4-6)
ਸਾਧਸੰਗਤਿ ਗੁਰ ਸਬਦ ਸਮੇਵਾ ॥੪॥ (28-4-7)

ਗੁਰ ਸਿਖੀ ਦਾ ਸਿਖਣਾ ਸ਼ਬਦ ਸੁਰਤਿ ਸਤਿਸੰਗਤਿ ਸਿਖੈ॥ (28-5-1)
ਗੁਰ ਸਿਖੀ ਦਾ ਲਿਖਣਾ ਗੁਰਬਾਣੀ ਸੁਣਿ ਸਮਝੈ ਲਿਖੈ॥ (28-5-2)
ਗੁਰ ਸਿਖੀ ਦਾ ਸਿਮਰਣੋ ਸਤਿਗੁਰੁ ਮੰਤੁ ਕੋਲੂ ਰਸੁ ਇਖੈ॥ (28-5-3)
ਗੁਰ ਸਿਖੀ ਦਾ ਵਰਤਮਾਨੁ ਚੰਦਨ ਵਾਸੁ ਨਿਵਾਸੁ ਬਿਰਿਖੈ॥ (28-5-4)

ਗੁਰ ਸਿਖੀ ਦਾ ਬੁਝਣਾ ਬੁਝਿ ਅਬੁਝਿ ਹੋਵੈ ਲੈ ਭਿਖੈ॥ (28-5-5)
ਸਾਧਸੰਗਤਿ ਗੁਰ ਸਬਦੁ ਸੁਣਿ ਨਾਮੁ ਦਾਨੁ ਇਸਨਾਨੁ ਸਰਿਖੈ॥ (28-5-6)
ਵਰਤਮਾਨੁ ਲੰਘਿ ਭੂਤ ਭਵਿਖੈ ॥੫॥ (28-5-7)

ਗੁਰ ਸਿਖੀ ਦਾ ਬੋਲਣਾ ਹੁਇ ਮਿਠ ਬੋਲਾ ਲਿਖੈ ਨ ਲੇਖੈ॥ (28-6-1)
ਗੁਰ ਸਿਖੀ ਦਾ ਚਲਣਾ ਚਲੈ ਭੈ ਵਿਚਿ ਲੀਤੇ ਭੇਖੈ॥ (28-6-2)
ਗੁਰ ਸਿਖੀ ਦਾ ਰਾਹ ਏਹੁ ਗੁਰਮੁਖਿ ਚਾਲ ਚਲੈ ਸੋ ਦੇਖੈ॥ (28-6-3)
ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ॥ (28-6-4)
ਆਪੁ ਗਣਾਇ ਨ ਅਪੜੈ ਆਪੁ ਗਵਾਏ ਰੂਪ ਨ ਰੇਖੈ॥ (28-6-5)
ਮੁਰਦੇ ਵਾਂਗੁ ਮੁਰੀਦ ਹੋਇ ਗੁਰ ਗੋਰੀ ਵੜਿ ਅਲਖ ਅਲੇਖੈ॥ (28-6-6)
ਅੰਤੁ ਨ ਮੰਤੁ ਨ ਸੇਖ ਸਰੇਖੈ ॥੬॥ (28-6-7)

ਗੁਰ ਸਿਖੀ ਦਾ ਸਿਖਣਾ ਗੁਰੁ ਸਿਖ ਸਿਖਣ ਬਜਰੁ ਭਾਰਾ॥ (28-7-1)
ਗੁਰ ਸਿਖੀ ਦਾ ਲਿਖਣਾ ਲੇਖੁ ਅਲੇਖੁ ਨ ਲਿਖਣਹਾਰਾ॥ (28-7-2)
ਗੁਰ ਸਿਖੀ ਦਾ ਤੋਲਣਾ ਤੁਲਿ ਨ ਤੋਲਿ ਤੁਲੈ ਤੁਲਧਾਰਾ॥ (28-7-3)
ਗੁਰ ਸਿਖੀ ਦਾ ਦੇਖਣਾ ਗੁਰਮੁਖਿ ਸਾਧਸੰਗਤਿ ਗੁਰਦੁਆਰਾ॥ (28-7-4)
ਗੁਰ ਸਿਖੀ ਦਾ ਚਖਣਾ ਸਾਧਸੰਗਤਿ ਗੁਰੁ ਸਬਦੁ ਵੀਚਾਰਾ॥ (28-7-5)
ਗੁਰ ਸਿਖੀ ਦਾ ਸਮਝਣਾ ਜੋਤੀ ਜੋਤਿ ਜਗਾਵਣਹਾਰਾ॥ (28-7-6)
ਗੁਰਮੁਖਿ ਸੁਖਫਲ ਪਿਰਮੁ ਪਿਆਰਾ ॥੭॥ (28-7-7)

ਗੁਰ ਸਿਖੀ ਦਾ ਰੂਪ ਦੇਖਿ ਇਕਸ ਬਾਝੁ ਨ ਹੋਰਸੁ ਦੇਖੈ॥ (28-8-1)
ਗੁਰ ਸਿਖੀ ਦਾ ਚਖਣਾ ਲਖ ਅੰਮ੍ਰਿਤ ਫਲ ਫਿਕੈ ਲੇਖੈ॥ (28-8-2)
ਗੁਰ ਸਿਖੀ ਦਾ ਨਾਦੁ ਸੁਣਿ ਲਖ ਅਨਹਦ ਵਿਸਮਾਦ ਅਲੇਖੈ॥ (28-8-3)
ਗੁਰ ਸਿਖੀ ਦਾ ਪਰਸਣਾ ਠੰਢਾ ਤਤਾ ਭੇਖ ਅਭੇਖੈ॥ (28-8-4)
ਗੁਰ ਸਿਖੀ ਦੀ ਵਾਸੁ ਲੈ ਹੁਇ ਦੁਰਗੰਧ ਸੁਗੰਧ ਸਰੇਖੈ॥ (28-8-5)
ਗੁਰ ਸਿਖੀ ਮਰ ਜੀਵਣਾ ਭਾਇ ਭਗਤਿ ਭੈ ਨਿਮਖ ਨਮੇਖੈ॥ (28-8-6)
ਅਲਪਿ ਰਹੈ ਗੁਰ ਸਬਦਿ ਵਿਸੇਖੈ ॥੮॥ (28-8-7)

ਗੁਰਮੁਖਿ ਸਚਾ ਪੰਥੁ ਹੈ ਸਿਖੁ ਸਹਜ ਘਰਿ ਜਾਇ ਖਲੋਵੈ॥ (28-9-1)
ਗੁਰਮੁਖਿ ਸਚੁ ਰਹਰਾਸਿ ਹੈ ਪੈਰੀਂ ਪੈ ਪਾ ਖਾਕੁ ਜੁ ਹੋਵੈ॥ (28-9-2)
ਗੁਰ ਸਿਖੀ ਦਾ ਨਾਵਣਾ ਗੁਰਮਤਿ ਲੈ ਦੁਰਮਤਿ ਮਲੁ ਧੋਵੈ॥ (28-9-3)
ਗੁਰ ਸਿਖੀ ਦਾ ਪੂਜਣਾ ਗੁਰਸਿਖ ਪੂਜ ਪਿਰਮ ਰਸੁ ਭੋਵੈ॥ (28-9-4)
ਗੁਰ ਸਿਖੀ ਦਾ ਮੰਨਣਾ ਗੁਰ ਬਚਨੀ ਗਲਿ ਹਾਰ ਪਰੋਵੈ॥ (28-9-5)
ਗੁਰ ਸਿਖੀ ਦਾ ਜੀਵਣਾ ਜੀਂਵਦਿਆਂ ਮਰਿ ਹਉਮੈ ਖੋਵੈ॥ (28-9-6)
ਸਾਧਸੰਗਤਿ ਗੁਰੁ ਸਬਦ ਵਿਲੋਵੈ ॥੯॥ (28-9-7)

ਗੁਰਮੁਖਿ ਸੁਖਫਲੁ ਖਾਵਣਾ ਦੁਖੁ ਸੁਖੁ ਸਮਕਰਿ ਅਉਚਰ ਚਰਣਾ॥ (28-10-1)
ਗੁਰ ਸਿਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿਝਰੁ ਝਰਣਾ॥ (28-10-2)
ਗੁਰ ਸਿਖੀ ਧੀਰਜੁ ਧਰਮੁ ਪਿਰਮ ਪਿਆਲਾ ਅਜਰੁ ਜਰਣਾ॥ (28-10-3)
ਗੁਰ ਸਿਖੀ ਦਾ ਸੰਜਮੋ ਡਰਿ ਨਿਡਰੁ ਨਿਡਰ ਮੁਚ ਡਰਣਾ॥ (28-10-4)

ਗੁਰ ਸਿਖੀ ਮਿਲਿ ਸਾਧਸੰਗਿ ਸ਼ਬਦ ਸੁਰਤਿ ਜਗੁ ਦੁਤਰੁ ਤਰਣਾ॥ (28-10-5)
ਗੁਰ ਸਿਖੀ ਦਾ ਕਰਮ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ॥ (28-10-6)
ਗੁਰ ਕਿਰਪਾ ਗੁਰੁ ਸਿਖੁ ਗੁਰੁ ਸਰਣਾ ॥੧੦॥ (28-10-7)

ਵਾਸਿ ਸੁਵਾਸੁ ਨਿਵਾਸੁ ਕਰਿ ਸਿੰਮਲਿ ਗੁਰਮੁਖਿ ਸੁਖਫਲ ਲਾਏ॥ (28-11-1)
ਪਾਰਸ ਹੋਇ ਮਨੂਰੁ ਮਲੁ ਕਾਗਹੁ ਪਰਮ ਹੰਸੁ ਕਰਵਾਏ॥ (28-11-2)
ਪਸੂ ਪਰੇਤਹੁ ਦੇਵ ਕਰਿ ਸਤਿਗੁਰ ਦੇਵ ਸੇਵ ਭੈ ਪਾਏ॥ (28-11-3)
ਸਭ ਨਿਧਾਨ ਰਖਿ ਸੰਖ ਵਿਚਿ ਹਰਿ ਜੀ ਲੈ ਲੈ ਹਥਿ ਵਜਾਏ॥ (28-11-4)
ਪਤਿਤ ਉਧਾਰਣੁ ਆਖੀਐ ਭਗਤਿ ਵਛਲ ਹੋਇ ਆਪੁ ਛਲਾਏ॥ (28-11-5)
ਗੁਣ ਕੀਤੇ ਗੁਣ ਕਰੇ ਜਗ ਅਵਗੁਣ ਕੀਤੇ ਗੁਣ ਗੁਰ ਭਾਏ॥ (28-11-6)
ਪਰਉਪਕਾਰੀ ਜਗ ਵਿਚਿ ਆਏ ॥੧੧॥ (28-11-7)

ਫਲ ਦੇ ਵਟ ਵਗਾਇਆਂ ਤਛਣਹਾਰੇ ਤਾਰਿ ਤਰੰਦਾ॥ (28-12-1)
ਤਛੇ ਪੁਤ ਨ ਡੋਬਈ ਪੁਤ ਵੈਰੁ ਜਲ ਜੀ ਨ ਧਰੰਦਾ॥ (28-12-2)
ਵਰਸੈ ਹੋਇ ਸਹੰਸਧਾਰ ਮਿਲਿ ਗਿਲ ਜਲੁ ਨੀਵਾਣਿ ਚਲੰਦਾ॥ (28-12-3)
ਡੋਬੈ ਡਬੈ ਅਗਰ ਨੋ ਆਪੁ ਛਡਿ ਪੁਤ ਪੈਜ ਰਖੰਦਾ॥ (28-12-4)
ਤਰਿ ਡੁਬੈ ਡੁਬਾ ਤਰੈ ਜਿਣਿ ਹਾਰੈ ਹਾਰੈ ਸੁ ਜਿਣੰਦਾ॥ (28-12-5)
ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵੰਦਾ॥ (28-12-6)
ਆਪਹੁ ਕਿਸੈ ਨ ਜਾਣੈ ਮੰਦਾ ॥੧੨॥ (28-12-7)

ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ॥ (28-13-1)
ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ॥ (28-13-2)
ਬਹੁ ਰੰਗੀ ਇਕ ਰੰਗੁ ਹੈ ਸਭਨਾਂ ਅੰਦਰਿ ਇਕੋ ਜਾਣੀ॥ (28-13-3)
ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ॥ (28-13-4)
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ॥ (28-13-5)
ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ॥ (28-13-6)
ਗੁਰੁ ਸਿਖੀ ਦੀ ਏਹੁ ਨੀਸਾਣੀ ॥੧੩॥ (28-13-7)

ਪਾਣੀ ਅੰਦਰਿ ਧਰਤਿ ਹੈ ਧਰਤੀ ਅੰਦਰਿ ਪਾਣੀ ਵਸੈ॥ (28-14-1)
ਧਰਤੀ ਰੰਗੁ ਨ ਰੰਗ ਸਭ ਧਰਤੀ ਸਾਉ ਨ ਸਭ ਰਸ ਰਸੈ॥ (28-14-2)
ਧਰਤੀ ਗੰਧੁ ਨ ਗੰਧ ਬਹੁ ਧਰਤਿ ਨ ਰੂਪ ਅਨੂਪ ਤਰਸੈ॥ (28-14-3)
ਜੇਹਾ ਬੀਜੈ ਸੋ ਲੁਣੈ ਕਰਮਿ ਭੂਮਿ ਸਭ ਕੋਈ ਦਸੈ॥ (28-14-4)
ਚੰਦਨ ਲੇਪੁ ਨ ਲੇਪੁ ਹੈ ਕਰਿ ਮਲ ਮੂਤ ਕਸੂਤੁ ਨ ਧਸੈ॥ (28-14-5)
ਵੁਠੇ ਮੀਹ ਜਮਾਇਦੇ ਡਵਿ ਲਗੈ ਅੰਗੂਰੁ ਵਿਗਸੈ॥ (28-14-6)
ਦੁਖਿ ਨ ਰੋਵੈ ਸੁਖਿ ਨ ਹਸੈ ॥੧੪॥ (28-14-7)

ਪਿਛਲ ਰਾਤੀਂ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ॥ (28-15-1)
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ॥ (28-15-2)
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ॥ (28-15-3)
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ॥ (28-15-4)

ਸਾਧਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ॥ (28-15-5)
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨੁ ਪਰਚਾਏ॥ (28-15-6)
ਆਸਾ ਵਿਚਿ ਨਿਰਾਸੁ ਵਲਾਏ ॥੧੫॥ (28-15-7)

ਗੁਰ ਚੇਲਾ ਚੇਲਾ ਗੁਰੂ ਗੁਰੁ ਸਿਖ ਸੁਣਿ ਗੁਰਸਿਖੁ ਸਦਾਵੈ॥ (28-16-1)
ਇਕ ਮਨਿ ਇਕੁ ਅਰਾਧਣਾ ਬਾਹਰਿ ਜਾਂਦਾ ਵਰਜਿ ਰਹਾਵੈ॥ (28-16-2)
ਹੁਕਮੀ ਬੰਦਾ ਹੋਇ ਕੈ ਖਸਮੈ ਦਾ ਭਾਣਾਤਿਸੁ ਭਾਵੈ॥ (28-16-3)
ਮੁਰਦਾ ਹੋਇ ਮੁਰੀਦ ਸੋਇ ਕੋ ਵਿਰਲਾ ਗੁਰਿ ਗੋਰਿ ਸਮਾਵੈ॥ (28-16-4)
ਪੈਰੀ ਪੈ ਪਾ ਖਾਕੁ ਹੋਇ ਪੈਰਾਂ ਉਪਰਿ ਸੀਸੁ ਧਰਾਵੈ॥ (28-16-5)
ਆਪੁ ਗਵਾਏ ਆਪੁ ਹੋਇ ਦੂਜਾ ਭਾਉ ਨ ਨਦਰੀ ਆਵੈ॥ (28-16-6)
ਗੁਰੁ ਸਿਖੀ ਗੁਰੁ ਸਿਖੁ ਕਮਾਵੈ ॥੧੬॥ (28-16-7)

ਤੇ ਵਿਰਲੈਸੈਂਸਾਰ ਵਿਚਿ ਦਰਸਨ ਜੋਤਿ ਪਤੰਗ ਮਿਲੰਦੇ॥ (28-17-1)
ਤੇ ਵਿਰਲੈਸੈਂਸਾਰ ਵਿਚਿ ਸਬਦ ਸੁਰਤਿ ਹੋਇ ਮਿਰਗ ਮਰੰਦੇ॥ (28-17-2)
ਤੇ ਵਿਰਲੈਸੈਂਸਾਰ ਵਿਚਿ ਚਰਣ ਕਵਲ ਹੋਇ ਭਵਰ ਵਸੰਦੇ॥ (28-17-3)
ਤੇ ਵਿਰਲੈਸੈਂਸਾਰ ਵਿਚਿ ਪਿਰਮ ਸਨੇਹੀ ਮੀਨ ਤਰੰਦੇ॥ (28-17-4)
ਤੇ ਵਿਰਲੈਸੈਂਸਾਰ ਵਿਚਿ ਗੁਰ ਸਿਖ ਗੁਰ ਸਿਖ ਸੇਵ ਕਰੰਦੇ॥ (28-17-5)
ਭੈ ਵਿਚਿ ਜੰਮਨਿ ਭੈ ਰਹਨਿ ਭੈ ਵਿਚਿ ਮਰਿ ਗੁਰੁ ਸਿਖ ਜੀਵੰਦੇ॥ (28-17-6)
ਗੁਰਮੁਖ ਸੁਖ ਫਲੁ ਪਿਰਮੁ ਚਖੰਦੇ ॥੧੭॥ (28-17-7)

ਲਖ ਜਪ ਤਪ ਲਖ ਸੰਜਮਾਂ ਹੋਮ ਜਗ ਲਖ ਵਰਤ ਕਰੰਦੇ॥ (28-18-1)
ਲਖ ਤੀਰਥ ਲਖ ਊਲਖਾ ਲਖ ਪੁਰੀਆ ਲਖ ਪੁਰਬ ਲਗੰਦੇ॥ (28-18-2)
ਦੇਵੀ ਦੇਵਲ ਦੇਹੁਰੇ ਲਖ ਪੁਜਾਰੀ ਪੂਜ ਕਰੰਦੇ॥ (28-18-3)
ਜਲ ਥਲ ਮਹੀਅਲ ਭਰਮਦੇ ਕਰਮ ਧਰਮ ਲਖ ਫੇਰਿ ਫਿਰੰਦੇ॥ (28-18-4)
ਲਖ ਪਰਬਤ ਵਣਖੰਡ ਲਖ ਲਖ ਉਦਾਸੀ ਹੋਇ ਭਵੰਦੇ॥ (28-18-5)
ਅਗਨੀ ਅੰਗੁ ਜਲਾਇੰਦੇ ਲਖ ਹਿਮੰਚਲਿ ਜਾਇ ਗਲੰਦੇ॥ (28-18-6)
ਗੁਰੁ ਸਿਖੀ ਸੁਖੁ ਤਿਲੁ ਨ ਲਹੰਦੇ ॥੧੮॥ (28-18-7)

ਚਾਰਿ ਵਰਣ ਕਰਿ ਵਰਤਿਆਂ ਵਰਨੁ ਚਿਹਨੁ ਕਿਹੁ ਨਦਰਿ ਨ ਆਇਆ॥ (28-19-1)
ਛਿਅ ਦਰਸਨੁ ਭੇਖਦਾਰੀਆਂ ਦਰਸਨ ਵਿਚਿ ਨ ਦਰਸਨੁ ਪਾਇਆ॥ (28-19-2)
ਸੰਨਿਆਸੀ ਦਸ ਨਾਵ ਧਰਿ ਨਾਉ ਗਣਾਇ ਨ ਨਾਉ ਧਿਆਇਆ॥ (28-19-3)
ਰਾਵਲ ਬਾਰਹ ਪੰਥ ਕਰਿ ਗੁਰਮੁਖ ਪੰਥ ਨ ਅਲਖੁ ਲਖਾਇਆ॥ (28-19-4)
ਬਹੁ ਰੂਪੀ ਬਹੁ ਰੂਪੀਏ ਰੂਪ ਨ ਰੇਖ ਨ ਲੇਖੁ ਮਿਟਾਇਆ॥ (28-19-5)
ਮਿਲਿ ਮਿਲਿ ਚਲਦੇ ਸੰਗ ਲਖ ਸਾਧੂ ਸੰਗਿ ਨ ਰੰਗ ਰੰਗਾਇਆ॥ (28-19-6)
ਵਿਣ ਗੁਰੁ ਪੂਰੇ ਮੋਹੇ ਮਾਇਆ ॥੧੯॥ (28-19-7)

ਕਿਰਸਾਣੀ ਕਿਰਸਾਣ ਕਰਿ ਖੇਤ ਬੀਜਿ ਸੁਖਫਲੁ ਨ ਲਹੰਦੇ॥ (28-20-1)
ਵਣਜੁ ਕਰਨਿ ਵਾਪਾਰੀਏ ਲੈ ਲਾਹਾ ਨਿਜ ਘਰਿ ਨ ਵਸੰਦੇ॥ (28-20-2)
ਚਾਕਰ ਕਰਿ ਕਰਿ ਚਾਕਰੀ ਹਉਮੈ ਮਾਰਿ ਨ ਸੁਲਹ ਕਰੰਦੇ॥ (28-20-3)
ਪੁੰਨ ਦਾਨ ਚੰਗਿਆਈਆਂ ਕਰਿ ਕਰਿ ਕਰਤਬ ਥਿਰੁ ਨ ਰਹੰਦੇ॥ (28-20-4)

ਰਾਜੇ ਪਰਜੇ ਹੋਇ ਕੈ ਕਰਿ ਕਰਿ ਵਾਦੁ ਨ ਪਾਇ ਪਵੰਦੇ॥ (28-20-5)
ਗੁਰ ਸਿਖ ਸੁਣਿ ਗੁਰ ਸਿਖ ਹੋਇ ਸਾਧਸੰਗਤਿ ਕਰਿ ਮੇਲ ਮਿਲੰਦੇ॥ (28-20-6)
ਗੁਰਮਤਿ ਚਲਦੇ ਵਿਰਲੇ ਬੰਦੇ ॥੨੦॥ (28-20-7)

ਗੁੰਗਾ ਗਾਵਿ ਨ ਜਾਣਈ ਬੋਲਾ ਸੁਣੈ ਨ ਅੰਦਰਿ ਆਣੈ॥ (28-21-1)
ਅੰਨ੍ਹੈ ਦਿਸਿ ਨ ਆਵਈ ਰਾਤਿ ਅਨ੍ਹੇਰੀ ਘਰੁ ਨ ਸਿਞਾਣੈ॥ (28-21-2)
ਚਲਿ ਨ ਸਕੈ ਪਿੰਗੁਲਾ ਲੂਲ੍ਹਾ ਗਲਿ ਮਿਲਿ ਹੇਤੁ ਨ ਜਾਣੈ॥ (28-21-3)
ਸੰਢਿ ਸੁਪੁਤੀ ਨ ਥੀਐ ਖੁਸਰੈ ਨਾਲਿ ਨ ਰਲੀਆਂ ਮਾਣੈ॥ (28-21-4)
ਜਣਿ ਜਣਿ ਪੁਤਾਂ ਮਾਈਆਂ ਦਲੇ ਨਾਂਵ ਧਰੇਨਿ ਧਿਙਾਣੈ॥ (28-21-5)
ਗੁਰਸਿਖੀ ਸਤਿਗੁਰੂ ਵਿਣੁ ਸੂਰਜੁ ਜੋਤਿ ਨ ਹੋਇ ਟਟਾਣੈ॥ (28-21-6)
ਸ਼ਬਦ ਸੁਰਤਿ ਗੁਰ ਸਬਦੁ ਵਖਾਣੈ ॥੨੧॥ (28-21-7)

ਲਖ ਧਿਆਨ ਸਮਾਧਿ ਲਾਇ ਗੁਰਮੁਖਿ ਰੂਪਿ ਨ ਅਪੜਿ ਸਕੈ॥ (28-22-1)
ਲਖ ਗਿਆਨ ਵਖਾਣਿ ਕਰ ਸਬਦ ਸੁਰਤਿ ਉਡਾਰੀ ਥਕੈ॥ (28-22-2)
ਬੁਧਿ ਬਲ ਬਚਨ ਬਿਬੇਕ ਲਖ ਢਹਿਢਹਿ ਪਵਨਿ ਪਿਰਮਦਰਿਧਕੈ॥ (28-22-3)
ਲਖ ਅਚਰਜ ਅਚਰਜ ਹੋਇ ਅਬਿਗਤਿ ਗਤਿ ਅਬਿਗਤਿ ਵਿਚਿ ਅਕੈ॥ (28-22-4)
ਵਿਸਮਾਦੀ ਵਿਸਮਾਦੁ ਲਖ ਅਕਥ ਕਥਾ ਵਿਚਿ ਸਹਮਿ ਮਹਕੈ॥ (28-22-5)
ਗੁਰਸਿਖੀ ਦੈ ਅਖਿ ਫਰਕੈ ॥੨੨॥੨੮॥ (28-22-6)

Vaar 29

ੴ ਸਤਿਗੁਰਪ੍ਰਸਾਦਿ॥ (29-1-1)

ਆਦਿ ਪੁਰਖ ਆਦੇਸੁ ਹੈ ਸਤਿਗੁਰੁ ਸਚੁ ਨਾਉ ਸਦਵਾਇਆ॥ (29-1-2)
ਚਾਰਿ ਵਰਨ ਗੁਰਸਿਖ ਕਰਿ ਗੁਰਮੁਖਿ ਸਚਾ ਪੰਥੁ ਚਲਾਇਆ॥ (29-1-3)
ਸਾਧਸੰਗਤਿ ਮਿਲਿ ਗਾਂਵਦੇ ਸਤਿਗੁਰੁ ਸਬਦੁ ਅਨਾਹਦੁ ਵਾਇਆ॥ (29-1-4)
ਗੁਰ ਸਾਖੀ ਉਪਦੇਸੁ ਕਰਿ ਆਪਿ ਤਰੇ ਸੈਸਾਰੁ ਤਰਾਇਆ॥ (29-1-5)
ਪਾਨ ਸੁਪਾਰੀ ਕਥਿ ਮਿਲਿ ਚੂਨੇ ਰੰਗੁ ਸੁਰੰਗ ਚੜ੍ਹਾਇਆ॥ (29-1-6)
ਗਿਆਨੁ ਧਿਆਨੁ ਸਿਮਰਣਿ ਜੁਗਤਿ ਗੁਰਮਤਿ ਮਿਲਿ ਗੁਰ ਪੂਰਾ ਪਾਇਆ॥ (29-1-7)
ਸਾਧਸੰਗਤਿ ਸਚ ਖੰਡੁ ਵਸਾਇਆ ॥੧॥ (29-1-8)

ਪਰਤਨ ਪਰਧਨ ਪਰਨਿੰਦ ਮੇਟਿ ਨਾਮੁ ਦਾਨੁ ਇਸਨਾਨੁ ਦਿੜਾਇਆ॥ (29-2-1)
ਗੁਰਮਤਿ ਮਨੁ ਸਮਝਾਇ ਕੈ ਬਾਹਰਿ ਜਾਂਦਾ ਵਰਜਿ ਰਹਾਇਆ॥ (29-2-2)
ਮਨਿ ਜਿਤੈ ਜਗੁ ਜਿਣਿ ਲਇਆ ਅਸਟਧਾਤੁ ਇਕ ਧਾਤੁ ਕਰਾਇਆ॥ (29-2-3)
ਪਾਰਸ ਹੋਏ ਪਾਰਸਹੁ ਗੁਰ ਉਪਦੇਸੁ ਅਵੇਸੁ ਦਿਖਾਇਆ॥ (29-2-4)
ਜੋਗ ਭੋਗ ਜਿਣਿ ਜੁਗਤਿ ਕਰਿ ਭਾਇ ਭਗਤਿ ਭੈ ਆਪੁ ਗਵਾਇਆ॥ (29-2-5)
ਆਪੁ ਗਇਆ ਆਪਿ ਵਰਤਿਆ ਭਗਤਿ ਵਛਲ ਹੋਇ ਵਸਗਤਿ ਆਇਆ॥ (29-2-6)
ਸਾਧਸੰਗਤਿ ਵਿਚਿ ਅਲਖੁ ਲਖਾਇਆ ॥੨॥ (29-2-7)

ਸਬਦ ਸੁਰਤਿ ਮਿਲਿ ਸਾਧਸੰਗਿ ਗੁਰਮੁਖਿ ਦੁਖ ਸੁਖ ਸਮਕਰਿ ਸਾਧੇ॥ (29-3-1)
ਹਉਮੈ ਦੁਰਮਤਿ ਪਰਹਰੀ ਗੁਰਮਤਿ ਸਤਿਗੁਰ ਪੁਰਖੁ ਆਰਾਧੇ॥ (29-3-2)
ਸਿਵ ਸਕਤੀ ਨੋ ਲੰਘਿ ਕੈ ਗੁਰਮੁਖਿ ਸੁਖ ਫਲੁ ਸਹਜ ਸਮਾਧੇ॥ (29-3-3)
ਗੁਰੁ ਪਰਮੇਸਰੁ ਏਕੁ ਜਾਣਿ ਦੂਜਾ ਭਾਉ ਮਿਟਾਇ ਉਪਾਧੇ॥ (29-3-4)
ਜੰਮਣ ਮਰਣਹੁ ਬਾਹਰੇ ਅਜਰਾਵਰਿ ਮਿਲਿ ਅਗਮ ਅਗਾਧੇ॥ (29-3-5)
ਆਸ ਨ ਤ੍ਰਾਸ ਉਦਾਸ ਘਰਿ ਹਰਖ ਸੋਗ ਵਿਹੁ ਅੰਮ੍ਰਿਤ ਖਾਧੇ॥ (29-3-6)
ਮਹਾ ਅਸਾਧ ਸਾਧਸੰਗ ਸਾਧੇ ॥੩॥ (29-3-7)

ਪਉਣ ਪਾਣੀ ਬੈਸੰਤਰੋ ਰਜੁ ਗੁਣੁ ਤਮ ਗੁਣ ਸਤ ਗੁਣੁ ਜਿਤਾ॥ (29-4-1)
ਮਨ ਬਚ ਕਰਮ ਸੰਕਲਪ ਕਰਿ ਇਕ ਮਨਿ ਹੋਇ ਵਿਗੋਇ ਦੁਚਿਤਾ॥ (29-4-2)
ਲੋਕ ਵੇਦ ਗੁਰ ਗਿਆਨ ਲਿਵ ਅੰਦਰਿ ਇਕੁ ਬਾਹਰਿ ਬਹੁ ਭਿਤਾ॥ (29-4-3)
ਮਾਤ ਲੋਕ ਪਾਤਾਲ ਜਿਣਿ ਸੁਰਗ ਲੋਕ ਵਿਚਿ ਹੋਇ ਅਥਿਤਾ॥ (29-4-4)
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇ ਕਰਿ ਪਤਿਤ ਪਵਿਤਾ॥ (29-4-5)
ਗੁਰਮੁਖਿ ਸੁਖ ਫਲੁ ਪਾਇਆ ਅਤੁਲੁ ਅਡੋਲੁ ਅਮੋਲੁ ਅਮਿਤਾ॥ (29-4-6)
ਸਾਧਸੰਗਤਿ ਮਿਲਿ ਪੀੜ੍ਹਿ ਨਪਿਤਾ ॥੪॥ (29-4-7)

ਚਾਰਿ ਪਦਾਰਥ ਹਥ ਜੋੜਿ ਹੁਕਮੀ ਬੰਦੇ ਰਹਨਿ ਖੜੋਤੇ॥ (29-5-1)
ਚਾਰੇ ਚਕ ਨਿਵਾਇਆ ਪੈਰੀ ਪੈ ਇਕ ਸੂਤਿ ਪਰੋਤੇ॥ (29-5-2)
ਵੇਦ ਪਾਇਨਿ ਭੇਦੁ ਕਿਹੁ ਪੜਿ ਪੜਿ ਪੰਡਿਤ ਸੁਣਿ ਸੁਣਿ ਸ੍ਰੋਤੇ॥ (29-5-3)
ਚਹੁ ਜੁਗਿ ਅੰਦਰ ਜਾਗਦੀ ਓਤਿ ਪੋਤਿ ਮਿਲਿ ਜਗਮਗ ਜੋਤੇ॥ (29-5-4)

ਚਾਰਿ ਵਰਨ ਇਕ ਵਰਨ ਹੋਇ ਗੁਰਸਿਖ ਵੜੀਅਨਿ ਗੁਰਮੁਖਿ ਗੋਤੇ॥ (29-5-5)
ਧਰਮਸਾਲ ਵਿਚਿ ਬੀਜਦੇ ਕਰਿ ਗੁਰਪੁਰਬ ਸੁ ਵਣਜ ਸਓਤੇ॥ (29-5-6)
ਸਾਧਸੰਗਤਿ ਮਿਲਿ ਦਾਦੇ ਪੋਤੇ ॥੫॥ (29-5-7)

ਕਾਮੁ ਕ੍ਰੋਧੁ ਅਹੰਕਾਰ ਸਾਧਿ ਲੋਭ ਮੋਹ ਦੀ ਜੋਹ ਮਿਟਾਈ॥ (29-6-1)
ਸਤੁ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸੁਗਰਥੁ ਸਮਾਈ॥ (29-6-2)
ਪੰਜੇ ਤਤ ਉਲੰਘਿਆ ਪੰਜਿ ਸਬਦ ਵਜੀ ਵਾਧਾਈ॥ (29-6-3)
ਪੰਜੇ ਮੁਦ੍ਰਾ ਵਸਿ ਕਰਿ ਪੰਚਾਇਣੁ ਹੁਇ ਦੇਸ ਦੁਹਾਈ॥ (29-6-4)
ਪਰਮੇਸਰ ਹੈ ਪੰਜ ਮਿਲਿ ਲੇਖ ਅਲੇਖ ਨ ਕੀਮਤਿ ਪਾਈ॥ (29-6-5)
ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦਿ ਲਿਵ ਲਾਈ॥ (29-6-6)
ਸਾਧਸੰਗਤਿ ਸੋਹਨਿ ਗੁਰ ਭਾਈ ॥੬॥ (29-6-7)

ਛਿਅ ਦਰਸਨ ਤਰਸਨਿ ਘਣੇ ਗੁਰਮੁਖਿ ਸਤਿਗੁਰੁ ਦਰਸਨੁ ਪਾਇਆ॥ (29-7-1)
ਛਿਅ ਸਾਸਤ੍ਰ ਸਮਝਾਵਣੀ ਗੁਰਮੁਖਿ ਗੁਰੁ ਉਪਦੇਸੁ ਦਿੜਾਇਆ॥ (29-7-2)
ਰਾਗ ਨਾਦ ਵਿਸਮਾਦ ਵਿਚਿ ਗੁਰਮਤਿ ਸਤਿਗੁਰ ਸਬਦੁ ਸੁਣਾਇਆ॥ (29-7-3)
ਛਿਅ ਰੁਤੀ ਕਰਿ ਵਰਤਮਾਨ ਸੂਰਜੁ ਇਕੁ ਚਲਤੁ ਵਰਤਾਇਆ॥ (29-7-4)
ਛਿਅ ਰਸ ਸਾਉ ਨ ਪਾਇਨੀ ਗੁਰਮੁਖਿ ਸੁਖੁ ਫਲੁ ਪਿਰਮੁ ਚਖਾਇਆ॥ (29-7-5)
ਜਤੀ ਸਤੀ ਚਿਰੁ ਜੀਵਣੇ ਚਕ੍ਰਵਰਤਿ ਹੋਇ ਮੋਹੇ ਮਾਇਆ॥ (29-7-6)
ਸਾਧਸੰਗਤਿ ਮਿਲਿ ਸਹਜਿ ਸਮਾਇਆ ॥੭॥ (29-7-7)

ਸਤ ਸਮੁੰਦ ਸਮਾਇ ਲੈ ਭਵਜਲ ਅੰਦਰਿ ਰਹੇ ਨਿਰਾਲਾ॥ (29-8-1)
ਸਤੇ ਦੀਪ ਅਨ੍ਹੇਰੁ ਹੈ ਗੁਰਮੁਖਿ ਦੀਪਕੁ ਸਬਦ ਉਜਾਲਾ॥ (29-8-2)
ਸਤੇ ਪੁਰੀਆ ਸੋਧੀਆ ਸਹਜ ਪੁਰੀ ਸਚੀ ਧਰਮਸਾਲਾ॥ (29-8-3)
ਸਤੇ ਰੋਹਣਿ ਸਤ ਵਾਰ ਸਾਧੇ ਫੜਿ ਫੜਿ ਮਥੇ ਵਾਲਾ॥ (29-8-4)
ਤ੍ਰੈ ਸਤੇ ਬ੍ਰਹਮੰਡਿ ਕਰਿ ਵੀਹ ਇਕੀਹ ਉਲੰਘਿ ਸੁਖਾਲਾ॥ (29-8-5)
ਸਤੇ ਸੁਰ ਭਰਪੂਰੁ ਕਰਿ ਸਤੀ ਧਾਰੀ ਪਾਰਿ ਪਿਆਲਾ॥ (29-8-6)
ਸਾਧਸੰਗਤਿ ਗੁਰ ਸਬਦ ਸਮਾਲਾ ॥੮॥ (29-8-7)

ਅਠ ਖੰਡਿ ਪਾਖੰਡ ਮਤਿ ਗੁਰਮਤਿ ਇਕ ਮਨਿ ਇਕ ਧਿਆਇਆ॥ (29-9-1)
ਅਸਟ ਧਾਤੁ ਪਾਰਸ ਮਿਲੀ ਗੁਰਮੁਖਿ ਕੰਚਨੁ ਜੋਤਿ ਜਗਾਇਆ॥ (29-9-2)
ਰਿਧਿ ਸਿਧਿ ਸਿਧ ਸਾਧਿਕਾਂ ਆਦਿ ਪੁਰਖ ਆਦੇਸੁ ਕਰਾਇਆ॥ (29-9-3)
ਅਠੈ ਪਹਰ ਅਰਾਧੀਐ ਸਬਦ ਸੁਰਤਿ ਲਿਵ ਅਲਖੁ ਲਖਾਇਆ॥ (29-9-4)
ਅਸਟ ਕੁਲੀ ਵਿਹੁ ਉਤਰੀ ਸਤਿਗੁਰ ਮਤਿ ਨ ਮੋਹੇ ਮਾਇਆ॥ (29-9-5)
ਮਨੁ ਅਸਾਧੁ ਨ ਸਾਧੀਐ ਗੁਰਮੁਖਿ ਸੁਖ ਫਲੁ ਸਾਧਿ ਸਧਾਇਆ॥ (29-9-6)
ਸਾਧਸੰਗਤਿ ਮਿਲਿ ਮਨ ਵਸਿ ਆਇਆ ॥੯॥ (29-9-7)

ਨਉ ਪਰਕਾਰੀ ਭਗਤਿ ਕਰਿ ਸਾਧੈ ਨਵੈ ਦੁਆਰ ਗੁਰਮਤੀ॥ (29-10-1)
ਗੁਰਮੁਖਿ ਪਿਰਮੁ ਚਖਾਇਆ ਗਾਵੈ ਜੀਭ ਰਸਾਇਣਿ ਰਤੀ॥ (29-10-2)
ਨਵੀ ਖੰਡੀ ਜਾਣਾਇਆ ਰਾਜੁ ਜੋਗ ਜਿਣਿ ਸਤੀ ਅਸਤੀ॥ (29-10-3)
ਨਉ ਕਰਿ ਨਉ ਘਰ ਸਾਧਿਆ ਵਰਤਮਾਨ ਪਰਲਉ ਉਤਪਤੀ॥ (29-10-4)

ਨਵ ਨਿਧਿ ਪਿਛਲ ਗਣੀ ਨਾਥ ਅਨਾਥ ਸਨਾਥ ਜੁਗਤੀ॥ (29-10-5)
ਨਉ ਉਖਲ ਵਿਚਿ ਉਖਲੀ ਮਿਠੀ ਕਉੜੀ ਠੰਢੀ ਤਤੀ॥ (29-10-6)
ਸਾਧ ਸੰਗਤਿ ਗੁਰਮਤਿ ਸਣਖਤੀ ॥੧੦॥ (29-10-7)

ਦਾਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥ (29-11-1)
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ॥ (29-11-2)
ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ॥ (29-11-3)
ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ॥ (29-11-4)
ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਵਾਣੈ॥ (29-11-5)
ਗੁਰਮੁਖਿ ਸੁਖ ਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ॥ (29-11-6)
ਸਾਧਸੰਗਤਿ ਵਿਟਹੁ ਕੁਰਬਾਣੈ ॥੧੧॥ (29-11-7)

ਗੁਰਮੁਖਿ ਪਿਰਮੁ ਚਖਾਇਆ ਭੁਖ ਨ ਖਾਣੁ ਪੀਅਣੁ ਅੰਨੁ ਪਾਣੀ॥ (29-12-1)
ਸਬਦ ਸੁਰਤਿ ਨੀਂਦ ਉਘੜੀ ਜਾਗਦਿਆਂ ਸੁਖ ਰੈਣਿ ਵਿਹਾਣੀ॥ (29-12-2)
ਸਾਹੇ ਬਧੇ ਸੋਂਹਦੇ ਮੈਲਾਪੜ ਪਰਵਾਣੁ ਪਰਾਣੀ॥ (29-12-3)
ਚਲਣੁ ਜਾਣਿ ਸੁਜਾਣ ਹੋਇ ਜਗ ਮਿਹਮਾਨ ਆਏ ਮਿਹਮਾਣੀ॥ (29-12-4)
ਸਚੁ ਵਣਜਿ ਖੇਪ ਲੈ ਚਲੇ ਗੁਰਮੁਖਿ ਗਾਡੀ ਰਾਹੁ ਨੀਸਾਣੀ॥ (29-12-5)
ਹਲਤਿ ਪਲਤਿ ਮੁਖ ਉਜਲੇ ਗੁਰ ਸਿਖ ਗੁਰਸਿਖਾਂ ਮਨਿ ਭਾਣੀ॥ (29-12-6)
ਸਾਧਸੰਗਤਿ ਵਿਚਿ ਅਖਥ ਕਹਾਣੀ ॥੧੨॥ (29-12-7)

ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ॥ (29-13-1)
ਗਿਆਨ ਮਤੀ ਘਟਿ ਚਾਨਣਾ ਭਰਮ ਅਗਿਆਨੁ ਅੰਧੇਰ ਮਿਟਾਵੈ॥ (29-13-2)
ਹੋਇ ਨਿਸਾਣਾ ਢਹਿ ਪਵੈ ਦਰਗਹਿ ਮਾਣੁ ਨਿਮਾਣਾ ਪਾਵੈ॥ (29-13-3)
ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ॥ (29-13-4)
ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ॥ (29-13-5)
ਦੁਨੀਆ ਵਿਚਿ ਪਰਾਹੁਣਾ ਦਾਵਾ ਛਡਿ ਰਹੇ ਲਾ ਦਾਵੈ॥ (29-13-6)
ਸਾਧਸੰਗਤਿ ਮਿਲਿ ਹੁਕਮਿ ਕਮਾਵੈ ॥੧੩॥ (29-13-7)

ਗੁਰ ਪਰਮੇਸਰੁ ਇਕੁ ਜਾਨਿ ਗੁਰਮੁਖਿ ਦੂਜਾ ਭਾਉ ਮਿਟਾਇਆ॥ (29-14-1)
ਹਉਮੈ ਪਾਲਿ ਢਹਾਇ ਕੈ ਤਾਲ ਨਦੀ ਦਾ ਨੀਰੁ ਮਿਲਾਇਆ॥ (29-14-2)
ਨਦੀ ਕਿਨਾਰੈ ਦਹੁ ਵਲੀ ਇਕ ਦੂ ਪਾਰਾਵਾਰੁ ਨ ਪਾਇਆ॥ (29-14-3)
ਰੁਖਹੁ ਫਲੁ ਤੈ ਫਲੁ ਰੁਖੁ ਇਕੁ ਨਾਉ ਫਲੁ ਰੁਖੁ ਸਦਾਇਆ॥ (29-14-4)
ਛਿਅ ਰੁਤੀ ਇਕੁ ਸੁਝ ਹੈ ਸੁਝੈ ਸੁਝੁ ਨ ਹੋਰੁ ਦਿਖਾਇਆ॥ (29-14-5)
ਰਾਤੀਂ ਤਾਰੇ ਚਮਕਦੇ ਦਿਹ ਚੜੀਐ ਕਿਨਿ ਆਖੁ ਲੁਕਾਇਆ॥ (29-14-6)
ਸਾਧਸੰਗਤਿ ਇਕੁ ਮਨਿ ਇਕੁ ਧਿਆਇਆ ॥੧੪॥ (29-14-7)

ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ॥ (29-15-1)
ਕੰਨੀਂ ਮੁੰਦਰਾਂ ਮੰਤ੍ਰ ਗੁਰ ਸੰਤਾਂ ਧੂੜਿ ਬਿਭੂਤ ਸੁ ਲਾਸੀ॥ (29-15-2)
ਖਿੰਥਾ ਖਿਮਾ ਹੰਢਾਵਣੀ ਪ੍ਰੇਮ ਪਤ੍ਰ ਭਾਉ ਭੁਗਤਿ ਬਿਲਾਸੀ॥ (29-15-3)
ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰ ਦਾਸੀ॥ (29-15-4)

ਸਾਧਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ॥ (29-15-5)
ਹਉਮੈ ਰੋਗ ਅਰੋਗ ਹੋਇ ਕਰਿ ਸੰਜੋਗੁ ਵਿਜੋਗ ਖਲਾਸੀ॥ (29-15-6)
ਸਾਧਸੰਗਤਿ ਦੁਰਮਤਿ ਸਾਬਾਸੀ ॥੧੫॥ (29-15-7)

ਲਖ ਬ੍ਰਹਮੇ ਲਖ ਵੇਦ ਪੜਿ ਨੇਤ ਨੇਤ ਕਰਿ ਕਰਿ ਸਭ ਥਕੇ॥ (29-16-1)
ਮਹਾਦੇਵ ਅਵਧੂਤ ਲਖ ਜੋਗ ਧਿਆਨ ਉਣੀਦੈ ਅਕੇ॥ (29-16-2)
ਲਖ ਬਿਸਨ ਅਵਤਾਰ ਲੈ ਗਿਆਨ ਖੜਗੁ ਫੜਿ ਪਹੁਚਿ ਨ ਸਕੇ॥ (29-16-3)
ਲਖ ਲੋਮਸੁ ਚਿਰ ਜੀਵਣੇ ਆਦਿ ਅੰਤਿ ਵਿਚਿ ਧੀਰਕ ਧਕੇ॥ (29-16-4)
ਤਿਨਿ ਲੋਅ ਜੁਗ ਚਾਰਿ ਕਰਿ ਲਖ ਬ੍ਰਹਮੰਡ ਖੰਡ ਕਰ ਢਕੇ॥ (29-16-5)
ਲਖ ਪਰਲਉ ਉਤਪਤਿ ਲਖ ਹਰਹਟ ਮਾਲਾ ਅਖਿ ਫਰਕੇ॥ (29-16-6)
ਸਾਧਸੰਗਤਿ ਆਸਕੁ ਹੋਇ ਤਕੇ ॥੧੬॥ (29-16-7)

ਪਾਰਬ੍ਰਹਮ ਪੂਰਨ ਬ੍ਰਹਮੁ ਆਦਿ ਪੁਰਖੁ ਹੈ ਸਤਿਗੁਰੁ ਸੋਈ॥ (29-17-1)
ਜੋਗ ਧਿਆਨੁ ਹੈਰਾਨੁ ਹੋਇ ਵੇਦ ਗਿਆਨ ਪਰਵਾਹ ਨ ਹੋਈ॥ (29-17-2)
ਦੇਵੀ ਦੇਵ ਸਰੇਵਦੇ ਜਲ ਥਲ ਮਹੀਅਲ ਭਵਦੇ ਲੋਈ॥ (29-17-3)
ਜੋਮ ਜਗ ਜਪ ਤਪ ਘਣੇ ਕਰਿ ਕਰਿ ਕਰਮ ਧਰਮ ਦੁਖ ਰੋਈ॥ (29-17-4)
ਵਸਿ ਨ ਆਵੈ ਧਾਂਵਦਾ ਅਠੁ ਖੰਡਿ ਪਾਖੰਡ ਵਿਗੋਈ॥ (29-17-5)
ਗੁਰਮੁਖਿ ਮਨੁ ਜਿਣਿ ਜਗੁ ਜਿਣੈ ਆਪੁ ਗਵਾਇ ਆਪੇ ਸਭ ਕੋਈ॥ (29-17-6)
ਸਾਧਸੰਗਤਿ ਗੁਣ ਹਾਰੁ ਪਰੋਈ ॥੧੭॥ (29-17-7)

ਅਲਖ ਨਿਰੰਜਨ ਆਖੀਐ ਰੂਪ ਨ ਰੇਖ ਅਲੇਖ ਅਪਾਰਾ॥ (29-18-1)
ਅਬਿਗਤਿ ਗਤਿ ਅਬਿਗਤਿ ਘਣੀ ਸਿਮਰਣਿ ਸੇਖ ਨ ਆਵੈ ਵਾਰਾ॥ (29-18-2)
ਅਕਥ ਕਥਾ ਕਿਉ ਜਾਣੀਐ ਕੋਇ ਨ ਆਖ ਸੁਣਾਵਣਹਾਰਾ॥ (29-18-3)
ਅਚਰਜੁ ਨੋ ਅਚਰਜੁ ਹੋਇ ਵਿਸਮਾਦੈ ਵਿਸਮਾਦੁ ਸੁਮਾਰਾ॥ (29-18-4)
ਚਾਰਿ ਵਰਨ ਗੁਰੁ ਸਿਖ ਹੋਇ ਘਰ ਬਾਰੀ ਬਹੁ ਵਣਜ ਵਪਾਰਾ॥ (29-18-5)
ਸਾਧਸੰਗਤਿ ਅਰਾਧਿਆਭਗਤਿ ਵਛਲ ਗੁਰੁ ਰੂਪੁ ਮੁਰਾਰਾ॥ (29-18-6)
ਭਵ ਸਾਗਰੁ ਗੁਰਿ ਸਾਗਰ ਤਾਰਾ ॥੧੮॥ (29-18-7)

ਨਿਰੰਕਾਰੁ ਏਕੰਕਾਰੁ ਪੀਰ ਮੁਰੀਦਾ ਪਿਰਹੜੀ ਓਅੰਕਾਰਿ ਅਕਾਰੁ ਅਪਾਰਾ॥ (29-19-1)
ਰੋਮ ਰੋਮ ਵਿਚਿ ਰਖਿਓਨੁ ਕਰਿ ਭ੍ਰਹਮੰਡ ਕਰੋੜਿ ਪਸਾਰਾ॥ (29-19-2)
ਕੇਤੜਿਆਂ ਜੁਗ ਵਰਤਿਆ ਅਗਮ ਅਗੋਚਰੁ ਧੁੰਧੂਕਾਰਾ॥ (29-19-3)
ਕੇਤੜਿਆਂ ਜੁਗ ਵਰਤਿਆ ਕਰਿ ਕਰਿ ਕੇਤੜਿਆਂ ਅਵਤਾਰਾ॥ (29-19-4)
ਭਗਤਿ ਵਛਲੁ ਹੋਇ ਆਇਆ ਕਲੀ ਕਾਲ ਪਰਗਟ ਪਾਹਾਰਾ॥ (29-19-5)
ਸਾਧਸੰਗਤਿ ਵਸਗਤਿ ਹੋਆ ਓਤਿ ਪੋਤਿ ਕਰਿ ਪਿਰਮ ਪਿਆਰਾ॥ (29-19-6)
ਗੁਰਮੁਖਿ ਸੁਝੈ ਸਿਰਜਣਹਾਰਾ ॥੧੯॥ (29-19-7)

ਸਤਿਗੁਰ ਮੂਰਤਿ ਪਰਗਟੀ ਗੁਰਮੁਖਿ ਸੁਖਫਲੁ ਸਬਦ ਵਿਚਾਰਾ॥ (29-20-1)
ਇਕਦੂ ਹੋਇ ਸਹਸ ਫਲੁ ਗੁਰੁ ਸਿਖ ਸਾਧਸੰਗਤਿ ਓਅੰਕਾਰਾ॥ (29-20-2)
ਡਿਠਾ ਸੁਣਿਆ ਮੰਨਿਆ ਸਨਮੁਖਿ ਸੇ ਵਿਰਲੇ ਸੈਸਾਰਾ॥ (29-20-3)
ਪਹਿਲੋ ਦੇ ਪਾ ਖਾਕ ਹੋਇ ਪਿਛਹੁ ਜਗੁ ਮੰਗੈ ਪਗ ਛਾਰਾ॥ (29-20-4)

ਗੁਰਮੁਖਿ ਮਾਰਗ ਚਲਿਆ ਸਚੁ ਵਣਜੁ ਕਰਿ ਪਾਰਿ ਉਤਾਰਾ॥ (29-20-5)
ਕੀਮਤਿ ਕੋਇ ਨ ਜਾਣਈ ਆਖਣਿ ਸੁਣਨਿ ਨ ਲਿਖਣਿਹਾਰਾ॥ (29-20-6)
ਸਾਧਸੰਗਤਿ ਗੁਰ ਸਬਦੁ ਪਿਆਰਾ ॥੨੦॥ (29-20-7)

ਸਾਧਸੰਗਤਿ ਗੁਰੁ ਸਬਦ ਲਿਵ ਗੁਰਮੁਖਿ ਸੁਖਫਲੁ ਪਿਰਮੁ ਚਖਾਇਆ॥ (29-21-1)
ਸਭ ਨਿਧਾਨ ਕੁਰਬਾਨ ਕਰਿ ਸਭੇ ਫਲ ਬਲਿਹਾਰ ਕਰਾਇਆ॥ (29-21-2)
ਤ੍ਰਿਸਨਾ ਜਲਣਿ ਬੁਝਾਈਆਂ ਸਾਂਤਿ ਸਹਜ ਸੰਤੋਖੁ ਦਿੜਾਇਆ॥ (29-21-3)
ਸਭੇ ਆਸਾ ਪੂਰੀਆ ਆਸਾ ਵਿਚਿ ਨਿਰਾਸ ਵਲਾਇਆ॥ (29-21-4)
ਮਨਸਾ ਮਨਹਿ ਸਮਾਇ ਲੈ ਮਨ ਕਾਮਨ ਨਿਹਕਾਮ ਨ ਧਾਇਆ॥ (29-21-5)
ਕਰਮ ਕਾਲ ਜਮ ਜਾਲ ਕਟਿ ਕਰਮ ਕਰੇ ਨਿਹਕਰਮ ਰਹਾਇਆ॥ (29-21-6)
ਗੁਰ ਉਪਦੇਸੁ ਅਵੇਸ ਕਰਿ ਪੈਰੀ ਪੈ ਜਗੁ ਪੈਰੀ ਪਾਇਆ॥ (29-21-7)
ਗੁਰ ਚੇਲੇ ਪਰਚਾ ਪਰਚਾਇਆ ॥੨੧॥੨੯॥ (29-21-8)

Vaar 30

ੴ ਸਤਿਗੁਰਪ੍ਰਸਾਦਿ॥ (30-1-1)

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਸਚਾ ਪੰਥੁ ਸੁਹੇਲਾ॥ (30-1-2)
ਮਨਮੁਖ ਕਰਮ ਕਮਾਂਵਦੇ ਦੁਰਮਤਿ ਦੂਜਾ ਭਾਉ ਦੁਹੇਲਾ॥ (30-1-3)
ਗੁਰਮੁਖਿ ਸੁਖ ਫਲੁ ਸਾਦਸੰਗੁ ਭਾਇ ਭਗਤਿ ਕਰਿ ਗੁਰਮੁਖ ਮੇਲਾ॥ (30-1-4)
ਕੂੜੁ ਕੁਸਤੁ ਅਸਾਧ ਸੰਗੁ ਮਨਮੁਖ ਦੁਖ ਫਲੁ ਹੈ ਵਿਹੁ ਵੇਲਾ॥ (30-1-5)
ਗੁਰਮੁਖਿ ਆਪੁ ਗਵਾਵਣਾ ਪੈਰੀ ਪਉਣਾ ਨੇਹੁ ਨਵੇਲਾ॥ (30-1-6)
ਮਨਸੁਖ ਆਪੁ ਗਵਾਵਣਾ ਗੁਰਮਤਿ ਗੁਰ ਤੇ ਉਕੜੁ ਚੇਲਾ॥ (30-1-7)
ਕੈੜੁ ਸਚੁ ਸੀਹ ਬਕਰ ਖੇਲਾ ॥੧॥ (30-1-8)

ਗੁਰਮੁਖਿ ਸੁਖਫਲੁ ਸਚੁ ਹੈ ਮਨਮੁਖ ਦੁਖ ਫਲੁ ਕੂੜੁ ਕੂੜਾਵਾ॥ (30-2-1)
ਗੁਰਮੁਖਿ ਸਚੁ ਸੰਤੋਖੁ ਰੁਖੁ ਦੁਰਮਤਿ ਦੂਜਾ ਭਾਉ ਪਛਾਵਾ॥ (30-2-2)
ਗੁਰਮੁਖਿ ਸਚੁ ਅਡੋਲੁ ਹੈ ਮਨਮੁਖ ਫੇਰਿ ਫਿਰੰਦੀ ਛਾਵਾਂ॥ (30-2-3)
ਗੁਰਮੁਖਿ ਕੋਇਲ ਅੰਬ ਵਣ ਮਨਮੁਖ ਵਣਿ ਵਣਿ ਹੰਢਨਿ ਕਾਵਾਂ॥ (30-2-4)
ਸਾਧਸੰਗਤਿ ਸਚੁ ਬਾਗ ਹੈ ਸ਼ਬਦ ਸੁਰਤਿ ਗੁਰ ਮੰਤ ਸਚਾਵਾਂ॥ (30-2-5)
ਵਿਹੁ ਵਣੁ ਵਲਿ ਅਸਾਧ ਸੰਗਿ ਬਹੁਤੁ ਸਿਆਣਪ ਨਿਗੋਸਾਵਾਂ॥ (30-2-6)
ਜਿਉ ਕਰਿ ਵੇਸੁਆ ਵੰਸੁ ਨਿਨਾਵਾਂ ॥੨॥ (30-2-7)

ਗੁਰਮੁਖਿ ਹੋਇ ਵੀਆਹੀਐ ਦੁਹੀ ਵਲੀ ਮਿਲਿ ਮੰਗਲ ਚਾਰਾ॥ (30-3-1)
ਦੁਹੁ ਮਿਲਿ ਜੰਮੈ ਜਾਣੀਐ ਪਿਤਾ ਜਾਤਿ ਪਰਵਾਰ ਸਧਾਰਾ॥ (30-3-2)
ਜੰਮਦਿਆਂ ਰੁਣਝੁੰਝਣਾ ਵੰਸਿ ਵਧਾਈ ਰੁਣ ਝੁਣਕਾਰਾ॥ (30-3-3)
ਨਾਨਕ ਦਾਦਕ ਸੋਹਿਲੇ ਵਿਰਤੀਸਰ ਬਹੁ ਦਾਨ ਦਤਾਰਾ॥ (30-3-4)
ਬਹੁ ਮਿਤੀ ਹੋਇ ਵੇਸੁਆ ਨਾ ਪਿਉ ਨਾਉਂ ਨਿਨਾਉਂ ਪੁਕਾਰਾ॥ (30-3-5)
ਗੁਰਮੁਖਿ ਵੰਸੀ ਪਰਮ ਹੰਸ ਮਨਮੁਖਿ ਠਗ ਬਗ ਵੰਸ ਹਤਿਆਰਾ॥ (30-3-6)
ਸਚਿ ਸਚਿਆਰ ਕੂੜਹੁ ਕੁੜਿਆਰਾ ॥੩॥ (30-3-7)

ਮਾਨ ਸਰੋਵਰੁ ਸਾਧਸੰਗੁ ਮਾਣਕ ਮੋਤੀ ਰਤਨ ਅਮੋਲਾ॥ (30-4-1)
ਗੁਰਮੁਖਿ ਵੰਸੀ ਪਰਮ ਹੰਸ ਸ਼ਬਦ ਸੁਰਤਿ ਗੁਰਮਤਿ ਅਡੋਲਾ॥ (30-4-2)
ਖੀਰਹੁ ਨੀਰ ਨਿਕਾਲਦੇ ਗੁਰਮੁਖਿ ਗਿਆਨੁ ਧਿਆਨੁ ਨਿਰੋਲਾ॥ (30-4-3)
ਗੁਰਮੁਖਿ ਸਚੁ ਸਲਾਹੀਐ ਤੋਲੁ ਨ ਤੋਲਣਹਾਰੁ ਅਤੋਲਾ॥ (30-4-4)
ਮਨਮੁਖ ਬਗੁਲ ਸਮਾਧਿ ਹੈ ਘੁਟਿ ਘੁਟਿ ਜੀਆਂ ਖਾਇ ਅਬੋਲਾ॥ (30-4-5)
ਹੋਇ ਲਖਾਉ ਟਿਕਾਉ ਜਾਇ ਛਪੜਿ ਉਹੁ ਪੜੈ ਮੁਹਚੋਲਾ॥ (30-4-6)
ਸਚੁ ਸਾਉ ਕੂੜੁ ਗਹਿਲਾ ਗੋਲਾ ॥੪॥ (30-4-7)

ਗੁਰਮੁਖ ਸਚੁ ਸੁਲਖਣਾ ਸਭਿ ਸੁਲਖਣ ਸਚੁ ਸੁਹਾਵਾ॥ (30-5-1)
ਮਨਮੁਖ ਕੂੜੁ ਕੁਲਖਣਾ ਸਭ ਕੁਲਖਣ ਕੂੜੁ ਕੁਦਾਵਾ॥ (30-5-2)
ਸਚੁ ਸੁਇਨਾ ਕੂੜੁ ਕਚੁ ਹੈ ਕਚੁ ਨ ਕੰਚਨ ਮੁਲਿ ਮੁਲਾਵਾ॥ (30-5-3)
ਸਚੁ ਭਾਰਾ ਕੂੜੁ ਹਉਲੜਾ ਪਵੈ ਨ ਰਤਕ ਰਤਨ ਭੁਲਾਵਾ॥ (30-5-4)

ਸਚੁ ਹੀਰਾ ਕੂੜੁ ਫਟਕੁ ਹੈ ਜੜੈ ਜੜਾਵ ਨ ਜੁੜੈ ਜੁੜਾਵਾ॥ (30-5-5)
ਸਚ ਦਾਤਾ ਕੂੜੁ ਮੰਗਤਾ ਦਿਹੁ ਰਾਤੀ ਚੋਰ ਸਾਹ ਮਿਲਾਵਾ॥ (30-5-6)
ਸਚੁ ਸਾਬਤੁ ਕੂੜਿ ਫਿਰਦਾ ਫਾਵਾ ॥੫॥ (30-5-7)

ਗੁਰਮੁਖਿ ਸਚੁ ਸੁਰੰਗੁ ਮੂਲੁ ਮਜੀਠ ਨ ਟਲੇ ਟਲੰਦਾ॥ (30-6-1)
ਮਨਮੁਖ ਕੂੜੁ ਕੁਰੰਗ ਹੈ ਫੁਲ ਕੁਸੰਭੈ ਥਿਰ ਨ ਰਹੰਦਾ॥ (30-6-2)
ਥੋਮ ਕਥੂਰੀ ਵਾਸੁ ਲੈ ਨਕੁ ਮਰੋੜੈ ਮਨ ਭਾਵੰਦਾ॥ (30-6-3)
ਕੂੜੁ ਸਚੁ ਅਕ ਅੰਬ ਫਲ ਕਉੜਾ ਮਿਠਾ ਸਾਉ ਲਹੰਦਾ॥ (30-6-4)
ਸਾਹ ਚੋਰ ਸਚੁ ਕੂੜੁ ਹੈ ਸਾਹੁ ਸਵੈ ਚੋਰੁ ਫਿਰੈ ਭਵੰਦਾ॥ (30-6-5)
ਸਾਹ ਫੜੈ ਉਠਿ ਚੋਰ ਨੋ ਤਿਸੁ ਨੁਕਸਾਨੁ ਦੀਬਾਣੁ ਕਰੰਦਾ॥ (30-6-6)
ਸਚੁ ਕੂੜੈ ਲੈ ਨਿਹਣਿ ਬੰਦਾ ॥੬॥ (30-6-7)

ਸਚੁ ਸੋਹੈ ਸਿਰ ਪਗ ਜਿਉ ਕੋਝਾ ਕੂੜੁ ਕਥਾਇ ਕਛੋਟਾ॥ (30-7-1)
ਸਚੁ ਸਤਾਣਾ ਸਾਰਦੂਲੁ ਕੂੜੁ ਜਿਵੈ ਹੀਣਾ ਹਰਣੋਟਾ॥ (30-7-2)
ਲਾਹਾ ਸਚੁ ਵਣੰਜੀਐ ਕੂੜੁ ਕਿ ਵਣਜਹੁ ਆਵੈ ਤੋਟਾ॥ (30-7-3)
ਸਚੁ ਖਰਾ ਸਾਬਾਸਿ ਹੈ ਕੂੜੁ ਨ ਚਲੈ ਦਮੜਾ ਖੋਟਾ॥ (30-7-4)
ਤਾਰੇ ਲਖ ਅਮਾਵਸੈ ਘੇਰਿ ਅਨੇਰਿ ਚਨਾਇਅਣੁ ਹੋਟਾ॥ (30-7-5)
ਸੂਰਜ ਇਕੁ ਚੜ੍ਹੰਦਿਆ ਹੋਇ ਅਠ ਖੰਡ ਪਵੈ ਫਲਫੋਟਾ॥ (30-7-6)
ਕੂੜੁ ਸਚੁ ਜਿਉਂ ਵਟੁ ਘਰੋਟਾ ॥੭॥ (30-7-7)

ਸੁਹਣੇ ਸਾਮਰਤਖ ਜਿਉ ਕੂੜੁ ਸਚੁ ਵਰਤੈ ਵਰਤਾਰਾ॥ (30-8-1)
ਹਰਿ ਚੰਦਉਰੀ ਨਗਰ ਵਾਂਗੁ ਕੂੜੁ ਸਚੁ ਪਰਗਟੁ ਪਾਹਾਰਾ॥ (30-8-2)
ਨਦੀ ਪਛਾਵਾਂ ਮਾਣਸਾ ਸਿਰ ਤਲਵਾਇਆ ਅੰਬਰੁ ਤਾਰਾ॥ (30-8-3)
ਧੂਅਰੁ ਧੁੰਧੂਕਾਰੁ ਹੋਇ ਤੁਲਿ ਨ ਘਣਹਰਿ ਵਰਸਣਹਾਰਾ॥ (30-8-4)
ਸਾਉ ਨ ਸਿਮਰਣਿ ਸੰਕਰੈ ਦੀਪਕ ਬਾਝੁ ਨ ਮਿਟੈ ਅੰਧਾਰਾ॥ (30-8-5)
ਲੜੈ ਨ ਕਾਗਲਿ ਲਿਖਿਆ ਚਿਤੁ ਚਿਤੇਰੇ ਸੈ ਹਥੀਆਰਾ॥ (30-8-6)
ਸਚੁ ਕੂੜੁ ਕਰਤੂਤਿ ਵੀਚਾਰਾ ॥੮॥ (30-8-7)

ਸਚੁ ਸਮਾਇਣੁ ਦੁਧ ਵਿਚਿ ਕੂੜੁ ਵਿਗਾੜੁ ਕਾਂਜੀ ਦੀ ਚੁਖੈ॥ (30-9-1)
ਸਚੁ ਭੋਜਨੁ ਮੁਹਿ ਖਾਵਣਾ ਇਕੁ ਦਾਣਾ ਨਕੈ ਵਲਿ ਦੁਖੈ॥ (30-9-2)
ਫਲਹੁ ਰੁਖ ਰੁਖਹੁ ਸੁ ਫਲੁ ਅੰਤਿ ਕਾਲਿ ਖਉ ਲਾਖਹੁ ਰੁਖੈ॥ (30-9-3)
ਸਉ ਵਰਿਆ ਅਗਿ ਰੁਖ ਵਿਚਿ ਭਸਮ ਕਰੈ ਅਗਿ ਬਿੰਦਕੁ ਧੁਖੈ॥ (30-9-4)
ਸਚੁ ਦਾਰੂ ਕੂੜੁ ਰੋਗੁ ਹੈ ਗੁਰ ਵੈਦ ਵੇਦਨਿ ਮਨਮੁਖੈ॥ (30-9-5)
ਸਚੁ ਸਥੋਈ ਕੂੜੁ ਠਗੁ ਲਗੈ ਦੁਖੁ ਨ ਗੁਰਮੁਖਿ ਸੁਖੈ॥ (30-9-6)
ਕੂੜੁ ਪਚੈ ਸਚੈ ਦੀ ਭੁਖੈ ॥੯॥ (30-9-7)

ਕੂੜੁ ਕਪਟ ਹਥਿਆਰ ਜਿਉ ਸਚੁ ਰਖਵਾਲਾ ਸਿਲਹ ਸੰਜੋਆ॥ (30-10-1)
ਕੂੜੁ ਵੈਰੀ ਨਿਤ ਜੋਹਦਾ ਸਚੁ ਸੁਮਿਤੁ ਹਿਮਾਇਤਿ ਹੋਆ॥ (30-10-2)
ਸੂਰਵੀਰੁ ਵਰੀਆਮੁ ਸਚੁ ਕੂੜੁ ਕੁੜਾਵਾ ਕਰਦਾ ਢੋਆ॥ (30-10-3)
ਨਿਹਚਲੁ ਸਚੁ ਸੁਥਾਇ ਹੈ ਲਰਜੈ ਕੂੜੁ ਕੁਥਾਇ ਖੜੋਆ॥ (30-10-4)

ਸਚਿ ਫੜਿ ਕੂੜੁ ਪਛਾੜਿਆ ਚਾਰਿ ਚਕ ਵੇਖਨ ਤ੍ਰੈ ਲੋਆ॥ (30-10-5)
ਕੂੜੁ ਕਪਟੁ ਰੋਗੀ ਸਦਾ ਸਚੁ ਸਦਾ ਹੀ ਨਵਾਂ ਨਿਰੋਆ॥ (30-10-6)
ਸਚੁ ਸਚਾ ਕੂੜੁ ਕੂੜੁ ਵਿਖੋਆ ॥੧੦॥ (30-10-7)

ਸਚੁ ਸੂਰਜੁ ਪਰਗਾਸੁ ਹੈ ਕੂੜਹੁ ਘੁਘੂ ਕੁਝੁ ਨ ਸੁਝੈ॥ (30-11-1)
ਸਚ ਵਣਸਪਤਿ ਬੋਹੀਐ ਕੂੜਹੁ ਵਾਸ ਨ ਚੰਦਨ ਬੁਝੈ॥ (30-11-2)
ਸਚਹੁ ਸਫਲ ਤਰੋਵਰਾ ਸਿੰਮਲੁ ਅਫਲੁ ਵਡਾਈ ਲੁਝੈ॥ (30-11-3)
ਸਾਵਣਿ ਵਣ ਹਰੀਆਵਲੇ ਸੁਕੈ ਅਕੁ ਜਵਾਹਾਂ ਰੁਝੈ॥ (30-11-4)
ਮਾਣਕ ਮੋਤੀ ਮਾਨਸਰਿ ਸੰਖਿ ਨਿਸਖਣ ਹਸਤਨ ਦੁਝੈ॥ (30-11-5)
ਸਚੁ ਗੰਗੋਦਕੁ ਨਿਰਮਲਾ ਕੂੜਿ ਰਲੈ ਮਦ ਪਰਗਟੁ ਗੁਝੈ॥ (30-11-6)
ਸਚੁ ਸਚਾ ਕੂੜੁ ਕੂੜਹੁ ਖੁਝੈ ॥੧੧॥ (30-11-7)

ਸਚੁ ਕੂੜ ਦੁਇ ਝਾਗੜੂ ਝਗੜਾ ਕਰਦਾ ਚਉਤੈ ਆਇਆ॥ (30-12-1)
ਅਗੇ ਸਚਾ ਸਚਿ ਨਿਆਇ ਆਪ ਹਜੂਰਿ ਦੋਵੈ ਝਗੜਾਇਆ॥ (30-12-2)
ਸਚੁ ਸਚਾ ਕੂੜਿ ਕੂੜਿਆਰੁ ਪੰਚਾ ਵਿਚਿਦੋ ਕਰਿ ਸਮਝਾਇਆ॥ (30-12-3)
ਸਚਿ ਜਿਤਾ ਕੂੜਿ ਹਾਰਿਆ ਕੂੜੁ ਕੂੜਾ ਕਰਿ ਸਹਰਿ ਫਿਰਾਇਆ॥ (30-12-4)
ਸਚਿਆਰੈ ਸਾਬਾਸਿ ਹੈ ਕੂੜਿਆਰੈ ਫਿਟੁ ਫ੍ਟੁ ਕਰਾਇਆ॥ (30-12-5)
ਸਚ ਲਹਣਾ ਕੂੜਿ ਦੇਵਣਾ ਖਤੁ ਸਤਾਗਲੁ ਲਿਖਿ ਦੇਵਾਇਆ॥ (30-12-6)
ਆਪ ਠਗਾਇ ਨ ਠਗੀਐ ਠਗਣਹਾਰੈ ਆਪੁ ਠਗਾਇਆ॥ (30-12-7)
ਵਿਰਲਾ ਸਚੁ ਵਿਹਾਝਣ ਆਇਆ ॥੧੨॥ (30-12-8)

ਕੂੜੁ ਸੁਤਾ ਸਚੁ ਜਾਗਦਾ ਸਚੁ ਸਾਹਿਬ ਦੇ ਮਨਿ ਭਾਇਆ॥ (30-13-1)
ਸਚੁ ਸਚੈ ਕਰਿ ਪਾਹਰੂ ਸਚ ਭੰਡਾਰ ਉਤੇ ਬਹਿਲਾਇਆ॥ (30-13-2)
ਸਚੁ ਆਗੂ ਆਨ੍ਹੇਰ ਕੂੜ ਉਝੜਿ ਦੂਜਾ ਭਾਉ ਚਲਾਇਆ॥ (30-13-3)
ਸਚੁ ਸਚੇ ਕਰਿ ਫਉਜਦਾਰੁ ਰਾਹੁ ਚਲਾਵਣੁ ਜੋਗੁ ਪਠਾਇਆ॥ (30-13-4)
ਜਗ ਭਵਜਲੁ ਮਿਲਿ ਸਾਧਸੰਗਿ ਗੁਰ ਬੋਹਿਥੈ ਚਾੜ੍ਹਿ ਤਰਾਇਆ॥ (30-13-5)
ਕਾਮੁ ਕ੍ਰੋਧੁ ਲੋਭੁ ਮੋਹੁ ਫੜਿ ਅਹੰਕਾਰੁ ਗਰਦਨਿ ਮਰਵਾਇਆ॥ (30-13-6)
ਪਾਰਿ ਪਏ ਗੁਰੁ ਪੂਰਾ ਪਾਇਆ ॥੧੩॥ (30-13-7)

ਲੂਣੁ ਸਾਹਿਬ ਦਾ ਖਾਇ ਕੈ ਰਣ ਅੰਦਰਿ ਲੜਿ ਮਰੈ ਸੁ ਜਾਪੈ॥ (30-14-1)
ਸਿਰ ਵਢੈ ਹਥੀਆਰੁ ਕਰਿ ਵਰੀਆਮਾ ਵਰਿਆਮੁ ਸਿਵਾਪੈ॥ (30-14-2)
ਤਿਸੁ ਪਿਛੈ ਜੋ ਇਸਤਰੀ ਥਪਿ ਥੇਈ ਦੇ ਵਰੈ ਸਰਾਪੈ॥ (30-14-3)
ਪੋਤੈ ਪੁਤ ਵਡੀਰੀਅਨਿ ਪਰਵਾਰੈ ਸਾਧਾਰੁ ਪਰਾਪੈ॥ (30-14-4)
ਵਖਤੈ ਉਪਰਿ ਲੜਿ ਮਰੈ ਅੰਮ੍ਰਿਤ ਵੇਲੈ ਸਬਦੁ ਅਲਾਪੈ॥ (30-14-5)
ਸਾਧਸੰਗਤਿ ਵਿਚਿ ਜਾਇ ਕੈ ਹਉਮੈ ਮਾਰਿ ਮਰੈ ਆਪੁ ਆਪੈ॥ (30-14-6)
ਲੜਿ ਮਰਣਾ ਤੈ ਸਤੀ ਹੋਣੁ ਗੁਰਮੁਖਿ ਪੰਥੁ ਪੂਰਣ ਪਰਤਾਪੈ॥ (30-14-7)
ਸਚਿ ਸਿਦਕ ਸਚ ਪੀਰੁ ਪਛਾਪੈ ॥੧੪॥ (30-14-8)

ਨਿਹਚਲੁ ਸਚਾ ਥੇਹੁ ਹੈ ਸਾਧਸੰਗੁ ਪੰਜੇ ਪਰਧਾਨਾ॥ (30-15-1)
ਸਤਿ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸਭੋ ਬੰਧਾਨਾ॥ (30-15-2)

ਗੁਰ ਉਪਦਾਸੁ ਕਮਾਵਣਾ ਗੁਰਮੁਖਿ ਨਾਮੁ ਦਾਨੁ ਇਸਨਾਨਾ॥ (30-15-3)
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਣ ਭਗਤਿ ਗੁਰ ਗਿਆਨਾ॥ (30-15-4)
ਦੁਹੀ ਸਰਾਈ ਸੁਰਖਰੂ ਸਚੁ ਸਬਦੁ ਵਜੈ ਨੀਸਾਨਾ॥ (30-15-5)
ਚਲਣੁ ਜਿੰਨ੍ਹੀ ਜਾਣਿਆ ਜਗ ਅੰਦਰਿ ਵਿਰਲੇ ਮਿਹਮਾਨਾ॥ (30-15-6)
ਆਪ ਗਵਾਏ ਤਿਸੁ ਕੁਰਬਾਨਾ ॥੧੫॥ (30-15-7)

ਕੂੜੁ ਅਹੀਰਾਂ ਪਿੰਡੁ ਹੈ ਪੰਜ ਦੂਤ ਵਸਨਿ ਬੁਰਿਆਰਾ॥ (30-16-1)
ਕਾਮ ਕਰੋਧੁ ਵਿਰੋਧੁ ਨਿਤ ਲੋਭ ਮੋਹ ਧ੍ਰੋਹੁ ਅਹੰਕਾਰਾ॥ (30-16-2)
ਖਿੰਜੋਤਾਣੁ ਅਸਾਧੁ ਸੰਗੁ ਵਰਤੈ ਪਾਪੈ ਦਾ ਵਰਤਾਰਾ॥ (30-16-3)
ਪਰ ਧਨ ਪਰ ਨਿੰਦਾ ਪਿਆਰੁ ਪਰ ਨਾਰੀ ਸਿਉ ਵਡੇ ਵਿਕਾਰਾ॥ (30-16-4)
ਖਲੁਹਲੁ ਮੂਲਿ ਨ ਚੁਕਈ ਰਾਜ ਡੰਡੁ ਜਮ ਡੰਡੁ ਕਰਾਰਾ॥ (30-16-5)
ਦੁਹੀ ਸਰਾਈ ਜਰਦਰੂ ਜੰਮਣ ਮਰਣ ਨਰਕਿ ਅਵਤਾਰਾ॥ (30-16-6)
ਅਗੀ ਫਲ ਹੋਵਨਿ ਅੰਗਿਆਰਾ ॥੧੬॥ (30-16-7)

ਸਚੁ ਸਪੂਰਣ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ॥ (30-17-1)
ਅਖੀ ਕਤੁ ਨ ਸੰਜਰੈ ਤਿਣ ਅਉਖਾ ਦੁਖਿ ਰੈਣਿ ਵਿਹਾਈ॥ (30-17-2)
ਭੋਜਣ ਅੰਦਰਿ ਮਖਿ ਜਿਉ ਹੋਇ ਦੁਕੁਧਾ ਫੇਰਿ ਕਢਾਈ॥ (30-17-3)
ਰੂਈ ਅੰਦਰਿ ਚਿਣਗ ਵਾਂਗ ਦਾਹਿ ਭਸਮੰਤੁ ਕਰੇ ਦੁਖਦਾਈ॥ (30-17-4)
ਕਾਂਜੀ ਦੁਧੁ ਕੁਸੁਧੁ ਹੋਇ ਫਿਟੈ ਸਾਦਹੁ ਵੰਨਹੁ ਜਾਈ॥ (30-17-5)
ਮਹੁਰਾ ਚੁਖਕੁ ਚਖਿਆ ਪਾਤਿਸਾਹਾ ਮਾਰੈ ਸਹਮਾਈ॥ (30-17-6)
ਸਚਿ ਅੰਦਰਿ ਕਿਉ ਕੂੜੁ ਸਮਾਈ ॥੧੭॥ (30-17-7)

ਗੁਰਮੁਖਿ ਸਚੁ ਅਲਿਪਤੁ ਹੈ ਕੂੜਹੁ ਲੇਪੁ ਨ ਲਗੈ ਭਾਈ॥ (30-18-1)
ਚੰਸਨ ਸਪੀਂ ਵੇੜਿਆ ਚੜ੍ਹੈ ਨ ਵਿਸੁ ਨ ਵਾਸੁ ਘਟਾਈ॥ (30-18-2)
ਪਾਰਸੁ ਅੰਦਰਿ ਪਥਰਾਂ ਅਸਟ ਧਾਤੁ ਮਿਲਿ ਵਿਗੜਿ ਨ ਜਾਈ॥ (30-18-3)
ਗੰਗ ਸੰਗਿ ਅਪਵਿਤ੍ਰ ਜਲੁ ਕਰਿ ਨ ਸਕੈ ਅਪਵਿਤ੍ਰ ਮਿਲਾਈ॥ (30-18-4)
ਸਾਇਰ ਅਗਿ ਨ ਲਗਈ ਮੇਰੁ ਸੁਮੇਰੁ ਨ ਵਾਉ ਡੁਲਾਈ॥ (30-18-5)
ਬਾਣੁ ਨ ਧੁਰਿ ਅਸਮਾਣਿ ਜਾਇ ਵਾਹੇਂਦੜੁ ਪਿਛੈ ਪਛੁਤਾਈ॥ (30-18-6)
ਓੜਕਿ ਕੂੜੁ ਕੂੜੋ ਹੁਇ ਜਾਈ ॥੧੮॥ (30-18-7)

ਸਚੁ ਸੁਹਾਵਾ ਮਾਣੁ ਹੈ ਕੂੜ ਕੂੜਾਵੀ ਮਣੀ ਮਨੂਰੀ॥ (30-19-1)
ਕੂੜੇ ਕੂੜੀ ਪਾਇ ਹੈ ਸਚੁ ਸਚਾਵੀ ਗੁਰਮਤਿ ਪੂਰੀ॥ (30-19-2)
ਕੂੜੇ ਕੂੜਾ ਜੋਰਿ ਹੈ ਸਚਿ ਸਤਾਣੀ ਗਰਬ ਗਰੂਰੀ॥ (30-19-3)
ਕੂੜੁ ਨ ਦਰਗਹ ਮੰਨੀਐ ਸਚੁ ਸੁਹਾਵਾ ਸਦਾ ਹਜੂਰੀ॥ (30-19-4)
ਸੁਕਰਾਨਾ ਹੈ ਸਚੁ ਘਰਿ ਕੂੜੁ ਕੁਫਰ ਘਰਿ ਨ ਸਾਬੂਰੀ॥ (30-19-5)
ਹਸਤਿ ਚਾਲ ਹੈ ਸਚ ਦੀ ਕੂੜਿ ਕੁਢੰਗੀ ਚਾਲ ਭੇਡੂਰੀ॥ (30-19-6)
ਮੂਲੀ ਪਾਨ ਡਿਕਾਰ ਜਿਉ ਮੁਲਿ ਨ ਤੁਲਿ ਲਸਣੁ ਕਸਤੂਰੀ॥ (30-19-7)
ਬੀਜੈ ਵਿਸੁ ਨ ਖਾਵੈ ਚੂਰੀ ॥੧੯॥ (30-19-8)

ਸਚੁ ਸੁਭਾਉ ਮਜੀਠ ਦਾ ਸਹੈ ਅਵਟਣ ਰੰਗੁ ਚੜ੍ਹਾਏ॥ (30-20-1)

ਸਣ ਜਿਉ ਕੂੜੁ ਸੁਭਾਉ ਹੈ ਖਲ ਕਢਾਇ ਵਟਾਇ ਬਨਾਏ॥ (30-20-2)
ਚੰਨਣ ਪਰਉਪਕਾਰੁ ਕਰਿ ਅਫਲ ਸਫਲ ਵਿਚਿ ਵਾਸ ਵਸਾਏ॥ (30-20-3)
ਵਡਾ ਵਿਕਾਰੀ ਵਾਂਸੁ ਹੈ ਹਉਮੈ ਜਲੈ ਗਵਾਂਢ ਜਲਾਏ॥ (30-20-4)
ਜਾਣ ਅਮਿਓ ਰਸੁ ਕਾਲਕੂਟੁ ਖਾਧੈ ਮਰੈ ਮੁਏ ਜੀਵਾਏ॥ (30-20-5)
ਦਰਗਹ ਸਚੁ ਕਬੂਲੁ ਹੈ ਕੂੜਹੁ ਦਰਗਹ ਮਿਲੈ ਸਜਾਏ॥ (30-20-6)
ਜੋ ਬੀਜੈ ਸੋਈ ਫਲੁ ਖਾਏ ॥੨੦॥੩੦॥ (30-20-7)

Vaar 31

ੴ ਸਤਿਗੁਰਪ੍ਰਸਾਦਿ ॥ (31-1-1)

ਸਾਇਰ ਵਿਚਹੁ ਨਿਕਲੈ ਕਾਲਕੂਟੁ ਤੈ ਅੰਮ੍ਰਿਤ ਵਾਣੀ॥ (31-1-2)
ਉਤ ਖਾਧੈ ਮਰਿ ਮੁਕੀਐ ਉਤੁ ਖਾਧੈ ਹੋਇ ਅਮਰੁ ਪਰਾਣੀ॥ (31-1-3)
ਵਿਸੁ ਵਸੈ ਮੁਹਿ ਸਪ ਦੈ ਗਰੜ ਦੁਗਾਰਿ ਅਮਿਅ ਰਸ ਜਾਣੀ॥ (31-1-4)
ਕਾਉ ਨ ਭਾਵੈ ਬੋਲਿਆ ਕੋਇਲ ਬੋਲੀ ਸਭਨਾਂ ਭਾਣੀ॥ (31-1-5)
ਬੁਰ ਬੋਲਾ ਨ ਸੁਖਾਵਈ ਮਿਠ ਬੋਲਾ ਜਗਿ ਮਿਤੁ ਵਿਡਾਣੀ॥ (31-1-6)
ਬੁਰਾ ਭਲਾ ਸੈਸਾਰ ਵਿਚਿ ਪਰਉਪਕਾਰ ਵਿਕਾਰ ਨਿਸਾਣੀ॥ (31-1-7)
ਗੁਣ ਅਵਗੁਣ ਗਤਿ ਆਖਿ ਵਖਾਣੀ ॥੧॥ (31-1-8)

ਸੁਝਹੁ ਸੁਝਨਿ ਤਿਨਿ ਲੋਅ ਅੰਨ੍ਹੇ ਘੁਘੂ ਸੁਝੁ ਨ ਸੁਝੈ॥ (31-2-1)
ਚਕਵੀ ਸੂਰਜ ਹੇਤੁ ਹੈ ਕੰਤੁ ਮਿਲੈ ਵਿਰਤੰਤੁ ਸੁ ਬੁਝੈ॥ (31-2-2)
ਰਾਤਿ ਅਨ੍ਹੇਰਾ ਪੰਖੀਆਂ ਚਕਵੀ ਚਿਤੁ ਅਨ੍ਹੇਰਿ ਨ ਰੁਝੈ॥ (31-2-3)
ਬਿੰਬ ਅੰਦਰਿ ਪ੍ਰਤਿਬਿੰਬੁ ਦੇਖਿ ਭਰਤਾ ਜਾਣਿ ਸੁਜਾਣਿ ਸਮੁਝੈ॥ (31-2-4)
ਦੇਖਿ ਪਛਾਵਾ ਪਵੇ ਖੂਹਿ ਡੁਬਿ ਮਰੈ ਸੀਹੁ ਲੋਇਨ ਲੁਝੈ॥ (31-2-5)
ਖੋਜੀ ਖੋਜੈ ਖੋਜੁ ਲੈ ਵਾਦੀ ਵਾਦੁ ਕਰੇਂਦੜ ਖੁਝੈ॥ (31-2-6)
ਗੋਰਸੁ ਗਾਈਂ ਹਸਤਿਨਿ ਦੁਝੈ ॥੨॥ (31-2-7)

ਸਾਵਣ ਵਣ ਹਰੀਆਵਲੇ ਵੁਠੇ ਸੁਕੈ ਅਕੁ ਜਵਾਹਾ॥ (31-3-1)
ਚੇਤਿ ਵਣਸਪਤਿ ਮਉਲੀਐ ਅਪਤ ਕਰੀਰ ਨ ਕਰੈ ਉਸਾਹਾ॥ (31-3-2)
ਸੁਫਲ ਫਲੰਦੇ ਬਿਰਖ ਸਭ ਸਿੰਮਲੁ ਅਫਲੁ ਰਹੈ ਅਵਿਸਾਹਾ॥ (31-3-3)
ਚੰਨਣ ਵਾਸੁ ਵਣਾਸਪਤਿ ਵਾਂਸ ਨਿਵਾਸਿ ਨ ਉਭੇ ਸਾਹਾ॥ (31-3-4)
ਸੰਖੁ ਸਮੁੰਦਹੁ ਸਖਣਾ ਦੁਖਿਆਰਾ ਰੋਵੈ ਦੇ ਧਾਹਾ॥ (31-3-5)
ਬਗੁਲ ਸਮਾਧੀ ਗੰਗ ਵਿਚਿ ਝੀਗੈ ਚੁਣਿ ਖਾਇ ਭਿਛਾਹਾ॥ (31-3-6)
ਸਾਥ ਵਿਛੁੰਨੇ ਮਿਲਦਾ ਫਾਹਾ ॥੩॥ (31-3-7)

ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ॥ (31-4-1)
ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ॥ (31-4-2)
ਕਿਸਨੁ ਸਹਾਈ ਪਾਂਡਵਾ ਭਾਇ ਭਗਤਿ ਕਰਤੂਤਿ ਵਿਸੇਖੈ॥ (31-4-3)
ਵੈਰ ਭਾਉ ਚਿਤਿ ਕੈਰਵਾਂ ਗਣਤੀ ਗਣਨਿ ਅੰਦਰਿ ਕਾਲੇਖੈ॥ (31-4-4)
ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ॥ (31-4-5)
ਬੁਰਾ ਨ ਕੋਈ ਜੁਧਿਸਟਰੈ ਦੁਰਜੋਧਨ ਕੋ ਭਲਾ ਨ ਭੇਖੈ॥ (31-4-6)
ਕਰਵੈ ਹੋਇ ਸੁ ਟੋਟੀ ਰੇਖੈ ॥੪॥ (31-4-7)

ਸੂਰਜੁ ਘਰਿ ਅਵਤਾਰੁ ਲੈ ਧਰਮ ਵੀਚਾਰਣਿ ਜਾਇ ਬਹਿਠਾ॥ (31-5-1)
ਮੂਰਤਿ ਇਕਾ ਨਾਉ ਦੁਇ ਧਰਮ ਰਾਇ ਜਮ ਦੇਖਿ ਸਰਿਠਾ॥ (31-5-2)
ਧਰਮੀ ਡਿਠਾ ਧਰਮ ਰਾਇ ਪਾਪੁ ਕਮਾਇ ਪਾਪੀ ਜਮ ਡਿਠਾ॥ (31-5-3)
ਪਾਪੀ ਨੋ ਪਛੜਾਇਦਾ ਧਰਮੀ ਨਾਲਿ ਬੁਲੇਂਦਾ ਮਿਠਾ॥ (31-5-4)

ਵੈਰੀ ਦੇਖਨਿ ਵੈਰ ਭਾਇ ਮਿਤ੍ਰ ਭਾਇ ਕਰਿ ਦੇਖਨਿ ਇਠਾ॥ (31-5-5)
ਨਰਕ ਸੁਰਗ ਵਿਚਿ ਪੁੰਨ ਪਾਪ ਵਰ ਸਰਾਪ ਜਾਣਨਿ ਅਭਰਿਠਾ॥ (31-5-6)
ਦਰਪਣਿ ਰੂਪ ਜਿਵੇਹੀ ਪਿਠਾ ॥੫॥ (31-5-7)

ਜਿਉਂ ਕਰਿ ਨਿਰਮਲ ਆਰਸੀ ਸਭਾ ਸੁਧ ਸਭ ਕੋਈ ਦੇਖੈ॥ (31-6-1)
ਗੋਰਾ ਗੋਰੇ ਦਿਸਦਾ ਕਾਲਾ ਕਾਲੋ ਵੰਨੁ ਵਿਸੇਖੈ॥ (31-6-2)
ਹਸਿ ਹਸਿ ਦੇਖੈ ਹਸਤ ਮੁਖ ਰੋਂਦਾ ਰੋਵਣਹਾਰੁ ਸੁਲੇਖੈ॥ (31-6-3)
ਲੇਪੁ ਨ ਲਗੈ ਆਰਸੀ ਛਿਅ ਦਰਸਨੁ ਦਿਸਨਿ ਬਹੁ ਭੇਖੈ॥ (31-6-4)
ਦੁਰਮਤਿ ਦੂਜਾ ਭਾਉ ਹੈ ਵੈਰੁ ਵਿਰੋਧੁ ਕਰੋਧੁ ਕੁਲੇਖੈ॥ (31-6-5)
ਗੁਰਮਤਿ ਨਿਰਮਲੁ ਨਿਰਮਲਾ ਸਮਦਰਸੀ ਸਮਦਰਸ ਸਰੇਖੈ॥ (31-6-6)
ਭਲਾ ਬੁਰਾ ਹੁਇ ਰੂਪੁ ਨ ਰੇਖੈ ॥੬॥ (31-6-7)

ਇਕਤੁ ਸੂਰਜਿ ਆਥਵੈ ਰਾਤਿ ਅਨੇਰੀ ਚਮਕਨਿ ਤਾਰੇ॥ (31-7-1)
ਸਾਹ ਸਵਨਿ ਘਰਿ ਆਪਣੈ ਚੋਰ ਫਿਰਨਿ ਘਰਿ ਮੁਹਣੈਹਾਰੈ॥ (31-7-2)
ਜਾਗਨਿ ਵਿਰਲੇ ਪਾਹਰੂ ਰੂਆਇਨਿ ਹੁਸੀਆਰ ਬਿਦਾਰੇ॥ (31-7-3)
ਜਾਗਿ ਜਗਾਇਨਿ ਸੁਤਿਆਂ ਸਾਹ ਫੜੰਦੇ ਚੋਰ ਚਗਾਰੇ॥ (31-7-4)
ਜਾਗਦਿਆਂ ਘਰੁ ਰਖਿਆ ਸੁਤੇ ਘਰ ਮੁਸਨਿ ਵੇਚਾਰੇ॥ (31-7-5)
ਸਾਹ ਆਏ ਘਰਿ ਆਪਣੈ ਚੋਰ ਜਾਰਿ ਲੈ ਗਰਦਨਿ ਮਾਰੇ॥ (31-7-6)
ਭਲੇ ਬੁਰੇ ਵਰਤਨਿ ਸੈਸਾਰੇ ॥੭॥ (31-7-7)

ਮਉਲੇ ਅੰਬ ਬਸੰਤ ਰੁਤਿ ਅਉੜੀ ਅਕੁ ਸੁ ਫੁਲੀ ਭਰਿਆ॥ (31-8-1)
ਅੰਬਿ ਨ ਲਗੈ ਖਖੜੀ ਅਕਿ ਨ ਲਗੈ ਅੰਬੁ ਅਫਰਿਆ॥ (31-8-2)
ਕਾਲੀ ਕੋਇਲ ਅੰਬ ਵਣਿ ਅਕਿਤਿਡੁ ਚਿਤੁ ਮਿਤਾਲਾ ਹਰਿਆ॥ (31-8-3)
ਮਨ ਪੰਖੇਰੂ ਬਿਰਦ ਭੇਦੁ ਸੰਗ ਸੁਭਾਉ ਸੋਈ ਫਲੁ ਧਰਿਆ॥ (31-8-4)
ਗੁਰਮਤਿ ਡਰਦਾ ਸਾਧਸੰਗਿ ਦੁਰਮਤਿ ਸੰਗਿ ਅਸਾਧ ਨ ਡਰਿਆ॥ (31-8-5)
ਭਗਤਿ ਵਛਲੁ ਭੀ ਆਖੀਐ ਪਤਿਤ ਉਧਾਰਣਿ ਪਤਿਤ ਉਧਰਿਆ॥ (31-8-6)
ਜੋ ਤਿਸੁ ਭਾਣਾ ਸੋਈ ਤਰਿਆ ॥੮॥ (31-8-7)

ਜੇ ਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮ ਨ ਚੰਗਾ॥ (31-9-1)
ਗਨਿਕਾ ਉਧਰੀ ਆਖੀਐ ਪਰ ਘਰਿ ਜਾਇ ਨ ਲਈਐ ਪੰਗਾ॥ (31-9-2)
ਬਾਲਮੀਕੁ ਨਿਸਤਾਰਿਆ ਮਾਰੈ ਵਾਟ ਨ ਹੋਇ ਨਿਸੰਗਾ॥ (31-9-3)
ਫੰਧਕਿ ਉਧਰੈ ਆਖੀਅਨਿ ਫਾਹੀ ਪਾਇ ਨ ਫੜੀਐ ਟੰਗਾ॥ (31-9-4)
ਜੇ ਕਾਸਾਈ ਉਧਰਿਆ ਜੀਆ ਘਾਇ ਨ ਖਾਈਐ ਭੰਗਾ॥ (31-9-5)
ਪਾਰਿ ਉਤਾਰੈ ਬੋਹਿਥਾ ਸੁਇਨਾ ਲੋਹੁ ਨਾਹੀ ਇਕ ਰੰਗਾ॥ (31-9-6)
ਇਤੁ ਭਰਵਾਸੈ ਰਹਣੁ ਕੁਢੰਗਾ ॥੯॥ (31-9-7)

ਪੈ ਖਾਜੂਰੀ ਜੀਵੀਐ ਚੜ੍ਹਿ ਖਾਜੂਰੀ ਝੜਉ ਨ ਕੋਈ॥ (31-10-1)
ਉਝੜਿ ਪਇਆ ਨ ਮਾਰੀਐ ਉਝੜ ਰਾਹੁ ਨ ਚੰਗਾ ਹੋਈ॥ (31-10-2)
ਜੇ ਸਪ ਖਾਧਾ ਉਬਰੇ ਸਪੁ ਨ ਫੜੀਐ ਅੰਤਿ ਵਿਗੋਈ॥ (31-10-3)
ਵਹਣਿ ਵਹੰਦਾ ਨਿਕਲੈ ਵਿਣੁ ਤੁਲਹੇ ਡੁਬਿ ਮਰੈ ਭਲੋਈ॥ (31-10-4)

ਪਤਿਤ ਉਧਾਰਣੁ ਆਖੀਐ ਵਿਰਤੀਹਾਣੁ ਜਾਣੁ ਜਾਣੋਈ॥ (31-10-5)
ਭਾਉ ਭਗਤਿ ਗੁਰਮਤਿ ਹੈ ਦੁਰਮਤਿ ਦਰਗਹ ਲਹੈ ਨ ਢੋਈ॥ (31-10-6)
ਅੰਤਿ ਕਮਾਣਾ ਹੋਇ ਸਥੋਈ ॥੧੦॥ (31-10-7)

ਥੋਮ ਕਥੂਰੀ ਵਾਸੁ ਜਿਉਂ ਕੰਚਨੁ ਲੋਹੁ ਨਹੀਂ ਇਕ ਵੰਨਾ॥ (31-11-1)
ਫਟਕ ਨ ਹੀਰੇ ਤੁਲਿ ਹੈ ਸਮਸਰਿ ਨੜੀ ਨ ਵੜੀਐ ਗੰਨਾ॥ (31-11-2)
ਤੁਲਿ ਨ ਰਤਨਾ ਰਤਕਾਂ ਮੁਲਿ ਨ ਕਚੁ ਵਿਕਾਵੈ ਪੰਨਾ॥ (31-11-3)
ਦੁਰਮਤਿ ਘੁੰਮਣ ਵਾਣੀਐ ਗੁਰਮਤਿ ਸੁਕ੍ਰਿਤ ਬੋਹਿਥੁ ਬੰਨਾ॥ (31-11-4)
ਨਿੰਦਾ ਹੋਵੈ ਬੁਰੇ ਦੀ ਜੈ ਜੈ ਕਾਰ ਭਲੇ ਧੰਨੁ ਧੰਨਾ॥ (31-11-5)
ਗੁਰਮੁਖਿ ਪਰਗਟੁ ਜਾਣੀਐ ਮਨਮੁਖ ਸਚੁ ਰਹੈ ਪਰਛੰਨਾ॥ (31-11-6)
ਕੰਮਿ ਨ ਆਵੈ ਭਾਂਡਾ ਭੰਨਾ ॥੧੧॥ (31-11-7)

ਇਕ ਵੇਚਨਿ ਹਥੀਆਰ ਘੜਿ ਇਕ ਸਵਾਰਨਿ ਸਿਲਾ ਸੰਜੋਆ॥ (31-12-1)
ਰਣ ਵਿਚਿ ਘਾਉ ਬਚਾਉ ਕਰਿ ਦੁਇ ਦਲ ਨਿਤਿ ਉਠਿ ਕਰਦੇ ਢੋਆ॥ (31-12-2)
ਘਾਇਲੁ ਹੋਇ ਨੰਗਾਸਣਾ ਬਖਤਰ ਵਾਲਾ ਨਵਾਂ ਨਿਰੋਆ॥ (31-12-3)
ਕਰਨਿ ਗੁਮਾਨੁ ਕਮਾਨਗਰ ਖਾਨਜਰਾਦੀ ਬਹੁਤੁ ਬਖੋਆ॥ (31-12-4)
ਜਗ ਵਿਚਿ ਸਾਧ ਅਸਾਧ ਸੰਗੁ ਸੰਗ ਸੁਭਾਇ ਜਾਇ ਫਲੁ ਭੋਆ॥ (31-12-5)
ਕਰਮ ਸੁ ਧਰਮ ਅਧਰਮ ਕਰਿ ਸੁਖ ਦੁਖ ਅੰਦਰਿ ਆਇ ਪਰੋਆ॥ (31-12-6)
ਭਲੇ ਬੁਰੇ ਜਸੁ ਅਪਜਸੁ ਹੋਆ ॥੧੨॥ (31-12-7)

ਸਤੁ ਸੰਤੋਖੁ ਦਇਆ ਧਰਮੁ ਅਰਥ ਸੁਗਰਥੁ ਸਾਧਸੰਗਿ ਆਵੈ॥ (31-13-1)
ਕਾਮੁ ਕਰੋਧੁ ਅਸਾਧ ਸੰਗਿ ਲੋਭਿ ਮੋਹੁ ਅਹੰਕਾਰ ਮਚਾਵੈ॥ (31-13-2)
ਦੁਕ੍ਰਿਤੁ ਸੁਕ੍ਰਿਤੁ ਕਰਮ ਕਰਿ ਬੁਰਾ ਭਲਾ ਹੁਇ ਨਾਉਂ ਧਰਾਵੈ॥ (31-13-3)
ਗੋਰਸੁ ਗਾਈਂ ਖਾਇ ਖੜੁ ਇਕੁ ਇਕੁ ਜਣਦੀ ਵਗੁ ਵਧਾਵੈ॥ (31-13-4)
ਦੁਧਿ ਪੀਤੈ ਵਿਹੁ ਦੇਇ ਸਪ ਜਣਿ ਜਣਿ ਬਹਲੇ ਬਚੇ ਖਾਵੈ॥ (31-13-5)
ਸੰਗ ਸੁਭਾਉ ਅਸਾਧ ਸਾਧੁ ਪਾਪੁ ਪੁੰਨੁ ਦੁਖੁ ਸੁਖੁ ਫਲੁ ਪਾਵੈ॥ (31-13-6)
ਪਰਉਪਕਾਰ ਵਿਕਾਰੁ ਕਮਾਵੈ ॥੧੩॥ (31-13-7)

ਚੰਨਣੁ ਬਿਰਖੁ ਸੁਬਾਸੁ ਦੇ ਚੰਨਣੁ ਕਰਦਾ ਬਿਰਖ ਸਬਾਏ॥ (31-14-1)
ਖਹਦੇ ਵਾਂਸਹੁ ਅਗਿ ਧੁਖਿ ਆਪਿ ਜਲੈ ਪਰਵਾਰੁ ਜਲਾਏ॥ (31-14-2)
ਮੁਲਹ ਜਿਵੈ ਪੰਖੇਰੂਆ ਫਾਸੈ ਆਪਿ ਕੁਟੰਬ ਫਹਾਏ॥ (31-14-3)
ਅਸਟ ਧਾਤੁ ਹੁਇ ਪਰਬਤਹੁ ਪਾਰਸੁ ਕਰਿ ਕੰਚਨੁ ਦਿਖਲਾਏ॥ (31-14-4)
ਗਣਿਕਾ ਵਾੜੈ ਜਾਇ ਕੈ ਹੋਵਨਿ ਰੋਗੀ ਪਾਪ ਕਮਾਏ॥ (31-14-5)
ਦੁਖੀਏ ਆਵਨਿ ਵੈਦ ਘਰ ਦਾਰੂ ਦੇ ਦੇ ਰੋਗੁ ਮਿਟਾਏ॥ (31-14-6)
ਭਲਾ ਬੁਰਾ ਦੁਇ ਸੰਗ ਸੁਭਾਏ ॥੧੪॥ (31-14-7)

ਭਲਾ ਸੁਭਾਉ ਮਜੀਠ ਦਾ ਸਹੈ ਅਵਟਣੁ ਰੰਗੁ ਚੜ੍ਹਾਏ॥ (31-15-1)
ਗੰਨਾ ਕੋਲੂ ਪੀੜੀਐ ਟਟਰਿ ਪਇਆ ਮਿਠਾਸੁ ਵਧਾਏ॥ (31-15-2)
ਤੁੰਮੇ ਅੰਮ੍ਰਿਤੁ ਸਿੰਜੀਐ ਕਉੜਤਣ ਦੀ ਬਾਣਿ ਨ ਜਾਏ॥ (31-15-3)
ਅਵਗੁਣ ਕੀਤੇ ਗੁਣ ਕਰੈ ਭਲਾ ਨ ਅਵਗਣੁ ਚਿਤਿ ਵਸਾਏ॥ (31-15-4)

ਗੁਣੁ ਕੀਤੇ ਅਉਗੁਣੁ ਕਰੈ ਬੁਰਾ ਨ ਮੰਨ ਅੰਦਰਿ ਗੁਣ ਪਾਏ॥ (31-15-5)
ਜੋ ਬੀਜੈ ਸੋਈ ਫਲੁ ਖਾਏ ॥੧੫॥ (31-15-6)

ਪਾਣੀ ਪਥਰੁ ਲੀਕ ਜਿਉਂ ਭਲਾ ਬੁਰਾ ਪਰਕਿਰਤਿ ਸੁਭਾਏ॥ (31-16-1)
ਵੈਰ ਨ ਟਿਕਦਾ ਭਲੇ ਚਿਤਿ ਹੇਤੁ ਨ ਟਿਕੈ ਬੁਰੈ ਮਨਿ ਆਏ॥ (31-16-2)
ਭਲਾ ਨ ਹੇਤੁ ਵਿਸਾਰਦਾ ਬੁਰਾ ਨ ਵੈਰੁ ਮਨਹੁ ਵਿਸਰਾਏ॥ (31-16-3)
ਆਸ ਨ ਪੁਜੈ ਦੁਹਾਂ ਦੀ ਦੁਰਮਤਿ ਗੁਰਮਤਿ ਅੰਤਿ ਲਖਾਏ॥ (31-16-4)
ਭਲਿਅਹੁ ਬੁਰਾ ਨ ਹੋਵਈ ਬੁਰਿਅਹੁ ਭਲਾ ਨ ਭਲਾ ਮਨਾਏ॥ (31-16-5)
ਵਿਰਤੀਹਾਣੁ ਵਖਾਣਿਆ ਸਈ ਸਿਆਣੀ ਸਿਖ ਸੁਣਾਏ॥ (31-16-6)
ਪਰਉਪਕਾਰੁ ਵਿਕਾਰੁ ਕਮਾਏ ॥੧੬॥ (31-16-7)

ਵਿਰਤੀਹਾਣੁ ਵਖਾਣਿਆ ਭਲੇ ਬੁਰੇ ਦੀ ਸੁਣੀ ਕਹਾਣੀ॥ (31-17-1)
ਭਲਾ ਬੁਰਾ ਦੁਇ ਚਲੇ ਰਾਹਿ ਉਸ ਥੈ ਤੋਸਾ ਉਸ ਥੈ ਪਾਣੀ॥ (31-17-2)
ਤੋਸਾ ਅਗੈ ਰਖਿਆ ਭਲੇ ਭਲਾਈ ਅੰਦਰਿ ਆਣੀ॥ (31-17-3)
ਬੁਰਾ ਬੁਰਾਈ ਕਰਿ ਗਇਆ ਹਥੀਂ ਕਢਿ ਨ ਦਿਤੋ ਪਾਣੀ॥ (31-17-4)
ਭਲਾ ਭਲਾਈਅਹੁ ਸਿਝਿਆ ਬੁਰੇ ਬੁਰਾਈਅਹੁ ਵੈਣਿ ਵਿਹਾਣੀ॥ (31-17-5)
ਸਚਾ ਸਾਹਿਬੁ ਨਿਆਉ ਸਚੁ ਜੀਆਂ ਦਾ ਜਾਣੋਈ ਜਾਣੀ॥ (31-17-6)
ਕੁਦਰਤਿ ਕਾਦਰ ਨੋ ਕੁਰਬਾਣੀ ॥੧੭॥ (31-17-7)

ਭਲਾ ਬੁਰਾ ਸੈਸਾਰ ਵਿਚਿ ਜੋ ਆਇਆ ਤਿਸੁ ਸਰਪਰ ਮਰਣਾ॥ (31-18-1)
ਰਾਵਣ ਤੈ ਰਾਮਚੰਦ ਵਾਂਗਿ ਮਹਾਂ ਬਲੀ ਲੜਿ ਕਾਰਣੁ ਕਰਣਾ॥ (31-18-2)
ਜਰੁ ਜਰਵਾਣਾ ਵਸਿ ਕਰਿ ਅੰਤਿ ਅਧਰਮ ਰਾਵਣਿ ਮਨ ਧਰਣਾ॥ (31-18-3)
ਰਾਮਚੰਦੁ ਨਿਰਮਲੁ ਪੁਰਖੁ ਧਰਮਹੁ ਸਾਇਰ ਪਥਰ ਤਰਣਾ॥ (31-18-4)
ਬੁਰਿਆਈਅਹੁ ਰਾਵਣੁ ਗਇਆ ਕਾਲਾ ਟਿਕਾ ਪਰ ਤ੍ਰਿਅ ਹਰਣਾ॥ (31-18-5)
ਰਾਮਾਇਣੁ ਜੁਗਿ ਜੁਗਿ ਅਟਲੁ ਸੇ ਉਧਰੇ ਜੋ ਆਏ ਸਰਣਾ॥ (31-18-6)
ਜਸ ਅਪਜਸ ਵਿਚਿ ਨਿਡਰ ਡਰਣਾ ॥੧੮॥ (31-18-7)

ਸੋਇਨ ਲੰਕਾ ਵਡਾ ਗੜੁ ਖਾਰ ਸਮੁੰਦ ਜਿਵੇਹੀ ਖਾਈ॥ (31-19-1)
ਲਖ ਪੁਤੁ ਪੋਤੇ ਸਵਾ ਲਖੁ ਕੁੰਭਕਰਣੁ ਮਹਿਰਾਵਣੁ ਭਾਈ॥ (31-19-2)
ਪਵਣੁ ਬੁਹਾਰੀ ਦੇਇ ਨਿਤਿ ਇੰਦ੍ਰ ਭਰੈ ਪਾਣੀ ਵਰ੍ਹਿਆਈ॥ (31-19-3)
ਬੈਸੰਤੁਰ ਰਾਸੋਈਆ ਸੂਰਜੁ ਚੰਦੁ ਚਰਾਗ ਦੀਪਾਈ॥ (31-19-4)
ਬਹੁ ਖੂਹਣਿ ਚਤੁਰੰਗ ਦਲ ਦੇਸ ਨ ਵੇਸ ਨ ਕੀਮਤਿ ਪਾਈ॥ (31-19-5)
ਮਹਾਦੇਵ ਦੀ ਸੇਵ ਕਰਿ ਦੇਵ ਦਾਨਵ ਰਹਦੇ ਸਰਣਾਈ॥ (31-19-6)
ਅਪਜਸੁ ਲੈ ਦੁਰਮਤਿ ਬੁਰਿਆਈ ॥੧੯॥ (31-19-7)

ਰਾਮਚੰਦੁ ਕਾਰਣ ਕਰਣ ਕਾਰਣ ਵਸਿ ਹੋਆ ਦੇਹਿਧਾਰੀ॥ (31-20-1)
ਮੰਨਿ ਮਤੇਈ ਆਗਿਆ ਲੈ ਵਣਵਾਸੁ ਵਡਾਈ ਚਾਰੀ॥ (31-20-2)
ਪਰਸਰਾਮੁ ਦਾ ਬਲੁ ਹਰੈ ਦੀਨ ਦਇਆਲੁ ਗਰਬ ਪਰਹਾਰੀ॥ (31-20-3)
ਸੀਤਾ ਲਖਮਣ ਸੇਵ ਕਰਿ ਜਤੀ ਸਤੀ ਸੇਵਾ ਹਿਤਕਾਰੀ॥ (31-20-4)
ਰਾਮਾਇਣੁ ਵਰਤਾਇਆ ਰਾਮ ਰਾਜੁ ਕਰਿ ਸ੍ਰਿਸਟਿ ਉਧਾਰੀ॥ (31-20-5)

ਮਰਣੁ ਮੁਣਸਾ ਸਚੁ ਹੈ ਸਾਧਸੰਗਤਿ ਮਿਲਿ ਪੈਜ ਸਵਾਰੀ॥ (31-20-6)
ਭਲਿਆਈ ਸਤਿਗੁਰ ਮਤਿ ਸਾਰੀ ॥੨੦॥੩੧॥ (31-20-7)

Vaar 32

ੴ ਸਤਿਗੁਰਪ੍ਰਸਾਦਿ॥ (32-1-1)

ਪਹਿਲਾ ਗੁਰਮੁਖਿ ਜਨਮੁ ਲੈ ਭੈ ਵਿਚਿ ਵਰਤੈ ਹੋਇ ਇਆਣਾ॥ (32-1-2)
ਗੁਰ ਸਿਖ ਲੈ ਗੁਰਸਿਖੁ ਹੋਇ ਭਾਇ ਭਗਤਿ ਵਿਚਿ ਖਰਾ ਸਿਆਣਾ॥ (32-1-3)
ਗੁਰ ਸਿਖ ਸੁਣਿ ਮੰਨੈ ਸਮਝਿ ਮਾਨਿ ਮਹਤਿ ਵਿਚਿ ਰਹੈ ਨਿਮਾਣਾ॥ (32-1-4)
ਗੁਰ ਸਿਖ ਗੁਰਸਿਖੁ ਪੂਜਦਾ ਪੈਰੀ ਪੈ ਰਹਿਰਾਸਿ ਲੁਭਾਣਾ॥ (32-1-5)
ਗੁਰਸਿਖ ਮਨਹੁ ਨ ਵਿਸਰੈ ਚਲਣੁ ਜਾਣਿ ਜੁਗਤਿ ਮਿਹਮਾਣਾ॥ (32-1-6)
ਗੁਰਸਿਖ ਮਿਠਾ ਬੋਲਣਾ ਨਿਵਿ ਚਲਣਾ ਗੁਰਸਿਖ ਪਰਵਾਣਾ॥ (32-1-7)
ਘਾਲਿ ਖਾਇ ਗੁਰਸਿਖ ਮਿਲਿ ਖਾਣਾ ॥੧॥ (32-1-8)

ਦਿਸਟਿ ਦਰਸ ਲਿਵ ਸਾਵਧਾਨੁ ਸਬਦ ਸੁਰਤਿ ਚੇਤੰਨੁ ਸਿਆਣਾ॥ (32-2-1)
ਨਾਮੁ ਦਾਨੁ ਇਸਨਾਨੁ ਦਿੜੁ ਮਨ ਬਚ ਕਰਮ ਕਰੈ ਮੇਲਾਣਾ॥ (32-2-2)
ਗੁਰਸਿਖ ਥੋੜਾ ਬੋਲਣਾ ਥੋੜਾ ਸਉਣਾ ਥੋੜਾ ਖਾਣਾ॥ (32-2-3)
ਪਰ ਤਨ ਪਰ ਧਨ ਪਰਹਰੈ ਪਰ ਨਿੰਦਾ ਸੁਣਿ ਮਨਿ ਸਰਮਾਣਾ॥ (32-2-4)
ਗੁਰ ਮੂਰਤਿ ਸਤਿਗੁਰ ਸਬਦੁ ਸਾਧਸੰਗਤਿ ਸਮਸਰਿ ਪਰਵਾਣਾ॥ (32-2-5)
ਇਕ ਮਨਿ ਇਕੁ ਅਰਾਧਣਾ ਦੁਤੀਆ ਨਾਸਤਿ ਭਾਵੈ ਭਾਣਾ॥ (32-2-6)
ਗੁਰਮੁਖਿ ਹੋਦੈ ਤਾਣਿ ਨਿਤਾਣਾ ॥੨॥ (32-2-7)

ਗੁਰਮੁਖਿ ਰੰਗੁ ਨ ਦਿਸਈ ਹੋਂਦੀ ਅਖੀਂ ਅੰਨ੍ਹਾ ਸੋਈ॥ (32-3-1)
ਗੁਰਮੁਖਿ ਸਮਝਿ ਨ ਸਕਈ ਹੋਂਦੀ ਕੰਨੀਂ ਬੋਲਾ ਹੋਈ॥ (32-3-2)
ਗੁਰਮੁਖਿ ਸਬਦੁ ਨ ਗਾਵਈ ਹੋਂਦੀ ਜੀਭੈ ਗੁੰਗਾ ਗੋਈ॥ (32-3-3)
ਚਰਣ ਕਵਲ ਦੀ ਵਾਸ ਵਿਣੁ ਨਕਟਾ ਹੋਂਦੇ ਨਕਿ ਅਲੋਈ॥ (32-3-4)
ਗੁਰਮੁਖਿ ਕਾਰ ਵਿਹੂਣਿਆ ਹੋਂਦੀ ਕਰੀ ਲੁੰਜਾ ਦੁਖ ਰੋਈ॥ (32-3-5)
ਗੁਰਮਤਿ ਚਿਤਿ ਨ ਵਸਈ ਸੋ ਮਤਿ ਹੀਣੁ ਨ ਲਹਦਾ ਢੋਈ॥ (32-3-6)
ਮੂਰਖ ਨਾਲਿ ਨ ਕੋਇ ਸਥੋਈ ॥੩॥ (32-3-7)

ਘੁਘੂ ਸੁਝੁ ਨ ਸੁਝਈ ਵਸਦੀ ਛਡਿ ਰਹੈ ਓਜਾੜੀ॥ (32-4-1)
ਇਲਿ ਪੜ੍ਹਾਈ ਨ ਪੜ੍ਹੈ ਚੂਹੇ ਖਾਇ ਉਡੇ ਦੇਹਾੜੀ॥ (32-4-2)
ਵਾਸੁ ਨ ਆਵੈ ਵਾਂਸ ਨੋ ਹਉਮੈ ਅੰਗਿ ਨ ਚੰਨਣ ਵਾੜੀ॥ (32-4-3)
ਸੰਖੁ ਸਮੁੰਦਹੁ ਸਖਣਾ ਗੁਰਮਤਿ ਹੀਣਾ ਦੇਹ ਵਿਗਾੜੀ॥ (32-4-4)
ਸਿੰਮਲੁ ਬਿਰਖੁ ਨ ਸਫਲੁ ਹੋਇ ਆਪੁ ਗਣਾਏ ਵਡਾ ਅਨਾੜੀ॥ (32-4-5)
ਮੂਰਖੁ ਫਕੜਿ ਪਵੈ ਰਿਹਾੜੀ ॥੪॥ (32-4-6)

ਅੰਨ੍ਹੇ ਅਗੈ ਆਰਸੀ ਨਾਈ ਧਰਿ ਨ ਵਧਾਈ ਪਾਵੈ॥ (32-5-1)
ਬੋਲੈ ਅਗੈ ਗਾਵੀਐ ਸੂਮੁ ਨ ਡੂਮੁ ਕਵਾਇ ਪੈਨ੍ਹਾਵੈ॥ (32-5-2)
ਪੁਛੈ ਮਸਲਤਿ ਗੁੰਗਿਅਹੁ ਵਿਗੜੈ ਕੰਮੁ ਜਵਾਬੁ ਨ ਆਵੈ॥ (32-5-3)
ਫੁਲਵਾੜੀ ਵੜਿ ਗੁਣਗੁਣਾ ਮਾਲੀ ਨੋ ਨ ਇਨਾਮੁ ਦਿਵਾਵੈ॥ (32-5-4)
ਲੂਲੇ ਨਾਲਿ ਵਿਆਹੀਐ ਕਿਵ ਗਲਿ ਮਿਲਿ ਕਾਮਣਿ ਗਲਿ ਲਾਵੈ॥ (32-5-5)

ਸਭਨਾ ਚਾਲ ਸੁਹਾਵਣੀ ਲੰਗੜਾ ਕਰੇ ਲਖਾਉ ਲੰਗਾਵੈ॥ (32-5-6)
ਲੁਕੈ ਨ ਮੂਰਖੁ ਆਪੁ ਲਖਾਵੈ ॥੫॥ (32-5-7)

ਪਥਰੁ ਮੂਲਿ ਨ ਭਿਜਈ ਸਉ ਵਰ੍ਹਿਆ ਜਲਿ ਅੰਦਰਿ ਵਸੈ॥ (32-6-1)
ਪਥਰ ਖੇਤੁ ਨ ਜੰਮਈ ਚਾਰਿ ਮਹੀਨੇ ਇੰਦਰੁ ਵਰਸੈ॥ (32-6-2)
ਪਥਰਿ ਚੰਨਣੁ ਰਗੜੀਐ ਚੰਨਣ ਵਾਂਗਿ ਨ ਪਥਰੁ ਘਸੈ॥ (32-6-3)
ਸਿਲ ਵਟੇ ਨਿਤ ਪੀਸਦੇ ਰਸ ਕਸ ਜਾਣੇ ਵਾਸੁ ਨ ਰਸੈ॥ (32-6-4)
ਚਕੀ ਫਿਰੈਸਹੰਸ ਵਾਰ ਖਾਇ ਨ ਪੀਐ ਭੁਖ ਨ ਤਸੈ॥ (32-6-5)
ਪਥਰ ਘੜੈ ਵਰਤਣਾ ਹੇਠਿ ਉਤੇ ਹੋਇ ਘੜਾ ਵਿਣਸੈ॥ (32-6-6)
ਮੂਰਖ ਸੁਰਤਿ ਨ ਜਸ ਅਪਜਸੈ ॥੬॥ (32-6-7)

ਪਾਰਸ ਪਥਰ ਸੰਗੁ ਹੈ ਪਾਰਸ ਪਰਸਿ ਨ ਕੰਚਨੁ ਹੋਵੈ॥ (32-7-1)
ਹੀਰੇ ਮਾਣਕ ਪਥਰਹੁ ਪਥਰ ਕੋਇ ਨ ਹਾਰਿ ਪਰੋਵੈ॥ (32-7-2)
ਵਟਿ ਜਵਾਹਰੁ ਤੋਲੀਐ ਮੁਲਿ ਨ ਤੁਲਿ ਵਿਕਾਇ ਸਮੋਵੈ॥ (32-7-3)
ਪਥਰ ਅੰਦਰਿ ਅਸਟ ਧਾਤੁ ਪਾਰਸੁ ਪਰਸਿ ਸੁਵੰਨੁ ਅਲੋਵੈ॥ (32-7-4)
ਪਥਰੁ ਫਟਕ ਝਲਕਣਾ ਬਹੁ ਰੰਗੀ ਹੋਇ ਰੰਗੁ ਨ ਗੋਵੈ॥ (32-7-5)
ਪਥਰ ਵਾਸੁ ਨ ਸਾਉ ਹੈ ਮਨ ਕਠੋਰੁ ਹੋਇ ਆਪੁ ਵਿਗੋਵੈ॥ (32-7-6)
ਕਰਿ ਮੂਰਖਾਈ ਮੂਰਖੁ ਰੋਵੈ ॥੭॥ (32-7-7)

ਜਿਉਂ ਮਣਿ ਕਾਲੇ ਸਪ ਸਿਰਿ ਸਾਰ ਨ ਜਾਣੈ ਵਿਸੁ ਭਰਿਆ॥ (32-8-1)
ਜਾਣੁ ਕਥੂਰੀ ਮਿਰਗ ਤਨਿ ਝਾੜਾਂ ਸਿੰਙਦਾ ਫਿਰੈ ਅਫਰਿਆ॥ (32-8-2)
ਜਿਉਂ ਕਰਿ ਮੋਤੀ ਸਿਪ ਵਿਚਿ ਮਰਮੁ ਨ ਜਾਣੈ ਅੰਦਰਿ ਧਰਿਆ॥ (32-8-3)
ਜਿਉਂ ਗਾਈਂ ਥਣਿ ਚਿਚੁੜੀ ਦੁਧੁ ਨ ਪੀਐ ਲੋਹੂ ਜਰਿਆ॥ (32-8-4)
ਬਗਲਾ ਤਰਣਿ ਨ ਸਿਖਿਓ ਤੀਰਥਿ ਨ੍ਹਾਇ ਨ ਪਥਰੁ ਤਰਿਆ॥ (32-8-5)
ਨਾਲਿ ਸਿਅਣੇ ਭਲੀ ਭਿਖ ਮੂਰਖ ਰਾਜਹੁ ਕਾਜੁ ਨ ਸਰਿਆ॥ (32-8-6)
ਮੇਖੀ ਹੋਇ ਵਿਗਾੜੈ ਖਰਿਆ ॥੮॥ (32-8-7)

ਕਟਣੁ ਚਟਣੁ ਕੁਤਿਆਂ ਕੁਤੈ ਹਲਕ ਤੈ ਮਨੁ ਸੂਗਾਵੈ॥ (32-9-1)
ਠੰਢਾ ਤਤਾ ਕੋਇਲਾ ਕਾਲਾ ਕਰਿ ਕੈ ਹਥੁ ਜਲਾਵੈ॥ (32-9-2)
ਜਿਉ ਚਕਚੂੰਧਰ ਸਪ ਦੀ ਅੰਨ੍ਹਾ ਕੋੜ੍ਹੀ ਕਰਿ ਦਿਖਲਾਵੈ॥ (32-9-3)
ਜਾਣੁ ਰਸਉਲੀ ਦੇਹ ਵਿਚਿ ਵਢੀ ਪੀੜ ਰਖੀ ਸਰਮਾਵੈ॥ (32-9-4)
ਵੰਸਿ ਕਪੂਤੁ ਕੁਲਛਣਾ ਛਡੈ ਬਣੈ ਨ ਵਿਚਿ ਸਮਾਵੈ॥ (32-9-5)
ਮੂਰਖ ਹੇਤੁ ਨ ਲਾਈਐ ਪਰਹਰਿ ਵੈਰੁ ਅਲਿਪਤੁ ਵਲਾਵੈ॥ (32-9-6)
ਦੁਹੀਂ ਪਵਾੜੀਂ ਦੁਖਿ ਵਿਹਾਵੈ ॥੯॥ (32-9-7)

ਜਿਉ ਹਾਥੀ ਦਾ ਨ੍ਹਾਵਣਾ ਬਾਹਰਿ ਨਿਕਲਿ ਖੇਹ ਉਡਾਵੈ॥ (32-10-1)
ਜਿਉ ਊਠੈ ਦਾ ਖਾਵਣਾ ਪਰਹਰਿ ਕਣਕ ਜਵਾਹਾਂ ਖਾਵੈ॥ (32-10-2)
ਕਮਲੇ ਦਾ ਕਛੋਟੜਾ ਕਦੇ ਲਕ ਕਦੇ ਸੀਸਿ ਵਲਾਵੈ॥ (32-10-3)
ਜਿਉਂ ਕਰਿ ਟੁੰਡੇ ਹਥੜਾ ਸੋ ਚੁਤੀ ਸੋ ਵਾਤਿ ਵਤਾਵੈ॥ (32-10-4)
ਸੰਨ੍ਹੀ ਜਾਣੁ ਲੁਹਾਰ ਦੀ ਖਿਣੁ ਜਲਿ ਵਿਚਿ ਖਿਨ ਅਗਨਿ ਸਮਾਵੈ॥ (32-10-5)

ਮਖੀ ਬਾਣੁ ਕੁਬਾਣੁ ਹੈ ਲੈ ਦੁਰ ਗੰਧੁ ਸੁਗੰਧ ਨ ਭਾਵੈ॥ (32-10-6)
ਮੂਰਖ ਦਾ ਕਿਹੁ ਹਥੀ ਨ ਆਵੈ ॥੧੦॥ (32-10-7)

ਤੋਤਾ ਨਲੀ ਨ ਛਡਈ ਆਪਣ ਹਥੀਂ ਫਾਥਾ ਚੀਕੈ॥ (32-11-1)
ਬਾਦਰੁ ਮੁਟੀ ਨ ਛਡਈ ਘਰਿ ਘਰਿ ਨਚੇ ਝਕਿਣੁ ਝੀਕੈ॥ (32-11-2)
ਗਦਹੁ ਅੜੀ ਨ ਛਡਈ ਰੀਘੀ ਪਉਦੀ ਹੀਕਣੀ ਕੀਕੈ॥ (32-11-3)
ਕੁਤੇ ਚਕੀ ਨ ਚਟਣੀ ਪੂਛ ਨ ਸਿਧੀ ਧ੍ਰੀਕਣ ਧ੍ਰੀਕੈ॥ (32-11-4)
ਕਰਨਿ ਕੁਫਕੜੁ ਮੂਰਖਾਂ ਸਪ ਗਏ ਫੜਿ ਫਾਟਣ ਲੀਕੈ॥ (32-11-5)
ਪਗ ਲਹਾਇ ਗਣਾਇ ਸਰੀਕੈ ॥੧੧॥ (32-11-6)

ਅੰਨ੍ਹਾ ਆਖੇ ਲੜਿ ਮਰੈ ਖੁਸੀ ਹੋਵੈ ਸੁਣਿ ਨਾਉ ਸੁਜਾਖਾ॥ (32-12-1)
ਭੋਲਾ ਆਖੇ ਭਲਾ ਮੰਨਿ ਅਹਮਕੁ ਜਾਣਿ ਅਜਾਣਿ ਨ ਭਾਖਾ॥ (32-12-2)
ਧੋਰੀ ਆਖੈ ਹਸਿ ਦੇ ਬਲਦ ਵਖਾਣਿ ਕਰੈ ਮਨਿ ਮਾਖਾ॥ (32-12-3)
ਕਾਉਂ ਸਿਆਣਪ ਜਾਣਦਾ ਵਿਸਟਾ ਖਾਇ ਨ ਭਾਖ ਸੁਭਾਖਾ॥ (32-12-4)
ਨਾਉ ਸੁਰੀਤ ਕੁਰੀਤ ਦਾ ਮੁਸਕ ਬਿਲਾਈ ਗਾਂਡੀ ਸਾਖਾ॥ (32-12-5)
ਹੇਠਿ ਖੜਾ ਥੁ ਥੁ ਕਰੈ ਗਿਦੜ ਹਥਿ ਨ ਆਵੈ ਦਾਖਾ॥ (32-12-6)
ਬੋਲ ਵਿਗਾੜੁ ਮੂਰਖ ਭੇਡਾਖਾ ॥੧੨॥ (32-12-7)

ਰੁਖਾਂ ਵਿਚਿ ਕੁਰੁਖੁ ਹੈ ਅਰੰਡੁ ਅਵਾਈ ਆਪੁ ਗਣਾਏ॥ (32-13-1)
ਪਿਦਾ ਜਿਉ ਪੰਖੇਰੂਆਂ ਬਹਿ ਬਹਿ ਡਾਲੀ ਬਹੁਤੁ ਬਫਾਏ॥ (32-13-2)
ਭੇਡ ਭਿਵਿੰਗਾ ਮੁਹੁ ਕਰੈ ਤਰਣਾਪੈ ਦਿਹਿ ਚਾਰਿ ਵਲਾਏ॥ (32-13-3)
ਮੁਹੁ ਅਖੀ ਨਕੁ ਕਨ ਜਿਉਂ ਇੰਦ੍ਰੀਆਂ ਵਿਚਿ ਗਾਂਡਿ ਸਦਾਏ॥ (32-13-4)
ਮੀਆ ਘਰਹੁ ਨਿਕਾਲੀਐ ਤਰਕਸੁ ਦਰਵਾਜੇ ਟੰਗਵਾਏ॥ (32-13-5)
ਮੂਰਖ ਅੰਦਰਿ ਮਾਣਸਾਂ ਵਿਣੁ ਗੁਣ ਗਰਬੁ ਕਰੈ ਆਖਾਏ॥ (32-13-6)
ਮਜਲਸ ਬੈਠਾ ਆਪੁ ਲਖਾਏ ॥੧੩॥ (32-13-7)

ਮੂਰਖ ਤਿਸ ਨੋ ਆਖੀਐ ਬੋਲੁ ਨ ਸਮਝੈ ਬੋਲਿ ਨ ਜਾਣੈ॥ (32-14-1)
ਹੋਰੋ ਕਿਹੁ ਕਰਿ ਪੁਛੀਐ ਹੋਰੋ ਕਿਹੁ ਕਰਿ ਆਖਿ ਵਖਾਣੈ॥ (32-14-2)
ਸਿਖ ਦੇਇ ਸਮਝਾਈਐ ਅਰਥੁ ਅਨਰਥੁ ਮਨੈ ਵਿਚਿ ਆਣੈ॥ (32-14-3)
ਵਡਾ ਅਸਮਝੁ ਨ ਸਮਝਈ ਸੁਰਤਿ ਵਿਹੂਣਾ ਹੋਇ ਹੈਰਾਣੈ॥ (32-14-4)
ਗੁਰਮਤਿ ਚਿਤਿ ਨ ਆਣਈ ਦੁਰਮਤਿ ਮਿਤ੍ਰੁ ਸਤ੍ਰੁ ਪਰਵਾਣੈ॥ (32-14-5)
ਅਗਨੀ ਸਪਹੁਂ ਵਰਜੀਐ ਗੁਣ ਵਿਚਿ ਅਵਗੁਣ ਕਰੈ ਧਿਙਾਣੈ॥ (32-14-6)
ਮੂਤੈ ਰੋਵੈ ਮਾ ਨ ਸਿਵਾਣੈ ॥੧੪॥ (32-14-7)

ਰਾਹੁ ਛਡਿ ਉਝੜਿ ਪਵੈ ਆਗੂ ਨੋ ਭੁਲਾ ਕਰਿ ਜਾਣੈ॥ (32-15-1)
ਬੇੜੇ ਵਿਚਿ ਬਹਾਲੀਐ ਕੁਦਿ ਪਵੈ ਵਿਚਿ ਵਹਣ ਧਿਙਾਣੈ॥ (32-15-2)
ਸੁਘੜਾਂ ਵਿਚਿ ਬਹਿਠਿਆਂ ਬੋਲਿ ਵਿਗਾੜਿ ਉਘਾੜਿ ਵਖਾਣੈ॥ (32-15-3)
ਸੁਘੜਾਂ ਮੂਰਖ ਜਾਣਦਾ ਆਪਿ ਸੁਘੜੁ ਹੋਇ ਵਿਰਤੀਹਾਣੈ॥ (32-15-4)
ਦਿਹ ਨੋ ਰਾਤਿ ਵਖਾਣਦਾ ਚਾਮਚੜਿਕ ਜਿਵੇਂ ਟਾਨਾਣੈ॥ (32-15-5)
ਗੁਰਮਤਿ ਮੂਰਖੁ ਚਿਤਿ ਨ ਆਣੈ ॥੧੫॥ (32-15-6)

ਵੈਦਿ ਚੰਗੇਰੀ ਊਠਣੀ ਲੈ ਸਿਲ ਵਟਾ ਕਚਰਾ ਭੰਨਾ॥ (32-16-1)
ਸੇਵਕਿ ਸਿਖੀ ਵੈਦਗੀ ਮਾਰੀ ਬੁਢੀ ਰੋਵਨਿ ਰੰਨਾ॥ (32-16-2)
ਪਕੜਿ ਚਲਾਇਆ ਰਾਵਲੈ ਪਉਦੀ ਉਘੜਿ ਗਏ ਸੁ ਕੰਨਾ॥ (32-16-3)
ਪੁਛੈ ਆਖਿ ਵਖਾਣਿਓਨੁ ਉਘੜਿ ਗਇਆ ਪਾਜੁ ਪਰਛੰਨਾ॥ (32-16-4)
ਪਾਰਖੂਆ ਚੁਣਿ ਕਢਿਆ ਜਿਉ ਕਚਕੜਾ ਨ ਰਲੈ ਰਤੰਨਾ॥ (32-16-5)
ਮੂਰਖੁ ਅਕਲੀ ਬਾਹਰਾ ਵਾਂਸਹੁ ਮੂਲਿ ਨ ਹੋਵੀ ਗੰਨਾ॥ (32-16-6)
ਮਾਣਸ ਦੇਹੀ ਪਸੂ ਉਪੰਨਾ ॥੧੬॥ (32-16-7)

ਮਹਾ ਦੇਵ ਦੀ ਸੇਵ ਕਰਿ ਵਰੁ ਪਾਇਆ ਸਾਹੈ ਦੈ ਪੁਤੈ॥ (32-17-1)
ਦਰਬੁ ਸਰੂਪ ਸਰੇਵੜੈ ਆਏ ਵੜੇ ਘਰਿ ਅੰਦਰਿ ਉਤੈ॥ (32-17-2)
ਜਿਉ ਹਥਿਆਰੀ ਮਾਰੀਅਨਿ ਤਿਉ ਤਿਉ ਦਰਬ ਹੋਇ ਧੜਧੁਤੈ॥ (32-17-3)
ਬੁਤੀ ਕਰਦੇ ਡਿਠਿਓਨੁ ਨਾਈ ਚੈਨੁ ਨ ਬੈਠੇ ਸੁਤੈ॥ (32-17-4)
ਮਾਰੇ ਆਣਿ ਸਰੇਵੜੇ ਸੁਣਿ ਦੀਬਾਣਿ ਮਸਾਣਿ ਅਛੁਤੈ॥ (32-17-5)
ਮਥੈ ਵਾਲਿ ਪਛਾੜਿਆ ਵਾਲ ਛਡਾਇਨਿ ਕਿਸ ਦੈ ਬੁਤੈ॥ (32-17-6)
ਮੂਰਖੁ ਬੀਜੈ ਬੀਉ ਕੁਰੁਤੈ ॥੧੭॥ (32-17-7)

ਗੋਸਟਿ ਗਾਂਗੇ ਤੇਲੀਐ ਪੰਡਿਤ ਨਾਲਿ ਹੋਵੈ ਜਗੁ ਦੇਖੈ॥ (32-18-1)
ਖੜੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ॥ (32-18-2)
ਫੇਰਿ ਉਚਾਇ ਪੰਜਾਂਗੁਲਾ ਗਾਂਗਾ ਮੁਠਿ ਹਲਾਏ ਅਲੇਖੈ॥ (32-18-3)
ਪੈਰੀਂ ਪੈ ਉਠਿ ਚਲਿਆ ਪੰਡਿਤੁ ਹਾਰ ਭੁਲਾਵੈ ਭੇਖੈ॥ (32-18-4)
ਨਿਰਗੁਣੁ ਸਰਗੁਣੁ ਅੰਗ ਦੁਇ ਪਰਮੇਸਰੁ ਪੰਜਿ ਮਿਲਨਿ ਸਰੇਖੈ॥ (32-18-5)
ਅਖੀਂ ਦੋਵੈਂ ਭੰਨਸਾਂ ਮੁਕੀ ਲਾਇ ਹਲਾਇ ਨਿਮੇਖੈ॥ (32-18-6)
ਮੂਰਖ ਪੰਡਿਤੁ ਸੁਰਤਿ ਵਿਸੇਖੈ ॥੧੮॥ (32-18-7)

ਠੰਢੇ ਖੂਹਹੁਂ ਨ੍ਹਾਇ ਕੈ ਪਗ ਵਿਸਾਰਿ ਆਇਆ ਸਿਰਿ ਨੰਗੈ॥ (32-19-1)
ਘਰ ਵਿਚਿ ਰੰਨਾਂ ਕਮਲੀਆਂ ਧੁਸੀ ਲੀਤੀ ਦੇਖਿ ਕੁਢੰਗੈ॥ (32-19-2)
ਰੰਨਾਂ ਦੇਖਿ ਪਿਟੰਦੀਆਂ ਢਾਹਾਂ ਮਾਰੈਂ ਹੋਇ ਨਿਸੰਗੈ॥ (32-19-3)
ਲੋਕ ਸਿਆਪੇ ਆਇਆ ਰੰਨਾਂ ਪੁਰਸ ਜੁੜੇ ਲੈ ਪੰਗੈ॥ (32-19-4)
ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ॥ (32-19-5)
ਸਹੁਰੇ ਪੁਛਹੁ ਜਾਇ ਕੈ ਕਉਣ ਮੁਆ ਨੂਹ ਉਤਰੁ ਮੰਗੈ॥ (32-19-6)
ਕਾਵਾਂ ਰੌਲਾ ਮੂਰਖੁ ਸੰਗੈ ॥੧੯॥ (32-19-7)

ਜੇ ਮੂਰਖੁ ਸਮਝਾਈਐ ਸਮਝੈ ਨਾਹੀ ਛਾਂਵ ਨ ਧੁਪਾ॥ (32-20-1)
ਅਖੀਂ ਪਰਖਿ ਨ ਜਾਣਈ ਪਿਤਲ ਸੁਇਨਾ ਕੈਹਾਂ ਰੁਪਾ॥ (32-20-2)
ਸਾਉ ਨ ਜਾਣੈ ਤੇਲ ਘਿਅ ਧਰਿਆ ਕੋਲਿ ਘੜੋਲਾ ਕੁਪਾ॥ (32-20-3)
ਸੁਰਤਿ ਵਿਹੂਣਾ ਰਾਤਿ ਦਿਹੁ ਚਾਨਣੁ ਤੁਲਿ ਅਨ੍ਹੇਰਾ ਘੁਪਾ॥ (32-20-4)
ਵਾਸੁ ਕਥੂਰੀ ਥੋਮ ਦੀ ਮਿਹਰ ਕੁਲੀ ਅਧਉੜੀ ਤੁਪਾ॥ (32-20-5)
ਵੈਰੀ ਮਿਤ੍ਰ ਨ ਸਮਝਈ ਰੰਗੁ ਸੁਰੰਗ ਕੁਰੰਗੁ ਅਛੁਪਾ॥ (32-20-6)
ਮੂਰਖ ਨਾਲਿ ਚੰਗੇਰੀ ਚੁਪਾ ॥੨੦॥੩੨॥ (32-20-7)

Vaar 33

ੴ ਸਤਿਗੁਰਪ੍ਰਸਾਦਿ ॥ (33-1-1)

ਗੁਰਮੁਖਿ ਮਨਮੁਖਿ ਜਾਣੀਅਨਿ ਸਾਧ ਅਸਾਧ ਜਗਤ ਵਰਤਾਰਾ॥ (33-1-2)
ਦੁਹ ਵਿਚਿ ਦੁਖੀ ਦੁਬਾਜਰੇ ਖਰਬੜ ਹੋਏ ਖੁਦੀ ਖੁਆਰਾ॥ (33-1-3)
ਦੁਹੀਂ ਸਰਾਈਂ ਜਰਦ ਰੂ ਦਗੇ ਦੁਰਾਹੇ ਚੋਰ ਚੁਗਾਰਾ॥ (33-1-4)
ਨਾ ਉਰਵਾਰੁ ਨ ਪਾਰੁ ਹੈ ਗੋਤੇ ਖਾਨਿ ਭਰਮੁ ਸਿਰਿ ਭਾਰਾ॥ (33-1-5)
ਹਿੰਦੂ ਮੁਸਲਮਾਨ ਵਿਚਿ ਗੁਰਮੁਖਿ ਮਨਮੁਖਿ ਵਿਚ ਗੁਬਾਰਾ॥ (33-1-6)
ਜੰਮਣੁ ਮਰਣੁ ਸਦਾ ਸਿਰਿ ਭਾਰਾ ॥੧॥ (33-1-7)

ਦੁਹੁ ਮਿਲਿ ਜੰਮੇ ਦੁਇ ਜਣੇ ਦੁਹੁ ਜਣਿਆਂ ਦੁਇ ਰਾਹ ਚਲਾਏ॥ (33-2-1)
ਹਿੰਦੂ ਆਖਨਿ ਰਾਮ ਰਾਮੁ ਮੁਸਲਮਾਣਾਂ ਨਾਉ ਖੁਦਾਏ॥ (33-2-2)
ਹਿੰਦੂ ਪੂਰਬਿ ਸਉਹਿਆਂ ਪਛਮਿ ਮੁਸਲਮਾਣੁ ਨਿਵਾਏ॥ (33-2-3)
ਗੰਗ ਬਨਾਰਸਿ ਹਿੰਦੂਆਂ ਮਕਾ ਮੁਸਲਮਾਣੁ ਮਨਾਏ॥ (33-2-4)
ਵੇਦ ਕਤੇਬਾਂ ਚਾਰਿ ਚਾਰਿ ਚਾਰ ਵਰਨ ਚਾਰਿ ਮਜ਼ਹਬ ਚਲਾਏ॥ (33-2-5)
ਪੰਜ ਤਤ ਦੋਵੈ ਜਣੇ ਪਉਣੁ ਪਾਣੀ ਬੈਸੰਤਰੁ ਛਾਏ॥ (33-2-6)
ਇਕ ਥਾਉਂ ਦੁਇ ਨਾਉਂ ਧਰਾਏ ॥੨॥ (33-2-7)

ਦੇਖਿ ਦੁਭਿਤੀ ਆਰਸੀ ਮਜਲਸ ਹਥੋ ਹਥੀ ਨਚੈ॥ (33-3-1)
ਦੁਖੋ ਦੁਖੁ ਦੁਬਾਜਰੀ ਘਰਿ ਘਰਿ ਫਿਰੈ ਪਰਾਈ ਖਚੈ॥ (33-3-2)
ਅਗੈ ਹੋਇ ਸੁਹਾਵਣੀ ਮੁਹਿ ਡਿਠੈ ਮਾਣਸ ਚਹਮਚੈ॥ (33-3-3)
ਪਿਛਹੁ ਦੇਖਿ ਡਰਾਵਨੀ ਇਕੋ ਮੁਹੁ ਦੁਹੁ ਜਿਨਸਿ ਵਿਰਚੈ॥ (33-3-4)
ਖੇਹਿ ਪਾਇ ਮੁਹੁ ਮਾਂਜੀਐ ਫਿਰਿ ਫਿਰਿ ਮੈਲੁ ਭਰੇ ਰੰਗਿ ਕਚੈ॥ (33-3-5)
ਧਰਮਰਾਇ ਜਮੁ ਇਕੁ ਹੈ ਧਰਮੁ ਅਧਰਮੁ ਨ ਭਰਮੁ ਪਰਚੈ॥ (33-3-6)
ਗੁਰਮੁਖਿ ਜਾਇ ਮਿਲੈ ਸਚੁ ਸਚੈ ॥੩॥ (33-3-7)

ਵੁਣੈ ਜੁਲਾਹਾ ਤੰਦੁ ਗੰਢਿ ਇਕੁ ਸੂਤੁ ਕਰਿ ਤਾਣਾ ਵਾਣਾ॥ (33-4-1)
ਦਰਜੀ ਪਾੜਿ ਵਿਗਾੜਦਾ ਪਾਟਾ ਮੁਲ ਨ ਲਹੈ ਵਿਕਾਣਾ॥ (33-4-2)
ਕਤਰਣਿ ਕਤਰੈ ਕਤਰਣੀ ਹੋਇ ਦੁਮੂਹੀ ਚੜ੍ਹਦੀ ਸਾਣਾ॥ (33-4-3)
ਸੂਈ ਸੀਵੈ ਜੋੜਿ ਕੈ ਵਿਛੁੜਿਆਂ ਕਰਿ ਮੇਲਿ ਮਿਲਾਣਾ॥ (33-4-4)
ਸਾਹਿਬੁ ਇਕੋ ਰਾਹਿ ਦੁਇ ਜਗ ਵਿਚਿ ਹਿੰਦੂ ਮੁਸਲਮਾਣਾ॥ (33-4-5)
ਗੁਰਸਿਖੀ ਪਰਧਾਨੁ ਹੈ ਪੀਰ ਮੁਰੀਦੀ ਹੈ ਪਰਵਾਣਾ॥ (33-4-6)
ਦੁਖੀ ਦੁਬਾਜਰਿਆ ਹੈਰਾਣਾ ॥੪॥ (33-4-7)

ਜਿਉ ਚਰਖਾ ਅਠਖੰਭੀਆ ਦੁਹਿ ਲਠੀ ਦੇ ਮੰਝਿ ਮੰਝੇਰੁ॥ (33-5-1)
ਦੁਇ ਸਿਰਿ ਧਰਿ ਦੁਹੁ ਖੁੰਢ ਵਿਚਿ ਸਿਰ ਗਿਰਦਾਨ ਫਿਰੈ ਲਖਫੇਰੂ॥ (33-5-2)
ਬਾਇੜੁ ਪਾਇ ਪਲੇਟੀਐ ਮਾਲ੍ਹ ਵਟਾਇ ਪਾਇਆ ਘਟ ਘੇਰੁ॥ (33-5-3)
ਦੁਹੁ ਚਰਮਖ ਵਿਚਿ ਤ੍ਰਕੁਲਾ ਕਤਨਿ ਕੁੜੀਆਂ ਚਿੜੀਆਂ ਹੇਰੂ॥ (33-5-4)
ਤ੍ਰਿੰਞਣਿ ਬਹਿ ਉਠ ਜਾਂਦੀਆਂ ਜਿਉ ਬਿਰਖਹੁ ਉਡਿ ਜਾਨਿ ਪੰਖੇਰੂ॥ (33-5-5)

ਓੜਿ ਨਿਬਾਹੂ ਨਾ ਥੀਐ ਕਚਾ ਰੰਗੁ ਰੰਗਾਇਆ ਗੇਰੂ॥ (33-5-6)
ਘੁੰਮਿ ਘੁੰਮਦੀ ਛਾਉ ਘਵੇਰੂ ॥੫॥ (33-5-7)

ਸਾਹੁਰੁ ਪੀਹਰੁ ਪਲਰੈ ਹੋਇ ਨਿਲਜ ਨ ਲਜਾ ਧੋਵੈ॥ (33-6-1)
ਰਾਵੈ ਜਾਰੁ ਭਤਾਰੁ ਤਜਿ ਖਿੰਜੋਤਾਨਿ ਖੁਸੀ ਕਿਉ ਹੋਵੈ॥ (33-6-2)
ਸਮਝਾਈ ਨਾ ਸਮਝਦੀ ਮਰਣੇ ਪਰਣੇ ਲੋਕੁ ਵਿਗੋਵੈ॥ (33-6-3)
ਧਿਰਿ ਧਿਰਿ ਮਿਲਦੇ ਮੇਹਣੇ ਹੁਇ ਸਰਮਿੰਦੀ ਅੰਝੂ ਰੋਵੈ॥ (33-6-4)
ਪਾਪ ਕਮਾਣੇ ਪਕੜੀਐ ਹਾਨਿ ਕਾਨਿ ਦੀਬਾਨਿ ਖੜੋਵੈ॥ (33-6-5)
ਮਰੈ ਨ ਜੀਵੈ ਦੁਖ ਸਹੈ ਰਹੈ ਨ ਘਰਿ ਵਿਚਿ ਪਰ ਘਰ ਜੋਵੈ॥ (33-6-6)
ਦੁਬਿਧਾ ਅਉਗੁਣ ਹਾਰੁ ਪਰੋਵੈ ॥੬॥ (33-6-7)

ਜਿਉ ਬੇਸੀਵੈ ਥੇਹੁ ਕਰਿ ਪਛੋਤਾਵੈ ਸੁਖਿ ਨਾ ਵਸੈ॥ (33-7-1)
ਚੜਿ ਚੜਿ ਲੜਦੇ ਭੂਮੀਏ ਧਾੜਾ ਪੇੜਾ ਖਸਣ ਖਸੈ॥ (33-7-2)
ਦੁਹ ਨਾਰੀ ਦਾ ਵਲਹਾ ਦੁਹੁ ਮੁਣਸਾ ਦੀ ਨਾਰਿ ਵਿਣਸੈ॥ (33-7-3)
ਹੁਇ ਉਜਾੜਾ ਖੇਤੀਐ ਦੁਹਿ ਹਾਕਮ ਦੁਇ ਹੁਕਮੁ ਖੁਣਸੈ॥ (33-7-4)
ਦੁਖ ਦੁਇ ਚਿੰਤਾ ਰਾਤਿ ਦਿਹੁ ਘਰੁ ਛਿਜੈ ਵੈਰਾਇਣੁ ਹਸੈ॥ (33-7-5)
ਦੁਹੁ ਖੁੰਢਾਂ ਵਿਚਿ ਰਖਿ ਸਿਰੁ ਵਸਦੀ ਵਸੈ ਨ ਨਸਦੀ ਨਸੈ॥ (33-7-6)
ਦੂਜਾ ਭਾਉ ਭੁਇਅੰਗਮੁ ਡਸੈ ॥੭॥ (33-7-7)

ਦੁਖੀਆ ਦੁਸਟੁ ਦੁਬਾਜਰਾ ਸਪੁ ਦੁਮੂਹਾ ਬੁਰਾ ਬੁਰਿਆਈ॥ (33-8-1)
ਸਭ ਦੂੰ ਮੰਦੀ ਸਪ ਜੋਨਿ ਸਪਾਂ ਵਿਚਿ ਕੁਜਾਤਿ ਕੁਭਾਈ॥ (33-8-2)
ਕੋੜੀ ਹੋਆ ਗੋਪਿ ਗੁਰ ਨਿਗੁਰੇ ਤੰਤੁ ਨ ਮੰਤੁ ਸੁਖਾਈ॥ (33-8-3)
ਕੋੜੀ ਹੋਵੈ ਲੜੈ ਜਿਸ ਵਿਗੜ ਰੂਪਿ ਹੋਇ ਮਰਿ ਸਹਮਾਈ॥ (33-8-4)
ਗੁਰਮੁਖਿ ਮਨਮੁਖਿ ਬਾਹਰਾ ਲਾਤੋ ਲਾਵਾ ਲਾਇ ਬੁਝਾਈ॥ (33-8-5)
ਤਿਸੁ ਵਿਹੁ ਵਾਤਿ ਕੁਲਾਤਿ ਮਨਿ ਅੰਦਰਿ ਗਣਤੀ ਤਾਤਿ ਪਰਾਈ॥ (33-8-6)
ਸਿਰ ਚਿਥੈ ਵਿਹੁ ਬਾਣਿ ਨ ਜਾਈ ॥੮॥ (33-8-7)

ਜਿਉ ਬਹੁ ਮਿਤੀ ਵੇਸੁਆ ਛਡੈ ਖਸਮੁ ਨਿਖਸਮੀ ਹੋਈ॥ (33-9-1)
ਪੁਤੁ ਜਣੇ ਜੇ ਵੇਸੁਆ ਨਾਨਕਿ ਦਾਦਕਿ ਨਾਉਂ ਨ ਕੋਈ॥ (33-9-2)
ਨਰਕਿ ਸਵਾਰਿ ਸੀਗਾਰਿਆ ਰਾਗ ਰੰਗ ਛਲਿ ਛਲੈ ਛਲੋਈ॥ (33-9-3)
ਘੰਡਾਹੇੜੁ ਅਹੇੜੀਆਂ ਮਾਣਸ ਮਿਰਗ ਵਿਣਾਹੁ ਸਥੋਈ॥ (33-9-4)
ਏਥੈ ਮਰੈ ਹਰਾਮ ਹੋਇ ਅਗੈ ਦਰਗਹ ਮਿਲੈ ਨ ਢੋਈ॥ (33-9-5)
ਦੁਖੀਆ ਦੁਸਟੁ ਦੁਬਾਜਰਾ ਜਾਣ ਰੁਪਈਆ ਮੇਖੀ ਸੋਈ॥ (33-9-6)
ਵਿਗੜੈ ਆਪਿ ਵਿਗਾੜੈ ਲੋਈ ॥੯॥ (33-9-7)

ਵਣਿ ਵਣਿ ਕਾਉਂ ਨ ਸੋਹਈ ਖਰਾ ਸਿਆਣਾ ਹੋਇ ਵਿਗੁਤਾ॥ (33-10-1)
ਚੁਤੜਿ ਮਿਟੀ ਜਿਸੁ ਲਗੈ ਜਾਣੈ ਖਸਮ ਕੁਮ੍ਹਾਰਾਂ ਕੁਤਾ॥ (33-10-2)
ਬਾਬਾਣੀਆਂ ਕਹਾਣੀਆਂ ਘਰਿ ਘਰਿ ਬਹਿ ਬਹਿ ਕਰਨਿ ਕੁਪੁਤਾ॥ (33-10-3)
ਆਗੂ ਹੋਇ ਮੁਹਾਇਦਾ ਸਾਥੁ ਛਡਿ ਚਉਰਾਹੇ ਸੁਤਾ॥ (33-10-4)
ਜੰਮੀ ਸਾਖ ਉਜਾੜਦਾ ਗਲਿਆਂ ਸੇਤੀ ਮੇਂਹੁ ਕੁਰੁਤਾ॥ (33-10-5)

ਦੁਖੀਆ ਦੁਸਟੁ ਦੁਬਾਜਰਾ ਖਟਰੁ ਬਲਦੁ ਜਿਵੈ ਹਲਿ ਜੁਤਾ॥ (33-10-6)
ਡਮਿ ਡਮਿ ਸਾਨੁ ਉਜਾੜੀ ਮੁਤਾ ॥੧੦॥ (33-10-7)

ਦੁਖੀਆ ਦੁਸਟੁ ਦੁਬਾਜਰਾ ਤਾਮੇ ਰੰਗਹੁ ਕੈਹਾਂ ਹੋਵੈ॥ (33-11-1)
ਬਾਹਰੁ ਦਿਸੈ ਉਜਲਾ ਅੰਦਰਿ ਮਸੁ ਨ ਧੋਪੈ ਧੋਵੈ॥ (33-11-2)
ਸੰਨੀ ਜਾਣੁ ਲੁਹਾਰ ਦੀ ਹੋਇ ਦੁਮੁਹੀਂ ਕੁਸੰਗ ਵਿਗੋਵੈ॥ (33-11-3)
ਖਣੁ ਤਤੀ ਆਰਣਿ ਵੜੈ ਖਣੁ ਠੰਢੀ ਜਲੁ ਅੰਦਰਿ ਟੋਵੈ॥ (33-11-4)
ਤੁਮਾ ਦਿਸੈ ਸੋਹਣਾ ਚਿਤ੍ਰਮਿਤਾਲਾ ਵਿਸੁ ਵਿਲੋਵੈ॥ (33-11-5)
ਸਾਉ ਨ ਕਉੜਾ ਸਹਿ ਸਕੈ ਜੀਭੈ ਛਾਲੈ ਅੰਝੂ ਰੋਵੈ॥ (33-11-6)
ਕਲੀ ਕਨੇਰ ਨ ਹਾਰਿ ਪਰੋਵੈ ॥੧੧॥ (33-11-7)

ਦੁਖੀ ਦੁਸਟੁ ਦੁਬਾਜਰਾ ਸੁਤਰ ਮੁਰਗੁ ਹੋਇ ਕੰਮਿ ਨ ਆਵੈ॥ (33-12-1)
ਉਡਨਿ ਉਡੈ ਨ ਲਦੀਐ ਪੁਰਸੁਸ ਹੋਈ ਆਪੁ ਲਖਾਵੈ॥ (33-12-2)
ਹਸਤੀ ਦੰਦ ਵਖਾਣੀਅਨਿ ਹੋਰੁ ਦਿਖਾਲੈ ਹੋਰਤੁ ਖਾਵੈ॥ (33-12-3)
ਬਕਰੀਆਂ ਨੋ ਚਾਰ ਥਣੁ ਦੁਇ ਗਲ ਵਿਚਿ ਦੁਇ ਲੇਵੈ ਲਾਵੈ॥ (33-12-4)
ਇਕਨੀ ਦੁਧੁ ਸਮਾਵਦਾ ਇਕ ਠਗਾਊ ਠਗਿ ਠਗਾਵੈ॥ (33-12-5)
ਮੋਰਾਂ ਅਖੀ ਚਾਰਿ ਚਾਰਿ ਉਇ ਦੇਖਨਿ ਓਨੀ ਦਿਸਿ ਨ ਆਵੈ॥ (33-12-6)
ਦੂਜਾ ਭਾਉ ਕੁਦਾਉ ਹਰਾਵੈ ॥੧੨॥ (33-12-7)

ਦੰਮਲੁ ਵਜੈ ਦੁਹੁ ਧਿਰੀ ਖਾਇ ਤਮਾਚੇ ਬੰਧਨਿ ਜੜਿਆ॥ (33-13-1)
ਵਜਨਿ ਰਾਗ ਰਬਾਬ ਵਿਚਿ ਕੰਨ ਮਰੋੜੀ ਫਿਰਿ ਫੜਿਆ॥ (33-13-2)
ਖਾਨ ਮਜੀਰੇ ਟਕਰਾਂ ਸਿਰਿ ਤਨ ਭੰਨਿ ਮਰਦੇ ਕਰਿ ਧੜਿਆ॥ (33-13-3)
ਖਾਲੀ ਵਜੈ ਵੰਝੁਲੀ ਦੇ ਸੂਲਾਕ ਨ ਅੰਦਰਿ ਵੜਿਆ॥ (33-13-4)
ਸੁਇਨੇ ਕਲਸੁ ਸਵਾਰੀਐ ਭੰਨਾ ਘੜਾ ਨ ਜਾਈ ਘੜਿਆ॥ (33-13-5)
ਦੂਜਾ ਭਾਉ ਸੜਾਣੈ ਸੜਿਆ ॥੧੩॥ (33-13-6)

ਦੁਖੀਆ ਦੁਸਟੁ ਦੁਬਾਜਰਾ ਬਗੁਲ ਸਮਾਧਿ ਰਹੈ ਇਕ ਟੰਗਾ॥ (33-14-1)
ਬਜਰ ਪਾਪ ਨ ਉਤਰਨਿ ਘੁਟਿ ਘੁਟਿ ਜੀਆਂ ਖਾਇ ਵਿਚਿ ਗੰਗਾ॥ (33-14-2)
ਤੀਰਥ ਨਾਵੈ ਤੂੰਬੜੀ ਤਰਿ ਤਰਿ ਤਨੁ ਧੋਵੈ ਕਰਿ ਨੰਗਾ॥ (33-14-3)
ਮਨ ਵਿਚਿ ਵਸੈ ਕਾਲਕੂਟੁ ਭਰਮੁ ਨ ਉਤਰੈ ਕਰਮੁ ਕੁਢੰਗਾ॥ (33-14-4)
ਵਰਮੀ ਮਾਰੀ ਨਾ ਮਰੈ ਬੈਠਾ ਜਾਇ ਪਤਾਲਿ ਭੁਇਅੰਗਾ॥ (33-14-5)
ਹਸਤੀ ਨੀਰਿ ਨਵਾਲੀਐ ਨਿਕਲਿ ਖੇਹ ਉਡਾਏ ਅੰਗਾ॥ (33-14-6)
ਦੂਜਾ ਭਾਉ ਸੁਆਓ ਨ ਚੰਗਾ ॥੧੪॥ (33-14-7)

ਦੂਜਾ ਭਾਉ ਦੁਬਾਜਰਾ ਮਨ ਪਾਟੈ ਖਰਬਾਤੂ ਖੀਰਾ॥ (33-15-1)
ਅਗਹੁ ਮਿਠਾ ਹੋਇ ਮਿਲੈ ਪਿਛਹੁ ਕਉੜਾ ਦੋਖ ਸਰੀਰਾ॥ (33-15-2)
ਜਿਉ ਬਹੁ ਮਿਤਾ ਕਵਲ ਫੁਲੁ ਬਹੁ ਰੰਗੀ ਬੰਨ੍ਹਿ ਪਿੰਡੁ ਅਹੀਰਾ॥ (33-15-3)
ਹਰਿਆ ਤਿਲੁ ਬੂਆੜ ਜਿਉ ਕਲੀ ਕਨੇਰ ਦੁਰੰਗ ਨ ਧੀਰਾ॥ (33-15-4)
ਜੇ ਸਉ ਹਥਾ ਨੜੁ ਵਧੈ ਅੰਦਰੁ ਖਾਲੀ ਵਾਜੁ ਨਫੀਰਾ॥ (33-15-5)
ਚੰਨਣ ਵਾਸ ਨ ਬੋਹੀਅਨਿ ਖਹਿ ਖਹਿ ਵਾਂਸ ਜਲਨਿ ਬੇਪੀਰਾ॥ (33-15-6)

ਜਮ ਦਰ ਚੋਟਾ ਸਹਾ ਵਹੀਰਾ ॥੧੫॥ (33-15-7)

ਦੂਜਾ ਭਾਉ ਦੁਬਾਜਰਾ ਬਧਾ ਕਰੈ ਸਲਾਮੁ ਨ ਭਾਵੈ॥ (33-16-1)
ਢੀਂਗ ਜੁਹਾਰੀ ਢੀਂਗੁਲੀ ਗਲਿ ਬਧੇ ਓਹੁ ਸੀਸੁ ਨਿਵਾਵੈ॥ (33-16-2)
ਗਲਿ ਬਧੈ ਜਿਉ ਨਿਕਲੈ ਖੂਹਹੁ ਪਾਣੀ ਉਪਰਿ ਆਵੈ॥ (33-16-3)
ਬਧਾ ਚਟੀ ਜੋ ਭਰੈ ਨਾ ਗੁਣ ਨਾ ਉਪਕਾਰੁ ਚੜ੍ਹਾਵੈ॥ (33-16-4)
ਨਿਵੈ ਕਮਾਣ ਦੁਬਾਜਰੀ ਜਿਹ ਫੜਿਦੇ ਇਕ ਸੀਸ ਸਹਾਵੈ॥ (33-16-5)
ਨਿਵੈ ਅਹੋੜੀ ਮਿਰਗੁ ਦੇਖਿ ਕਰੈ ਵਿਸਾਹ ਧ੍ਰੋਹੁ ਸਰੁ ਲਾਵੈ॥ (33-16-6)
ਅਪਰਾਧੀ ਅਪਰਾਧੁ ਕਮਾਵੈ ॥੧੬॥ (33-16-7)

ਨਿਵੈ ਨ ਤੀਰ ਦੁਬਾਜਰਾ ਗਾਡੀ ਖੰਭ ਮੁਖੀ ਮੁਹਿ ਲਾਏ॥ (33-17-1)
ਨਿਵੈ ਨ ਨੇਜਾ ਦੁਮੁਹਾ ਰਣ ਵਿਚਿ ਉਚਾ ਆਪੁ ਗਣਾਏ॥ (33-17-2)
ਅਸਟ ਧਾਤੁ ਦਾ ਜਬਰ ਜੰਗੁ ਨਿਵੈ ਨ ਫੁਟੈ ਕੋਟ ਢਹਾਏ॥ (33-17-3)
ਨਿਵੈ ਨ ਖੰਡਾ ਸਾਰ ਦਾ ਹੋਇ ਦੁਧਾਰਾ ਖੂਨ ਕਰਾਏ॥ (33-17-4)
ਨਿਵੈ ਨ ਸੂਲੀ ਘਰੇਣੀ ਕਰਿ ਅਸਵਾਰ ਫਾਹੇ ਦਿਵਾਏ॥ (33-17-5)
ਨਿਵਣਿ ਨ ਸੀਖਾਂ ਸਖਤ ਹੋਇ ਮਾਸੁ ਪਰੋਇ ਕਬਾਬੁ ਭੁਨਾਏ॥ (33-17-6)
ਜਿਉਂ ਕਰਿ ਆਰਾ ਰੁਖੁ ਤਛਾਏ ॥੧੭॥ (33-17-7)

ਅਕੁ ਧਤੂਰਾ ਝਟੂਲਾ ਨੀਵਾ ਹੋਇ ਨ ਦੁਬਿਧਾ ਖੋਈ॥ (33-18-1)
ਫੁਲਿ ਫੁਲਿ ਫੁਲੇ ਦੁਬਾਜਰੇ ਬਿਖੁ ਫਲ ਫਲਿ ਫਲਿ ਮੰਦੀ ਸੋਈ॥ (33-18-2)
ਪੀਐ ਨ ਕੋਈ ਅਕੁ ਦੁਧੁ ਪੀਤੇ ਮਰੀਐ ਦੁਧੁ ਨ ਹੋਈ॥ (33-18-3)
ਖਖੜੀਆਂ ਵਿਚਿ ਬੁਢੀਆਂ ਫਟਿ ਫਟਿ ਛੁਟਿ ਛੁਟਿ ਉਡਨਿ ਓਈ॥ (33-18-4)
ਚਿਤਮਿਤਾਲਾ ਅਕ ਤਿਡੁ ਮਿਲੈ ਦੁਬਾਜਰਿਆਂ ਕਿਉ ਢੋਈ॥ (33-18-5)
ਖਾਇ ਧਤੂਰਾ ਬਰਲੀਐ ਕਖ ਚੁਣਿੰਦਾ ਵਤੈ ਲੋਈ॥ (33-18-6)
ਕਉੜੀ ਰਤਕ ਜੇਲ ਪਰੋਈ ॥੧੮॥ (33-18-7)

ਵਧੈ ਚੀਲ ਉਜਾੜ ਵਿਚਿ ਉਚੈ ਉਪਰਿ ਉਚੀ ਹੋਈ॥ (33-19-1)
ਗੰਢੀ ਜਲਨਿ ਮੁਸਾਹਰੇ ਪੱਤ ਅਪੱਤ ਨ ਛੁਹਦਾ ਕੋਈ॥ (33-19-2)
ਛਾਂਉ ਨ ਬਹਨਿ ਪੰਧਾਣੂਆਂ ਪਵੈ ਪਛਾਵਾਂ ਟਿਬੀਂ ਟੋਈ॥ (33-19-3)
ਫਿੰਡ ਜਿਵੈ ਫਲੁ ਫਾਟੀਅਨਿ ਘੁੰਘਰਿਆਲੇ ਰੁਲਨਿ ਪਲੋਈ॥ (33-19-4)
ਕਾਠੁ ਕੁਕਾਠੁ ਨ ਸਹਿ ਸਕੈ ਪਾਣੀ ਪਵਨੁ ਨ ਧੁਪ ਨ ਲੋਈ॥ (33-19-5)
ਲਗੀ ਮੂਲਿ ਨ ਵਿਝਵੈ ਜਲਦੀ ਹਉਮੈਂ ਅਗਿ ਖੜੋਈ॥ (33-19-6)
ਵਡਿਆਈ ਕਰਿ ਦਈ ਵਿਗੋਈ ॥੧੯॥ (33-19-7)

ਤਿਲੁ ਕਾਲਾ ਫੁਲੁ ਉਜਲਾ ਹਰਿਆ ਬੂਟਾ ਕਿਆ ਨੀਸਾਣੀ॥ (33-20-1)
ਮੁਢਹੁ ਵਢਿ ਬਣਾਈਐ ਸਿਰ ਤਲਵਾਇਆ ਮਝਿ ਬਿਬਾਣੀ॥ (33-20-2)
ਕਰਿ ਕਟਿ ਪਾਈ ਝੰਬੀਐ ਤੇਲੁ ਤਿਲੀਹੁੰ ਪੀੜੇ ਘਾਣੀ॥ (33-20-3)
ਸਣ ਕਪਾਹ ਦੁਇ ਰਾਹ ਕਰਿ ਪਰਉਪਕਾਰ ਵਿਕਾਰ ਵਿਡਾਣੀ॥ (33-20-4)
ਵੇਲਿ ਕਤਾਇ ਵੁਣਾਈਐ ਪੜਦਾ ਕਜਣ ਕਪੜੁ ਪ੍ਰਾਣੀ॥ (33-20-5)
ਖਲ ਕਢਾਇ ਵਟਾਇ ਸਣ ਰਸੇ ਬੰਨ੍ਹਨਿ ਮਨਿ ਸਰਮਾਣੀ॥ (33-20-6)

ਦੁਸਟਾਂ ਦੁਸਟਾਈ ਮਿਹਮਾਣੀ ॥੨੦॥ (33-20-7)

ਕਿਕਰ ਕੰਡੇ ਧਰੇਕ ਫਲ ਫਲੀਂ ਨ ਫਲਿਆ ਨਿਹਫਲ ਦੇਹੀ॥ (33-21-1)
ਰੰਗ ਬਿਰੰਗੀ ਦੁਹਾਂ ਫੁਲ ਦਾਖ ਨ ਗੁਛਾ ਕਪਟ ਸਨੇਹੀ॥ (33-21-2)
ਚਿਤਮਿਤਾਲਾ ਅਰਿੰਡ ਫਲੁ ਥੋਥੀ ਥੋਹਰਿ ਆਸ ਕਿਨੇਹੀ॥ (33-21-3)
ਰਤਾ ਫੁਲ ਨ ਮੁਲੁ ਅਛੁ ਨਿਹਫਲ ਸਿਮਲ ਛਾਂਵ ਜਿਵੇਹੀ॥ (33-21-4)
ਜਿਉ ਨਲੀਏਰ ਕਠੋਰ ਫਲੁ ਮੁਹੁ ਭੰਨੇ ਦੇ ਗਰੀ ਤਿਵੇਹੀ॥ (33-21-5)
ਸੂਤੁ ਕਪੂਤੁ ਸੁਪੂਤੁ ਦੂਤ ਕਾਲੇ ਧਉਲੇ ਤੂਤ ਇਵੇਹੀ॥ (33-21-6)
ਦੂਜਾ ਭਾਉ ਕੁਦਾਉ ਧਰੇਹੀ ॥੨੧॥ (33-21-7)

ਜਿਉ ਮਣਿ ਕਾਲੇ ਸਪਸਿਰਿ ਹਸਿ ਹਸਿ ਰਸਿ ਰਸਿ ਦੇਇ ਨ ਜਾਣੈ॥ (33-22-1)
ਜਾਣੁ ਕਥੂਰੀ ਮਿਰਗ ਤਨਿ ਜੀਵਦਿਆਂ ਕਿਉਂ ਕੋਈ ਆਣੈ॥ (33-22-2)
ਆਰਣਿ ਲੋਹਾ ਤਾਈਐ ਘੜੀਐ ਜਿਉ ਵਗਦੇ ਵਾਦਾਣੈ॥ (33-22-3)
ਸੂਰਣੁ ਮਾਰਣਿ ਸਾਧੀਐ ਖਾਹਿ ਸਲਾਹਿ ਪੁਰਖ ਪਰਵਾਣੈ॥ (33-22-4)
ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗੁ ਸਿਞਾਣੈ॥ (33-22-5)
ਅਉਖਧੁ ਹੋਵੈ ਕਾਲਕੂਟੁ ਮਾਰਿ ਜੀਵਾਲਨਿ ਵੈਦ ਸੁਜਾਣੈ॥ (33-22-6)
ਮਨੁ ਪਾਰਾ ਗੁਰਮੁਖਿ ਵਸਿ ਆਣੈ ॥੨੨॥੩੩॥ (33-22-7)

Vaar 34

ਸਤਿਗੁਰਪ੍ਰਸਾਦਿ॥ (34-1-1)

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥ (34-1-2)
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ॥ (34-1-3)
ਜੇਹਾ ਬੀਜੈ ਸੋ ਲੁਣੈ ਫਲੁ ਕਰਮ ਸਮ੍ਹਾਲਾ॥ (34-1-4)
ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ॥ (34-1-5)
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ॥ (34-1-6)
ਸੇਵਕੁ ਦਰਗਹ ਸੁਰਖਰੂ ਵੇਮੁਖੁ ਮੁਹੁ ਕਾਲਾ ॥੧॥ (34-1-7)

ਜੋ ਗੁਰ ਗੋਪੈ ਆਪਣਾ ਕਿਉ ਸਿਝੈ ਚੇਲਾ॥ (34-2-1)
ਸੰਗਲੁ ਘਤਿ ਚਲਾਈਐ ਜਮ ਪੰਥਿ ਇਕੇਲਾ॥ (34-2-2)
ਲਹੈ ਸਜਾਈਂ ਨਰਕ ਵਿਚਿ ਉਹੁ ਖਰਾ ਦੁਹੇਲਾ॥ (34-2-3)
ਲਖ ਚਉਰਾਸੀਹ ਭਉਦਿਆਂ ਫਿਰਿ ਹੋਇ ਨ ਮੇਲਾ॥ (34-2-4)
ਜਨਮੁ ਪਦਾਰਥੁ ਹਾਰਿਆ ਜਿਉ ਜੂਏ ਖੇਲਾ॥ (34-2-5)
ਹਥ ਮਰੋੜੈ ਸਿਰੁ ਧੁਣੈ ਉਹੁ ਲਹੈ ਨ ਵੇਲਾ ॥੨॥ (34-2-6)

ਆਪਿ ਨ ਵੰਞੈ ਸਾਹੁਰੇ ਸਿਖ ਲੋਕ ਸੁਣਾਵੈ॥ (34-3-1)
ਕੰਤ ਨ ਪੁਛੈ ਵਾਤੜੀ ਸੁਹਾਗੁ ਗਣਾਵੈ॥ (34-3-2)
ਚੂਹਾ ਖਡ ਨ ਮਾਵਈ ਲਕਿ ਛਜੁ ਵਲਾਵੈ॥ (34-3-3)
ਮੰਤੁ ਨ ਹੋਇ ਅਠੂਹਿਆਂ ਹਥੁ ਸਪੀਂ ਪਾਵੈ॥ (34-3-4)
ਸਰੁ ਸੰਨ੍ਹੈ ਆਗਾਸ ਨੋ ਫਿਰਿ ਮਥੈ ਆਵੈ॥ (34-3-5)
ਦੁਹੀ ਸਰਾਈਂ ਜਰਦ ਰੂ ਬੇਮੁਖ ਪਛੁਤਾਵੈ ॥੩॥ (34-3-6)

ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ॥ (34-4-1)
ਕੜਛੀ ਸਾਉ ਨ ਸੰਮਲ੍ਹੈ ਭੋਜਨ ਰਸੁ ਖਾਣੈ॥ (34-4-2)
ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਞਾਣੈ॥ (34-4-3)
ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ॥ (34-4-4)
ਗੁਜਰੁ ਗੋਰਸੁ ਵੇਚਿ ਕੈ ਖਲਿ ਸੂੜੀ ਆਣੈ॥ (34-4-5)
ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ ॥੪॥ (34-4-6)

ਸਾਵਣਿ ਵਣਿ ਹਰੀਆਵਲੇ ਸੁਕੈ ਜਾਵਾਹਾ॥ (34-5-1)
ਸਭ ਕੋ ਸਰਸਾ ਵਰਸਦੈ ਝੂਰੈ ਜੋਲਾਹਾ॥ (34-5-2)
ਸਭਨਾ ਰਾਤਿ ਮਿਲਾਵੜਾ ਚਕਵੀ ਦੋਰਾਹਾ॥ (34-5-3)
ਸੰਖੁ ਸਮੁੰਦਹੁ ਸਖਣਾ ਰੋਵੈ ਦੇ ਧਾਹਾ॥ (34-5-4)
ਰਾਹਹੁ ਉਝੜਿ ਜੋ ਪਵੈ ਮੁਸੈ ਦੇ ਫਾਹਾ॥ (34-5-5)
ਤਿਉਂ ਜਗ ਅੰਦਰਿ ਬੇਮੁਖਾਂ ਨਿਤ ਉਭੇ ਸਾਹਾ ॥੫॥ (34-5-6)

ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ॥ (34-6-1)

ਨਚਣੁ ਨਚਿ ਨ ਜਾਣਈ ਆਖੈ ਭੁਇ ਸਉੜੀ॥ (34-6-2)
ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ॥ (34-6-3)
ਹੰਸਾਂ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ॥ (34-6-4)
ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ॥ (34-6-5)
ਬੇਮੁਖ ਸੁਖੁ ਨ ਦੇਖਈ ਜਿਉ ਛੁਟੜਿ ਛਉੜੀ ॥੬॥ (34-6-6)

ਭੇਡੈ ਪੂਛਲਿ ਲਗਿਆਂ ਕਿਉ ਪਾਰਿ ਲੰਘੀਐ॥ (34-7-1)
ਭੂਤੈ ਕੇਰੀ ਦੋਸਤੀ ਨਿਤ ਸਹਸਾ ਜੀਐ॥ (34-7-2)
ਨਦੀ ਕਿਨਾਰੈ ਰੁਖੜਾ ਵੇਸਾਹੁ ਨ ਕੀਐ॥ (34-7-3)
ਮਿਰਤਕ ਨਾਲਿ ਵੀਆਹੀਐ ਸੋਹਾਗ ਨ ਥੀਐ॥ (34-7-4)
ਵਿਸੁ ਹਲਾਹਲ ਬੀਜਿ ਕੈ ਕਿਉ ਅਮਿਉ ਲਹੀਐ॥ (34-7-5)
ਬੇਮੁਖ ਸੇਤੀ ਪਿਰਹੜੀ ਜਮ ਡੰਡੁ ਸਹੀਐ ॥੭॥ (34-7-6)

ਕੋਰੜੁ ਮੋਠੁ ਨ ਰਿਝਈ ਕਰਿ ਅਗਨੀ ਜੋਸੁ॥ (34-8-1)
ਸਹਸ ਫਲਹੁ ਇਕੁ ਵਿਗੜੈ ਤਰਵਰ ਕੀ ਦੋਸੁ॥ (34-8-2)
ਬਿੈ ਨੀਰੁ ਨ ਠਾਹਰੈ ਘਣਿ ਵਰਸਿ ਗਇਓਸੁ॥ (34-8-3)
ਵਿਣੁ ਸੰਜਮਿ ਰੋਗੀ ਮਰੈ ਚਿਤਿ ਵੈਦ ਨ ਰੋਸੁ॥ (34-8-4)
ਅਵਿਆਵਰ ਨ ਵਿਆਪਈ ਮਸਤਕਿ ਲਿਖਿਓਸੁ॥ (34-8-5)
ਬੇਮੁਖ ਪੜ੍ਹੈ ਨ ਇਲਮ ਜਿਉਂ ਅਵਗੁਣ ਸਭਿਓਸੁ ॥੮॥ (34-8-6)

ਅੰਨ੍ਹੈ ਚੰਦੁ ਨ ਦਿਸਈ ਜਗਿ ਜੋਤਿ ਸਬਾਈ॥ (34-9-1)
ਬੋਲਾ ਰਾਗੁ ਨ ਸਮਝਈ ਕਿਹੁ ਘਟਿ ਨ ਜਾਹੀ॥ (34-9-2)
ਵਾਸੁ ਨ ਆਵੈ ਗੁਣਗੁਣੈ ਪਰਮਲੁ ਮਹਿਕਾਈ॥ (34-9-3)
ਗੁੰਗੈ ਜੀਵ ਨ ਉਘੜੈ ਸਭਿ ਸਬਦਿ ਸੁਹਾਈ॥ (34-9-4)
ਸਤਿਗੁਰ ਸਾਗਰੁ ਸੇਵਿ ਕੈ ਨਿਧਿ ਸਭਨਾਂ ਪਾਈ॥ (34-9-5)
ਬੇਮੁਖ ਹੱਥ ਘਘੂਟਿਆਂ ਤਿਸੁ ਦੋਸਿ ਕਮਾਈ ॥੯॥ (34-9-6)

ਰਤਨ ਉਪੰਨੈ ਸਾਇਰਹੁੰ ਭੀ ਪਾਣੀ ਖਾਰਾ॥ (34-10-1)
ਸੁਝਹੁ ਸੁਝਨਿ ਤਿਨੁ ਲੋਅ ਅਉਲੰਗੁ ਵਿਚਿਕਾਰਾ॥ (34-10-2)
ਧਰਤੀ ਉਪਜੈ ਅੰਨੁ ਧੰਨੁ ਵਿਚਿ ਕਲਰੁ ਭਾਰਾ॥ (34-10-3)
ਈਸਰੁ ਤੁਸੈ ਹੋਰਨਾ ਘਰਿ ਖਪਰੁ ਛਾਰਾ॥ (34-10-4)
ਜਿਉਂ ਹਣਵੰਤਿ ਕਛੋਟੜਾ ਕਿਆ ਕਰੈ ਵਿਚਾਰਾ॥ (34-10-5)
ਬੇਮੁਖ ਮਸਤਕਿ ਲਿਖਿਆ ਕਉਣੁ ਮੇਟਣਹਾਰਾ ॥੧੦॥ (34-10-6)

ਗਾਈਂ ਘਰਿ ਗੋਸਾਂਈਆਂ ਮਾਧਾਣੁ ਘੜਾਏ॥ (34-11-1)
ਘੋੜੇ ਸੁਣਿ ਸਉਦਾਗਰਾਂ ਚਾਬਕ ਮੁਲਿ ਆਏ॥ (34-11-2)
ਦੇਖਿ ਪਰਾਏ ਭਾਜਵਾੜ ਘਰਿ ਗਾਹੁ ਘਤਾਏ॥ (34-11-3)
ਸੁਇਨਾ ਹਟਿ ਸਰਾਫ ਦੇ ਸੁਨਿਆਰ ਸਦਾਏ॥ (34-11-4)
ਅੰਦਰਿ ਢੋਈ ਨ ਲਹੈ ਬਾਹਰਿ ਬਾਫਾਏ॥ (34-11-5)
ਬੇਮੁਖ ਬਦਲ ਚਾਲ ਹੈ ਕੂੜੋ ਆਲਾਏ ॥੧੧॥ (34-11-6)

ਮਖਣੁ ਲਇਆ ਵਿਰੋਲਿ ਕੈ ਛਾਹਿ ਛੁਟੜਿ ਹੋਈ॥ (34-12-1)
ਪੀੜ ਲਈ ਰਸ ਗੰਨਿਅਹੁ ਛਿਲੁ ਛੁਹੈ ਨ ਕੋਈ॥ (34-12-2)
ਰੰਗੁ ਮਜੀਠਹੁ ਨਿਕਲੈ ਅਢੁ ਲਹੈ ਨ ਸੋਈ॥ (34-12-3)
ਵਾਸੁ ਲਈ ਫੁਲਵਾੜੀਅਹੁ ਫਿਰਿ ਮਿਲੈ ਨ ਢੋਈ॥ (34-12-4)
ਕਾਇਆ ਹੰਸੁ ਵਿਛੁੰਨਿਆ ਤਿਸੁ ਕੋ ਨ ਸਥੋਈ॥ (34-12-5)
ਬੇਮੁਖ ਸੁਕੇ ਰੁਖ ਜਿਉਂ ਵੇਖੈ ਸਭ ਲੋਈ ॥੧੨॥ (34-12-6)

ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ॥ (34-13-1)
ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ॥ (34-13-2)
ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ॥ (34-13-3)
ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ॥ (34-13-4)
ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ॥ (34-13-5)
ਬੇਮੁਖੁ ਲੋਹਾ ਸਾਧੀਐ ਵਗਦੀ ਵਾਦਾਣੀ ॥੧੩॥ (34-13-6)

ਮਹੁਰਾ ਮਿਠਾ ਆਖੀਐ ਰੁਠੀ ਨੋ ਤੁਠੀ॥ (34-14-1)
ਬੁਝਿਆ ਵਡਾ ਵਖਾਣੀਐ ਸਵਾਰੀ ਕੁਠੀ॥ (34-14-2)
ਜਲਿਆ ਠੰਢਾ ਗਈ ਨੋ ਆਈ ਤੇ ਉਠੀ॥ (34-14-3)
ਅਹਮਕੁ ਭੋਲਾ ਆਖੀਐ ਸਭ ਗਲਿ ਅਪੁਠੀ॥ (34-14-4)
ਉਜੜੁ ਤ੍ਰਟੀ ਬੇਮੁਖਾਂ ਤਿਸੁ ਆਖਨਿ ਵੁਠੀ॥ (34-14-5)
ਚੋਰੈ ਸੰਦੀ ਮਾਉਂ ਜਿਉਂ ਲੁਕਿ ਰੋਵੈ ਮੁਠੀ ॥੧੪॥ (34-14-6)

ਵੜੀਐ ਕਜਲ ਕੋਠੜੀ ਮੁਹੁ ਕਾਲਖ ਭਰੀਐ॥ (34-15-1)
ਕਲਰਿ ਖੇਤੀ ਬੀਜੀਐ ਕਿਹੁ ਕਾਜੁ ਨ ਸਰੀਐ॥ (34-15-2)
ਟੁਟੀ ਪੀਂਘੈ ਪੀਂਘੀਐ ਪੈ ਟੋਏ ਮਰੀਐ॥ (34-15-3)
ਕੰਨਾ ਫੜਿ ਮਨਤਾਰੂਆਂ ਕਿਉ ਦੁਤਰੁ ਤਰੀਐ॥ (34-15-4)
ਅਗਿ ਲਾਇ ਮੰਦਰਿ ਸਵੈ ਤਿਸੁ ਨਾਲਿ ਨ ਫਰੀਐ॥ (34-15-5)
ਤਿਉਂ ਠਗ ਸੰਗਤਿ ਬੇਮੁਖਾਂ ਜੀਅ ਜੋਖਹੁ ਡਰੀਐ ॥੧੫॥ (34-15-6)

ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ॥ (34-16-1)
ਮਦੁ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ॥ (34-16-2)
ਮੁਹਨਿ ਪਰਾਈ ਲਖਿਮੀ ਠਗ ਚੋਰ ਚਗਾਰੇ॥ (34-16-3)
ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ॥ (34-16-4)
ਲਖ ਕਰੋੜੀ ਜੋੜੀਅਨਿ ਅਣਗਣਤ ਅਪਾਰੇ॥ (34-16-5)
ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ ॥੧੬॥ (34-16-6)

ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ॥ (34-17-1)
ਮਥੁਰਾ ਮਾਇਆ ਅਯੁਧਿਆ ਕਾਸੀ ਕੇਦਾਰੇ॥ (34-17-2)
ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ॥ (34-17-3)
ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ॥ (34-17-4)

ਅਖੀ ਪਰਣੈ ਜੇ ਭਵੈ ਤਿਹੁ ਲੋਅ ਮਝਾਰੇ॥ (34-17-5)
ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ॥੧੭॥ (34-17-6)

ਕੋਟੀਂ ਸਾਦੀਂ ਕੇਤੜੇ ਜੰਗਲ ਭੂਪਾਲਾ॥ (34-18-1)
ਥਲੀਂ ਵਰੋਲੇ ਕੇਤੜੇ ਪਰਬਤ ਬੇਤਾਲਾ॥ (34-18-2)
ਨਦੀਆਂ ਨਾਲੇ ਕੇਤੜੇ ਸਰਵਰ ਅਸਰਾਲਾ॥ (34-18-3)
ਅੰਬਰਿ ਤਾਰੇ ਕੇਤੜੇ ਬਿਸੀਅਰੁ ਪਾਤਾਲਾ॥ (34-18-4)
ਭੰਭਲ ਭੂਸੇ ਭੁਲਿਆਂ ਭਵਜਲ ਭਰਨਾਲਾ॥ (34-18-5)
ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ ॥੧੮॥ (34-18-6)

ਬਹੁਤੀਂ ਘਰੀਂ ਪਰਾਹੁਣਾ ਜਿਉ ਰਹੰਦਾ ਭੁਖਾ॥ (34-19-1)
ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ॥ (34-19-2)
ਬਹਲੀ ਡੂਮੀ ਢਢਿ ਜਿਉ ਓਹੁ ਕਿਸੈ ਨ ਧੁਖਾ॥ (34-19-3)
ਵਣਿ ਵਣਿ ਕਾਉਂ ਨ ਸੋਹਈ ਕਿਉਂ ਮਾਣੈ ਸੁਖਾ॥ (34-19-4)
ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ॥ (34-19-5)
ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ ॥੧੯॥ (34-19-6)

ਵਾਇ ਸੁਣਾਏ ਛਾਣਨੀ ਤਿਸੁ ਉਠ ਉਠਾਲੇ॥ (34-20-1)
ਤਾੜੀ ਮਾਰਿ ਡਰਾਇੰਦਾ ਮੈਂਗਲ ਮਤਵਾਲੇ॥ (34-20-2)
ਬਾਸਕਿ ਨਾਗੈ ਸਾਮ੍ਹਣਾ ਜਿਉਂ ਦੀਵਾ ਬਾਲੇ॥ (34-20-3)
ਸੀਹੁੰ ਸਰਜੈ ਸਹਾ ਜਿਉਂ ਅਖੀਂ ਵੇਖਾਲੇ॥ (34-20-4)
ਸਾਇਰ ਲਹਰਿ ਨ ਪੁਜਨੀ ਪਾਣੀ ਪਰਨਾਲੇ॥ (34-20-5)
ਅਣਹੋਂਦਾ ਆਪੁ ਗਣਾਇੰਦੇ ਬੇਮੁਖ ਬੇਤਾਲੇ ॥੨੦॥ (34-20-6)

ਨਾਰਿ ਭਤਾਰਹੁ ਬਾਹਰੀ ਸੁਖਿ ਸੇਜ ਨ ਚੜੀਐ॥ (34-21-1)
ਪੁਤੁ ਨ ਮੰਨੈ ਮਾਪਿਆਂ ਕਮਜਾਤੀਂ ਵੜੀਐ॥ (34-21-2)
ਵਣਜਾਰਾ ਸਾਹਹੁਂ ਫਿਰੈ ਵੇਸਾਹੁ ਨ ਜੜੀਐ॥ (34-21-3)
ਸਾਹਿਬੁ ਸਉਹੈਂ ਆਪਣੇ ਹਥਿਆਰੁ ਨ ਫੜੀਐ॥ (34-21-4)
ਕੂੜੁ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ॥ (34-21-5)
ਮੁੰਦ੍ਰਾਂ ਕੰਨਿ ਜਿਨਾੜੀਆਂ ਤਿਨ ਨਾਲਿ ਨ ਅੜੀਐ ॥੨੧॥੩੪॥ (34-21-6)

Vaar 35

ਸਤਿਗੁਰਪ੍ਰਸਾਦਿ॥ (35-1-1)

ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ॥ (35-1-2)
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ॥ (35-1-3)
ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ॥ (35-1-4)
ਚੋਆ ਚੰਦਨੁ ਪਰਹਰੈ ਖਰੁ ਖੇਹ ਪਲਟੈ॥ (35-1-5)
ਤਿਉ ਨਿੰਦਕ ਪਰ ਨਿੰਦਹੁ ਹਥਿ ਮੂਲਿ ਨ ਹਟੈ॥ (35-1-6)
ਆਪਣ ਹਥੀਂ ਆਪਣੀ ਜੜ ਆਪਿ ਉਪਟੈ ॥੧॥ (35-1-7)

ਕਾਉਂ ਕਪੂਰ ਨ ਚਖਈ ਦੁਰਗੰਧਿ ਸੁਖਾਵੈ॥ (35-2-1)
ਹਾਥੀ ਨੀਰਿ ਨ੍ਵਾਲੀਐ ਸਿਰਿ ਛਾਰੁ ਉਡਾਵੈ॥ (35-2-2)
ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ॥ (35-2-3)
ਸਿਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ॥ (35-2-4)
ਨਿੰਦਕੁ ਨਾਮ ਵਿਹੂਣਿਆ ਸਤਿਸੰਗ ਨ ਭਾਵੈ॥ (35-2-5)
ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ ॥੨॥ (35-2-6)

ਲਸਣੁ ਲੁਕਾਇਆ ਨ ਲੁਕੈ ਬਹਿ ਖਾਜੈ ਕੂਣੈ॥ (35-3-1)
ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ॥ (35-3-2)
ਡੇਮੂ ਖਖਰ ਜੋ ਛੁਹੈ ਦਿਸੈ ਮੁਹਿ ਸੂਣੈ॥ (35-3-3)
ਕਿਤੈ ਕੰਮਿ ਨ ਆਵਈ ਲਾਵਣੁ ਬਿਨੁ ਲੂਣੈ॥ (35-3-4)
ਨਿੰਦਕਿ ਨਾਮ ਵਿਸਾਰਿਆ ਗੁਰ ਗਿਆਨ ਵਿਹੂਣੈ॥ (35-3-5)
ਹਲਤਿ ਪਲਤਿ ਸੁਖੁ ਨਾ ਲਹੈ ਦੁਖੀਆ ਸਿਰੁ ਝੂਣੈ ॥੩॥ (35-3-6)

ਡਾਇਣੁ ਮਾਣਸ ਖਾਵਣੀ ਪੁਤੁ ਬੁਰਾ ਨ ਮੰਗੈ॥ (35-4-1)
ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ॥ (35-4-2)
ਰਾਜੇ ਧ੍ਰੋਹੁ ਕਮਾਂਵਦੇ ਰੈਬਾਰ ਸੁਰੰਗੇ॥ (35-4-3)
ਬਜਰ ਪਾਪ ਨ ਉਤਰਨਿ ਜਾਇ ਕੀਚਨਿ ਗੰਗੈ॥ (35-4-4)
ਥਰਹਰ ਕੰਬੈ ਨਰਕੁ ਜਮੁ ਸੁਣਿ ਨਿੰਦਕ ਨੰਗੈ॥ (35-4-5)
ਨਿੰਦਾ ਭਲੀ ਨ ਕਿਸੈ ਦੀ ਗੁਰ ਨਿੰਦ ਕੁਢੰਗੈ ॥੪॥ (35-4-6)

ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵਟੈ॥ (35-5-1)
ਲੰਕ ਲੁਟਾਈ ਰਾਵਣੈ ਮਸਤਕਿ ਦਸ ਕਟੈ॥ (35-5-2)
ਕੰਸੁ ਗਇਆ ਸਣ ਲਸਕਰੈ ਸਭ ਦੈਤ ਸੰਘਟੈ॥ (35-5-3)
ਵੰਸੁ ਗਵਾਇਆ ਕੈਰਵਾਂ ਖੂਹਣਿ ਲਖ ਫਟੈ॥ (35-5-4)
ਦੰਤ ਬਕਤ੍ਰ ਸਿਸਪਾਲ ਦੇ ਦੰਦ ਹੋਏ ਖਟੈ॥ (35-5-5)
ਨਿੰਦਾ ਕੋਇ ਨ ਸਿਝਿਓ ਇਉ ਵੇਦ ਉਘਟੈ॥ (35-5-6)
ਦੁਰਬਾਸੇ ਨੇ ਸਰਾਪ ਦੇ ਯਾਦਵ ਸਭ ਤਟੈ ॥੫॥ (35-5-7)

ਸਭਨਾਂ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ॥ (35-6-1)
ਕੰਨਿ ਤਨਉੜੇ ਕਾਮਣੀ ਬੂੜੀ ਬਰਿੜਾਵੈ॥ (35-6-2)
ਨਥਾਂ ਨਕਿ ਨਵੇਲੀਆਂ ਨਕਟੀ ਨ ਸੁਖਾਵੈ॥ (35-6-3)
ਕਜਲ ਅਖੀਂ ਹਰਣਾਖੀਆਂ ਕਾਣੀ ਕੁਰਲਾਵੈ॥ (35-6-4)
ਸਭਨਾਂ ਚਾਲ ਸੁਹਾਵਣੀ ਲੰਗੜੀ ਲੰਗੜਾਵੈ॥ (35-6-5)
ਗਣਤ ਗਣੈ ਗੁਦੇਵ ਦੀ ਤਿਸੁ ਦੁਖਿ ਵਿਹਾਵੈ ॥੬॥ (35-6-6)

ਅਪਤੁ ਕਰੀਰ ਨ ਮਉਲੀਐ ਦੇ ਦੋਸ ਬਸੰਤੈ॥ (35-7-1)
ਸੰਢਿ ਸਪੁਤੀ ਨ ਥੀਐ ਕਣਤਾਵੈ ਕੰਤੈ॥ (35-7-2)
ਕਲਰਿ ਖੇਤੁ ਨ ਜੰਮਈ ਘਨਹਰੁ ਵਰਸੰਤੈ॥ (35-7-3)
ਪੰਗਾ ਪਿਛੈ ਚੰਗਿਆਂ ਅਵਗੁਣ ਗੁਣਵੰਤੈ॥ (35-7-4)
ਸਾਇਰੁ ਵਿਚਿ ਘੰਘੂਟਿਆਂ ਬਹੁ ਰਤਨ ਅਨੰਤੈ॥ (35-7-5)
ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੈ ॥੭॥ (35-7-6)

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ॥ (35-8-1)
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ॥ (35-8-2)
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ॥ (35-8-3)
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ॥ (35-8-4)
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ॥ (35-8-5)
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥੮॥ (35-8-6)

ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ॥ (35-9-1)
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ॥ (35-9-2)
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ॥ (35-9-3)
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ॥ (35-9-4)
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ॥ (35-9-5)
ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ ॥੯॥ (35-9-6)

ਚੋਰੁ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ॥ (35-10-1)
ਕੁਛਾ ਕੂਣੈ ਭਾਲਦਾ ਚਉਬਾਰੇ ਚੜ੍ਹਿਆ॥ (35-10-2)
ਸੁਇਨਾ ਰੁਪਾ ਪੰਡ ਬੰਨ੍ਹਿ ਅਗਲਾਈ ਅੜਿਆ॥ (35-10-3)
ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ॥ (35-10-4)
ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ॥ (35-10-5)
ਲੂਣ ਹਰਾਮੀ ਗੁਨਹਗਾਰੁ ਧੜੁ ਧੰਮੜ ਧੜਿਆ ॥੧੦॥ (35-10-6)

ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ॥ (35-11-1)
ਲੂਣ ਖਾਇ ਕਰਿ ਚਾਕਰੀ ਰਣਿ ਟੁਕ ਟੁਕ ਹੋਵੈ॥ (35-11-2)
ਲੂਣ ਖਾਇ ਧੀ ਪੁਤੁ ਹੋਇ ਸਭ ਲਜਾ ਧੋਵੈ॥ (35-11-3)
ਲੂਣੁ ਵਣੋਟਾ ਖਾਇ ਕੈ ਹਥ ਜੋੜਿ ਖੜੋਵੈ॥ (35-11-4)
ਵਾਟ ਵਟਾਊ ਲੂਣੁ ਖਾਇ ਗੁਣੁ ਕੰਠਿ ਪਰੋਵੈ॥ (35-11-5)

ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ ॥੧੧॥ (35-11-6)

ਜਿਉ ਮਿਰਯਾਦਾ ਹਿੰਦੂਆ ਗਊ ਮਾਸੁ ਅਖਾਜੁ॥ (35-12-1)
ਮੁਸਲਮਾਣਾਂ ਸੂਅਰਹੁ ਸਉਗੰਦ ਵਿਆਜੁ॥ (35-12-2)
ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ॥ (35-12-3)
ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ॥ (35-12-4)
ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ॥ (35-12-5)
ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂਪਾਜੁ ॥੧੨॥ (35-12-6)

ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ॥ (35-13-1)
ਸੋਇਨੇ ਨੋ ਹਥੁ ਪਾਇਦਾ ਹੁਇ ਵੰਞੈ ਖਾਕੁ॥ (35-13-2)
ਇਠ ਮਿਤ ਪੁਤ ਭਾਇਰਾ ਵਿਹਰਨਿ ਸਭ ਸਾਕੁ॥ (35-13-3)
ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ ਨਾਪਾਕੁ॥ (35-13-4)
ਵਤੈ ਮੁਤੜਿ ਰੰਨ ਜਿਉ ਦਰਿ ਮਿਲੈ ਤਲਾਕੁ॥ (35-13-5)
ਦੁਖੁ ਭੁਖੁ ਦਾਲਿਦ ਘਣਾ ਦੋਜਕ ਅਉਤਾਕੁ ॥੧੩॥ (35-13-6)

ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ॥ (35-14-1)
ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ॥ (35-14-2)
ਬੂਰੁ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ॥ (35-14-3)
ਜਿਉ ਉਦਮਾਦੀ ਅਤੀਸਾਰੁ ਖਈ ਰੋਗੁ ਮਨੁਖੈ॥ (35-14-4)
ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ॥ (35-14-5)
ਤਿਉ ਅਜਰੁ ਝਾਕ ਭੰਡਾਰ ਦੀ ਵਿਆਪੈ ਵੇਮੁਖੈ ॥੧੪॥ (35-14-6)

ਅਉਚਰੁ ਝਾਕ ਭੰਡਾਰ ਦੀ ਚੁਖੁ ਲਗੈ ਚਖੀ॥ (35-15-1)
ਹੋਇ ਦੁਕੁਧਾ ਨਿਕਲੈ ਭੋਜਨੁ ਮਿਲਿ ਮਖੀ॥ (35-15-2)
ਰਾਤਿ ਸੁਖਾਲਾ ਕਿਉ ਸਵੈ ਤਿਣੁ ਅੰਦਰਿ ਅਖੀ॥ (35-15-3)
ਕਖਾ ਦਬੀ ਅਗਿ ਜਿਉ ਓਹੁ ਰਹੈ ਨ ਰਖੀ॥ (35-15-4)
ਝਾਕ ਝਕਾਈਐ ਝਾਕਵਾਲੁ ਕਰਿ ਭਖ ਅਭਖੀ॥ (35-15-5)
ਗੁਰ ਪਰਸਾਦੀ ਉਬਰੇ ਗੁਰ ਸਿਖਾਂ ਲਖੀ ॥੧੫॥ (35-15-6)

ਜਿਉ ਘੁਣ ਖਾਧੀ ਲਕੜੀ ਵਿਣੁ ਤਾਣਿ ਨਿਤਾਣੀ॥ (35-16-1)
ਜਾਣ ਡਰਾਵਾ ਖੇਤ ਵਿਚਿ ਨਿਰਜੀਤੁ ਪਰਾਣੀ॥ (35-16-2)
ਜਿਉ ਧੂਅਰੁ ਝੜੁਵਾਲ ਦੀ ਕਿਉ ਵਰਸੈ ਪਾਣੀ॥ (35-16-3)
ਜਿਉ ਥਣ ਗਲ ਵਿਚਿ ਬਕਰੀ ਦੁਹਿ ਦੁਧੁ ਨ ਆਣੀ॥ (35-16-4)
ਝਾਕੇ ਅੰਦਰਿ ਝਾਕਵਾਲੁ ਤਿਸ ਕਿਆ ਨੀਸਾਣੀ॥ (35-16-5)
ਜਿਉ ਚਮੁ ਚਟੈ ਗਾਇ ਮਹਿ ਉਹ ਭਰਮਿ ਭੁਲਾਣੀ ॥੧੬॥ (35-16-6)

ਗੁਛਾ ਹੋਇ ਧ੍ਰਿਕਾਨੂਆ ਕਿਉ ਵੜੀਐ ਦਾਖੈ॥ (35-17-1)
ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ॥ (35-17-2)
ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ॥ (35-17-3)

ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ॥ (35-17-4)
ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ॥ (35-17-5)
ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ ॥੧੭॥ (35-17-6)

ਸਾਵੇ ਪੀਲੇ ਪਾਨ ਹਹਿ ਓਇ ਵੇਲਹੁ ਤੁਟੇ॥ (35-18-1)
ਚਿਤਮਿਤਾਲੇ ਫੋਫਲੇ ਫਲ ਬਿਰਖਹੁਂ ਛੁਟੇ॥ (35-18-2)
ਕਥ ਹਰੇਹੀ ਭੂਸਲੀ ਦੇ ਚਾਵਲ ਚੁਟੇ॥ (35-18-3)
ਚੂਨਾ ਦਿਸੈ ਉਜਲਾ ਦਹਿ ਪਥਰੁ ਕੁਟੇ॥ (35-18-4)
ਆਪੁ ਗਵਾਇ ਸਮਾਇ ਮਿਲਿ ਰੰਗੁਚੀਚ ਵਹੁਟੇ॥ (35-18-5)
ਤਿਉ ਚਹੁ ਵਰਨਾ ਵਿਚਿ ਸਾਧ ਹਨਿ ਗੁਰਮੁਖਿ ਮੁਹ ਜੁਟੇ॥੧੮॥ (35-18-6)

ਚਾਕਰ ਸਭ ਸਦਾਇੰਦੇ ਸਾਹਿਬ ਦਰਬਾਰੇ॥ (35-19-1)
ਨਿਵਿ ਨਿਵਿ ਕਰਨਿ ਜੁਹਾਰੀਆ ਸਭ ਸੈ ਹਥੀਆਰੇ॥ (35-19-2)
ਮਜਲਸ ਬਹਿ ਬਫਾਇੰਦੇ ਬੋਲ ਬੋਲਨਿ ਭਾਰੇ॥ (35-19-3)
ਗਲੀਏ ਤੁਰੇ ਨਚਾਇੰਦੇ ਗਜਗਾਹ ਸਵਾਰੇ॥ (35-19-4)
ਰਣ ਵਿਚਿ ਪਇਆਂ ਜਾਣੀਅਨਿ ਜੋਧ ਭਜਣਹਾਰੇ॥ (35-19-5)
ਤਿਉ ਸਾਂਗਿ ਸਿਞਾਪਨਿ ਸਨਮੁਖਾਂ ਬੇਮੁਖ ਹਤਿਆਰੇ ॥੧੯॥ (35-19-6)

ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ॥ (35-20-1)
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ॥ (35-20-2)
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ॥ (35-20-3)
ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ॥ (35-20-4)
ਜੇ ਮਦੁ ਪੀਤਾ ਬਾਮਣੀ ਲੋਇ ਲੁਝਣਿ ਸਾਰੇ॥ (35-20-5)
ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥੨੦॥ (35-20-6)

ਧਰਤੀ ਉਪਰਿ ਕੋਟ ਗੜ ਭੁਇਚਾਲ ਕਮੰਦੇ॥ (35-21-1)
ਝਖੜਿ ਆਏ ਤਰੁਵਰਾ ਸਰਬਤ ਹਲੰਦੇ॥ (35-21-2)
ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ॥ (35-21-3)
ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ॥ (35-21-4)
ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ॥ (35-21-5)
ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ ॥੨੧॥ (35-21-6)

ਜੇ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ॥ (35-22-1)
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ॥ (35-22-2)
ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ॥ (35-22-3)
ਆਗੂ ਲੈ ਉਝੜਿ ਪਵੇ ਕਿਸੁ ਕਰੈ ਪੁਕਾਰਾ॥ (35-22-4)
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ॥ (35-22-5)
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ ॥੨੨॥ (35-22-6)

ਜਲ ਵਿਚਿ ਕਾਗਦ ਲੂਣ ਜਿਉ ਘਿਅ ਚੋਪੜਿ ਪਾਏ॥ (35-23-1)

ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ॥ (35-23-2)
ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ॥ (35-23-3)
ਮੁਹ ਵਿਚਿ ਗਰੜ ਦੁਗਾਰ ਪਾਇ ਜਿਉ ਸਪੁ ਲੜਾਏ॥ (35-23-4)
ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ॥ (35-23-5)
ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ ॥੨੩॥੩੫॥ (35-23-6)

Vaar 36

ਸਤਿਗੁਰਪ੍ਰਸਾਦਿ॥ (36-1-1)

ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ॥ (36-1-2)
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ॥ (36-1-3)
ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ॥ (36-1-4)
ਚੋਆ ਚੰਦਨੁ ਪਰਹਰੈ ਖਰੁ ਖੇਹ ਪਲਟੈ॥ (36-1-5)
ਤਿਉ ਨਿੰਦਕ ਪਰ ਨਿੰਦਹੁ ਹਥਿ ਮੂਲਿ ਨ ਹਟੈ॥ (36-1-6)
ਆਪਣ ਹਥੀਂ ਆਪਣੀ ਜੜ ਆਪਿ ਉਪਟੈ ॥੧॥ (36-1-7)

ਕਾਉਂ ਕਪੂਰ ਨ ਚਖਈ ਦੁਰਗੰਧਿ ਸੁਖਾਵੈ॥ (36-2-1)
ਹਾਥੀ ਨੀਰਿ ਨ੍ਵਾਲੀਐ ਸਿਰਿ ਛਾਰੁ ਉਡਾਵੈ॥ (36-2-2)
ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ॥ (36-2-3)
ਸਿਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ॥ (36-2-4)
ਨਿੰਦਕੁ ਨਾਮ ਵਿਹੂਣਿਆ ਸਤਿਸੰਗ ਨ ਭਾਵੈ॥ (36-2-5)
ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ ॥੨॥ (36-2-6)

ਲਸਣੁ ਲੁਕਾਇਆ ਨ ਲੁਕੈ ਬਹਿ ਖਾਜੈ ਕੂਣੈ॥ (36-3-1)
ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ॥ (36-3-2)
ਡੇਮੂ ਖਖਰ ਜੋ ਛੁਹੈ ਦਿਸੈ ਮੁਹਿ ਸੂਣੈ॥ (36-3-3)
ਕਿਤੈ ਕੰਮਿ ਨ ਆਵਈ ਲਾਵਣੁ ਬਿਨੁ ਲੂਣੈ॥ (36-3-4)
ਨਿੰਦਕਿ ਨਾਮ ਵਿਸਾਰਿਆ ਗੁਰ ਗਿਆਨ ਵਿਹੂਣੈ॥ (36-3-5)
ਹਲਤਿ ਪਲਤਿ ਸੁਖੁ ਨਾ ਲਹੈ ਦੁਖੀਆ ਸਿਰੁ ਝੂਣੈ ॥੩॥ (36-3-6)

ਡਾਇਣੁ ਮਾਣਸ ਖਾਵਣੀ ਪੁਤੁ ਬੁਰਾ ਨ ਮੰਗੈ॥ (36-4-1)
ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ॥ (36-4-2)
ਰਾਜੇ ਧ੍ਰੋਹੁ ਕਮਾਂਵਦੇ ਰੈਬਾਰ ਸੁਰੰਗੇ॥ (36-4-3)
ਬਜਰ ਪਾਪ ਨ ਉਤਰਨਿ ਜਾਇ ਕੀਚਨਿ ਗੰਗੈ॥ (36-4-4)
ਥਰਹਰ ਕੰਬੈ ਨਰਕੁ ਜਮੁ ਸੁਣਿ ਨਿੰਦਕ ਨੰਗੈ॥ (36-4-5)
ਨਿੰਦਾ ਭਲੀ ਨ ਕਿਸੈ ਦੀ ਗੁਰ ਨਿੰਦ ਕੁਢੰਗੈ ॥੪॥ (36-4-6)

ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵਟੈ॥ (36-5-1)
ਲੰਕ ਲੁਟਾਈ ਰਾਵਣੈ ਮਸਤਕਿ ਦਸ ਕਟੈ॥ (36-5-2)
ਕੰਸੁ ਗਇਆ ਸਣ ਲਸਕਰੈ ਸਭ ਦੈਤ ਸੰਘਟੈ॥ (36-5-3)
ਵੰਸੁ ਗਵਾਇਆ ਕੈਰਵਾਂ ਖੂਹਣਿ ਲਖ ਫਟੈ॥ (36-5-4)
ਦੰਤ ਬਕਤ੍ਰ ਸਿਸਪਾਲ ਦੇ ਦੰਦ ਹੋਏ ਖਟੈ॥ (36-5-5)
ਨਿੰਦਾ ਕੋਇ ਨ ਸਿਝਿਓ ਇਉ ਵੇਦ ਉਘਟੈ॥ (36-5-6)
ਦੁਰਬਾਸੇ ਨੇ ਸਰਾਪ ਦੇ ਯਾਦਵ ਸਭ ਤਟੈ ॥੫॥ (36-5-7)

ਸਭਨਾਂ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ॥ (36-6-1)
ਕੰਨਿ ਤਨਉੜੇ ਕਾਮਣੀ ਬੂੜੀ ਬਰਿੜਾਵੈ॥ (36-6-2)
ਨਥਾਂ ਨਕਿ ਨਵੇਲੀਆਂ ਨਕਟੀ ਨ ਸੁਖਾਵੈ॥ (36-6-3)
ਕਜਲ ਅਖੀਂ ਹਰਣਾਖੀਆਂ ਕਾਣੀ ਕੁਰਲਾਵੈ॥ (36-6-4)
ਸਭਨਾਂ ਚਾਲ ਸੁਹਾਵਣੀ ਲੰਗੜੀ ਲੰਗੜਾਵੈ॥ (36-6-5)
ਗਣਤ ਗਣੈ ਗੁਦੇਵ ਦੀ ਤਿਸੁ ਦੁਖਿ ਵਿਹਾਵੈ ॥੬॥ (36-6-6)

ਅਪਤੁ ਕਰੀਰ ਨ ਮਉਲੀਐ ਦੇ ਦੋਸ ਬਸੰਤੈ॥ (36-7-1)
ਸੰਢਿ ਸਪੁਤੀ ਨ ਥੀਐ ਕਣਤਾਵੈ ਕੰਤੈ॥ (36-7-2)
ਕਲਰਿ ਖੇਤੁ ਨ ਜੰਮਈ ਘਨਹਰੁ ਵਰਸੰਤੈ॥ (36-7-3)
ਪੰਗਾ ਪਿਛੈ ਚੰਗਿਆਂ ਅਵਗੁਣ ਗੁਣਵੰਤੈ॥ (36-7-4)
ਸਾਇਰੁ ਵਿਚਿ ਘੰਘੂਟਿਆਂ ਬਹੁ ਰਤਨ ਅਨੰਤੈ॥ (36-7-5)
ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੈ ॥੭॥ (36-7-6)

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ॥ (36-8-1)
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ॥ (36-8-2)
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ॥ (36-8-3)
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ॥ (36-8-4)
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ॥ (36-8-5)
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥੮॥ (36-8-6)

ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ॥ (36-9-1)
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ॥ (36-9-2)
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ॥ (36-9-3)
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ॥ (36-9-4)
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ॥ (36-9-5)
ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ ॥੯॥ (36-9-6)

ਚੋਰੁ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ॥ (36-10-1)
ਕੁਛਾ ਕੂਣੈ ਭਾਲਦਾ ਚਉਬਾਰੇ ਚੜ੍ਹਿਆ॥ (36-10-2)
ਸੁਇਨਾ ਰੁਪਾ ਪੰਡ ਬੰਨ੍ਹਿ ਅਗਲਾਈ ਅੜਿਆ॥ (36-10-3)
ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ॥ (36-10-4)
ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ॥ (36-10-5)
ਲੂਣ ਹਰਾਮੀ ਗੁਨਹਗਾਰੁ ਧੜੁ ਧੰਮੜ ਧੜਿਆ ॥੧੦॥ (36-10-6)

ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ॥ (36-11-1)
ਲੂਣ ਖਾਇ ਕਰਿ ਚਾਕਰੀ ਰਣਿ ਟੁਕ ਟੁਕ ਹੋਵੈ॥ (36-11-2)
ਲੂਣ ਖਾਇ ਧੀ ਪੁਤੁ ਹੋਇ ਸਭ ਲਜਾ ਧੋਵੈ॥ (36-11-3)
ਲੂਣੁ ਵਣੋਟਾ ਖਾਇ ਕੈ ਹਥ ਜੋੜਿ ਖੜੋਵੈ॥ (36-11-4)
ਵਾਟ ਵਟਾਊ ਲੂਣੁ ਖਾਇ ਗੁਣੁ ਕੰਠਿ ਪਰੋਵੈ॥ (36-11-5)

ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ ॥੧੧॥ (36-11-6)

ਜਿਉ ਮਿਰਯਾਦਾ ਹਿੰਦੂਆ ਗਊ ਮਾਸੁ ਅਖਾਜੁ॥ (36-12-1)
ਮੁਸਲਮਾਣਾਂ ਸੂਅਰਹੁ ਸਉਗੰਦ ਵਿਆਜੁ॥ (36-12-2)
ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ॥ (36-12-3)
ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ॥ (36-12-4)
ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ॥ (36-12-5)
ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂਪਾਜੁ ॥੧੨॥ (36-12-6)

ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ॥ (36-13-1)
ਸੋਇਨੇ ਨੋ ਹਥੁ ਪਾਇਦਾ ਹੁਇ ਵੰਞੈ ਖਾਕੁ॥ (36-13-2)
ਇਠ ਮਿਤ ਪੁਤ ਭਾਇਰਾ ਵਿਹਰਨਿ ਸਭ ਸਾਕੁ॥ (36-13-3)
ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ ਨਾਪਾਕੁ॥ (36-13-4)
ਵਤੈ ਮੁਤੜਿ ਰੰਨ ਜਿਉ ਦਰਿ ਮਿਲੈ ਤਲਾਕੁ॥ (36-13-5)
ਦੁਖੁ ਭੁਖੁ ਦਾਲਿਦ ਘਣਾ ਦੋਜਕ ਅਉਤਾਕੁ ॥੧੩॥ (36-13-6)

ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ॥ (36-14-1)
ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ॥ (36-14-2)
ਬੂਰੁ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ॥ (36-14-3)
ਜਿਉ ਉਦਮਾਦੀ ਅਤੀਸਾਰੁ ਖਈ ਰੋਗੁ ਮਨੁਖੈ॥ (36-14-4)
ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ॥ (36-14-5)
ਤਿਉ ਅਜਰੁ ਝਾਕ ਭੰਡਾਰ ਦੀ ਵਿਆਪੈ ਵੇਮੁਖੈ ॥੧੪॥ (36-14-6)

ਅਉਚਰੁ ਝਾਕ ਭੰਡਾਰ ਦੀ ਚੁਖੁ ਲਗੈ ਚਖੀ॥ (36-15-1)
ਹੋਇ ਦੁਕੁਧਾ ਨਿਕਲੈ ਭੋਜਨੁ ਮਿਲਿ ਮਖੀ॥ (36-15-2)
ਰਾਤਿ ਸੁਖਾਲਾ ਕਿਉ ਸਵੈ ਤਿਣੁ ਅੰਦਰਿ ਅਖੀ॥ (36-15-3)
ਕਖਾ ਦਬੀ ਅਗਿ ਜਿਉ ਓਹੁ ਰਹੈ ਨ ਰਖੀ॥ (36-15-4)
ਝਾਕ ਝਕਾਈਐ ਝਾਕਵਾਲੁ ਕਰਿ ਭਖ ਅਭਖੀ॥ (36-15-5)
ਗੁਰ ਪਰਸਾਦੀ ਉਬਰੇ ਗੁਰ ਸਿਖਾਂ ਲਖੀ ॥੧੫॥ (36-15-6)

ਜਿਉ ਘੁਣ ਖਾਧੀ ਲਕੜੀ ਵਿਣੁ ਤਾਣਿ ਨਿਤਾਣੀ॥ (36-16-1)
ਜਾਣ ਡਰਾਵਾ ਖੇਤ ਵਿਚਿ ਨਿਰਜੀਤੁ ਪਰਾਣੀ॥ (36-16-2)
ਜਿਉ ਧੁਅਰੁ ਝੜੁਵਾਲ ਦੀ ਕਿਉ ਵਰਸੈ ਪਾਣੀ॥ (36-16-3)
ਜਿਉ ਥਣ ਗਲ ਵਿਚਿ ਬਕਰੀ ਦੁਹਿ ਦੁਧੁ ਨ ਆਣੀ॥ (36-16-4)
ਝਾਕੇ ਅੰਦਰਿ ਝਾਕਵਾਲੁ ਤਿਸ ਕਿਆ ਨੀਸਾਣੀ॥ (36-16-5)
ਜਿਉ ਚਮੁ ਚਟੈ ਗਾਇ ਮਹਿ ਉਹ ਭਰਮਿ ਭੁਲਾਣੀ ॥੧੬॥ (36-16-6)

ਗੁਛਾ ਹੋਇ ਧ੍ਰਿਕਾਨੂਆ ਕਿਉ ਵੜੀਐ ਦਾਖੈ॥ (36-17-1)
ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ॥ (36-17-2)
ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ॥ (36-17-3)

ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ॥ (36-17-4)
ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ॥ (36-17-5)
ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ ॥੧੭॥ (36-17-6)

ਸਾਵੇ ਪੀਲੇ ਪਾਨ ਹਹਿ ਓਇ ਵੇਲਹੁ ਤੁਟੇ॥ (36-18-1)
ਚਿਤਮਿਤਾਲੇ ਫੋਫਲੇ ਫਲ ਬਿਰਖਹੁਂ ਛੁਟੇ॥ (36-18-2)
ਕਥ ਹਰੇਹੀ ਭੂਸਲੀ ਦੇ ਚਾਵਲ ਚੁਟੇ॥ (36-18-3)
ਚੂਨਾ ਦਿਸੈ ਉਜਲਾ ਦਹਿ ਪਥਰੁ ਕੁਟੇ॥ (36-18-4)
ਆਪੁ ਗਵਾਇ ਸਮਾਇ ਮਿਲਿ ਰੰਗੁਚੀਚ ਵਹੁਟੇ॥ (36-18-5)
ਤਿਉ ਚਹੁ ਵਰਨਾ ਵਿਚਿ ਸਾਧ ਹਨਿ ਗੁਰਮੁਖਿ ਮੁਹ ਜੁਟੇ॥੧੮॥ (36-18-6)

ਚਾਕਰ ਸਭ ਸਦਾਇੰਦੇ ਸਾਹਿਬ ਦਰਬਾਰੇ॥ (36-19-1)
ਨਿਵਿ ਨਿਵਿ ਕਰਨਿ ਜੁਹਾਰੀਆ ਸਭ ਸੈ ਹਥੀਆਰੇ॥ (36-19-2)
ਮਜਲਸ ਬਹਿ ਬਫਾਇੰਦੇ ਬੋਲ ਬੋਲਨਿ ਭਾਰੇ॥ (36-19-3)
ਗਲੀਏ ਤੁਰੇ ਨਚਾਇੰਦੇ ਗਜਗਾਹ ਸਵਾਰੇ॥ (36-19-4)
ਰਣ ਵਿਚਿ ਪਇਆਂ ਜਾਣੀਅਨਿ ਜੋਧ ਭਜਣਹਾਰੇ॥ (36-19-5)
ਤਿਉ ਸਾਂਗਿ ਸਿਞਾਪਨਿ ਸਨਮੁਖਾਂ ਬੇਮੁਖ ਹਤਿਆਰੇ ॥੧੯॥ (36-19-6)

ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ॥ (36-20-1)
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ॥ (36-20-2)
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ॥ (36-20-3)
ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ॥ (36-20-4)
ਜੇ ਮਦੁ ਪੀਤਾ ਬਾਮਣੀ ਲੋਇ ਲੁਝਣਿ ਸਾਰੇ॥ (36-20-5)
ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥੨੦॥ (36-20-6)

ਧਰਤੀ ਉਪਰਿ ਕੋਟ ਗੜ ਭੁਇਚਾਲ ਕਮੰਦੇ॥ (36-21-1)
ਝਖੜਿ ਆਏ ਤਰੁਵਰਾ ਸਰਬਤ ਹਲੰਦੇ॥ (36-21-2)
ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ॥ (36-21-3)
ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ॥ (36-21-4)
ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ॥ (36-21-5)
ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ ॥੨੧॥ (36-21-6)

ਜੇ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ॥ (36-22-1)
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ॥ (36-22-2)
ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ॥ (36-22-3)
ਆਗੂ ਲੈ ਉਝੜਿ ਪਵੇ ਕਿਸੁ ਕਰੈ ਪੁਕਾਰਾ॥ (36-22-4)
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ॥ (36-22-5)
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ ॥੨੨॥ (36-22-6)

ਜਲ ਵਿਚਿ ਕਾਗਦ ਲੂਣ ਜਿਉ ਘਿਅ ਚੋਪੜਿ ਪਾਏ॥ (36-23-1)

ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ॥ (36-23-2)
ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ॥ (36-23-3)
ਮੁਹ ਵਿਚਿ ਗਰੜ ਦੁਗਾਰ ਪਾਇ ਜਿਉ ਸਪੁ ਲੜਾਏ॥ (36-23-4)
ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ॥ (36-23-5)
ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ ॥੨੩॥੩੫॥ (36-23-6)

ੴ ਸਤਿਗੁਰਪ੍ਰਸਾਦਿ ॥ (36-24-1)
ਤੀਰਥ ਮੰਝਿ ਨਿਵਾਸੁ ਹੈ ਬਗੁਲਾ ਅਪਤੀਣਾ॥ (36-24-2)
ਲਵੈ ਬਬੀਹਾ ਵਰਸਦੈ ਜਲ ਜਾਇ ਨ ਪੀਣਾ॥ (36-24-3)
ਵਾਂਸੁ ਸੁਗੰਧਿ ਨ ਹੋਵਈ ਪਰਮਲ ਸੰਗਿ ਲੀਣਾ॥ (36-24-4)
ਘੁਘੂ ਸੁਝੁ ਨ ਸੁਝਈ ਕਰਮਾ ਦਾ ਹੀਣਾ॥ (36-24-5)
ਨਾਭਿ ਕਥੂਰੀ ਮਿਰਗ ਦੇ ਵਤੈ ਓਡੀਣਾ॥ (36-24-6)
ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੈ ਮੀਣਾ ॥੧॥ (36-24-7)

ਨੀਲਾਰੀ ਦੇ ਮਟ ਵਿਚਿ ਪੈ ਗਿਦੜੁ ਰਤਾ॥ (36-25-1)
ਜੰਗਲ ਅੰਦਰਿ ਜਾਇ ਕੈ ਪਾਖੰਡੁ ਕਮਤਾ॥ (36-25-2)
ਦਰਿ ਸੇਵੈ ਮਿਰਗਾਵਲੀ ਹੋਇ ਬਹੈ ਅਵਤਾ॥ (36-25-3)
ਕਰੈ ਹਕੂਮਤਿ ਅਗਲੀ ਕੂੜੈ ਮਦਿ ਮਤਾ॥ (36-25-4)
ਬੋਲਣਿ ਪਾਜ ਉਘਾੜਿਆ ਜਿਉ ਮੂਲੀ ਪਤਾ॥ (36-25-5)
ਤਿਉ ਦਰਗਹਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ ॥੨॥ (36-25-6)

ਚੋਰੁ ਕਰੈ ਨਿਤ ਚੋਰੀਆ ਓੜਕਿ ਦੁਖ ਭਾਰੀ॥ (36-26-1)
ਨਕੁ ਕੰਨੁ ਫੜਿ ਵਢੀਐ ਰਾਵੈ ਪਰ ਨਾਰੀ॥ (36-26-2)
ਅਉਘਟ ਰੁਧੇ ਮਿਰਗ ਜਿਉ ਵਿਤੁ ਹਾਰਿ ਜੁਆਰੀ॥ (36-26-3)
ਲੰਞੀ ਕੁਹਲਿ ਨ ਆਵਈ ਪਰ ਵੇਲਿ ਪਿਆਰੀ॥ (36-26-4)
ਵਗ ਨ ਹੋਵਨਿ ਕੁਤੀਆ ਮੀਣੇ ਮੁਰਦਾਰੀ॥ (36-26-5)
ਪਾਪਹੁ ਮੂਲਿ ਨ ਤਗੀਐ ਹੋਇ ਅੰਤਿ ਖੁਆਰੀ ॥੩॥ (36-26-6)

ਚਾਨਣਿ ਚੰਦ ਨ ਪੁਜਈ ਚਮਕੈ ਟਾਨਾਣਾ॥ (36-27-1)
ਸਾਇਰ ਬੂੰਦ ਬਰਾਬਰੀ ਕਿਉ ਆਖਿ ਵਖਾਣਾ॥ (36-27-2)
ਕੀੜੀ ਇਭ ਨ ਅਪੜੈ ਕੂੜਾ ਤਿਸੁ ਮਾਣਾ॥ (36-27-3)
ਨਾਨੇਹਾਲੁ ਵਖਾਣਦਾ ਮਾ ਪਾਸਿ ਇਆਣਾ॥ (36-27-4)
ਜਿਨਿ ਤੂੰ ਸਾਜਿ ਨਿਵਾਜਿਆ ਦੇ ਪਿੰਡ ਪਰਾਣਾ॥ (36-27-5)
ਮੁਢਹੁ ਘੁਥਹੁ ਮੀਣਿਆ ਤੁਧੁ ਜਮ ਪੁਰਿ ਜਾਣਾ ॥੪॥ (36-27-6)

ਕੈਹਾ ਦਿਸੈ ਉਜਲਾ ਮਸੁ ਅੰਦਰਿ ਚਿਤੈ॥ (36-28-1)
ਹਰਿਆ ਤਿਲੁ ਬੂਆੜ ਜਿਉ ਫਲੁ ਕੰਮ ਨ ਕਿਤੈ॥ (36-28-2)
ਜੇਹੀ ਕਲੀ ਕਨੇਰ ਦੀ ਮਨਿ ਤਨਿ ਦੁਹੁ ਭਿਤੈ॥ (36-28-3)
ਪੇਂਝੂ ਦਿਸਨਿ ਰੰਗੁਲੇ ਮਰੀਐ ਅਗਲਿਤੈ॥ (36-28-4)
ਖਰੀ ਸੁਆਲਿਓ ਵੇਸੁਆ ਜੀਅ ਬਝਾ ਇਤੈ॥ (36-28-5)

ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ ॥੫॥ (36-28-6)

ਬਧਿਕੁ ਨਾਦੁ ਸੁਣਾਇ ਕੈ ਜਿਉ ਮਿਰਗੁ ਵਿਣਾਹੈ॥ (36-29-1)
ਝੀਵਰੁ ਕੁੰਡੀ ਮਾਸੁ ਲਾਇ ਜਿਉ ਮਛੀ ਫਾਹੈ॥ (36-29-2)
ਕਵਲੁ ਦਿਖਾਲੈ ਮੁਹੁ ਖਿੜਾਇ ਭਵਰੈ ਵੇਸਾਹੈ॥ (36-29-3)
ਦੀਪਕ ਜੋਤਿ ਪਤੰਗ ਨੋ ਦੁਰਜਨ ਜਿਉ ਦਾਹੈ॥ (36-29-4)
ਕਲਾ ਰੂਪ ਹੋਇ ਹਸਤਨੀ ਮੈਗਲੁ ਓਮਾਹੈ॥ (36-29-5)
ਤਿਉ ਨਕਟ ਪੰਥੁ ਹੈ ਮੀਣਿਆ ਮਿਲਿ ਨਰਕਿ ਨਿਬਾਹੈ ॥੬॥ (36-29-6)

ਹਰਿ ਚੰਦਉਰੀ ਦੇਖਿ ਕੈ ਕਰਦੇ ਭਰਵਾਸਾ॥ (36-30-1)
ਥਲ ਵਿਚ ਤਪਨਿ ਭਠੀਆ ਕਿਉ ਲਹੈ ਪਿਆਸਾ॥ (36-30-2)
ਸੁਹਣੇ ਰਾਜੁ ਕਮਾਈਐ ਕਰਿ ਭੋਗ ਬਿਲਾਸਾ॥ (36-30-3)
ਛਾਇਆ ਬਿਰਖੁ ਨ ਰਹੈ ਥਿਰੁ ਪੁਜੈ ਕਿਉ ਆਸਾ॥ (36-30-4)
ਬਾਜੀਗਰ ਦੀ ਖੇਡ ਜਿਉ ਸਭੁ ਕੂੜੁ ਤਮਾਸਾ॥ (36-30-5)
ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ ॥੭॥ (36-30-6)

ਕੋਇਲ ਕਾਂਉ ਰਲਾਈਅਨਿ ਕਿਉ ਹੋਵਨਿ ਇਕੈ॥ (36-31-1)
ਤਿਉ ਨਿੰਦਕ ਜਗ ਜਾਣੀਅਨਿ ਬੋਲਿ ਬੋਲਨਿ ਫਿਕੈ॥ (36-31-2)
ਬਗੁਲੇ ਹੰਸੁ ਬਰਾਬਰੀ ਕਿਉ ਮਿਕਨਿ ਮਿਕੈ॥ (36-31-3)
ਤਿਉ ਬੇਮੁਖੁ ਚੁਣਿ ਕਢੀਅਨਿ ਮੁਹਿ ਕਾਲੇ ਟਿਕੈ॥ (36-31-4)
ਕਿਆ ਨੀਸਾਣੀ ਮੀਣਿਆ ਖੋਟੁ ਸਾਲੀ ਸਿਕੈ॥ (36-31-5)
ਸਿਰਿ ਸਿਰਿ ਪਾਹਣੀ ਮਾਰੀਅਨਿ ਓਇ ਪੀਰ ਫਿਟਿਕੈ ॥੮॥ (36-31-6)

ਰਾਤੀ ਨੀਂਗਰ ਖੇਲਦੇ ਸਭ ਹੋਇ ਇਕਠੇ॥ (36-32-1)
ਰਾਜਾ ਪਰਜਾ ਹੋਵਦੇ ਕਰਿ ਸਾਂਗ ਉਪਠੇ॥ (36-32-2)
ਇਕਿ ਲਸਕਰ ਲੈ ਧਾਵਦੇ ਇਕਿ ਫਿਰਦੇ ਨਠੇ॥ (36-32-3)
ਠੀਕਰੀਆਂ ਹਾਲੇ ਭਰਨਿ ਉਇ ਖਰੇ ਅਸਠੇ॥ (36-32-4)
ਖਿਨ ਵਿਚਿ ਖੇਡ ਉਜਾੜਿਦੇ ਘਰੁ ਘਰੁ ਤ੍ਰਠੇ॥ (36-32-5)
ਵਿਣੁ ਗੁਣੁ ਗੁਰੂ ਸਦਾਇਦੇ ਓਇ ਖੋਟੇ ਮਠੇ ॥੯॥ (36-32-6)

ਉਚਾ ਲੰਮਾ ਝਾਟੁਲਲਾ ਵਿਚਿ ਬਾਗ ਦਿਸੰਦਾ॥ (36-33-1)
ਮੋਟਾ ਮੁਢੁ ਪਤਾਲਿ ਜੜਿ ਬਹੁ ਗਰਬ ਕਰੰਦਾ॥ (36-33-2)
ਪਤ ਸੁਪਤਰ ਸੋਹਣੇ ਵਿਸਥਾਰ ਬਣੰਦਾ॥ (36-33-3)
ਫੁਲ ਰਤੇ ਫਲ ਬਕਬਕੇ ਹੋਇ ਅਫਲ ਫਲੰਦਾ॥ (36-33-4)
ਸਾਵਾ ਤੋਤਾ ਚੁਹਚੁਹਾ ਤਿਸੁ ਦੇਖਿ ਭੁਲੰਦਾ॥ (36-33-5)
ਪਿਛੋ ਦੇ ਪਛੁਤਾਇਦਾ ਓਹੁ ਫਲੁ ਨ ਲਹੰਦਾ ॥੧੦॥ (36-33-6)

ਪਹਿਨੈ ਪੰਜੇ ਕਪੜੇ ਪੁਰਸਾਵਾਂ ਵੇਸੁ॥ (36-34-1)
ਮੁਛਾਂ ਦਾੜ੍ਹੀ ਸੋਹਣੀ ਬਹੁ ਦੁਰਬਲ ਵੇਸੁ॥ (36-34-2)
ਸੈ ਹਥਿਆਰੀ ਸੂਰਮਾ ਪੰਚੀਂ ਪਰਵੇਸੁ॥ (36-34-3)

ਮਾਹਰੁ ਦੜ ਦੀਬਾਣ ਵਿਚਿ ਜਾਣੈ ਸਭੁ ਦੇਸੁ॥ (36-34-4)
ਪੁਰਖੁ ਨ ਗਣਿ ਪੁਰਖਤੁ ਵਿਣੁ ਕਾਮਣਿ ਕਿ ਕਰੇਸੁ॥ (36-34-5)
ਵਿਣੁ ਗੁਰ ਗੁਰੂ ਸਦਾਇਦੇ ਕਉਣ ਕਰੈ ਆਦੇਸੁ ॥੧੧॥ (36-34-6)

ਗਲੀਂ ਜੇ ਸਹੁ ਪਾਈਐ ਤੋਤਾ ਕਿਉ ਫਾਸੈ॥ (36-35-1)
ਮਿਲੈ ਨ ਬਹੁਤੁ ਸਿਆਣਪੈ ਕਾਉ ਗੁਂਹੁ ਗਿਰਾਸੈ॥ (36-35-2)
ਜੋਰਾਵਰੀ ਨ ਜਿਪਈ ਸ਼ੀਹ ਸਹਾ ਵਿਣਾਸੈ॥ (36-35-3)
ਗੀਤ ਕਵਿਤ ਨ ਭਿਜਈ ਭਟ ਭੇਖ ਉਦਾਸੈ॥ (36-35-4)
ਜੋਬਨ ਰੂਪੁ ਨ ਮੋਹੀਐ ਰੰਗੁ ਕਸੁੰਭ ਦੁਰਾਸੈ॥ (36-35-5)
ਵਿਣੇ ਸੇਵਾ ਦੋਹਾਗਣੀ ਪਿਰੁ ਮਿਲੈ ਨ ਹਾਸੈ ॥੧੨॥ (36-35-6)

ਸਿਰ ਤਲਵਾਏ ਪਾਈਐ ਚਮਗਿਦੜ ਜੂਹੈ॥ (36-36-1)
ਮੜੀ ਮਸਾਣੀ ਜੇ ਮਿਲੈ ਵਿਚਿ ਖੁਡਾਂ ਚੂਹੈ॥ (36-36-2)
ਮਿਲੈ ਨ ਵਡੀ ਆਰਜਾ ਬਿਸੀਅਰੁ ਵਿਹੁ ਲੂਹੈ॥ (36-36-3)
ਹੋਇ ਕੁਚੀਲੁ ਵਰਤੀਐ ਖਰ ਸੂਰ ਭਸੂਹੇ॥ (36-36-4)
ਕੰਦ ਮੂਲ ਚਿਤ ਲਾਈਐ ਅਈਅੜ ਵਣੁ ਧੂਹੇ॥ (36-36-5)
ਵਿਣੁ ਗੁਰ ਮੁਕਤਿ ਨ ਹੋਵਈ ਜਿਉਂ ਘਰੁ ਵਿਣੁ ਬੂਹੇ ॥੧੩॥ (36-36-6)

ਮਿਲੈ ਜਿ ਤੀਰਥਿ ਨਾਤਿਆਂ ਡਡਾਂ ਜਲ ਵਾਸੀ॥ (36-37-1)
ਵਾਲ ਵਧਾਇਆਂ ਪਾਈਐ ਬੜ ਜਟਾਂ ਪਲਾਸੀ॥ (36-37-2)
ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ॥ (36-37-3)
ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ॥ (36-37-4)
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ॥ (36-37-5)
ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ ॥੧੪॥ (36-37-6)

ਜੜੀ ਬੂਟੀ ਜੇ ਜੀਵੀਐ ਕਿਉ ਮਰੈ ਧਨੰਤਰੁ॥ (36-38-1)
ਤੰਤੁ ਮੰਤੁ ਬਾਜੀਗਰਾਂ ਓਇ ਭਵਹਿ ਦਿਸੰਤਰੁ॥ (36-38-2)
ਰੁਖੀਂ ਬਿਰਖੀਂ ਪਾਈਐ ਕਾਸਟ ਬੈਸੰਤਰੁ॥ (36-38-3)
ਮਿਲੈ ਨ ਵੀਰਾਰਾਧੁ ਕਰਿ ਠਗ ਚੋਰ ਨ ਅੰਤਰੁ॥ (36-38-4)
ਮਿਲੈ ਨ ਰਾਤੀ ਜਾਗਿਆਂ ਅਪਰਾਧੁ ਭਵੰਤਰੁ॥ (36-38-5)
ਵਿਣੁ ਗੁਰ ਮੁਕਤਿ ਨ ਹੋਵਈ ਗੁਰਮੁਖਿ ਅਮਰੰਤਰੁ ॥੧੫॥ (36-38-6)

ਘੰਟੂ ਘੜਾਇਆਂ ਚੂਹਿਆਂ ਗਲਿ ਬਿਲੀ ਪਾਈਐ॥ (36-39-1)
ਮਤਾ ਮਤਾਇਆ ਮਖੀਆਂ ਘਿਅ ਅੰਦਰਿ ਨਾਈਐ॥ (36-39-2)
ਸੂਤਕੁ ਲਹੈ ਨ ਕੀੜਿਆਂ ਕਿਉ ਝਖੁ ਲੰਘਾਈਐ॥ (36-39-3)
ਸਾਵਣਿ ਰਹਣ ਭੰਬੀਰੀਆਂ ਜੇ ਪਾਰਿ ਵਸਾਈਐ॥ (36-39-4)
ਕੂੰਜੜੀਆਂ ਵੈਸਾਖ ਵਿਚਿ ਜਿਉ ਜੂਹ ਪਰਾਈਐ॥ (36-39-5)
ਵਿਣੁ ਗੁਰ ਮੁਕਤਿ ਨ ਹੋਵਈ ਫਿਰਿ ਆਈਐ ਜਾਈਐ ॥੧੬॥ (36-39-6)

ਜੇ ਖੁਥੀ ਬਿੰਡਾ ਬਹੈ ਕਿਉ ਹੋਇ ਬਜਾਜੁ॥ (36-40-1)

ਕੁਤੇ ਗਲ ਵਾਸਣੀ ਨ ਸਰਾਫੀ ਸਾਜੁ॥ (36-40-2)
ਰਤਨਮਣੀ ਗਲਿ ਬਾਂਦਰੈ ਜਉਹਰੀ ਨਹਿ ਕਾਜੁ॥ (36-40-3)
ਗਦਹੁੰ ਚੰਦਨ ਲਦੀਐ ਨਹਿੰ ਗਾਂਧੀ ਗਾਜੁ॥ (36-40-4)
ਜੇ ਮਖੀ ਮੁਹਿ ਮਕੜੀ ਕਿਉ ਹੋਵੈ ਬਾਜੁ॥ (36-40-5)
ਸਚ ਸਚਾਵਾਂ ਕਾਂਢੀਐ ਕੂੜਿ ਕੂੜਾ ਪਾਜੁ ॥੧੭॥ (36-40-6)

ਅੰਙਨਿ ਪੁਤੁ ਗਵਾਂਢਣੀ ਕੂੜਾਵਾ ਮਾਣੁ॥ (36-41-1)
ਪਾਲੀ ਚਉਣਾ ਚਾਰਦਾ ਘਰ ਵਿਤੁ ਨ ਜਾਣੁ॥ (36-41-2)
ਬਦਰਾ ਸਿਰਿ ਵੇਗਾਰੀਐ ਨਿਰਧਨੁ ਹੈਰਾਣੁ॥ (36-41-3)
ਜਿਉ ਕਰਿ ਰਾਖਾ ਖੇਤ ਵਿਚਿ ਨਾਹੀ ਕਿਰਸਾਣੁ॥ (36-41-4)
ਪਰ ਘਰੁ ਜਾਣੈ ਆਪਣਾ ਮੂਰਖੁ ਮਿਹਮਾਣੁ॥ (36-41-5)
ਅਣਹੋਂਦਾ ਆਪੁ ਗਣਾਇੰਦਾ ਓਹੁ ਵਡਾ ਅਜਾਣੁ ॥੧੮॥ (36-41-6)

ਕੀੜੀ ਵਾਕ ਨ ਥੰਮੀਐ ਹਸਤੀ ਦਾ ਭਾਰੁ॥ (36-42-1)
ਹਥ ਮਰੋੜੇ ਮਖੁ ਕਿਉ ਹੋਵੈ ਸੀਂਹ ਮਾਰੁ॥ (36-42-2)
ਮਛਰੁ ਡੰਗੁ ਨ ਪੁਜਈ ਬਿਸੀਅਰੁ ਬੁਰਿਆਰੁ॥ (36-42-3)
ਚਿਤ੍ਰੇ ਲਖ ਮਕਉੜਿਆਂ ਕਿਉ ਹੋਇ ਸਿਕਾਰੁ॥ (36-42-4)
ਜੇ ਜੂਹ ਸਉੜੀ ਸੰਜਰੀ ਰਾਜਾ ਨ ਭਤਾਰੁ॥ (36-42-5)
ਅਣਹੋਦਾ ਆਪੁ ਗਣਾਇੰਦਾ ਉਹੁ ਵਡਾ ਗਵਾਰੁ ॥੧੯॥ (36-42-6)

ਪੁਤੁ ਜਣੈ ਵੜਿ ਕੋਠੜੀ ਬਾਹਰਿ ਜਗੁ ਜਾਣੈ॥ (36-43-1)
ਧਨੁ ਧਰਤੀ ਵਿਚਿ ਦਬੀਐ ਮਸਤਕਿ ਪਰਵਾਣੈ॥ (36-43-2)
ਵਾਟ ਵਟਾਊ ਆਖਦੇ ਵੁਠੈ ਇੰਦ੍ਰਾਣੈ॥ (36-43-3)
ਸਭੁ ਕੋ ਸੀਸੁ ਨਿਵਾਇਦਾ ਚੜ੍ਹਿਐ ਚੰਦ੍ਰਾਣੈ॥ (36-43-4)
ਗੋਰਖੁ ਦੇ ਗਲਿ ਗੋਦੜੀ ਜਗੁ ਨਾਥੁ ਵਖਾਣੈ॥ (36-43-5)
ਗੁਰ ਪਰਚੈ ਗੁਰੁ ਆਖੀਐ ਸਚਿ ਸਚੁ ਸਿਵਾਣੈ ॥੨੦॥ (36-43-6)

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ॥ (36-44-1)
ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ॥ (36-44-2)
ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥ (36-44-3)
ਕਾਮ ਕ੍ਰੋਧ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ॥ (36-44-4)
ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ॥ (36-44-5)
ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ ॥੨੧॥੩੬॥ (36-44-6)

Vaar 37

ੴ ਸਤਿਗੁਰਪ੍ਰਸਾਦਿ॥ (37-1-1)

ਇਕੁ ਕਵਾਉ ਪਸਾਉ ਕਰਿ ਓਅੰਕਾਰਿ ਅਕਾਰੁ ਬਣਾਇਆ॥ (37-1-2)
ਅੰਬਰਿ ਧਰਤਿ ਵਿਛੋੜਿ ਕੈ ਵਿਣੁ ਥੰਮਾਂ ਆਗਾਸੁ ਰਹਾਇਆ॥ (37-1-3)
ਜਲ ਵਿਚਿ ਧਰਤੀ ਰਖੀਅਨਿ ਧਰਤੀ ਅੰਦਰਿ ਨੀਰੁ ਧਰਾਇਆ॥ (37-1-4)
ਕਾਠੈ ਅੰਦਰਿ ਅਗਿ ਧਰਿ ਅਗੀ ਹੌਂਦੀ ਸੁਫਲੁ ਫਲਾਇਆ॥ (37-1-5)
ਪਉਣ ਪਾਣੀ ਬੈਸੰਤਰੋ ਤਿੰਨੇ ਵੈਰੀ ਮੇਲਿ ਮਿਲਾਇਆ॥ (37-1-6)
ਰਾਜਸ ਸਾਤਕ ਤਾਮਸੋ ਬ੍ਰਹਮਾ ਬਿਸਨੁ ਮਹੇਸੁ ਉਪਾਇਆ॥ (37-1-7)
ਚੋਜ ਵਿਡਾਣੁ ਚਲਿਤੁ ਵਰਤਾਇਆ ॥੧॥ (37-1-8)

ਸਿਵ ਸਕਤੀ ਦਾ ਰੂਪ ਕਰਿ ਸੂਰਜੁ ਚੰਦੁ ਚਰਾਗੁ ਬਲਾਇਆ॥ (37-2-1)
ਰਾਤੀ ਤਾਰੇ ਚਮਕਦੇ ਘਰਿ ਘਰਿ ਦੀਪਕ ਜੋਤਿ ਜਗਾਇਆ॥ (37-2-2)
ਸੂਰਜੁ ਏਕੰਕਾਰੁ ਦਿਹਿ ਤਾਰੇ ਦੀਪਕ ਰੂਪੁ ਲੁਕਾਇਆ॥ (37-2-3)
ਲਖ ਦਰੀਆਉ ਕਵਾਉ ਵਿਚਿ ਤੋਲਿ ਅਤੋਲੁ ਨ ਤੋਲਿ ਤੁਲਾਇਆ॥ (37-2-4)
ਓਅੰਕਾਰੁ ਅਕਾਰੁ ਜਿਸਿ ਪਰਵਦਗਾਰੁ ਅਪਾਰੁ ਅਲਾਇਆ॥ (37-2-5)
ਅਬਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਨਹਿ ਅਲਖੁ ਲਖਾਇਆ॥ (37-2-6)
ਸੁਣਿ ਸੁਣਿ ਆਖਣੁ ਆਖਿ ਸੁਣਾਇਆ ॥੨॥ (37-2-7)

ਖਾਣੀ ਬਾਣੀ ਚਾਰਿ ਜੁਗ ਜਲ ਥਲ ਤਰਵਰੁ ਪਰਬਤ ਸਾਜੇ॥ (37-3-1)
ਤਿੰਨ ਲੋਅ ਚਉਦਹ ਭਵਣ ਕਰਿ ਇਕੀਹ ਬ੍ਰਹਮੰਡ ਨਿਵਾਜੇ॥ (37-3-2)
ਚਾਰੇ ਕੁੰਡਾ ਦੀਪ ਸਤ ਨਉ ਖੰਡ ਦਹ ਦਿਸਿ ਵਜਣਿ ਵਾਜੇ॥ (37-3-3)
ਇਕਸ ਇਕਸ ਖਾਣਿ ਵਿਚਿ ਇਕੀਹ ਇਕੀਹ ਲਖ ਉਪਾਜੇ॥ (37-3-4)
ਇਕਤ ਇਕਤ ਜੂਨਿ ਵਿਚਿ ਜੀਅ ਜੰਤੁ ਅਣਗਣਤ ਬਿਰਾਜੇ॥ (37-3-5)
ਰੂਪ ਅਨੂਪ ਸਰੂਪ ਕਰਿ ਰੰਗ ਬਿਰੰਗ ਤਰੰਗ ਅਗਾਜੇ॥ (37-3-6)
ਪਉਣੁ ਪਾਣੀ ਘਰੁ ਨਉ ਦਰਵਾਜੇ ॥੩॥ (37-3-7)

ਕਾਲਾ ਧਉਲਾ ਰਤੜਾ ਨੀਲਾ ਪੀਲਾ ਹਰਿਆ ਸਾਜੇ॥ (37-4-1)
ਰਸੁ ਕਸੁ ਕਰਿ ਵਿਸਮਾਦੁ ਸਾਦੁ ਜੀਭਹੁੰ ਜਾਪ ਨ ਖਾਜ ਅਖਾਜੇ॥ (37-4-2)
ਮਿਠਾ ਕਉੜਾ ਖਟੁ ਤੁਰਸੁ ਫਿਕਾ ਸਾਉ ਸਲੂਣਾ ਛਾਜੇ॥ (37-4-3)
ਗੰਧ ਸੁਗੰਧਿ ਅਵੇਸੁ ਕਰਿ ਚੋਆ ਚੰਦਨੁ ਕੇਸਰੁ ਕਾਜੇ॥ (37-4-4)
ਮੇਦੁ ਕਥੂਰੀ ਪਾਨ ਫੁਲੁ ਅੰਬਰੁ ਚੂਰ ਕਪੂਰ ਅੰਦਾਜੇ॥ (37-4-5)
ਰਾਗ ਨਾਦ ਸੰਬਾਦ ਬਹੁ ਚਉਦਹ ਵਿਦਿਆ ਅਨਹਦ ਗਾਜੇ॥ (37-4-6)
ਲਖ ਦਰੀਆਉ ਕਰੋੜ ਜਹਾਜੇ ॥੪॥ (37-4-7)

ਸਤ ਸਮੁੰਦ ਅਥਾਹ ਕਰਿ ਰਤਨ ਪਦਾਰਥ ਭਰੇ ਭੰਡਾਰਾ॥ (37-5-1)
ਮਹੀਅਲ ਖੇਤੀ ਅਉਖਧੀ ਛਾਦਨ ਭੋਜਨ ਬਹੁ ਬਿਸਥਾਰਾ॥ (37-5-2)
ਤਰੁਵਰ ਛਾਇਆ ਫੁਲ ਫਲ ਸਾਖਾ ਪਤ ਮੂਲ ਬਹੁ ਭਾਰਾ॥ (37-5-3)
ਪਰਬਤ ਅੰਦਰਿ ਅਸਟ ਧਾਤੁ ਲਾਲੁ ਜਵਾਹਰੁ ਪਾਰਸਿ ਪਾਰਾ॥ (37-5-4)

ਚਉਰਾਸੀਹ ਲਖ ਜੋਨਿ ਵਿਚਿ ਮਿਲਿ ਮਿਲਿ ਵਿਛੁੜੇ ਵਡ ਪਰਵਾਰਾ॥ (37-5-5)
ਜੰਮਣੁ ਜੀਵਣੁ ਮਰਣ ਵਿਚਿ ਭਵਜਲ ਪੂਰ ਭਰਾਇ ਹਜਾਰਾ॥ (37-5-6)
ਮਾਣਸ ਦੇਹੀ ਪਾਰਿ ਉਤਾਰਾ ॥੫॥ (37-5-7)

ਮਾਣਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ॥ (37-6-1)
ਪਾਣੀ ਦਾ ਕਰਿ ਪੁਤਲਾ ਉਡੈ ਨ ਪਉਣੁ ਖੁਲੇ ਨਉਂ ਦੁਆਰਾ॥ (37-6-2)
ਅਗਨਿ ਕੁੰਡ ਵਿਚਿ ਰਖੀਅਨਿ ਨਰਕ ਘੋਰ ਮਹਿੰ ਉਦਰੁ ਮਝਾਰਾ॥ (37-6-3)
ਕਰੈ ਉਰਧ ਤਪੁ ਗਰਭ ਵਿਚਿ ਚਸਾ ਨ ਵਿਸਰੈ ਸਿਰਜਣਹਾਰਾ॥ (37-6-4)
ਦਸੀ ਮਹੀਨੀਂ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ॥ (37-6-5)
ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ॥ (37-6-6)
ਸਾਹੋਂ ਵਿਛੁੜਿਆ ਵਣਜਾਰਾ ॥੬॥ (37-6-7)

ਰੋਵੈ ਰਤਨ ਗਵਾਇ ਕੈ ਮਾਇਆ ਮੋਹੁ ਅਨੇਰੁ ਗੁਬਾਰਾ॥ (37-7-1)
ਓਹੁ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ॥ (37-7-2)
ਸਭਨਾਂ ਮਨਿ ਵਾਧਾਈਆਂ ਰੁਣੁ ਝੁੰਝਨੜਾ ਰੁਣ ਝੁਣਕਾਰਾ॥ (37-7-3)
ਨਾਨਕੁ ਦਾਦਕੁ ਸੋਹਲੇ ਦੇਨਿ ਅਸੀਸਾਂ ਬਾਲੁ ਪਿਆਰਾ॥ (37-7-4)
ਚੁਖਹੁੰ ਬਿੰਦਕ ਬਿੰਦੁ ਕਰਿ ਬਿੰਦਹੁੰ ਕੀਤਾ ਪਰਬਤ ਭਾਰਾ॥ (37-7-5)
ਸਤਿ ਸੰਤੋਖ ਦਇਆ ਧਰਮੁ ਅਰਥੁ ਸੁਗਰਥ ਵਿਸਾਰਿ ਵਿਸਾਰਾ॥ (37-7-6)
ਕਾਮ ਕਰੋਧੁ ਵਿਰੋਧੁ ਵਿਚਿ ਲੋਭੁ ਮੋਹੁ ਧਰੋਹ ਅਹੰਕਾਰਾ॥ (37-7-7)
ਮਹਾਂ ਜਾਲ ਫਾਥਾ ਵੇਚਾਰਾ ॥੭॥ (37-7-8)

ਹੋਇ ਸੁਚੇਤ ਅਚੇਤ ਇਵ ਅਖੀਂ ਹੋਂਦੀ ਅੰਨ੍ਹਾ ਹੋਆ॥ (37-8-1)
ਵੈਰੀ ਮਿਤੁ ਨ ਜਾਣਦਾ ਡਾਇਣੁ ਮਾਉ ਸੁਭਾਉ ਸਮੋਆ॥ (37-8-2)
ਬੋਲਾ ਕੰਨੀਂ ਹੋਂਵਦਾ ਜਸੁ ਅਪਜਸੁ ਮੋਹੁ ਧੋਹੁ ਨ ਸੋਆ॥ (37-8-3)
ਗੁੰਗਾ ਜੀਭੈ ਹੁੰਦੀਐ ਦੁਧੁ ਵਿਚਿ ਵਿਸੁ ਘੋਲਿ ਮੁਹਿ ਚੋਆ॥ (37-8-4)
ਵਿਹੁ ਅੰਮ੍ਰਿਤ ਸਮਸਰ ਪੀਐ ਮਰਨ ਜੀਵਨ ਆਸ ਤ੍ਰਾਸ ਨ ਢੋਆ॥ (37-8-5)
ਸਰਪੁ ਅਗਨਿ ਵਲਿ ਹਥੁ ਪਾਇ ਕਰੈ ਮਨੋਰਥ ਪਕੜਿ ਖਲੋਆ॥ (37-8-6)
ਸਮਝੈ ਨਾਹੀ ਟਿਬਾ ਟੋਆ ॥੮॥ (37-8-7)

ਲੂਲਾ ਪੈਰੀ ਹੋਂਵਦੀ ਟੰਗਾਂ ਮਾਰਿ ਨ ਉਠਿ ਖਲੋਆ॥ (37-9-1)
ਹਥੋ ਹਥੁ ਨਚਾਈਐ ਆਸਾ ਬੰਧੀ ਹਾਰੁ ਪਰੋਆ॥ (37-9-2)
ਉਦਮ ਉਕਤਿ ਨ ਆਵਈ ਦੇਹਿ ਬਿਦੇਹਿ ਨ ਨਵਾਂ ਨਿਰੋਆ॥ (37-9-3)
ਹਗਣ ਮੂਤਣ ਛਡਣਾ ਰੋਗੁ ਸੋਗੁ ਵਿਚਿ ਦੁਖੀਆ ਰੋਆ॥ (37-9-4)
ਘੁਟੀ ਪੀਐ ਨ ਖੁਸੀ ਹੋਇ ਸਪਹੁੰ ਰਖਿਅੜਾ ਅਣਖੋਆ॥ (37-9-5)
ਗੁਣੁ ਅਵਗੁਣੁ ਨ ਵਿਚਾਰਦਾ ਨ ਉਪਕਾਰੁ ਵਿਕਾਰੁ ਅਲੋਆ॥ (37-9-6)
ਸਮਸਰਿ ਤਿਸੁ ਹਥੀਆਰੁ ਸੰਜੋਆ ॥੯॥ (37-9-7)

ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ॥ (37-10-1)
ਰਸ ਕਸ ਖਾਇ ਨਿਲਜ ਹੋਇ ਛੁਹ ਛੁਹ ਧਰਣਿ ਧਰੈ ਪਗ ਧਾਰੇ॥ (37-10-2)
ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ॥ (37-10-3)

ਜਣ ਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ॥ (37-10-4)
ਗੁੜ੍ਹਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ॥ (37-10-5)
ਛਾਦਨ ਭੋਜਨੁ ਪੇਖਿਆ ਭਦਨਿ ਮੰਗਣਿ ਪੜ੍ਹਨਿ ਚਿਤਾਰੇ॥ (37-10-6)
ਪਾਂਧੇ ਪਾਸਿ ਪੜ੍ਹਾਇਆ ਖਟਿ ਲੁਟਾਇ ਹੋਇ ਸੁਚਿਆਰੇ॥ (37-10-7)
ਉਰਿਣਤ ਹੋਇ ਭਾਰੁ ਉਤਾਰੇ ॥੧੦॥ (37-10-8)

ਮਾਤਾ ਪਿਤਾ ਅਨੰਦ ਵਿਚਿ ਪੁਤੈ ਦੀ ਕੁੜਮਾਈ ਹੋਈ॥ (37-11-1)
ਰਹਸੀ ਅੰਗ ਨ ਮਾਵਈ ਗਾਵੈ ਸੋਹਿਲੜੇ ਸੁਖ ਸੋਈ॥ (37-11-2)
ਵਿਗਸੀ ਪੁਤ ਵਿਆਹਿਐ ਘੋੜੀ ਲਾਵਾਂ ਗਾਵ ਭਲੋਈ॥ (37-11-3)
ਸੁਖਾਂ ਸੁਖੈ ਮਾਵੜੀ ਪੁਤੁ ਨੂੰਹ ਦਾ ਮੇਲ ਅਲੋਈ॥ (37-11-4)
ਨੁਹੁ ਨਿਤ ਕੰਤ ਕੁਮੰਤੁ ਦੇਇ ਵਿਹਰੇ ਹੋਵਹ ਸਸੁ ਵਿਗੋਈ॥ (37-11-5)
ਲਖ ਉਪਕਾਰੁ ਵਿਸਾਰਿ ਕੈ ਪੁਤ ਕੁਪੁਤਿ ਚਕੀ ਉਠਿ ਝੋਈ॥ (37-11-6)
ਹੋਵੈ ਸਰਵਣ ਵਿਰਲਾ ਕੋਈ ॥੧੧॥ (37-11-7)

ਕਾਮਣਿ ਕਾਮਣਿਆਰੀਐ ਕੀਤੋ ਕਾਮਣੁ ਕੰਤ ਪਿਆਰੇ॥ (37-12-1)
ਜੰਮੇ ਸਾਂਈ ਵਿਸਾਰਿਆ ਵੀਵਾਹਿਆਂ ਮਾਂ ਪਿਅ ਵਿਸਾਰੇ॥ (37-12-2)
ਸੁਖਾਂ ਸੁਖਿ ਵਿਵਾਹਿਆ ਸਉਣੁ ਸੰਜੋਗੁ ਵਿਚਾਰਿ ਵਿਚਾਰੇ॥ (37-12-3)
ਪੁਤ ਨੂਹੈਂ ਦਾ ਮੇਲੁ ਵੇਖਿ ਅੰਗ ਨਾ ਮਾਥਨਿ ਮਾਂ ਪਿਉ ਵਾਰੇ॥ (37-12-4)
ਨੂੰਹ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ॥ (37-12-5)
ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ॥ (37-12-6)
ਲੋਕਾਚਾਰਿ ਹੋਇ ਵਡੇ ਕੁਚਾਰੇ ॥੧੨॥ (37-12-7)

ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ॥ (37-13-1)
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ॥ (37-13-2)
ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ॥ (37-13-3)
ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ॥ (37-13-4)
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ॥ (37-13-5)
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਜੰਮੈ ਭਰਮਿ ਭੁਲਾਣੀ॥ (37-13-6)
ਗੁਰੁ ਪਰਮੇਸਰੁ ਸਾਰੁ ਨ ਜਾਣੀ ॥੧੩॥ (37-13-7)

ਕਾਦਰੁ ਮਨਹੁੰ ਵਿਸਾਰਿਆ ਕੁਦਰਤਿ ਅੰਦਰਿ ਕਾਦਰੁ ਦਿਸੈ॥ (37-14-1)
ਜੀਉ ਪਿੰਡ ਦੇ ਸਾਜਿਆ ਸਾਸ ਮਾਸ ਦੇ ਜਿਸੈ ਕਿਸੈ॥ (37-14-2)
ਅਖੀ ਮੁਹੁੰ ਨਕੁ ਕੰਨੁ ਦੇਇ ਹਥੁ ਪੈਰੁ ਸਭਿ ਦਾਤ ਸੁ ਤਿਸੈ॥ (37-14-3)
ਅਖੀਂ ਦੇਖੈ ਰੂਪ ਰੰਗੁ ਸਬਦ ਸੁਰਤਿ ਮੁਹਿ ਕੰਨ ਸਰਿਸੈ॥ (37-14-4)
ਨਕਿ ਵਾਸੁ ਹਥੀਂ ਕਿਰਤਿ ਪੈਰੀ ਚਲਣ ਪਲ ਪਲ ਖਿਸੈ॥ (37-14-5)
ਵਾਲ ਦੰਦ ਨਹੁੰ ਰੋਮ ਰੋਮ ਸਾਸਿ ਗਿਰਾਸਿ ਸਮਾਲਿ ਸਲਿਸੈ॥ (37-14-6)
ਸਾਦੀ ਲਬੈ ਸਾਹਿਬੋ ਤਿਸ ਤੂੰ ਸੰਮਲ ਸੈਵੈਂ ਹਿਸੈ॥ (37-14-7)
ਲੂਣੁ ਪਾਇ ਕਰਿ ਆਟੈ ਮਿਸੈ ॥੧੪॥ (37-14-8)

ਦੇਹੀ ਵਿਚਿ ਨ ਜਾਪਈ ਨੀਂਦ ਭੁਖੁ ਤੇਹ ਕਿਥੈ ਵਸੈ॥ (37-15-1)

ਹਸਣੁ ਰੋਵਣੁ ਗਾਵਣਾ ਛਿਕ ਡਿਕਾਰੁ ਖੰਗੂਰਣੁ ਦਸੈ॥ (37-15-2)
ਆਲਕ ਤੇ ਅੰਗਵਾੜੀਆਂ ਹਿਡਕੀ ਖੁਰਕਣੁ ਪਰਸ ਪਰਸੈ॥ (37-15-3)
ਉਭੇ ਸਾਹ ਉਬਾਸੀਆਂ ਚੁਟਕਾਰੀ ਤਾੜੀ ਸੁਣਿ ਕਿਸੈ॥ (37-15-4)
ਆਸਾ ਮਨਸਾ ਹਰਖੁ ਸੋਗੁ ਜੋਗੁ ਭੋਗੁ ਦੁਖੁ ਸੁਖੁ ਨ ਵਿਣਸੈ॥ (37-15-5)
ਜਾਗਦਿਆਂ ਲਖੁ ਚਿਤਵਣੀ ਸੁਤਾ ਸੁਹਣੇ ਅੰਦਰਿ ਧਸੈ॥ (37-15-6)
ਸੁਤਾ ਹੀ ਬਰੜਾਂਵਦਾ ਕਿਰਤਿ ਵਿਰਤਿ ਵਿਚਿ ਜਸ ਅਪਜਸੈ॥ (37-15-7)
ਤਿਸਨਾ ਅੰਦਰਿ ਘਣਾ ਤਰਸੈ ॥੧੫॥ (37-15-8)

ਗੁਰਮਤਿ ਦੁਰਮਤਿ ਵਰਤਣਾ ਸਾਧੁ ਅਸਾਧੁ ਸੰਗਤਿ ਵਿਚਿ ਵਸੈ॥ (37-16-1)
ਤਿੰਨ ਵੇਸ ਜਮਵਾਰ ਵਿਚਿ ਹੋਇ ਸੰਜੋਗੁ ਵਿਜੋਗੁ ਮੁਣਸੈ॥ (37-16-2)
ਸਹਸ ਕੁਬਾਣ ਨ ਵਿਸਰੈ ਸਿਰਜਣਹਾਰੁ ਵਿਸਾਰਿ ਵਿਗਸੈ॥ (37-16-3)
ਪਰ ਨਾਰੀ ਪਰ ਦਰਬੁ ਹੇਤੁ ਪਰ ਨਿੰਦਾ ਪਰਪੰਚ ਰਹਸੈ॥ (37-16-4)
ਨਾਮ ਦਾਨ ਇਸਨਾਨੁ ਤਜਿ ਕੀਰਤਨ ਕਥਾ ਨ ਸਾਧੁ ਪਰਸੈ॥ (37-16-5)
ਕੁਤਾ ਚਉਕ ਚੜ੍ਹਾਈਐ ਚਕੀ ਚਟਣਿ ਕਾਰਣ ਨਸੈ॥ (37-16-6)
ਅਵਗੁਣਿਆਰਾ ਗੁਣ ਨ ਸਰਸੈ ॥੧੬॥ (37-16-7)

ਜਿਉ ਬਹੁ ਵਰਨ ਵਣਾਸਪਤਿ ਮੂਲ ਪਤ੍ਰ ਫਲੁ ਫੁਲੁ ਘਨੇਰੇ॥ (37-17-1)
ਇਕ ਵਰਨੁ ਬੈਸੰਤਰੈ ਸਭਨਾ ਅੰਦਰਿ ਕਰਦਾ ਡੇਰੇ॥ (37-17-2)
ਰੂਪੁ ਅਨੂਪੁ ਅਨੇਕ ਹੋਇ ਰੰਗੁ ਸੁਰੰਗੁ ਸੁ ਵਾਸੁ ਚੰਗੇਰੇ॥ (37-17-3)
ਵਾਂਸਹੁ ਉਠਿ ਉਪੰਨਿ ਕਰਿ ਜਾਲਿ ਕਰੰਦਾ ਭਸਮੈ ਢੇਰੇ॥ (37-17-4)
ਰੰਗ ਬਿਰੰਗੀ ਗਊ ਵੰਸ ਅੰਗੁ ਅੰਗੁ ਧਰਿ ਨਾਉ ਲਵੇਰੇ॥ (37-17-5)
ਸੱਦੀ ਆਵੈ ਨਾਉ ਸੁਣਿ ਪਾਲੀ ਚਾਰੈ ਮੇਰੇ ਤੇਰੇ॥ (37-17-6)
ਸਭਨਾ ਦਾ ਇਕੁ ਰੰਗੁ ਦੁਧੁ ਘਿਅ ਪਟ ਭਾਂਡੈ ਦੋਖ ਨ ਹੇਰੇ॥ (37-17-7)
ਚਿਤੈ ਅੰਦਰਿ ਚੇਤੁ ਚਿਤੇਰੇ ॥੧੭॥ (37-17-8)

ਧਰਤੀ ਪਾਣੀ ਵਾਸੁ ਹੈ ਫੁਲੀ ਵਾਸੁ ਨਿਵਾਸੁ ਚੰਗੇਰੀ॥ (37-18-1)
ਤਿਲ ਫੁਲਾਂ ਦੇ ਸੰਗਿ ਮਿਲਿ ਪਤਿਤ ਪੁਨੀਤੁ ਫੁਲੇਲੁ ਘਵੇਰੀ॥ (37-18-2)
ਅਖੀ ਦੇਖਿ ਅਨ੍ਹੇਰੁ ਕਰਿ ਮਨਿ ਅੰਧੇ ਤਨਿ ਅੰਧੁ ਅੰਧੇਰੀ॥ (37-18-3)
ਛਿਅ ਰੁਤ ਬਾਰਹ ਮਾਹ ਵਿਚ ਸੂਰਜੁ ਇਕੁ ਨ ਘੁਘੂ ਹੇਰੀ॥ (37-18-4)
ਸਿਮਰਣਿ ਕੂੰਜ ਧਿਆਨ ਕਛੂ ਪਥਰ ਕੀੜੇ ਰਿਜਕੁ ਸਵੇਰੀ॥ (37-18-5)
ਕਰਤੇ ਨੋ ਕੀਤਾ ਚਿਤੇਰੀ ॥੧੮॥ (37-18-6)

ਘੁਘੂ ਚਾਮਚਿੜਕ ਨੋ ਦੇਹੁੰ ਨ ਸੁਝੈ ਚਾਨਣੁ ਹੋਂਦੇ॥ (37-19-1)
ਰਾਤਿ ਅਨ੍ਹੇਰੀ ਦੇਖਦੇ ਬੋਲੁ ਕੁਬੋਲ ਅਬੋਲੁ ਖਲ਼ੰਦੇ॥ (37-19-2)
ਮਨਮੁਖ ਅੰਨ੍ਹੇ ਰਾਤਿ ਦਿਹੁੰ ਸੁਰਤਿ ਵਿਹੂਣੇ ਚਕੀ ਝੋਂਦੇ॥ (37-19-3)
ਅਉਗੁਣ ਚੁਣਿ ਚੁਣਿ ਛਡਿ ਗੁਣ ਪਰਹਰਿ ਹੀਰੇ ਫਟਕ ਪਰੋਂਦੇ॥ (37-19-4)
ਨਾਉ ਸੁਜਾਖੇ ਅੰਨਿਆ ਮਾਇਆ ਮਦ ਮਤਵਾਲੇ ਰੋਂਦੇ॥ (37-19-5)
ਕਾਮ ਕਰੋਧ ਵਿਰੋਧ ਵਿਚਿ ਕਾਰੇ ਪਲੋ ਭਰਿ ਭਰਿ ਧੋਂਦੇ॥ (37-19-6)
ਪਥਰ ਪਾਪ ਨ ਛੁਟਹਿ ਢੌਂਦੇ ॥੧੯॥ (37-19-7)

ਥਲਾ ਅੰਦਰਿ ਅਕੁ ਉਗਵਨਿ ਵੁਠੇ ਮੀਂਹ ਪਵੈ ਮੁਹਿ ਮੋਆ॥ (37-20-1)
ਪਤਿ ਟੁਟੈ ਦੁਧੁ ਵਹਿ ਚਲੈ ਪੀਤੈ ਕਾਲਕੂਟੁ ਓਹੁ ਹੋਆ॥ (37-20-2)
ਅਕਹੁੰ ਫਲ ਹੋਇ ਖਖੜੀ ਨਿਹਫਲੁ ਸੋ ਫਲੁ ਅਕਤਿਡੁ ਭੋਆ॥ (37-20-3)
ਵਿਹੁੰ ਨਸੈ ਅਕ ਦੁਧ ਤੇ ਸਪੁ ਖਾਧਾ ਖਾਇ ਅਕ ਨਰੋਆ॥ (37-20-4)
ਸੋ ਅਕ ਚਰਿ ਕੈ ਬਕਰੀ ਦੇਇ ਦੁਧੁ ਅੰਮ੍ਰਿਤ ਮੋਹਿ ਚੋਆ॥ (37-20-5)
ਸਪੈ ਦੁਧੁ ਪਿਆਲੀਐ ਵਿਸੁ ਉਗਾਲੈ ਪਾਸਿ ਖੜੋਆ॥ (37-20-6)
ਗੁਣ ਕੀਤੈ ਅਵਗੁਣੁ ਕਰਿ ਢੋਆ ॥੨੦॥ (37-20-7)

ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸੁ ਪਰੋਆ॥ (37-21-1)
ਹਸਿ ਹਸਿ ਬੋਲੇ ਕੁਹੀਂਦੀ ਖਾਧੇ ਅਕਿ ਹਾਲੁ ਇਹੁ ਹੋਆ॥ (37-21-2)
ਮਾਸ ਖਾਨਿ ਗਲਿ ਛੁਰੀ ਦੇ ਹਾਲੁ ਤਿਨਾੜਾ ਕਉਣੁ ਅਲੋਆ॥ (37-21-3)
ਜੀਭੈ ਹੰਦਾ ਫੇੜਿਆ ਖਉ ਦੰਦਾਂ ਮੁਹੁ ਭੰਨਿ ਵਿਗੋਆ॥ (37-21-4)
ਪਰ ਤਨ ਪਰ ਧਨ ਨਿੰਦ ਕਰਿ ਹੋਇ ਦੁਜੀਭਾ ਬਿਸੀਅਰੁ ਭੋਆ॥ (37-21-5)
ਵਸਿ ਆਵੈ ਗੁਰਮੰਤ ਸਪੁ ਨਿਗੁਰਾ ਮਨਮੁਖੁ ਸੁਣੈ ਨ ਸੋਆ॥ (37-21-6)
ਵੇਖਿ ਨ ਚਲੈ ਅਗੈ ਟੋਆ ॥੨੧॥ (37-21-7)

ਆਪਿ ਨ ਵੰਞੈ ਸਾਹੁਰੈ ਲੋਕਾ ਮਤੀ ਦੇ ਸਮਝਾਏ॥ (37-22-1)
ਚਾਨਣ ਘਰਿ ਵਿਚਿ ਦੀਵਿਅਹੁ ਹੇਠ ਅੰਨੇਰੁ ਨ ਸਕੈ ਮਿਟਾਏ॥ (37-22-2)
ਹਥੁ ਦੀਵਾ ਫੜਿ ਆਖੁੜੈ ਹੁਇ ਚਕਚਉਧੀ ਪੈਰੁ ਥਿੜਾਏ॥ (37-22-3)
ਹਥ ਕੰਙਣੁ ਲੈ ਆਰਸੀ ਅਉਖਾ ਹੋਵੈ ਦੇਖਿ ਦਿਖਾਏ॥ (37-22-4)
ਦੀਵਾ ਇਕਤੁ ਹਥ ਲੈ ਆਰਸੀ ਦੂਜੈ ਹਥਿ ਫੜਾਏ॥ (37-22-5)
ਹੁੰਦੇ ਦੀਵੇ ਆਰਸੀ ਆਖੁੜਿ ਟੋਏ ਪਾਉਂਦਾ ਜਾਏ॥ (37-22-6)
ਦੂਜਾ ਭਾਉ ਕੁਦਾਉ ਹਰਾਏ ॥੨੨॥ (37-22-7)

ਅਮਿਅ ਸਰੋਵਰਿ ਮਰੈ ਡੁਬਿ ਤਰੈ ਨ ਮਨਤਾਰੂ ਸੁ ਅਵਾਈ॥ (37-23-1)
ਪਾਰਸੁ ਪਰਸਿ ਨ ਪਥਰਹੁ ਕੰਚਨੁ ਹੋਇ ਨ ਅਘੜੁ ਘੜਾਈ॥ (37-23-2)
ਬਿਸੀਅਰੁ ਵਿਸੁ ਨ ਪਰਹਰੈ ਅਠ ਪਹਰ ਚੰਨਣਿ ਲਪਟਾਈ॥ (37-23-3)
ਸੰਖ ਸਮੁੰਦਹੁੰ ਸਖਣਾ ਰੋਵੈ ਧਾਹਾਂ ਮਾਰਿ ਸੁਣਾਈ॥ (37-23-4)
ਘੁਘੂ ਸੁਝੁ ਨ ਸੁਝਈ ਸੂਰਜੁ ਜੋਤਿ ਨ ਲੁਕੈ ਲੁਕਾਈ॥ (37-23-5)
ਮਨਮੁਖ ਵਡਾ ਅਕ੍ਰਿਤਘਣੁ ਦੂਜੈ ਭਾਇ ਸੁਆਇ ਲੁਭਾਈ॥ (37-23-6)
ਸਿਰਜਨਹਾਰ ਨ ਚਿਤਿ ਵਸਾਈ ॥੨੩॥ (37-23-7)

ਮਾਂ ਗਭਣਿ ਜੀਅ ਜਾਣਦੀ ਪੁਤੁ ਸਪੁਤੁ ਹੋਵੈ ਸੁਖਦਾਈ॥ (37-24-1)
ਕੁਪੁਤਹੁੰ ਧੀ ਚੰਗੇਰੜੀ ਪਰ ਘਰ ਜਾਇ ਵਸਾਇ ਨ ਆਈ॥ (37-24-2)
ਧੀਅਹੁੰ ਸਪ ਸਕਾਰਥਾ ਜਾਉ ਜਣੇਂਦੀ ਜਣਿ ਜਣਿ ਖਾਈ॥ (37-24-3)
ਮਾਂ ਡਾਇਣ ਧੰਨੁ ਧੰਨੁ ਹੈ ਕਪਟੀ ਪੁਤੈ ਖਾਇ ਅਘਾਈ॥ (37-24-4)
ਬਾਮ੍ਹਣ ਗਾਈ ਖਾਇ ਸਪੁ ਫੜਿ ਗੁਰ ਮੰਤ੍ਰ ਪਵਾਇ ਪਿੜਾਈ॥ (37-24-5)
ਨਿਗੁਰੇ ਤੁਲਿ ਨ ਹੋਰੁ ਕੋ ਸਿਰਜਣਹਾਰੈ ਸਿਰਠਿ ਉਪਾਈ॥ (37-24-6)
ਮਾਤਾ ਪਿਤਾ ਨ ਗੁਰੁ ਸਰਣਾਈ ॥੨੪॥ (37-24-7)

ਨਿਗੁਰੇ ਲਖ ਨ ਤੁਲ ਤਿਸ ਸਤਿਗੁਰ ਸਰਣਿ ਨ ਆਏ॥ (37-25-1)
ਜੋ ਗੁਰ ਗੋਪੈ ਆਪਣਾ ਤਿਸੁ ਡਿਠੇ ਨਿਗੁਰੇ ਸਰਮਾਏ॥ (37-25-2)
ਸੀਂਹ ਸਉਹਾਂ ਜਾਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਏ॥ (37-25-3)
ਸਤਿਗੁਰ ਤੇ ਜੋ ਮੁਹੁ ਫਿਰੈ ਤਿਸੁ ਮੁਹਿ ਲਗਣੁ ਵਡੀ ਬੁਲਾਏ॥ (37-25-4)
ਜੇ ਤਿਸੁ ਮਾਰੈ ਧਰਮ ਹੈ ਮਾਰਿ ਨ ਹੰਘੈ ਆਪੁ ਹਟਾਏ॥ (37-25-5)
ਸੁਆਮਿ ਧ੍ਰੋਹੀ ਅਕਿਰਤਘਣੁ ਬਾਮਣ ਗਊ ਵਿਸਾਹਿ ਮਰਾਏ॥ (37-25-6)
ਬੇਮੁਖ ਲੂੰਅ ਨ ਤੁਲਿ ਤੁਲਾਇ ॥੨੫॥ (37-25-7)

ਮਾਣਸ ਦੇਹਿ ਦੁਲੰਭੁ ਹੈ ਜੁਗਹ ਜੁਗੰਤਰਿ ਆਵੈ ਵਾਰੀ॥ (37-26-1)
ਉਤਮੁ ਜਨਮੁ ਦੁਲੰਭੁ ਹੈ ਇਕ ਵਾਕੀ ਕੋੜਮਾ ਵੀਚਾਰੀ॥ (37-26-2)
ਦੇਹਿ ਅਰੋਗ ਦੁਲੰਭੁ ਹੈ ਭਾਗਠੁ ਹੈ ਮਾਤ ਪਿਤਾ ਹਿਤਕਾਰੀ॥ (37-26-3)
ਸਾਧੂ ਸੰਗਿ ਦੁਲੰਭੁ ਹੈ ਗੁਰਮੁਖਿ ਸੁਖ ਫਲੁ ਭਗਤਿ ਪਿਆਰੀ॥ (37-26-4)
ਫਾਥਾ ਮਾਇਆ ਮਹਾਂ ਜਾਲਿ ਪੰਜਿ ਦੂਤ ਜਮਕਾਲੁ ਸੁ ਭਾਰੀ॥ (37-26-5)
ਜਿਉ ਕਰਿ ਸਹਾ ਵਹੀਰ ਵਿਚਿ ਪਰ ਹਥਿ ਪਾਸਾ ਪਉਛਕਿ ਸਾਰੀ॥ (37-26-6)
ਦੂਜੈ ਭਾਇ ਕੁਦਾਇਅੜਿ ਜਮ ਜੰਦਾਰੁ ਸਾਰ ਸਿਰਿ ਮਾਰੀ॥ (37-26-7)
ਆਵੈ ਜਾਇ ਭਵਾਈਐ ਭਵਜਲੁ ਅੰਦਰਿ ਹੋਇ ਖੁਆਰੀ॥ (37-26-8)
ਹਾਰੈ ਜਨਮੁ ਅਮੋਲੁ ਜੁਆਰੀ ॥੨੬॥ (37-26-9)

ਇਹੁ ਜਗੁ ਚਉਪੜਿ ਖੇਲੁ ਹੈ ਆਵਾ ਗਉਣ ਭਉਜਲ ਸੈਂਸਾਰੇ॥ (37-27-1)
ਗੁਰਮੁਖਿ ਜੋੜਾ ਸਾਧਸੰਗਿ ਪੂਰਾ ਸਤਿਗੁਰ ਪਾਰਿ ਉਤਾਰੇ॥ (37-27-2)
ਲਗਿ ਜਾਇ ਸੁ ਪੁਗਿ ਜਾਇ ਗੁਰ ਪਰਸਾਦੀ ਪੰਜਿ ਨਿਵਾਰੇ॥ (37-27-3)
ਗੁਰਮੁਖਿ ਸਹਜਿ ਸੁਭਾਉ ਹੈ ਆਪਹੁੰ ਬੁਰਾ ਨ ਕਿਸੈ ਵਿਚਾਰੇ॥ (37-27-4)
ਸ਼ਬਦ ਸੁਰਤਿ ਲਿਵ ਸਾਵਧਾਨ ਗੁਰਮੁਖਿ ਪੰਥ ਚਲੈ ਪਗੁ ਧਾਰੇ॥ (37-27-5)
ਲੋਕ ਵੇਦ ਗੁਰੁ ਗਿਆਨ ਮਤਿ ਭਾਇ ਭਗਤਿ ਗੁਰੁ ਸਿਖ ਪਿਆਰੇ॥ (37-27-6)
ਨਿਜ ਘਰਿ ਜਾਇ ਵਸੈ ਗੁਰੁ ਦੁਆਰੇ ॥੨੭॥ (37-27-7)

ਵਾਸ ਸੁਗੰਧ ਨ ਹੋਵਈ ਚਰਣੋਦਕ ਬਾਵਨ ਬੋਹਾਏ॥ (37-28-1)
ਕਚਹੁ ਕੰਚਨ ਨ ਥੀਐ ਕਚਹੁੰ ਕੰਚਨ ਪਾਰਸ ਲਾਏ॥ (37-28-2)
ਨਿਹਫਲੁ ਸਿੰਮਲੁ ਜਾਣੀਐ ਅਫਲੁ ਸਫਲੁ ਕਰਿ ਸਭ ਫਲੁ ਪਾਏ॥ (37-28-3)
ਕਾਉਂ ਨ ਹੋਵਨਿ ਉਜਲੇ ਕਾਲੀ ਹੂੰ ਧਉਲੇ ਸਿਰਿ ਆਏ॥ (37-28-4)
ਕਾਗਹੁ ਹੰਸ ਹੁਇ ਪਰਮ ਹੰਸੁ ਨਿਰਮੋਲਕੁ ਮੋਤੀ ਚੁਣਿ ਖਾਏ॥ (37-28-5)
ਪਸੂ ਪਰੇਤਹੁੰ ਦੇਵ ਕਰਿ ਸਾਧਸੰਗਤਿ ਗੁਰੁ ਸਬਦਿ ਕਮਾਏ॥ (37-28-6)
ਤਿਸ ਗੁਰੁ ਸਾਰ ਨ ਜਾਤੀਆ ਦੁਰਮਤਿ ਦੂਜਾ ਭਾਇ ਸਭਾਏ॥ (37-28-7)
ਅੰਨਾ ਆਗੂ ਸਾਥੁ ਮੁਹਾਏ ॥੨੮॥ (37-28-8)

ਮੈ ਜੇਹਾ ਨ ਅਕਿਰਤਿਘਣੁ ਹੈ ਭਿ ਨ ਹੋਆ ਹੋਵਣਿਹਾਰਾ॥ (37-29-1)
ਮੈ ਜੇਹਾ ਨ ਹਰਾਮਖੋਰੁ ਹੋਰੁ ਨ ਕੋਈ ਅਵਗੁਣਿਆਰਾ॥ (37-29-2)
ਮੈ ਜੇਹਾ ਨਿੰਦਕੁ ਨ ਕੋਇ ਗੁਰੁ ਨਿੰਦਾ ਸਿਰਿ ਬਜਰੁ ਭਾਰਾ॥ (37-29-3)
ਮੈ ਜੇਹਾ ਬੇਮੁਖੁ ਨ ਕੋਇ ਸਤਿਗੁਰ ਤੇ ਬੇਮੁਖ ਹਤਿਆਰਾ॥ (37-29-4)
ਮੈ ਜੇਹਾ ਕੋ ਦੁਸਟ ਨਾਹਿ ਨਿਰਵੈਰੈ ਸਿਉ ਵੈਰ ਵਿਕਾਰਾ॥ (37-29-5)

ਮੈ ਜੇਹਾ ਨ ਵਿਸਾਹੁ ਧ੍ਰੋਹੁ ਸਗਲ ਸਮਾਧੀ ਮੀਨ ਅਹਾਰਾ॥ (37-29-6)
ਬਜਰੁ ਲੇਪੁ ਨ ਉਤਰੈ ਪਿੰਡੁ ਅਪਰਚੇ ਅਉਚਰਿ ਚਾਰਾ॥ (37-29-7)
ਮੈ ਜੇਹਾ ਨ ਦੁਬਾਜਰਾ ਤਜਿ ਗੁਰਮਤਿ ਦੁਰਮਤਿ ਹਿਤਕਾਰਾ॥ (37-29-8)
ਨਾਉ ਮੁਰੀਦ ਨ ਸਬਦਿ ਵੀਚਾਰਾ ॥੨੯॥੩੭॥ (37-29-9)

Vaar 38

ਕਾਮ ਲਖ ਕਰਿ ਕਾਮਨਾ ਬਹੁ ਰੂਪੀ ਸੋਹੈ॥ (38-1-1)
ਲਖ ਕਰੋਧ ਕਰੋਧ ਕਰਿ ਦੁਸਮਨ ਹੋਇ ਜੋਹੈ॥ (38-1-2)
ਲਖ ਲੋਭ ਲਖ ਲਖਮੀ ਹੋਇ ਧੋਹਣ ਧੋਹੈ॥ (38-1-3)
ਮਾਇਆ ਮੋਹਿ ਕਰੋੜ ਮਿਲਿ ਹੋ ਬਹੁ ਗੁਣ ਸੋਹੈ॥ (38-1-4)
ਅਸੁਰ ਸੰਘਾਰਿ ਹੰਕਾਰ ਲਖ ਹਉਮੈ ਕਰਿ ਛੋਹੈ॥ (38-1-5)
ਸਾਧਸੰਗਤਿ ਗੁਰੁ ਸਿਖ ਸੁਣਿ ਗੁਰੁ ਸਿਖ ਨ ਪੋਹੈ ॥੧॥ (38-1-6)

ਲਖ ਕਾਮਣਿ ਲਖ ਕਾਵਰੂ ਲਖ ਕਾਮਣਿਆਰੀ॥ (38-2-1)
ਸਿੰਗਲਦੀਪਹੁੰ ਪਦਮਣੀ ਬਹੁ ਰੂਪਿ ਸੀਗਾਰੀ॥ (38-2-2)
ਮੋਹਣੀਆਂ ਇੰਦ੍ਰਾ ਪੁਰੀ ਅਪਛਰਾ ਸੁਚਾਰੀ॥ (38-2-3)
ਹੂਰਾਂ ਪਰੀਆਂ ਲਖ ਲਖ ਬਹਿਸਤ ਸਵਾਰੀ॥ (38-2-4)
ਲਖ ਕਉਲਾਂ ਨਵ ਜੋਬਨੀ ਲਖ ਕਾਮ ਕਰਾਰੀ॥ (38-2-5)
ਗੁਰਮੁਖਿ ਪੋਹਿ ਨ ਸਕਨੀ ਸਾਧਸੰਗਤਿ ਭਾਰੀ ॥੨॥ (38-2-6)

ਲਖ ਦੁਰਯੋਧਨ ਕੰਸ ਲਖ ਲਖ ਦੈਤ ਲੜੰਦੇ॥ (38-3-1)
ਲਖ ਰਾਵਣ ਕੁੰਭਕਰਣ ਲਖ ਲਖ ਰਾਕਸ ਮੰਦੇ॥ (38-3-2)
ਪਰਸਰਾਮ ਲਖ ਸਹੰਸਬਾਹੁ ਕਰਿ ਖੁਦੀ ਖਹੰਦੇ॥ (38-3-3)
ਹਰਨਾਕਸ ਬਹੁ ਹਰਣਾਕਸਾ ਨਰਸਿੰਘ ਬੁਕੰਦੇ॥ (38-3-4)
ਲਖ ਕਰੋਧ ਵਿਰੋਧ ਲਖ ਲਖ ਵੈਰੁ ਕਰੰਦੇ॥ (38-3-5)
ਗੁਰੁ ਸਿਖ ਪੋਹਿ ਨ ਸਕਈ ਸਾਧਸੰਗਿ ਮਿਲੰਦੇ ॥੩॥ (38-3-6)

ਸੋਇਨਾ ਰੁਪਾ ਲਖ ਮਣਾ ਲਖ ਭਰੇ ਭੰਡਾਰਾ॥ (38-4-1)
ਮੋਤੀ ਮਾਣਿਕ ਹੀਰਿਆਂ ਬਹੁ ਮੋਲ ਅਪਾਰਾ॥ (38-4-2)
ਦੇਸ ਵੇਸ ਲਖ ਰਾਜ ਭਾਗ ਪਰਗਣੇ ਹਜਾਰਾ॥ (38-4-3)
ਰਿਧੀ ਸਿਧੀ ਜੋਗ ਭੋਗ ਅਭਰਣ ਸੀਗਾਰਾ॥ (38-4-4)
ਕਾਮਧੇਨੁ ਲਖ ਪਾਰਿਜਾਤਿ ਚਿੰਤਾਮਣਿ ਪਾਰਾ॥ (38-4-5)
ਚਾਰ ਪਦਾਰਥ ਸਗਲ ਫਲ ਲਖ ਲੋਭ ਲੁਭਾਰਾ॥ (38-4-6)
ਗੁਰ ਸਿਖ ਪੋਹ ਨ ਹੰਘਨੀ ਸਾਧਸੰਗਿ ਉਧਾਰਾ ॥੪॥ (38-4-7)

ਪਿਉ ਪੁਤੁ ਮਾਵੜ ਧੀਅੜੀ ਹੋਇ ਭੈਣ ਭਿਰਾਵਾ॥ (38-5-1)
ਨਾਰਿ ਭਤਾਰੁ ਪਿਆਰ ਲਖ ਮਨ ਮੇਲਿ ਮਿਲਾਵਾ॥ (38-5-2)
ਸੁੰਦਰ ਮੰਦਰ ਚਿਤ੍ਰਸਾਲ ਬਾਗ ਫੁਲ ਸੁਹਾਵਾ॥ (38-5-3)
ਰਾਗ ਰੰਗ ਰਸ ਰੂਪ ਲਖ ਬਹੁ ਭੋਗ ਭੁਲਾਵਾ॥ (38-5-4)
ਲਖ ਮਾਇਆ ਲਖ ਮੋਹਿ ਮਿਲਿ ਹੋਇ ਮੁਦਈ ਦਾਵਾ॥ (38-5-5)
ਗੁਰੁ ਸਿਖ ਪੋਹਿ ਨ ਹੰਘਨੀ ਸਾਧਸੰਗੁ ਸੁਹਾਵਾ ॥੫॥ (38-5-6)

ਵਰਨਾ ਵਰਨ ਨ ਭਾਵਨੀ ਕਰਿ ਖੁਦੀ ਖਹੰਦੇ॥ (38-6-1)
ਜੰਗਲ ਅੰਦਰਿ ਸੀਂਹ ਦੁਇ ਬਲਵੰਤਿ ਬੁਕੰਦੇ॥ (38-6-2)

ਹਾਥੀ ਹਥਿਆਈ ਕਰਨਿ ਮਤਵਾਲੇ ਹੁਇ ਅੜੀ ਅੜੰਦੇ॥ (38-6-3)
ਰਾਜ ਭੂਪ ਰਾਜੇ ਵਡੇ ਮਲ ਦੇਸ ਲੜੰਦੇ॥ (38-6-4)
ਮੁਲਕ ਅੰਦਰਿ ਪਾਤਿਸਾਹ ਦੁਇ ਜਾਇ ਜੰਗ ਜੁੜੰਦੇ॥ (38-6-5)
ਹਉਮੈ ਕਰਿ ਹੰਕਾਰ ਲਖ ਮਲ ਮਲ ਘੁਲੰਦੇ॥ (38-6-6)
ਗੁਰੁ ਸਿਖ ਪੋਹਿ ਨ ਸਕਨੀ ਸਾਧੁ ਸੰਗਿ ਵਸੰਦੇ ॥੬॥ (38-6-7)

ਗੋਰਖ ਜਤੀ ਸਦਾਇੰਦਾ ਤਿਸੁ ਗੁਰੁ ਘਰਿਬਾਰੀ॥ (38-7-1)
ਸੁਕਰ ਕਾਣਾ ਹੋਇਆ ਮੰਤੀ ਅਵੀਚਾਰੀ॥ (38-7-2)
ਲਖਮਣ ਸਾਧੀ ਭੁਖ ਤੇਹ ਹਉਮੈ ਅਹੰਕਾਰੀ॥ (38-7-3)
ਹਨੂੰਮੰਤ ਬਲਵੰਤ ਆਖੀਐ ਚੰਚਲ ਮਤਿ ਖਾਰੀ॥ (38-7-4)
ਭੈਰਉ ਭੂਤ ਕੁਸੂਤ ਸੰਗਿ ਦੁਰਮਤਿ ਉਰਧਾਰੀ॥ (38-7-5)
ਗੁਰਸਿਖ ਜਤੀ ਸਲਾਹੀਅਨਿ ਜਿਨਿ ਹਉਮੈ ਮਾਰੀ ॥੭॥ (38-7-6)

ਹਰੀ ਚੰਦ ਸਤਿ ਰਖਿਆ ਨਿਖਾਸ ਵਿਕਾਣਾ॥ (38-8-1)
ਬਲ ਛਲਿਆ ਸਤੁ ਪਾਲਦਾ ਪਾਤਾਲਿ ਸਿਧਾਣਾ॥ (38-8-2)
ਕਰਨੁ ਸੁ ਕੰਚਨ ਦਾਨ ਕਰਿ ਅੰਤੁ ਪਛੋਤਾਣਾ॥ (38-8-3)
ਸਤਿਵਾਦੀ ਹੁਇ ਧਰਮਪੁਤੁ ਕੂੜ ਜਮਪੁਰਿ ਜਾਣਾ॥ (38-8-4)
ਜਤੀ ਸਤੀ ਸੰਤੋਖੀਆ ਹਉਮੈ ਗਰਬਾਣਾ॥ (38-8-5)
ਗੁਰਸਿਖ ਰੋਮ ਨ ਪੁਜਨੀ ਬਹੁ ਮਾਣੁ ਨਿਮਾਣਾ ॥੮॥ (38-8-6)

ਮੁਸਲਮਾਣਾ ਹਿੰਦੂਆਂ ਦੁਇ ਰਾਹ ਚਲਾਏ॥ (38-9-1)
ਮਜਹਬ ਵਰਣ ਗਣਾਇੰਦੇ ਗੁਰੁ ਪੀਰੁ ਸਦਾਏ॥ (38-9-2)
ਸਿਖ ਮੁਰੀਦ ਪਖੰਡ ਕਰਿ ਉਪਦੇਸ ਦ੍ਰਿੜਾਏ॥ (38-9-3)
ਰਾਮ ਰਹੀਮ ਧਿਆਇੰਦੇ ਹਉਮੈ ਗਰਬਾਏ॥ (38-9-4)
ਮਕਾ ਗੰਗ ਬਨਾਰਸੀ ਪੂਜ ਜਾਰਤ ਆਏ॥ (38-9-5)
ਰੋਜੇ ਵਰਤ ਨਮਾਜ ਕਰਿ ਡੰਡਉਤਿ ਕਰਾਏ॥ (38-9-6)
ਗੁਰੁ ਸਿਖ ਰੋਮ ਨ ਪੁਜਨੀ ਜੋ ਆਪੁ ਗਵਾਏ ॥੯॥ (38-9-7)

ਛਿਅ ਦਰਸਨ ਵਰਤਾਇਆ ਚਉਦਹ ਖਨਵਾਦੇ॥ (38-10-1)
ਘਰੈ ਘੁੰਮਿ ਘਰਬਾਰੀਆ ਅਸਵਾਰ ਪਿਆਦੇ॥ (38-10-2)
ਸੰਨਿਆਸੀ ਦਸ ਨਾਮ ਧਰਿ ਕਰਿ ਵਾਦ ਕਵਾਦੇ॥ (38-10-3)
ਰਾਵਲ ਬਾਰਹ ਪੰਥ ਕਰਿ ਫਿਰਦੇ ਉਦਮਾਦੇ॥ (38-10-4)
ਜੈਨੀ ਜੂਠ ਨ ਉਤਰੈ ਜੂਠੇ ਪਰਸਾਦੇ॥ (38-10-5)
ਗੁਰੁ ਸਿਖ ਰੋਮ ਨ ਪੁਜਨੀ ਧੁਰਿ ਆਦਿ ਜੁਗਾਦੇ ॥੧੦॥ (38-10-6)

ਬਹੁ ਸੁੰਨੀ ਸ਼ੀਅ ਰਾਫਜ਼ੀ ਮਜ਼ਹਬ ਮਨਿ ਭਾਣੇ॥ (38-11-1)
ਮੁਲਹਿਦ ਹੋਇ ਮੁਨਾਫ਼ਕਾ ਸਭ ਭਰਮਿ ਭੁਲਾਣੇ॥ (38-11-2)
ਈਸਾਈ ਮੂਸਾਈਆਂ ਹਉਮੈ ਹੈਰਾਣੇ॥ (38-11-3)
ਹੋਇ ਫਿਰੰਗੀ ਅਰਮਨੀ ਰੂਮੀ ਗਰਬਾਣੇ॥ (38-11-4)
ਕਾਲੀ ਪੋਸ ਕਲੰਦਰਾਂ ਦਰਵੇਸ ਦੁਗਾਣੇ॥ (38-11-5)

ਗੁਰੁ ਸਿਖ ਰੋਮ ਨ ਪੁਜਨੀ ਗੁਰ ਹਟਿ ਵਿਕਾਣੇ ॥੧੧॥ (38-11-6)

ਜਪ ਤਪ ਸੰਜਮ ਸਾਧਨਾ ਹਠ ਨਿਗ੍ਰਹ ਕਰਣੇ॥ (38-12-1)
ਵਰਤ ਨੇਮ ਤੀਰਥ ਘਣੇ ਅਧਿਆਤਮ ਧਰਣੇ॥ (38-12-2)
ਦੇਵੀ ਦੇਵਾ ਦੇਹੁਰੇ ਪੂਜਾ ਪਰਵਰਣੇ॥ (38-12-3)
ਹੋਮ ਜਗ ਬਹੁ ਦਾਨ ਕਰਿ ਮੁਖ ਵੇਦ ਉਚਰਣੇ॥ (38-12-4)
ਕਰਮ ਧਰਮ ਭੈ ਭਰਮ ਵਿਚਿ ਬਹੁ ਜੰਮਣ ਮਰਣੇ॥ (38-12-5)
ਗੁਰਮੁਖਿ ਸੁਖਫਲੁ ਸਾਧਸੰਗਿ ਮਿਲਿ ਦੁਤਰ ਤਰਣੇ ॥੧੨॥ (38-12-6)

ਉਦੇ ਅਸਤਿ ਵਿਚਿ ਰਾਜ ਕਰਿ ਚਕ੍ਰਵਰਤਿ ਘਨੇਰੇ॥ (38-13-1)
ਅਰਬ ਖਰਬ ਲੈ ਦਰਬ ਨਿਧਿ ਰਸ ਭੋਗਿ ਚੰਗੇਰੇ॥ (38-13-2)
ਨਰਪਤਿ ਸੁਰਪਤਿ ਛਤ੍ਰਪਤਿ ਹਉਮੈ ਵਿਚਿ ਘੇਰੇ॥ (38-13-3)
ਸਿਵ ਲੋਕਹੁੰ ਚੜ੍ਹਿ ਬ੍ਰਹਮ ਲੋਕ ਬੈਕੁੰਠ ਵਸੇਰੇ॥ (38-13-4)
ਚਿਰ ਜੀਵਣੁ ਬਹੁ ਹੰਢਣਾ ਹੋਹਿ ਵਡੇ ਵਡੇਰੇ॥ (38-13-5)
ਗੁਰਮੁਖਿ ਸੁਖਫਲੁ ਅਗਮੁ ਹੈ ਹੋਇ ਭਲੇ ਭਲੇਰੇ ॥੧੩॥ (38-13-6)

ਰੂਪੁ ਅਨੂਪੁ ਸਰੂਪ ਲਖ ਹੋਇ ਰੰਗ ਬਿਰੰਗੀ॥ (38-14-1)
ਰਾਗ ਨਾਦ ਸੰਬਾਦ ਲਖ ਸੰਗੀਤ ਅਭੰਗੀ॥ (38-14-2)
ਗੰਧ ਸੁਗੰਧਿ ਮਿਲਾਪ ਲਖ ਅਰਗਜੇ ਅਦੰਗੀ॥ (38-14-3)
ਛਤੀਹ ਭੋਜਨ ਪਾਕਸਾਲ ਰਸ ਭੋਗ ਸੁਢੰਗੀ॥ (38-14-4)
ਪਾਟ ਪਟੰਬਰ ਗਹਣਿਆਂ ਸੋਹਹਿੰ ਸਰਬੰਗੀ॥ (38-14-5)
ਗੁਰਮੁਖਿ ਸੁਖਫਲੁ ਅਗੰਮੁ ਹੈ ਗੁਰਸਿਖ ਸਹਲੰਗੀ ॥੧੪॥ (38-14-6)

ਲਖ ਮਤਿ ਬੁਧਿ ਸੁਧਿ ਉਕਤਿ ਲਖ ਲਖ ਲਖ ਚਤੁਰਾਈ॥ (38-15-1)
ਲਖ ਬਲ ਬਚਨ ਬਿਬੇਕ ਲਖ ਪਰਕਿਰਤਿ ਕਮਾਈ॥ (38-15-2)
ਲਖ ਸਿਆਣਪ ਸੁਰਤਿ ਲਖ ਲਖ ਸੁਰਤਿ ਸੁਘੜਾਈ॥ (38-15-3)
ਗਿਆਨ ਧਿਆਨ ਸਿਮਰਣਿ ਸਹੰਸ ਲਖ ਪਤਿ ਵਡਿਆਈ॥ (38-15-4)
ਹਉਮੈ ਅੰਦਰਿ ਵਰਤਣਾ ਦਰਿ ਥਾਇ ਨ ਪਾਈ॥ (38-15-5)
ਗੁਰਮੁਖਿ ਸੁਖਫਲੁ ਅਗਮ ਹੈ ਸਤਿਗੁਰ ਸਰਣਾਈ ॥੧੫॥ (38-15-6)

ਸਤਿ ਸੰਤੋਖ ਦਇਆ ਧਰਮੁ ਲਖ ਅਰਥ ਮਿਲਾਹੀ॥ (38-16-1)
ਧਰਤਿ ਅਗਾਸ ਪਾਣੀ ਪਵਣ ਲਖ ਤੇਜ ਤਪਾਹੀ॥ (38-16-2)
ਖਿਮਾਂ ਧੀਰਜ ਲਖ ਲਜਿ ਮਿਲਿ ਸੋਭਾ ਸਰਮਾਹੀ॥ (38-16-3)
ਸਾਂਤਿ ਸਹਜ ਸੁਖ ਸੁਕ੍ਰਿਤਾ ਭਾਉ ਭਗਤਿ ਕਰਾਹੀ॥ (38-16-4)
ਸਗਲ ਪਦਾਰਥ ਸਗਲ ਫਲ ਆਨੰਦ ਵਧਾਹੀ॥ (38-16-5)
ਗੁਰਮੁਖਿ ਸੁਖਫਲ ਪਿਰਮਿ ਰਸੁ ਇਕੁ ਤਿਲੁ ਨ ਪੁਜਾਹੀ ॥੧੬॥ (38-16-6)

ਲਖ ਲਖ ਜੋਗ ਧਿਆਨ ਮਿਲਿ ਧਰਿ ਧਿਆਨੁ ਬਹੰਦੇ॥ (38-17-1)
ਲਖ ਲਖ ਸੁੰਨ ਸਮਾਧਿ ਸਾਧਿ ਨਿਜ ਆਸਣ ਸੰਦੇ॥ (38-17-2)
ਲਖ ਸੇਖ ਸਿਮਰਣਿ ਕਰਹਿੰ ਗੁਣ ਗਿਆਨ ਗਣੰਦੇ॥ (38-17-3)

ਮਹਿਮਾਂ ਲਖ ਮਹਾਤਮਾਂ ਜੈਕਾਰ ਕਰੰਦੇ॥ (38-17-4)
ਉਸਤਤਿ ਉਪਮਾਂ ਲਖ ਲਖ ਲਖ ਭਗਤਿ ਜਪੰਦੇ॥ (38-17-5)
ਗੁਰਮੁਖਿ ਸੁਖਫਲੁ ਪਿਰਮ ਰਸੁ ਇਕ ਪਲੁ ਨ ਲਹੰਦੇ ॥੧੭॥ (38-17-6)

ਅਚਰਜ ਨੋ ਆਚਰਜੁ ਹੈ ਅਚਰਜੁ ਹੋਵੰਦਾ॥ (38-18-1)
ਵਿਸਮਾਦੈ ਵਿਸਮਾਦੁ ਹੈ ਵਿਸਮਾਦੁ ਰਹੰਦਾ॥ (38-18-2)
ਹੈਰਾਣੈ ਹੈਰਾਣੁ ਹੈ ਹੈਰਾਣੁ ਕਰੰਦਾ॥ (38-18-3)
ਅਬਿਗਤਹੁੰ ਅਬਿਗਤੁ ਹੈ ਨਹਿੰ ਅਲਖੁ ਲਖੰਦਾ॥ (38-18-4)
ਅਕਥਹੁੰ ਅਕਥ ਅਲੇਖੁ ਹੈ ਨੇਤਿ ਨੇਤਿ ਸੁਣੰਦਾ॥ (38-18-5)
ਗੁਰਮੁਖਿ ਸੁਖਫਲੁ ਪਿਰਮ ਰਸੁ ਵਾਹੁ ਵਾਹੁ ਚਵੰਦਾ ॥੧੮॥ (38-18-6)

ਇਕੁ ਕਵਾਉ ਪਸਾਉ ਕਰਿ ਬ੍ਰਹਮੰਡ ਪਸਾਰੇ॥ (38-19-1)
ਕਰਿ ਬ੍ਰਹਮੰਡ ਕਰੋੜ ਲਖ ਰੋਮ ਰੋਮ ਸੰਜਾਰੇ॥ (38-19-2)
ਪਾਰਬ੍ਰਹਮ ਪੂਰਣ ਬ੍ਰਹਮ ਗੁਰੁ ਰੂਪੁ ਮੁਰਾਰੇ॥ (38-19-3)
ਗੁਰੁ ਚੇਲਾ ਚੇਲਾ ਗੁਰੂ ਗੁਰ ਸਬਦੁ ਵੀਚਾਰੇ॥ (38-19-4)
ਸਾਧਸੰਗਤਿ ਸਚੁ ਖੰਡ ਹੈ ਵਾਸਾ ਨਿਰੰਕਾਰੇ॥ (38-19-5)
ਗੁਰਮੁਖਿ ਸੁਖਫਲੁ ਪਿਰਮ ਰਸੁ ਦੇ ਹਉਮੈ ਮਾਰੇ ॥੧੯॥ (38-19-6)

ਸਤਿਗੁਰ ਨਾਨਕ ਦੇਉ ਹੈ ਪਰਮੇਸਰੁ ਸੋਈ॥ (38-20-1)
ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ॥ (38-20-2)
ਅੰਰਾਪਦੁ ਗੁਰੁ ਅੰਗਦਹੁੰ ਹੁਇ ਜਾਣੁ ਜਣੋਈ॥ (38-20-3)
ਗੁਰੁ ਅਮਰਹੁੰ ਗੁਰਬ ਰਾਮਦਾਸ ਅੰਮ੍ਰਿਤ ਰਸੁ ਭੋਈ॥ (38-20-4)
ਰਾਮਦਾਸਹੁੰ ਅਰਜਨ ਗੁਰੂ ਗੁਰੁ ਸਬਦ ਸਥੋਈ॥ (38-20-5)
ਹਰਿਗੋਵਿੰਦ ਗੁਰੁ ਅਰਜਨਹੁੰ ਗੁਰੁ ਗੋਵਿੰਦੁ ਹੋਈ॥ (38-20-6)
ਗੁਰਮੁਖਿ ਸੁਖਫਲ ਪਿਰਮ ਰਸੁ ਸਤਿਸੰਗ ਅਲੋਈ॥ (38-20-7)
ਗੁਰੁ ਗੋਵਿੰਦਹੁੰ ਬਾਹਿਰਾ ਦੂਜਾ ਨਹੀ ਕੋਈ ॥੨੦॥੩੮॥ (38-20-8)

Vaar 39

ੴ ਸਤਿਗੁਰਪ੍ਰਸਾਦਿ॥ (39-1-1)

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ॥ (39-1-2)
ਸਤਿਨਾਮੁ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰੁ ਸਦਾਇਆ॥ (39-1-3)
ਅਕਾਲ ਮੂਰਤਿ ਪਰਤਖਿ ਹੋਇ ਨਾਉ ਅਜੂਨੀ ਸੈਭੰ ਭਾਇਆ॥ (39-1-4)
ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰਿ ਹੋਂਦਾ ਆਇਆ॥ (39-1-5)
ਹੈਭੀ ਹੋਸੀ ਸਚੁ ਨਾਉ ਸਚੁ ਦਰਸਣੁ ਸਤਿਗੁਰੂ ਦਿਖਾਇਆ॥ (39-1-6)
ਸ਼ਬਦ ਸੁਰਤਿ ਲਿਵਲੀਣੁ ਹੋਇ ਗੁਰੁ ਚੇਲਾ ਪਰਚਾ ਪਰਚਾਇਆ॥ (39-1-7)
ਗੁਰੁ ਚੇਲਾ ਰਹਿਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ॥ (39-1-8)
ਗੁਰਮੁਖਿ ਸੁਖਫਲੁ ਅਲਖੁ ਲਖਾਇਆ ॥੧॥ (39-1-9)

ਨਿਰੰਕਾਰੁ ਅਕਾਰੁ ਕਰਿ ਏਕੰਕਾਰੁ ਅਪਾਰ ਸਦਾਇਆ॥ (39-2-1)
ਓਅੰਕਾਰੁ ਅਕਾਰੁ ਕਰਿ ਇਕੁ ਕਵਾਉ ਪਸਾਉ ਕਰਾਇਆ॥ (39-2-2)
ਪੰਜ ਤਤ ਪਰਵਾਣੁ ਕਰਿ ਪੰਜ ਮਿਤ੍ਰ ਪੰਜ ਸਤ੍ਰ ਮਿਲਾਇਆ॥ (39-2-3)
ਪੰਜੇ ਤਿਨਿ ਅਸਾਧ ਸਾਧਿ ਸਾਧੁ ਸਦਾਇ ਸਾਧੁ ਬਿਰਦਾਇਆ॥ (39-2-4)
ਪੰਜੇ ਏਕੰਕਾਰ ਲਿਖਿ ਅਗੋਂ ਪਿਛੀਂ ਸਹਸ ਫਲਾਇਆ॥ (39-2-5)
ਪੰਜੇ ਅਖਰ ਪਰਧਾਨ ਕਰਿ ਪਰਮੇਸਰੁ ਹੋਇ ਨਾਉ ਧਰਾਇਆ॥ (39-2-6)
ਸਤਿਗੁਰ ਨਾਨਕ ਦੇਉ ਹੈ ਗੁਰੁ ਅੰਗਦੁ ਅੰਗਹੁੰ ਉਪਜਾਇਆ॥ (39-2-7)
ਅੰਗਦ ਤੇ ਗੁਰੁ ਅਮਰਪਦ ਅੰਮ੍ਰਿਤ ਰਾਮ ਨਾਮੁ ਗੁਰੁ ਭਾਇਆ॥ (39-2-8)
ਰਾਮਦਾਸ ਗੁਰੁ ਅਰਜਨ ਛਾਇਆ ॥੨॥ (39-2-9)

ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦ ਅਤੋਲਾ॥ (39-3-1)
ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ॥ (39-3-2)
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ॥ (39-3-3)
ਤੁਰੀਆ ਚੜ੍ਹਿ ਜਿਣਿ ਪਰਮਤਤੁ ਛਿਅ ਵਰਤਾਰੇ ਕੋਲੋ ਕੋਲਾ॥ (39-3-4)
ਛਿਅ ਦਰਸਣੁ ਛਿਅ ਪੀੜ੍ਹੀਆਂ ਇਕਸੁ ਦਰਸਣੁ ਅੰਦਰਿ ਗੋਲਾ॥ (39-3-5)
ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਵਿਰੋਲਾ॥ (39-3-6)
ਗਿਆਰਹ ਰੁਦ੍ਰ ਸਮੁੰਦ੍ਰ ਵਿਚਿ ਮਰਿ ਜੀਵੈ ਤਿਸੁ ਰਤਨੁ ਅਮੋਲਾ॥ (39-3-7)
ਬਾਰਹ ਸੋਲਾਂ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ॥ (39-3-8)
ਅੰਤਰਜਾਮੀ ਬਾਲਾ ਭੋਲਾ ॥੩॥ (39-3-9)

ਗੁਰ ਗੋਵਿੰਦੁ ਖੁਦਾਇ ਪੀਰ ਗੁਰੁ ਚੇਲਾ ਚੇਲਾ ਗੁਰੁ ਹੋਆ॥ (39-4-1)
ਨਿਰੰਕਾਰ ਆਕਾਰੁ ਕਰਿ ਏਕੰਕਾਰੁ ਅਕਾਰੁ ਪਲੋਆ॥ (39-4-2)
ਓਅੰਕਾਰਿ ਅਕਾਰਿ ਲਖ ਲਖ ਦਰੀਆਉ ਕਰੇਂਦੇ ਢੋਆ॥ (39-4-3)
ਲਖ ਦਰੀਆਉ ਸਮੁੰਦ੍ਰ ਵਿਚਿ ਸਤ ਸਮੁੰਦ੍ਰ ਗੜਾੜਿ ਸਮੋਆ॥ (39-4-4)
ਲਖ ਗੜਾੜਿ ਕੜਾਹ ਵਿਚਿ ਤ੍ਰਿਸਨਾ ਦਝਹਿੰ ਸੀਖ ਪਰੋਆ॥ (39-4-5)
ਬਾਵਨ ਚੰਦਨ ਬੂੰਦ ਇਕੁ ਠੰਢੇ ਤਤੇ ਹੋਇ ਖਲੋਆ॥ (39-4-6)
ਬਾਵਨ ਚੰਦਨ ਲਖ ਲਖ ਚਰਣ ਕਵਲ ਚਰਣੋਦਕੁ ਹੋਆ॥ (39-4-7)

ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਆਦੇਸੁ ਅਲੋਆ॥ (39-4-8)
ਹਰਿਗੋਵਿੰਦ ਗੁਰ ਛਤ੍ਰ ਚੰਦੋਆ ॥੪॥ (39-4-9)

ਸੂਰਜ ਦੈ ਘਰਿ ਚੰਦ੍ਰਮਾ ਵੈਰੁ ਵਿਰੋਧੁ ਉਠਾਵੈ ਕੇਤੈ॥ (39-5-1)
ਸੂਰਜ ਆਵੈ ਚੰਦ੍ਰਿ ਘਰਿ ਵੈਰੁ ਵਿਸਾਰਿ ਸਮਾਲੈ ਹੇਤੈ॥ (39-5-2)
ਜੋਤੀ ਜੋਤਿ ਸਮਾਇ ਕੈ ਪੂਰਨ ਪਰਮ ਜੋਤਿ ਚਿਤਿ ਚੇਤੈ॥ (39-5-3)
ਲੋਕ ਭੇਦ ਗੁਣੁ ਗਿਆਨੁ ਮਿਲਿ ਪਿਰਮ ਪਿਆਲਾ ਮਜਲਸ ਭੇਤੈ॥ (39-5-4)
ਛਿਅ ਰੁਤੀ ਛਿਅ ਦਰਸਨਾਂ ਇਕੁ ਸੂਰਜੁ ਗੁਰੁ ਗਿਆਨੁ ਸਮੇਤੈ॥ (39-5-5)
ਮਜਹਬ ਵਰਨ ਸਪਰਸੁ ਕਰਿ ਅਸਤਧਾਤੁ ਇਕੁ ਧਾਤੁ ਸੁ ਖੇਤੈ॥ (39-5-6)
ਨਉ ਘਰ ਥਾਪੇ ਨਵੈ ਅੰਗ ਦਸਮਾਂ ਸੁੰਨ ਲੰਘਾਇ ਅਗੇਤੈ॥ (39-5-7)
ਨੀਲ ਅਨੀਲ ਅਨਾਹਦੋ ਨਿਝਰੁ ਧਾਰਿ ਅਪਾਰ ਸਨੇਤੈ॥ (39-5-8)
ਵੀਹ ਇਕੀਹ ਅਲੇਖ ਲੇਖ ਸੰਖ ਅਸੰਖ ਨ ਸਤਿਜੁਗੁ ਤ੍ਰੇਤੈ॥ (39-5-9)
ਚਾਰਿ ਵਰਨ ਤੰਬੋਲ ਰਸ ਦੇਵ ਕਰੇਂਦਾ ਪਸੂ ਪਰੇਤੈ॥ (39-5-10)
ਫਕਰ ਦੇਸ ਕਿਉਂ ਮਿਲੈ ਦਮੇਤੈ ॥੫॥ (39-5-11)

ਚਾਰਿ ਚਾਰਿ ਮਜਹਬ ਵਰਨ ਛਿਅ ਦਰਸਨ ਵਰਤੈ ਵਰਤਾਰਾ॥ (39-6-1)
ਸਿਵ ਸਕਤੀ ਵਿਚ ਵਣਜ ਕਰਿ ਚਉਦਹ ਹਟ ਸਾਹੁ ਵਣਜਾਰਾ॥ (39-6-2)
ਸਚੁ ਵਣਜੁ ਗੁਰੁ ਹਟੀਐ ਸਾਧਸੰਗਤਿ ਕੀਰਤਿ ਕਰਤਾਰਾ॥ (39-6-3)
ਗਿਆਨ ਧਿਆਨ ਸਿਮਰਨ ਸਦਾ ਭਾਉ ਭਗਤਿ ਭਉ ਸਬਦਿ ਬਿਚਾਰਾ॥ (39-6-4)
ਨਾਮੁ ਦਾਨੁ ਇਸਨਾਨੁ ਦ੍ਰਿੜ ਗੁਰਮੁਖਿ ਪੰਥੁ ਰਤਨ ਵਾਪਾਰਾ॥ (39-6-5)
ਪਰਉਪਕਾਰੀ ਸਤਿਗੁਰੂ ਸਚ ਖੰਡਿ ਵਾਸਾ ਨਿਰੰਕਾਰਾ॥ (39-6-6)
ਚਉਦਹ ਵਿਦਿਆ ਸੋਧਿ ਕੈ ਗੁਰਮੁਖਿ ਸੁਖਫਲੁ ਸਚੁ ਪਿਆਰਾ॥ (39-6-7)
ਸਚਹੁਂ ਓਰੈ ਸਭ ਕਿਹੁ ਉਪਰਿ ਗੁਰਮੁਖਿ ਸਚੁ ਆਚਾਰਾ॥ (39-6-8)
ਚੰਦਨ ਵਾਸੁ ਵਣਾਸਪਤਿ ਗੁਰੁ ਉਪਦੇਸੁ ਤਰੈ ਸੈਸਾਰਾ॥ (39-6-9)
ਅਪਿਉ ਪੀਅ ਗੁਰਮਤਿ ਹੁਸੀਆਰਾ ॥੬॥ (39-6-10)

ਅਮਲੀ ਸੋਫੀ ਚਾਕਰਾਂ ਆਪੁ ਆਪਣੇ ਲਾਗੇ ਬੰਨੈ॥ (39-7-1)
ਮਹਰਮ ਹੋਇ ਵਜੀਰ ਸੋ ਮੰਤ੍ਰ ਪਿਆਲਾ ਮੂਲਿ ਨ ਮੰਨੈ॥ (39-7-2)
ਨਾ ਮਹਰਮ ਹੁਸਿਆਰ ਮਸਤ ਮਰਦਾਨੀ ਮਜਲਸ ਕਰਿ ਭੰਨੈ॥ (39-7-3)
ਤਕਰੀਰੀ ਤਹਰੀਰ ਵਿਚਿ ਪੀਰ ਪਰਸਤ ਮੁਰੀਦ ਉਪੰਨੈ॥ (39-7-4)
ਗੁਰਮਤਿ ਅਲਖੁ ਨ ਲਖੀਐ ਅਮਲੀ ਸੂਫੀ ਲਗਨਿ ਕੰਨੈ॥ (39-7-5)
ਅਮਲੀ ਜਾਣਨਿ ਅਮਲੀਆਂ ਸੋਫੀ ਜਾਣਨਿ ਸੋਫੀ ਵੰਨੈ॥ (39-7-6)
ਹੇਤੁ ਵਜੀਰੈ ਪਾਤਿਸਾਹ ਦੋਇ ਖੋੜੀ ਇਕੁ ਜੀਉ ਸਿਧੰਨੈ॥ (39-7-7)
ਜਿਉ ਸਮਸੇਰ ਮਿਆਨ ਵਿਚਿ ਇਕਤੁ ਥੇਕੁ ਰਹਨਿ ਦੁਇ ਖੰਨੈ॥ (39-7-8)
ਵੀਹ ਇਕੀਹ ਜਿਵੈਂ ਰਸੁ ਗੰਨੈ ॥੭॥ (39-7-9)

ਚਾਕਰ ਅਮਲੀ ਸੋਫੀਆਂ ਪਾਤਿਸਾਹ ਦੀ ਚਉਕੀ ਆਏ॥ (39-8-1)
ਹਾਜਰ ਹਾਜਰਾਂ ਲਿਖੀਅਨਿ ਗੈਰ ਹਾਜਰ ਗੈਰ-ਹਾਜਰ ਲਾਏ॥ (39-8-2)
ਲਾਇਕ ਦੇ ਵਿਚਾਰਿ ਕੈ ਵਿਰਲੈ ਮਜਲਸ ਵਿਚਿ ਸਦਾਏ॥ (39-8-3)
ਪਾਤਿਸਾਹੁ ਹੁਸਿਆਰ ਮਸਤ ਖੁਸ਼ ਫਹਿਮੀ ਦੋਵੈ ਪਰਚਾਏ॥ (39-8-4)

ਦੇਨਿ ਪਿਆਲੇ ਅਮਲੀਆਂ ਸੋਫੀ ਸਭਿ ਪੀਆਵਣ ਲਾਏ॥ (39-8-5)
ਮਤਵਾਲੇ ਅਮਲੀ ਹੋਏ ਪੀ ਪੀ ਚੜ੍ਹੇ ਸਹਜਿ ਘਰਿ ਆਏ॥ (39-8-6)
ਸੂਫੀ ਮਾਰਨਿ ਟਕਰਾਂ ਪੂਜ ਨਿਵਾਜੈ ਸੀਸ ਨਿਵਾਏ॥ (39-8-7)
ਵੇਦ ਕਤੇਬ ਅਜਾਬ ਵਿਚਿ ਕਰਿ ਕਰਿ ਖੁਦੀ ਬਹਸ ਬਹਸਾਏ॥ (39-8-8)
ਗੁਰਮੁਖਿ ਸੁਖਫਲੁ ਵਿਰਲਾ ਪਾਏ ॥੮॥ (39-8-9)

ਬਹੈ ਝਰੋਖੇ ਪਾਤਿਸਾਹ ਖਿੜਕੀ ਖੋਲ੍ਹਿ ਦੀਵਾਨ ਲਗਾਵੈ॥ (39-9-1)
ਅੰਦਰਿ ਚਉਕੀ ਮਹਲ ਦੀ ਬਾਹਰਿ ਮਰਦਾਨਾ ਮਿਲਿ ਆਵੈ॥ (39-9-2)
ਪੀਐ ਪਿਆਲਾ ਪਾਤਿਸਾਹੁ ਅੰਦਰਿ ਖਾਸਾਂ ਮਹਲਿ ਪੀਲਾਵੈ॥ (39-9-3)
ਦੇਵਨਿ ਅਮਲੀ ਸੂਫੀਆਂ ਅਵਲਿ ਦੋਮ ਦੇਖਿ ਦਿਖਲਾਵੈ॥ (39-9-4)
ਕਰੇ ਮਨਾਹ ਸ਼ਰਾਬ ਦੀ ਪੀਐ ਆਪੁ ਨ ਹੋਰੁ ਸੁਖਾਵੈ॥ (39-9-5)
ਉਲਸ ਪਿਆਲਾ ਮਿਹਰ ਕਰਿ ਵਿਰਲੇ ਦੇਇ ਨ ਪਛੋਤਾਵੈ॥ (39-9-6)
ਕਿਹੁ ਨ ਵਸਾਵੈ ਕਿਹੈ ਦਾ ਗੁਨਹ ਕਰਾਇ ਹੁਕਮੁ ਬਖਸਾਵੈ॥ (39-9-7)
ਹੋਰੁ ਨ ਜਾਣੈ ਪਿਰਮ ਰਸੁ ਜਾਣੈ ਆਪ ਕੈ ਜਿਸ ਜਣਾਵੈ॥ (39-9-8)
ਵਿਰਲੇ ਗੁਰਮੁਖਿ ਅਲਖੁ ਲਖਾਵੈ ॥੯॥ (39-9-9)

ਵੇਦ ਕਤੇਬ ਵਖਾਣਦੇ ਸੂਫੀ ਹਿੰਦੂ ਮੁਸਲਮਾਣਾ॥ (39-10-1)
ਮੁਸਲਮਾਣ ਖੁਦਾਇ ਦੇ ਹਿੰਦੂ ਹਰਿ ਪਰਮੇਸੁਰੁ ਭਾਣਾ॥ (39-10-2)
ਕਲਮਾਂ ਸੁੰਨਤ ਸਿਦਕ ਧਰਿ ਪਾਇ ਜਨੇਊ ਤਿਲਕੁ ਸੁਖਾਣਾ॥ (39-10-3)
ਮਕਾ ਮੁਸਲਮਾਨ ਦਾ ਗੰਗ ਬਨਾਰਸ ਦਾ ਹਿੰਦੁਵਾਣਾ॥ (39-10-4)
ਰੋਜ਼ੇ ਰਖਿ ਨਿਮਾਜ਼ ਕਰਿ ਪੂਜਾ ਵਰਤ ਅੰਦਰਿ ਹੈਰਾਣਾ॥ (39-10-5)
ਚਾਰਿ ਚਾਰਿ ਮਜਹਬ ਵਰਨ ਛਿਅ ਘਰਿ ਗੁਰੁ ਉਪਦੇਸੁ ਵਖਾਣਾ॥ (39-10-6)
ਮੁਸਲਮਾਨ ਮੁਰੀਦ ਪੀਰ ਗੁਰੁ ਸਿਖੀ ਹਿੰਦੂ ਲੋਭਾਣਾ॥ (39-10-7)
ਹਿੰਦੂ ਦਸ ਅਵਤਾਰ ਕਰਿ ਮੁਸਲਮਾਣ ਇਕੋ ਰਹਿਮਾਣਾ॥ (39-10-8)
ਖਿੰਜੋਤਾਣੁ ਕਰੇਨਿ ਧਿਙਾਣਾ ॥੧੦॥ (39-10-9)

ਅਮਲੀ ਖਾਸੇ ਮਜਲਸੀ ਪਿਰਮੁ ਪਿਆਲਾ ਅਲਖੁ ਲਖਾਇਆ॥ (39-11-1)
ਮਾਲਾ ਤਸਬੀ ਤੋੜਿ ਕੈ ਜਿਉ ਸਉ ਤਿਵੈ ਅਠੋਤਰੁ ਲਾਇਆ॥ (39-11-2)
ਮੇਰੁ ਇਮਾਮੁ ਰਲਾਇ ਕੈ ਰਾਮੁ ਰਹੀਮੁ ਨ ਨਾਉਂ ਗਣਾਇਆ॥ (39-11-3)
ਦੁਇ ਮਿਲਿ ਇਕੁ ਵਜੂਦੁ ਹੁਇ ਚਉਪੜ ਸਾਰੀ ਜੋੜਿ ਜੁੜਾਇਆ॥ (39-11-4)
ਸਿਵ ਸਕਤੀ ਨੋ ਲੰਘਿ ਕੈ ਪਿਰਮ ਪਿਆਲੇ ਨਿਜ ਘਰਿ ਆਇਆ॥ (39-11-5)
ਰਾਜਸੁ ਤਾਮਸੁ ਸਾਤਕੋ ਤੀਨੋ ਲੰਘਿ ਚਉਥਾ ਪਦੁ ਪਾਇਆ॥ (39-11-6)
ਗੁਰ ਗੋਵਿੰਦ ਖੁਦਾਇ ਪੀਰੁ ਗੁਰਸਿਖ ਪੀਰੁ ਮੁਰੀਦੁ ਲਖਾਇਆ॥ (39-11-7)
ਸਚੁ ਸਬਦ ਪਰਗਾਸੁ ਕਰਿ ਸ਼ਬਦ ਸੁਰਤਿ ਸਚੁ ਸਚਿ ਮਿਲਾਇਆ॥ (39-11-8)
ਸਚਾ ਪਾਤਿਸਾਹੁ ਸਚੁ ਭਾਇਆ ॥੧੧॥ (39-11-9)

ਪਾਰਬ੍ਰਹਮੁ ਪੂਰਨ ਬ੍ਰਹਮੁ ਸਤਿਗੁਰੁ ਸਾਧਸੰਗਤਿ ਵਿਚਿ ਵਸੈ॥ (39-12-1)
ਸਬਦਿ ਸੁਰਤਿ ਅਰਾਧੀਐ ਭਾਇ ਭਗਤਿ ਭੈ ਸਹਜਿ ਵਿਗਸੈ॥ (39-12-2)
ਨਾ ਓਹੁ ਮਰੈ ਨ ਸੋਗੁ ਹੋਇ ਦੇਂਦਾ ਰਹੈ ਨ ਭੋਗੁ ਵਿਣਸੈ॥ (39-12-3)
ਗੁਰੂ ਸਮਾਣਾ ਆਖੀਐ ਸਾਧਸੰਗਤਿ ਅਬਿਨਾਸੀ ਹਸੈ॥ (39-12-4)

ਛੇਵੀਂ ਪੀੜ੍ਹੀ ਗੁਰੂ ਦੀ ਗੁਰ ਸਿਖਾ ਪੀੜ੍ਹੀ ਕੋ ਦਸੈ॥ (39-12-5)
ਸਚੁ ਨਾਉਂ ਸਚੁ ਦਰਸਨੋ ਸਚਖੰਡ ਸਤਿਸੰਗੁ ਸਰਸੈ॥ (39-12-6)
ਪਿਰਮ ਪਿਆਲਾ ਸਾਧਸੰਗਿ ਭਗਤਿ ਵਛਲੁ ਪਾਰਸੁ ਪਰਸੈ॥ (39-12-7)
ਨਿਰੰਕਾਰੁ ਅਕਾਰੁ ਕਰਿ ਹੋਇ ਅਕਾਲ ਅਜੋਨੀ ਜਸੈ॥ (39-12-8)
ਸਦਾ ਸਚੁ ਕਸੌਟੀ ਕਸੈ ॥੧੨॥ (39-12-9)

ਓਅੰਕਾਰ ਅਕਾਰੁ ਕਰਿ ਤ੍ਰੈ ਗੁਣ ਪੰਜ ਤਤ ਉਪਜਾਇਆ॥ (39-13-1)
ਬ੍ਰਹਮਾ ਬਿਸਨੁ ਮਹੇਸੁ ਸਾਜਿ ਦਸ ਅਵਤਾਰ ਚਲਿਤ ਵਰਤਾਇਆ॥ (39-13-2)
ਛਿਅ ਰੁਤਿ ਬਾਰਹ ਮਾਹ ਕਰਿ ਸਤਿ ਵਾਰ ਸੈਂਸਾਰ ਉਪਾਇਆ॥ (39-13-3)
ਜਨਮ ਮਰਨ ਦੇ ਲੇਖ ਲਿਖਿ ਸਾਸਤ੍ਰ ਵੇਦ ਪੁਰਾਣ ਸੁਣਾਇਆ॥ (39-13-4)
ਸਾਧਸੰਗਤਿ ਦਾ ਆਦਿ ਅੰਤੁ ਥਿਤ ਨ ਵਾਰੁ ਨ ਮਾਹੁ ਲਿਖਾਇਆ॥ (39-13-5)
ਸਾਧਸੰਗਤਿ ਸਚੁਖੰਡੁ ਹੈ ਨਿਰੰਕਾਰੁ ਗੁਰੁ ਸਬਦੁ ਵਸਾਇਆ॥ (39-13-6)
ਬਿਰਖਹੁਂ ਫਲੁ ਫਲਤੇ ਬਿਰਖੁ ਅਕਲ ਕਲਾ ਕਰਿ ਅਲਖੁ ਲਖਾਇਆ॥ (39-13-7)
ਆਦਿ ਪੁਰਖ ਆਦੇਸੁ ਕਰਿ ਆਦਿ ਪੁਰਖੁ ਆਦੇਸੁ ਕਰਾਇਆ॥ (39-13-8)
ਪੁਰਖੁ ਪੁਰਾਤਨੁ ਸਤਿਗੁਰੂ ਓਤਪੋਤਿ ਇਕੁ ਸੂਤ੍ਰ ਬਣਾਇਆ॥ (39-13-9)
ਵਿਸਮਾਦੈ ਵਿਸਮਾਦੁ ਮਿਲਾਇਆ ॥੧੩॥ (39-13-10)

ਬ੍ਰਹਮੇ ਦਿਤੇ ਵੇਦ ਚਾਰਿ ਚਾਰਿ ਵਰਨ ਆਸਰਮ ਉਪਜਾਏ॥ (39-14-1)
ਛਿਅ ਦਰਸਨ ਛਿਅ ਸਾਸਤਾ ਛਿਅ ਉਪਦੇਸ ਭੇਸ ਵਰਤਾਏ॥ (39-14-2)
ਚਾਰੇ ਕੁੰਡਾਂ ਦੀਪ ਸਤ ਨਉ ਖੰਡ ਦਹ ਦਿਸਿ ਵੰਡ ਵੰਡਾਏ॥ (39-14-3)
ਜਲ ਥਲ ਵਣ ਖੰਡ ਪਰਬਤਾਂ ਤੀਰਥ ਦੇਵ ਸਥਾਨ ਬਣਾਏ॥ (39-14-4)
ਜਪ ਤਪ ਸੰਜਮ ਹੋਮ ਜਗ ਕਰਮ ਧਰਮ ਕਰਿ ਦਾਨ ਕਰਾਏ॥ (39-14-5)
ਨਿਰੰਕਾਰੁ ਨ ਪਛਾਨਿਆ ਸਾਧਸੰਗਤਿ ਦਸੈ ਨ ਦਸਾਏ॥ (39-14-6)
ਸੁਣਿ ਸੁਣਿ ਆਖਣੁ ਆਖਿ ਸੁਣਾਏ ॥੧੪॥ (39-14-7)

ਦਸ ਅਵਤਾਰੀ ਬਿਸਨੁ ਹੋਇ ਵੈਰ ਵਿਰੋਧ ਜੋਧ ਲੜਵਾਏ॥ (39-15-1)
ਦੇਵ ਦਾਨਵ ਕਰਿ ਦੁਇ ਧੜੇ ਦੈਤ ਹਰਾਏ ਦੇਵ ਜਿਣਾਏ॥ (39-15-2)
ਮਛ ਕਛ ਵੈਰਾਹ ਰੂਪ ਨਰ ਸਿੰਘ ਬਾਵਨ ਬੌਧ ਉਪਾਏ॥ (39-15-3)
ਪਰਸਰਾਮੁ ਰਾਮ ਕ੍ਰਿਸਨੁ ਹੋਇ ਕਿਲਕ ਕਲੰਕੀ ਨਾਉ ਗਣਾਏ॥ (39-15-4)
ਚੰਚਲ ਚਲਿਤ ਪਖੰਡ ਬਹੁ ਵਲ ਛਲ ਕਰਿ ਪਰਪੰਚ ਵਧਾਏ॥ (39-15-5)
ਪਾਰਬ੍ਰਹਮੁ ਪੂਰਨ ਬ੍ਰਹਮ ਨਿਰਭਉ ਨਿਰੰਕਾਰੁ ਨ ਦਿਖਾਏ॥ (39-15-6)
ਖਤ੍ਰੀ ਮਾਰਿ ਸੰਘਾਰੁ ਕਰਿ ਰਾਮਾਯਣ ਮਹਾਭਾਰਤ ਭਾਏ॥ (39-15-7)
ਕਾਮ ਕਰੋਧੁ ਨ ਮਾਰਿਓ ਲੋਭੁ ਮੋਹੁ ਅਹੰਕਾਰੁ ਨ ਜਾਏ॥ (39-15-8)
ਸਾਧਸੰਗਤਿ ਵਿਣੁ ਜਨਮੁ ਗਵਾਏ ॥੧੫॥ (39-15-9)

ਇਕਦੂ ਗਿਆਰਹ ਰੁਦ੍ਰ ਹੋਇ ਘਰਬਾਰੀ ਅਉਧੂਤੁ ਸਦਾਇਆ॥ (39-16-1)
ਜਤੀ ਸਤੀ ਸੰਤੋਖੀਆਂ ਸਿਧ ਨਾਥ ਕਰਿ ਪਰਚਾ ਲਾਇਆ॥ (39-16-2)
ਸੰਨਿਆਸੀ ਦਸ ਨਾਂਵ ਧਰਿ ਜੋਗੀ ਬਾਰਹ ਪੰਥ ਚਲਾਇਆ॥ (39-16-3)
ਰਿਧਿ ਸਿਧਿ ਨਿਧਿ ਰਸਾਇਣਾਂ ਤੰਤ ਮੰਤ ਚੇਟਕ ਵਰਤਾਇਆ॥ (39-16-4)
ਮੇਲਾ ਕਰਿ ਸਿਵਰਾਤ ਦਾ ਕਰਾਮਾਤ ਵਿਚਿ ਵਾਦੁ ਵਧਾਇਆ॥ (39-16-5)

ਪੋਸਤ ਭੰਗ ਸਰਾਬ ਦਾ ਚਲੈ ਪਿਆਲਾ ਭੁਗਤ ਭੁੰਚਾਇਆ॥ (39-16-6)
ਵਜਨਿ ਬੁਰਗੂ ਸਿੰਙੀਆਂ ਸੰਖ ਨਾਦ ਰਹਰਾਸਿ ਕਰਾਇਆ॥ (39-16-7)
ਆਦਿ ਪੁਰਖੁ ਆਦੇਸੁ ਕਰਿ ਅਲਖੁ ਜਗਾਇ ਨ ਅਲਖੁ ਲਖਾਇਆ॥ (39-16-8)
ਸਾਧਸੰਗਤਿ ਵਿਣੁ ਭਰਮਿ ਭੁਲਾਇਆ ॥੧੬॥ (39-16-9)

ਨਿਰੰਕਾਰ ਆਕਾਰੁ ਕਰਿ ਸਤਿਗੁਰੁ ਗੁਰਾਂ ਗੁਰੂ ਅਬਿਨਾਸੀ॥ (39-17-1)
ਪੀਰਾਂ ਪੀਰ ਵਖਾਣੀਐ ਨਾਥਾਂ ਨਾਥੁ ਸਾਧਸੰਗਿ ਵਾਸੀ॥ (39-17-2)
ਗੁਰਮੁਖਿ ਪੰਥੁ ਚਲਾਇਆ ਗੁਰਸਿਖੁ ਮਾਇਆ ਵਿਚਿ ਉਦਾਸੀ॥ (39-17-3)
ਸਨਮੁਖਿ ਮਿਲਿ ਪੰਚ ਆਖੀਅਨਿ ਬਿਰਦੁ ਪੰਚ ਪਰਮੇਸੁਰੁ ਪਾਸੀ॥ (39-17-4)
ਗੁਰਮੁਖਿ ਮਿਲਿ ਪਰਵਾਣ ਪੰਚ ਸਾਧਸੰਗਤਿ ਸਚ ਖੰਡ ਬਿਲਾਸੀ॥ (39-17-5)
ਗੁਰ ਦਰਸਨ ਗੁਰਸਬਦ ਹੈ ਨਿਜ ਘਰਿ ਭਾਇ ਭਗਤਿ ਰਹਰਾਸੀ॥ (39-17-6)
ਮਿਠਾ ਬੋਲਣੁ ਨਿਵ ਚਲਣੁ ਖਟਿ ਖਵਾਲਣੁ ਆਸ ਨਿਰਾਸੀ॥ (39-17-7)
ਸਦਾ ਸਹਜੁ ਬੈਰਾਗੁ ਹੈ ਕਲੀ ਕਾਲ ਅੰਦਰਿ ਪਰਗਾਸੀ॥ (39-17-8)
ਸਾਧਸੰਗਤਿ ਮਿਲਿ ਬੰਦ ਖਲਾਸੀ ॥੧੭॥ (39-17-9)

ਨਾਰੀ ਪੁਰਖੁ ਪਿਆਰੁ ਹੈ ਪੁਰਖੁ ਪਿਆਰ ਕਰੇਂਦਾ ਨਾਰੀ॥ (39-18-1)
ਨਾਰਿ ਭਤਾਰੁ ਸੰਜੋਗ ਮਿਲਿ ਪੁਤ ਸਪੁਤੁ ਕੁਪੁਤੁ ਸੈਂਸਾਰੀ॥ (39-18-2)
ਪੁਰਖੁ ਪੁਰਖਾਂ ਜੋ ਰਚਨਿ ਤੇ ਵਿਰਲੇ ਨਿਰਮਲ ਨਿਰੰਕਾਰੀ॥ (39-18-3)
ਪੁਰਖਹੁ ਪੁਰਖ ਉਪਜਦਾ ਗੁਰੁ ਤੇ ਚੇਲਾ ਸਬਦ ਵੀਚਾਰੀ॥ (39-18-4)
ਪਾਰਸ ਹੋਆ ਪਾਰਸਹੁ ਗੁਰੁ ਚੇਲਾ ਚੇਲਾ ਗੁਣਕਾਰੀ॥ (39-18-5)
ਗੁਰਮੁਖਿ ਵੰਸੀ ਪਰਮਹੰਸ ਗੁਰਸਿਖ ਸਾਧ ਸੇ ਪਰਉਪਕਾਰੀ॥ (39-18-6)
ਗੁਰਭਾਈ ਗੁਰਭਾਈਆਂ ਸਾਕ ਸਚਾ ਗੁਰ ਵਾਕ ਜੁਹਾਰੀ॥ (39-18-7)
ਪਰ ਤਨ ਪਰਧਨੁ ਪਰਹਰੇ ਪਰ ਨਿੰਦਾ ਹਉਮੈ ਪਰਹਾਰੀ॥ (39-18-8)
ਸਾਧਸੰਗਤਿ ਵਿਟਹੁ ਬਲਿਹਾਰੀ॥੧੮॥ (39-18-9)

ਪਿਉ ਦਾਦਾ ਪੜਦਾਦਿਅਹੁ ਪੁਤ ਪੋਤਾ ਪੜਪੋਤਾ ਨਤਾ॥ (39-19-1)
ਮਾਂ ਦਾਦੀ ਪੜਦਾਦੀਅਹੁ ਫੁਫੀ ਭੈਣ ਧੀਅ ਸਣਖਤਾ॥ (39-19-2)
ਨਾਨਾ ਨਾਨੀ ਆਖੀਐ ਪੜਨਾਨਾ ਪੜਨਾਨੀ ਪਤਾ॥ (39-19-3)
ਤਾਇਆ ਚਾਚਾ ਜਾਣੀਐ ਤਾਈ ਚਾਚੀ ਮਾਇਆ ਮਤਾ॥ (39-19-4)
ਮਾਮੇ ਤੈ ਮਾਮਾਣੀਆ ਮਾਸੀ ਮਾਸੜ ਦੈ ਰੰਗ ਰਤਾ॥ (39-19-5)
ਮਾਸੜ ਫੁਫੜ ਸਾਕ ਸਭ ਸਹੁਰਾ ਸਸ ਸਾਲੀ ਸਾਲਤਾ॥ (39-19-6)
ਤਾਏਰ ਪਿਤੀਏਰ ਮੇਲੁ ਮਿਲਿ ਮਉਲੇਰ ਫੁਫੇਰ ਅਵਤਾ॥ (39-19-7)
ਸਾਢੂ ਕੁੜਮੁ ਕੁਟੰਬ ਸਭ ਨਦੀ ਨਾਵ ਸੰਜੋਗ ਨਿਸਤਾ॥ (39-19-8)
ਸਚਾ ਸਾਕ ਨ ਵਿਛੜੈ ਸਾਧਸੰਗਤਿ ਗੁਰ ਭਾਈ ਭਤਾ॥ (39-19-9)
ਭੋਗ ਭੁਗਤਿ ਵਿਚਿ ਜੋਗ ਜੁਗਤਾ ॥੧੯॥ (39-19-10)

ਪੀਉ ਦੇ ਨਾਂਹ ਪਿਆਰ ਤੁਲਿ ਨਾ ਫੁਫੀ ਨਾ ਪਿਤੀਏ ਤਾਏ॥ (39-20-1)
ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ॥ (39-20-2)
ਅੰਬਾ ਸਧਰ ਨ ਉਤਰੈ ਆਣਿ ਅੰਬਾਕੜੀਆਂ ਜੇ ਖਾਏ॥ (39-20-3)
ਮੂਲੀ ਪਾਨ ਪਟੰਤਰਾ ਵਾਸੁ ਡਿਕਾਰੁ ਪਰਗਟੀਆਏ॥ (39-20-4)

ਸੂਰਜ ਚੰਦ ਨ ਪੁਜਨੀ ਦੀਵੇ ਲਖ ਤਾਰੇ ਚਮਕਾਏ॥ (39-20-5)
ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ ਵੇਸੁ ਵਟਾਏ॥ (39-20-6)
ਸਤਿਗੁਰੁ ਤੁਲਿ ਨ ਮਿਹਰਵਾਨ ਮਾਤ ਪਿਤਾ ਨ ਦੇਵ ਸਬਾਏ॥ (39-20-7)
ਡਿਠੇ ਸਭੇ ਠੋਕਿ ਵਜਾਏ॥੨੦॥ (39-20-8)

ਮਾਪੇ ਹੇਤੁ ਨ ਪੁਜਨੀ ਸਤਿਗੁਰ ਹੇਤੁ ਸੁਚੇਤ ਸਹਾਈ॥ (39-21-1)
ਸਾਹ ਵਿਸਾਹ ਨ ਪੁਜਨੀ ਸਤਿਗੁਰ ਸਾਹੁ ਅਥਾਹੁ ਸਮਾਈ॥ (39-21-2)
ਸਾਹਿਬ ਤੁਲਿ ਨ ਸਾਹਿਬੀ ਸਤਿਗੁਰ ਸਾਹਿਬ ਸਚਾ ਸਾਈਂ॥ (39-21-3)
ਦਾਤੇ ਦਾਤਿ ਨ ਪੁਜਨੀ ਸਤਿਗੁਰ ਦਾਤਾ ਸਚੁ ਦ੍ਰਿੜਾਈ॥ (39-21-4)
ਵੈਦ ਨ ਪੁਜਨਿ ਵੈਦਗੀ ਸਤਿਗੁਰ ਹਉਮੈ ਰੋਗ ਮਿਟਾਈ॥ (39-21-5)
ਦੇਵੀ ਦੇਵ ਨ ਸੇਵ ਤੁਲਿ ਸਤਿਗੁਰ ਸੇਵ ਸਦਾ ਸੁਖਦਾਈ॥ (39-21-6)
ਸਾਇਰ ਰਤਨ ਨ ਪੁਜਨੀ ਸਾਧਸੰਗਤਿ ਗੁਰਿ ਸਬਦੁ ਸੁਭਾਈ॥ (39-21-7)
ਅਕਥ ਕਥਾ ਵਡੀ ਵਡਿਆਈ ॥੨੧॥੩੯॥ (39-21-8)

Vaar 40

ੴ ਸਤਿਗੁਰਪ੍ਰਸਾਦਿ॥ (40-1-1)

ਸਉਦਾ ਇਕਤੁ ਹਟਿ ਹੈ ਪੀਰਾਂ ਪੀਰੁ ਗੁਰਾਂ ਗੁਰੁ ਪੂਰਾ॥ (40-1-2)
ਪਤਿਤ ਉਧਾਰਣੁ ਦੁਖ ਹਰਣੁ ਅਸਰਣੁ ਸਰਣਿ ਵਚਨ ਦਾ ਸੂਰਾ॥ (40-1-3)
ਅੁਗੁਣ ਲੈ ਗੁਣ ਵਿਕਣੈ ਸੁਖ ਸਾਗਰੁ ਵਿਸਰਾਇ ਵਿਸੂਰਾ॥ (40-1-4)
ਕਟਿ ਵਿਕਾਰ ਹਜਾਰ ਲਖ ਪਰਉਪਕਾਰੀ ਸਦਾ ਹਜੂਰਾ॥ (40-1-5)
ਸਤਿ ਨਾਮੁ ਕਰਤਾ ਪੁਰਖੁ ਸਤਿ ਸਰੂਪੁ ਨ ਕਦਹੀ ਊਰਾ॥ (40-1-6)
ਸਾਧਸੰਗਤਿ ਸਚ ਖੰਡਿ ਵਸਿ ਅਨਹਦ ਸਬਦ ਵਜਾਏ ਤੂਰਾ॥ (40-1-7)
ਦੂਜਾ ਭਾਉ ਕਰੇ ਚਕਚੂਰਾ ॥੧॥ (40-1-8)

ਪਾਰਸ ਪਰਉਪਕਾਰ ਕਰਿ ਜਾਤ ਨ ਅਸਟ ਧਾਤੁ ਵੀਚਾਰੈ॥ (40-2-1)
ਬਾਵਨ ਚੰਦਨ ਬੋਹਿੰਦਾ ਅਫਲ ਸਫਲੁ ਨ ਜੁਗਤਿ ਉਰ ਧਾਰੈ॥ (40-2-2)
ਸਭ ਤੇ ਇੰਦਰ ਵਰਸਦਾ ਥਾਉਂ ਕੁਥਾਉਂ ਨ ਅੰਮ੍ਰਿਤ ਧਾਰੈ॥ (40-2-3)
ਸੂਰਜ ਜੋਤਿ ਉਦੋਤ ਕਰਿ ਉਤਪੋਤਿ ਹੋ ਕਿਰਣ ਪਸਾਰੈ॥ (40-2-4)
ਧਰਤਿ ਅੰਦਰਿ ਸਹਨ ਸੀਲ ਪਰ ਮਲ ਹਰੈ ਅਵਗੁਣ ਨ ਚਿਤਾਰੈ॥ (40-2-5)
ਲਾਲ ਜਵਾਹਰ ਮਣਿ ਲੋਹਾ ਸੁਇਨਾ ਪਾਰਸ ਜਾਤਿ ਬਿਚਾਰੈ॥ (40-2-6)
ਸਾਧਸੰਗਤਿ ਕਾ ਅੰਤ ਨ ਪਾਰੈ ॥੨॥ (40-2-7)

ਪਾਰਸ ਧਾਤਿ ਕੰਚਨੁ ਕਰੈ ਹੋਇ ਮਨੂਰ ਨ ਕੰਚਨ ਝੂਰੈ॥ (40-3-1)
ਬਾਵਨ ਬੋਹੈ ਬਨਾਸਪਤਿ ਬਾਂਸੁ ਨਿਗੰਧ ਨ ਬੁਹੈ ਹਜੂਰੈ॥ (40-3-2)
ਖੇਤੀ ਜੰਮੈ ਸਹੰਸ ਗੁਣ ਕਲਰ ਖੇਤਿ ਨ ਬੀਜ ਅੰਗੂਰੈ॥ (40-3-3)
ਉਲੂ ਸੁਝ ਨ ਸੁਝਈ ਸਤਿਗੁਰੁ ਸੁਝ ਸੁਝਾਇ ਹਜੂਰੈ॥ (40-3-4)
ਧਰਤੀ ਬੀਜੈ ਸੁ ਲੂਣੈ ਸਤਿਗੁਰੁ ਸੇਵਾ ਸਭ ਫਲ ਚੂਰੈ॥ (40-3-5)
ਬੋਹਿਥ ਪਵੈ ਸੋ ਨਿਕਲੈ ਸਤਿਗੁਰੁ ਸਾਧੁ ਅਸਾਧੁ ਨ ਦੂਰੈ॥ (40-3-6)
ਪਸੂ ਪਰੇਤਹੁੰ ਦੇਵ ਵਿਚੂਰੈ ॥੩॥ (40-3-7)

ਕੰਚਨੁ ਹੋਵੈ ਪਾਰਸਹੁੰ ਕੰਚਨ ਕਰੈ ਨ ਕੰਚਨ ਹੋਰੀ॥ (40-4-1)
ਚੰਦਨ ਬਾਵਨ ਚੰਦਨਹੁੰ ਓਦੂੰ ਹੋਰੁ ਨ ਪਵੈ ਕਰੋਰੀ॥ (40-4-2)
ਵੁਠੈ ਜੰਮੈ ਬੀਜਿਆ ਸਤਿਗੁਰੁ ਮਤਿ ਚਿਤਵੈ ਫਲ ਭੋਰੀ॥ (40-4-3)
ਰਾਤਿ ਪਵੈ ਦਿਹੁ ਆਥਵੈ ਸਤਿਗੁਰ ਗੁਰੁ ਪੂਰਣ ਧੁਰ ਧੋਰੀ॥ (40-4-4)
ਬੋਹਿਥ ਪਰਬਤ ਨਾ ਚੜ੍ਹੇ ਸਤਿਗੁਰੁ ਹਠ ਨਿਗ੍ਰਹੁ ਨ ਸਹੋਰੀ॥ (40-4-5)
ਧਰਤੀ ਨੋ ਭੁੰਚਾਲ ਡਰ ਗੁਰੁ ਮਤਿ ਨਿਹਚਲ ਚਲੈ ਨ ਚੋਰੀ॥ (40-4-6)
ਸਤਿਗੁਰ ਰਤਨ ਪਦਾਰਥ ਬੋਰੀ ॥੪॥ (40-4-7)

ਸੁਰਜ ਚੜਿਐ ਲੁਕ ਜਾਨਿ ਉਲੂ ਅੰਧ ਕੰਧ ਜਗ ਮਾਹੀ॥ (40-5-1)
ਬੁਕੇ ਸਿੰਘ ਉਦਿਆਨ ਮਹਿ ਜੰਬੁਕ ਮਿਰਗ ਨ ਖੋਜੇ ਪਾਹੀ॥ (40-5-2)
ਚੜ੍ਹਿਆ ਚੰਦ ਅਕਾਸ ਤੇ ਵਿਚਿ ਕੁਠਾਲੀ ਲੁਕੈ ਨਾਹੀ॥ (40-5-3)
ਪੰਖੀ ਜੇਤੇ ਬਨ ਬਿਖੈ ਡਿਠੇ ਬਾਜ ਨ ਠਉਰਿ ਰਹਾਹੀ॥ (40-5-4)

ਚੋਰ ਜਾਰ ਹਰਾਮਖੋਰ ਦਿਹੁ ਚੜ੍ਹਿਆ ਕੋ ਦਿਸੈ ਨਾਹੀ॥ (40-5-5)
ਜਿਨ ਕੈ ਰਿਦੈ ਗਿਆਨ ਹੋਇ ਲਖ ਅਗਿਆਨੀ ਸੁਧ ਕਰਾਹੀ॥ (40-5-6)
ਸਾਧਸੰਗਤਿ ਕੈ ਦਰਸਨੈ ਕਲਿ ਕਲੇਸਿ ਸਭ ਬਿਨਸ ਬਿਨਾਹੀ॥ (40-5-7)
ਸਾਧਸੰਗਤਿ ਵਿਟਹੁੰ ਬਲਿ ਜਾਹੀ ॥੫॥ (40-5-8)

ਰਾਤਿ ਹਨ੍ਹੇਰੀ ਚਮਕਦੇ ਲਖ ਕਰੋੜੀ ਅੰਬਰਿ ਤਾਰੇ॥ (40-6-1)
ਚੜ੍ਹਿਐ ਚੰਦ ਮਲੀਣ ਹੋਣਿ ਕੋ ਲੁਕੈ ਕੋ ਬੁਕੈ ਬਬਾਰੇ॥ (40-6-2)
ਸੂਰਜ ਜੋਤਿ ਉਦੋਤਿ ਕਰਿ ਤਾਰੇ ਚੰਦ ਨ ਰੈਣਿ ਅੰਧਾਰੇ॥ (40-6-3)
ਦੇਵੀ ਦੇਵ ਨ ਸੇਵਕਾਂ ਤੰਤ ਨ ਮੰਤ ਨ ਫੁਰਨਿ ਵਿਚਾਰੇ॥ (40-6-4)
ਵੇਦ ਕਤੇਬ ਨ ਅਸਟ ਧਾਤੁ ਪੂਰੇ ਸਤਿਗੁਰੁ ਸਬਦ ਸਵਾਰੇ॥ (40-6-5)
ਗੁਰਮੁਖਿ ਪੰਥ ਸੁਹਾਵੜਾ ਧੰਨ ਗੁਰੂ ਧੰਨੁ ਗੁਰੂ ਪਿਆਰੇ॥ (40-6-6)
ਸਾਧਸੰਗਤਿ ਪਰਗਟੁ ਸੰਸਾਰੇ ॥੬॥ (40-6-7)

ਚਾਰਿ ਵਰਨਿ ਚਾਰਿ ਮਜ਼ਹਬਾਂ ਛਿਅ ਦਰਸਨ ਵਰਤਨਿ ਵਰਤਾਰੇ॥ (40-7-1)
ਦਸ ਅਵਤਾਰ ਹਜਾਰ ਨਾਵ ਥਾਨ ਮੁਕਾਮ ਸਭੇ ਵਣਜਾਰੇ॥ (40-7-2)
ਇਕਤੁ ਹਟਹੁੰ ਵਣਜ ਲੈ ਦੇਸ ਦਿਸੰਤਰਿ ਕਰਨਿ ਪਸਾਰੇ॥ (40-7-3)
ਸਤਿਗੁਰੁ ਪੂਰਾ ਸਾਹੁ ਹੈ ਬੇਪਰਵਾਹੁ ਅਥਾਹੁ ਭੰਡਾਰੇ॥ (40-7-4)
ਲੈ ਲੈ ਮੁਕਰਿ ਪਾਨਿ ਸਭ ਸਤਿਗੁਰੁ ਦੇਇ ਨ ਦੇਂਦਾ ਹਾਰੇ॥ (40-7-5)
ਇਕੁ ਕਵਾਉ ਪਸਾਉ ਕਰਿ ਓਅੰਕਾਰਿ ਅਕਾਰ ਸਵਾਰੇ॥ (40-7-6)
ਪਾਰਬ੍ਰਹਮ ਸਤਿਗੁਰ ਬਲਿਹਾਰੇ ॥੭॥ (40-7-7)

ਪੀਰ ਪੈਕੰਬਰ ਔਲੀਏ ਗੌਸ ਕੁਤਬ ਉਲਮਾਉ ਘਨੇਰੇ॥ (40-8-1)
ਸੇਖ ਮਸਾਇਕ ਸਾਦਕਾ ਸੁਹਦੇ ਔਰ ਸਹੀਦ ਬਹੁਤੇਰੇ॥ (40-8-2)
ਕਾਜੀ ਮੁਲਾਂ ਮਉਲਵੀ ਮੁਫਤੀ ਦਾਨਸਵੰਦ ਬੰਦੇਰੇ॥ (40-8-3)
ਰਿਖੀ ਮੁਨੀ ਦਿਗੰਬਰਾਂ ਕਾਲਖ ਕਰਾਮਾਤ ਅਗਲੇਰੇ॥ (40-8-4)
ਸਾਧਿਕ ਸਿਧਿ ਅਗਣਤ ਹੈਨਿ ਆਪ ਜਣਾਇਨਿ ਵਡੇ ਵਡੇਰੇ॥ (40-8-5)
ਬਿਨੁ ਗੁਰ ਕੋਇ ਨ ਸਿਝਈ ਹਉਮੈਂ ਵਧਦੀ ਜਾਇ ਵਧੇਰੇ॥ (40-8-6)
ਸਾਧਸੰਗਤਿ ਬਿਨੁ ਹਉਮੈ ਹੇਰੇ ॥੮॥ (40-8-7)

ਕਿਸੈ ਰਿਧਿ ਸਿਧਿ ਕਿਸੈ ਦੇਇ ਕਿਸੈ ਨਿਧਿ ਕਰਾਮਾਤ ਸੁ ਕਿਸੈ॥ (40-9-1)
ਕਿਸੈ ਰਸਾਇਣ ਕਿਸੈ ਮਣਿ ਕਿਸੈ ਪਾਰਸ ਕਿਸੈ ਅੰਮ੍ਰਿਤ ਰਿਸੈ॥ (40-9-2)
ਤੰਤੁ ਮੰਤੁ ਪਾਖੰਡ ਕਿਸੈ ਵੀਰਾਰਾਧ ਦਿਸੰਤਰੁ ਦਿਸੈ॥ (40-9-3)
ਕਿਸੈ ਕਾਮਧੇਨੁ ਪਾਰਿਜਾਤ ਕਿਸੈ ਲਖਮੀ ਦੇਵੈ ਜਿਸੈ॥ (40-9-4)
ਨਾਟਕ ਚੇਟਕ ਆਸਣਾ ਨਿਵਲੀ ਕਰਮ ਭਰਮ ਭਉ ਮਿਸੈ॥ (40-9-5)
ਜੋਗੀ ਭੋਗੀ ਜੋਗੁ ਭੋਗੁ ਸਦਾ ਸੰਜੋਗੁ ਵਿਜੋਗੁ ਸਲਿਸੈ॥ (40-9-6)
ਓਅੰਕਾਰਿ ਅਕਾਰ ਸੁ ਤਿਸੈ ॥੯॥ (40-9-7)

ਖਾਣੀ ਬਾਣੀ ਜੁਗਿ ਚਾਰਿ ਲਖ ਚਉਰਾਸੀਹ ਜੂਨਿ ਉਪਾਈ॥ (40-10-1)
ਉਤਮ ਜੂਨਿ ਵਖਾਣੀਐ ਮਾਣਸਿ ਜੂਨਿ ਦੁਲੰਭ ਦਿਖਾਈ॥ (40-10-2)
ਸਭਿ ਜੂਨੀ ਕਰਿ ਵਸਿ ਤਿਸੁ ਮਾਣਸਿ ਨੋ ਦਿਤੀ ਵਡਿਆਈ॥ (40-10-3)

ਬਹੁਤੇ ਮਾਣਸ ਜਗਤ ਵਿਚਿ ਪਰਾਧੀਨ ਕਿਛੁ ਸਮਝਿ ਨ ਪਾਈ॥ (40-10-4)
ਤਿਨ ਮੈ ਸੋ ਆਧੀਨ ਕੋ ਮੰਦੀ ਕੰਮੀਂ ਜਨਮੁ ਗਵਾਈ॥ (40-10-5)
ਸਾਧਸੰਗਤਿ ਦੇ ਵੁਠਿਆਂ ਲਖ ਚਉਰਾਸੀਹ ਫੇਰਿ ਮਿਟਾਈ॥ (40-10-6)
ਗੁਰੁ ਸਬਦੀ ਵਡੀ ਵਡਿਆਈ ॥੧੦॥ (40-10-7)

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ॥ (40-11-1)
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ॥ (40-11-2)
ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ॥ (40-11-3)
ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ॥ (40-11-4)
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ॥ (40-11-5)
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ॥ (40-11-6)
ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ॥ (40-11-7)
ਗੁਰਮੁਖ ਗਾਡੀ ਰਾਹੁ ਚਲੰਦਾ ॥੧੧॥ (40-11-8)

ਓਅੰਕਾਰ ਅਕਾਰੁ ਜਿਸੁ ਸਤਿਗੁਰੁ ਪੁਰਖੁ ਸਿਰੰਦਾ ਸੋਈ॥ (40-12-1)
ਇਕੁ ਕਵਾਉ ਪਸਾਉ ਜਿਸ ਸਬਦ ਸੁਰਤਿ ਸਤਿਸੰਗ ਵਿਲੋਈ॥ (40-12-2)
ਬ੍ਰਹਮਾ ਬਿਸਨੁ ਮਹੇਸੁ ਮਿਲਿ ਦਸ ਅਵਤਾਰ ਵੀਚਾਰ ਨ ਹੋਈ॥ (40-12-3)
ਭੇਦ ਨ ਬੇਦ ਕਤੇਬ ਨੋ ਹਿੰਦੂ ਮੁਸਲਮਾਣ ਜਣੋਈ॥ (40-12-4)
ਉਤਮ ਜਨਮੁ ਸਕਾਰਥਾ ਚਰਣਿ ਸਰਣਿ ਸਤਿਗੁਰੁ ਵਿਰਲੋਈ॥ (40-12-5)
ਗੁਰੁ ਸਿਖ ਸੁਣਿ ਗੁਰੁ ਸਿਖ ਹੋਇ ਮੁਰਦਾ ਹੋਇ ਮਰੀਦ ਸੁ ਕੋਈ॥ (40-12-6)
ਸਤਿਗੁਰ ਗੋਰਿਸਤਾਨ ਸਮੋਈ ॥੧੨॥ (40-12-7)

ਜਪ ਤਪ ਹਠਿ ਨਿਗ੍ਰਹ ਘਣੇ ਚਉਦਹ ਵਿਦਿਆ ਵੇਦ ਵਖਾਣੇ॥ (40-13-1)
ਸੇਖ ਨਾਗ ਸਨਕਾਦਿਕਾਂ ਲੋਮਸ ਅੰਤੁ ਅਨੰਤ ਨ ਜਾਣੇ॥ (40-13-2)
ਜਤੀ ਸਤੀ ਸੰਤੋਖੀਆਂ ਸਿਧ ਨਾਥ ਹੋਇ ਨਾਥ ਭੁਲਾਣੇ॥ (40-13-3)
ਪੀਰ ਪੈਕੰਬਰ ਅਉਲੀਏ ਬੁਜ਼ਰਕਵਾਰ ਹਜ਼ਾਰ ਹੈਰਾਣੇ॥ (40-13-4)
ਜੋਗ ਭੋਗ ਲਖ ਰੋਗ ਸੋਗ ਲਖ ਸੰਜੋਗ ਵਿਜੋਗ ਵਿਡਾਣੇ॥ (40-13-5)
ਦਸ ਨਾਉਂ ਸੰਨਿਆਸੀਆਂ ਭੰਭਲ ਭੂਸੇ ਖਾਇ ਭੁਲਾਣੇ॥ (40-13-6)
ਗੁਰੁ ਸਿਖ ਜੋਗੀ ਜਾਗਦੇ ਹੋਰ ਸਭੇ ਬਨਵਾਸੁ ਲੁਕਾਣੇ॥ (40-13-7)
ਸਾਧਸੰਗਤਿ ਮਿਲਿ ਨਾਮੁ ਵਖਾਣੇ ॥੧੩॥ (40-13-8)

ਚੰਦ ਸੂਰਜ ਲਖ ਚਾਨਣੇ ਤਿਲ ਨ ਪੁਜਨਿ ਸਤਿਗੁਰੁ ਮਤੀ॥ (40-14-1)
ਲਖ ਪਾਤਾਲ ਅਕਾਸ ਲਖ ਉਚੀ ਨੀਵੀਂ ਕਿਰਣਿ ਨ ਰਤੀ॥ (40-14-2)
ਲਖ ਪਾਣੀ ਲਕ ਪਉਣ ਮਿਲਿ ਰੰਗ ਬਿਰੰਗ ਤਰੰਗ ਨ ਵਤੀ॥ (40-14-3)
ਆਦਿ ਨ ਅੰਤੁ ਨ ਮੰਤੁ ਪਲੁ ਲਖ ਪਰਲਉ ਲਖ ਲਖ ਉਤਪਤੀ॥ (40-14-4)
ਧੀਰਜ ਧਰਮ ਨ ਪੁਜਨੀ ਲਖ ਲਖ ਪਰਬਤ ਲਖ ਧਰਤੀ॥ (40-14-5)
ਲਖ ਗਿਆਨ ਧਿਆਨ ਲਖ ਤੁਲਿ ਨ ਤੁਲੀਐ ਤਿਲ ਗੁਰਮਤੀ॥ (40-14-6)
ਸਿਮਰਣ ਕਿਰਣਿ ਘਣੀ ਘੋਲ ਘਤੀ ॥੧੪॥ (40-14-7)

ਲਖ ਦਰੀਆਉ ਕਵਾਉ ਵਿਚਿ ਲਖ ਲਖ ਲਹਰਿ ਤਰੰਗ ਉਠੰਦੇ॥ (40-15-1)

ਇਕਸ ਲਹਰਿ ਤਰੰਗ ਵਿਚਿ ਲਖ ਲਖ ਲਖ ਦਰੀਆਉ ਵਹੰਦੇ॥ (40-15-2)
ਇਕਸ ਇਕਸ ਦਰੀਆਉ ਵਿਚਿ ਲਖ ਅਵਤਾਰ ਅਕਾਰ ਫਿਰੰਦੇ॥ (40-15-3)
ਮਛ ਕਛ ਮਰਿਜੀਵੜੇ ਅਗਮ ਅਥਾਹ ਨ ਹਾਥਿ ਲਹੰਦੇ॥ (40-15-4)
ਪਰਵਦਗਾਰ ਅਪਾਰੁ ਹੈ ਪਾਰਾਵਾਰ ਨ ਲਹਨਿ ਤਰੰਦੇ॥ (40-15-5)
ਅਜਰਾਵਰੁ ਸਤਿਗੁਰੁ ਪੁਰਖੁ ਗੁਰਮਤਿ ਗੁਰੁ ਸਿਖ ਅਜਰੁ ਜਰੰਦੇ॥ (40-15-6)
ਕਰਨਿ ਬੰਦਗੀ ਵਿਰਲੇ ਬੰਦੇ ॥੧੫॥ (40-15-7)

ਇਕ ਕਵਾਉ ਅਮਾਉ ਜਿਸੁ ਕੇਵਡੁ ਵਡੇ ਦੀ ਵਡਿਆਈ॥ (40-16-1)
ਓਅੰਕਾਰ ਅਕਾਰ ਜਿਸੁ ਤਿਸੁ ਦਾ ਅੰਤੁ ਨ ਕੋਊ ਪਾਈ॥ (40-16-2)
ਅਧਾ ਸਾਹੁ ਅਥਾਹੁ ਜਿਸੁ ਵਡੀ ਆਰਜਾ ਗਣਤ ਨ ਆਈ॥ (40-16-3)
ਕੁਦਰਤਿ ਕੀਮ ਨ ਜਾਣੀਐ ਕਾਦਰੁ ਅਲਖੁ ਨ ਲਖਿਆ ਜਾਈ॥ (40-16-4)
ਦਾਤਿ ਨ ਕੀਮ ਨ ਰਾਤਿ ਦਿਹੁ ਬੇਸੁਮਾਰੁ ਦਾਤਾਰੁ ਖੁਦਾਈ॥ (40-16-5)
ਅਬਿਗਤਿ ਗਤਿ ਅਨਾਥ ਨਾਥ ਅਕਥ ਕਥਾ ਨੇਤਿ ਨੇਤਿ ਅਲਾਈ॥ (40-16-6)
ਆਦਿ ਪੁਰਖੁ ਆਦੇਸੁ ਕਰਾਈ ॥੧੬॥ (40-16-7)

ਸਿਰੁ ਕਲਵਤੁ ਲੈ ਲਖ ਵਾਰ ਹੋਮੇ ਕਟਿ ਕਟਿ ਤਿਲੁ ਤਿਲੁ ਦੇਹੀ॥ (40-17-1)
ਗਲੈ ਹਿਮਾਚਲ ਲਖ ਵਾਰਿ ਕਰੈ ਉਰਧ ਤਪ ਜੁਗਤਿ ਸਨੇਹੀ॥ (40-17-2)
ਜਲ ਤਪੁ ਸਾਧੇ ਅਗਨਿ ਤਪੁ ਪੂੰਅਰ ਤਪੁ ਕਰਿ ਹੋਇ ਵਿਦੇਹੀ॥ (40-17-3)
ਵਰਤ ਨੇਮ ਸੰਜਮ ਘਣੇ ਦੇਵੀ ਦੇਵ ਅਸਥਾਨ ਭਵੇਹੀ॥ (40-17-4)
ਪੁੰਨ ਦਾਨ ਚੰਗਿਆਈਆਂ ਸਿਧਾਸਣ ਸਿੰਘਾਸਣ ਥੇ ਏਹੀ॥ (40-17-5)
ਨਿਵਲੀ ਕਰਮ ਭੁਇਅੰਗਮਾਂ ਪੂਰਕ ਕੁੰਭਕ ਰੇਚ ਕਰੇਹੀ॥ (40-17-6)
ਗੁਰਮੁਖਿ ਸੁਖ ਫਲ ਸਰਨਿ ਸਭੇਹੀ ॥੧੭॥ (40-17-7)

ਸਹਸ ਸਿਆਣੇ ਸੈਪੁਰਸ ਸਹਸ ਸਿਆਣਪ ਲਇਆ ਨ ਜਾਈ॥ (40-18-1)
ਸਹਸ ਸੁਘੜ ਸੁਘੜਾਈਆਂ ਤੁਲੁ ਸਹਸ ਚਤੁਰ ਚਤੁਰਾਈ॥ (40-18-2)
ਲਖ ਹਕੀਮ ਲਖ ਹਿਕਮਤੀ ਦੁਨੀਆਦਾਰ ਵਡੇ ਦੁਨਿਆਈ॥ (40-18-3)
ਲਖ ਸਾਹ ਪਤਿਸਾਹ ਲਖ ਲਖ ਵਜ਼ੀਰ ਨ ਮਸਲਤ ਕਾਈ॥ (40-18-4)
ਜਤੀ ਸਤੀ ਸੰਤੋਖੀਆਂ ਸਿਧ ਨਾਥ ਮਿਲਿ ਹਾਥ ਨ ਪਾਈ॥ (40-18-5)
ਚਾਰ ਵਰਨ ਚਾਰ ਮਜਹਬਾਂ ਛਿਅ ਦਰਸਨ ਨਹਿੰ ਅਲਖੁ ਲਖਾਈ॥ (40-18-6)
ਗੁਰਮੁਖਿ ਸੁਖ ਫਲ ਵਡੀ ਵਡਿਆਈ ॥੧੮॥ (40-18-7)

ਪੀਰ ਮੁਰੀਦੀ ਗਾਖੜੀ ਪੀਰਾਂ ਪੀਰੁ ਗੁਰਾਂ ਗੁਰੁ ਜਾਣੈ॥ (40-19-1)
ਸਤਿਗੁਰ ਦਾ ਉਪਦੇਸੁ ਲੈ ਵੀਹ ਇਕੀਹ ਉਲੰਘਿ ਸਿਵਾਣੈ॥ (40-19-2)
ਮੁਰਦਾ ਹੋਇ ਮੁਰੀਦ ਸੋ ਗੁਰੁ ਸਿਖ ਜਾਇ ਸਮਾਇ ਬਬਾਣੈ॥ (40-19-3)
ਪੈਰੀਂ ਪੈ ਪਾ ਖਾਕ ਹੋਇ ਤਿਸੁ ਪਾ ਖਾਕ ਪਾਕੁ ਪਤੀਆਣੈ॥ (40-19-4)
ਗੁਰਮੁਖਿ ਪੰਥੁ ਅਗੰਮੁ ਹੈ ਮਰਿ ਮਰਿ ਜੀਵੈ ਜਾਇ ਪਛਾਣੈ॥ (40-19-5)
ਗੁਰੁ ਉਪਦੇਸੁ ਅਵੇਸੁ ਕਰਿ ਕੀੜੀ ਭ੍ਰਿੰਗੀ ਵਾਂਗ ਵਿਡਾਣੈ॥ (40-19-6)
ਅਕਥ ਕਥਾ ਕਉਣ ਆਖਿ ਵਖਾਣੈ ॥੧੯॥ (40-19-7)

ਚਾਰਿ ਵਰਨਿ ਮਿਲਿ ਸਾਧਸੰਗਿ ਚਾਰ ਚਵਕਾ ਸੋਲਹਿ ਜਾਣੈ॥ (40-20-1)

ਪੰਜ ਸਬਦ ਗੁਰ ਸਬਦ ਲਿਵ ਪੰਜੂ ਪੰਜੇ ਪੰਜੀਹ ਲਾਣੈ॥ (40-20-2)
ਛਿਅ ਦਰਸਣ ਇਕ ਦਰਸਣੋ ਛਿਅ ਛਕੇ ਛਤੀਹ ਸਮਾਣੈ॥ (40-20-3)
ਸਤ ਦੀਪ ਇਕ ਦੀਪਕੋ ਸਤ ਸਤੇ ਉਣਵੰਜਹਿ ਭਾਣੈ॥ (40-20-4)
ਅਸਟ ਧਾਤੁ ਇਕੁ ਧਾਤ ਕਰਿ ਅਠੂ ਅਠੇ ਚਉਹਠ ਮਾਣੈ॥ (40-20-5)
ਨਉਂ ਨਾਥ ਇਕ ਨਾਥ ਹੈ ਨਉਂ ਨਾਏਂ ਏਕਾਸੀਹ ਦਾਣੈ॥ (40-20-6)
ਦਸ ਦੁਆਰ ਨਿਰਧਾਰ ਕਰਿ ਦਾਹੋ ਦਾਹੇ ਸਉ ਪਰਵਾਣੈ॥ (40-20-7)
ਗੁਰਮੁਖਿ ਸੁਖਫਲ ਚੋਜ ਵਿਡਾਣੈ ॥੨੦॥ (40-20-8)

ਸਉ ਵਿਚ ਵਰਤੈ ਸਿਖ ਸੰਤ ਇਕੋਤਰ ਸੌ ਸਤਿਗੁਰ ਅਬਿਨਾਸੀ॥ (40-21-1)
ਸਦਾ ਸਦੀਵ ਦੀਬਾਣ ਜਿਸੁ ਅਸਥਿਰ ਸਦਾ ਨ ਆਵੈ ਜਾਸੀ॥ (40-21-2)
ਇਕ ਮਨ ਜਿਨ੍ਹੈਂ ਧਿਆਇਆ ਕਾਟੀ ਗਲਹੁ ਤਿਸੈ ਜਮ ਫਾਸੀ॥ (40-21-3)
ਇਕੋ ਇਕ ਵਰਤਦਾ ਸ਼ਬਦ ਸੁਰਤਿ ਸਤਿਗੁਰੂ ਜਣਾਸੀ॥ (40-21-4)
ਬਿਨੁ ਦਰਸਨੁ ਗੁਰੁ ਮੂਰਤਿ ਭ੍ਰਮਤਾ ਫਿਰੇ ਲਖ ਜੂਨਿ ਚਉਰਾਸੀ॥ (40-21-5)
ਬਿਨੁ ਦੀਖਿਆ ਗੁਰਦੇਵ ਦੀ ਮਰਿ ਜਨਮੇ ਵਿਚਿ ਨਰਕ ਪਵਾਸੀ॥ (40-21-6)
ਨਿਰਗੁਣ ਸਰਗੁਣ ਸਤਿਗੁਰੂ ਵਿਰਲਾ ਕੋ ਗੁਰ ਸਬਦ ਸਮਾਸੀ॥ (40-21-7)
ਬਿਨੁ ਗੁਰੁ ਓਟ ਨ ਹੋਰ ਕੋ ਸਚੀ ਓਟ ਨ ਕਦੇ ਬਿਨਾਸੀ॥ (40-21-8)
ਗੁਰਾਂ ਗੁਰੂ ਸਤਿਗੁਰੁ ਪੁਰਖੁ ਆਦਿ ਅੰਤਿ ਥਿਰ ਗੁਰੂ ਰਹਾਸੀ॥ (40-21-9)
ਕੋ ਵਿਰਲਾ ਗੁਰਮੁਖਿ ਸਹਜਿ ਸਮਾਸੀ ॥੨੧॥ (40-21-10)

ਧਿਆਨ ਮੂਲ ਮੂਰਤਿ ਗੁਰੂ ਪੂਜਾ ਮੂਲ ਗੁਰੁ ਚਰਣ ਪੁਜਾਏ॥ (40-22-1)
ਮੰਤ੍ਰ ਮੂਲੁ ਗੁਰੁ ਵਾਕ ਹੈ ਸਚੁ ਸਬਦੁ ਸਤਿਗੁਰੂ ਸੁਣਾਏ॥ (40-22-2)
ਚਰਣੋਦਕੁ ਪਵਿਤ੍ਰ ਹੈ ਚਰਣ ਕਮਲ ਗੁਰੁ ਸਿਖ ਧੁਆਏ॥ (40-22-3)
ਚਰਣਾਮ੍ਰਿਤ ਕਸਮਲ ਕਟੇ ਗੁਰੁ ਧੂਰੀ ਬੁਰੇ ਲੇਖ ਮਿਟਾਏ॥ (40-22-4)
ਸਤਿ ਨਾਮ ਕਰਤਾ ਪੁਰਖੁ ਵਾਹਿਗੁਰੂ ਵਿਚਿ ਰਿਦੈ ਸਮਾਏ॥ (40-22-5)
ਬਾਰਹ ਤਿਲਕ ਮਿਟਾਏ ਕੇ ਗੁਰਮੁਖਿ ਤਿਲਕ ਨੀਸਾਣ ਚੜ੍ਹਾਏ॥ (40-22-6)
ਰਹੁਰਾਸੀ ਰਹੁਰਾਸਿ ਏਹੁ ਇਕੋ ਜਪੀਐ ਹੋਰੁ ਤਜਾਏ॥ (40-22-7)
ਬਿਨੁ ਗੁਰ ਦਰਸਣੁ ਦੇਖਣਾ ਭ੍ਰਮਤਾ ਫਿਰੇ ਠਉੜਿ ਨਹੀਂ ਪਾਏ॥ (40-22-8)
ਬਿਨੁ ਗੁਰੁ ਪੂਰੈ ਆਏ ਜਾਏ ॥੨੨॥੪੦॥ (40-22-9)